ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

SHABAD is an International Quarterly of Literature, Art and Culture

# ਸ਼ਬਦ ਸਪਲੀਮੈਂਟ

ਸਾਲ : 23 ਨਵੰਬਰ, 2020 (ਸਲੀਮ ਖ਼ਾਨ ਗਿੱਮੀ ਵਿਸ਼ੇਸ਼ ਅੰਕ)

Website : www.shabaduk.co.uk

*ਮੁੱਖ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.
Ph. 001-703-362-3239
Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove CA 95624 U.S.A.
Ph. 001-916-753-2868
Email : drgilldvm@Yahoo.com

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE
Ph. : 020-85780393 Mobile : 07782-265726
e mail: harjeetatwal@yahoo.co.uk, harjeetatwal@hotmail.co.uk

**ਜਿੰਦਰ**

984, Rajput Nagar, Near Surinder Welding Works,
Model House, Jalandhar-144003
Mobile : 98148 03254
Email : jinder340@gmail.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

ਮੇਰਾ ਪੰਨਾ —ਜਿੰਦਰ 3

- **ਪੰਜਾਬੀ ਦੀ ਬੇੜੀ ਵਿੱਚ ਕੁਝ ਆਪਣੇ ਹੀ ਵੱਟੇ ਪਾ ਰਹੇ ਨੇ**
  **ਮੁਲਾਕਾਤ :** 5
  ਸ਼ਬਦ ਚਿੱਤਰ- **ਸਲੀਮ ਖ਼ਾਨ ਗਿੱਮੀ : ਉੱਡਦੀ ਤਿੱਤਲੀ**
  **—ਕੰਵਲ ਮੁਸ਼ਤਾਕ** 31
- **ਸਲੀਮ ਖ਼ਾਨ ਗਿੱਮੀ ਦੀਆਂ 4 ਕਹਾਣੀਆਂ**
  ਪਾਣੀ ਦੇ ਪਹਾੜ 36
  ਤੁਰਦੇ ਹੋਏ ਪੈਰ 44
  ਸ਼ਰੀਫ਼ਜ਼ਾਦੀ 49
  ਮੰਗਲ ਬੁੱਧ 54

**ਨਾਵਲ : ਸਾਂਝ**

**ਮੇਲੇ ਮਸ਼ਾਹਦੇ/ ਸਲੀਮ ਖ਼ਾਨ ਗਿੱਮੀ** 64
**ਸੁਖਾਂਤ ਤੇ ਦੁਖਾਂਤ ਦਾ ਸੁਮੇਲ 'ਸਾਂਝ' -ਪ੍ਰੋ. ਸ਼ਰੀਫ਼ ਕੁੰਜਾਹੀ** 108
**ਰਿਸ਼ਤਿਆਂ ਦੇ ਨਿੱਘ ਦੀ ਦਾਸਤਾਨ :** 111
**ਮੰਗਲ-ਬੁੱਧ -ਡਾ. ਤਰਨਜੀਤ ਕੌਰ**
**ਸਮਾਜਕ ਯਥਾਰਥਵਾਦ ਨੂੰ ਉਲੀਕਦੀ ਕਹਾਣੀ :** **120**
**ਪਾਣੀ ਦੇ ਪਹਾੜ -ਡਾ. ਤਰਨਜੀਤ ਕੌਰ**


## ਮੇਰਾ ਪੰਨਾ

ਇੰਡੋ-ਪਾਕਿ ਵੰਡ ਉਪਰੰਤ ਕਈ ਤਰ੍ਹਾਂ ਦੀ ਵੰਡ ਹੋਈ। ਸਾਹਿਤ ਵੀ ਦੋ ਥਾਵਾਂ ਵਿੱਚ ਵੰਡਿਆ ਗਿਆ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਰੂਪ ਵਿੱਚ। ਵੰਡ ਮਗਰੋਂ ਜਿਹੜੇ ਨਵੇਂ ਲੇਖਕ ਕਹਾਣੀ ਦੇ ਖੇਤਰ ਵਿੱਚ ਆਏ, ਉਨ੍ਹਾਂ ਵਿਚ ਸਲੀਮ ਖ਼ਾਨ ਗਿੱਮੀ ਦਾ ਅਹਿਮ ਨਾਂ ਹੈ। ਉਹ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਜੈਨਪੁਰ ਤੋਂ ਉਜੜ ਕੇ, ਰਾਵੀ ਪਾਰ ਕਰਕੇ ਪਰਲੇ ਪਾਸੇ ਚਲੇ ਗਏ। ਉਸ ਵੇਲੇ ਗਿੱਮੀ 15 ਸਾਲਾਂ ਦਾ ਜੁਆਨ ਸੀ। ਉਸ ਦਾ ਬਚਪਨ ਹਿੰਦੂ-ਸਿੱਖ ਤੇ ਮੁਸਲਮਾਨ ਤਹਿਜ਼ੀਬ ਵਿਚ ਬੀਤਿਆ- ਇਸੇ ਲਈ ਉਸ ਨੂੰ ਇਸ ਭਾਈਚਾਰੇ ਦੇ ਰਹੁ-ਰੀਤਾਂ, ਰਸਮਾਂ ਤੇ ਆਪਸੀ ਸਾਂਝਾ ਦਾ ਪਤਾ ਸੀ। ਇਸੇ ਸਾਂਝ ਵਿੱਚੋਂ ਉਸ ਨੇ 'ਸਾਂਝ' ਨਾਵਲ ਲਿਖਿਆ ਜਿਸ ਵਿਚ ਪਠਾਨਾਂ ਤੇ ਲੁਬਾਨਿਆਂ ਦੇ ਆਪਸੀ ਵੈਰ-ਵਿਰੋਧ ਤੇ ਪਿਆਰ ਦੇ ਝਲਕਾਰੇ ਮਿਲਦੇ ਹਨ। ਉਸ ਦੀਆਂ ਕਹਾਣੀਆਂ ਵਿਚ ਵੀ ਵੰਡ ਤੋਂ ਪਹਿਲਾਂ ਦੇ ਭਾਰਤ ਦੇ ਸਮਾਜਿਕ, ਰਾਜਨੀਤਿਕ ਤੇ ਆਰਥਿਕ ਹਾਲਤਾਂ ਦੇ ਵੇਰਵੇ ਮਿਲਦੇ ਹਨ। ਮਿਸਾਲ ਵਜੋਂ ਉਸ ਦੀ ਕਹਾਣੀ 'ਮੰਗਲ ਬੁੱਧ' ਦੇਖੀ ਜਾ ਸਕਦੀ ਹੈ।

ਗਿੱਮੀ ਨੇ ਰੇਡੀਓ 'ਤੇ 34 ਸਾਲ ਨੌਕਰੀ ਕੀਤੀ। ਪੰਜਾਬੀ ਤੇ ਉਰਦੂ ਦੋਹਾਂ ਭਾਸ਼ਾਵਾਂ ਵਿਚ ਲਿਖਿਆ।

ਇਸ ਅੰਕ ਵੀ ਵਿਉਂਤਬੰਦੀ ਦੀ ਨੀਂਹ ਅਮਰਜੀਤ ਚੰਦਨ ਭਾਜੀ ਨੇ ਰੱਖੀ। ਉਹ ਕਹਾਣੀਆਂ ਦੀ ਕਿਤਾਬ ਸੰਪਾਦਤ ਕਰ ਰਹੇ ਸਨ। ਉਨ੍ਹਾਂ ਨੇ ਮੈਨੂੰ ਗਿੱਮੀ ਦੀ ਬਹੁ-ਚਰਚਿਤ ਕਹਾਣੀ 'ਪਾਣੀ ਦੇ ਪਹਾੜ' ਪੜ੍ਹਨ ਲਈ ਕਿਹਾ। ਮੈਂ ਡਾ. ਹਰਦੇਵ ਸਿੰਘ ਦੀ ਸੰਪਾਦਤ ਕੀਤੀ ਪੁਸਤਕ 'ਪਾਕਿਸਤਾਨ ਦੀ ਪੰਜਾਬੀ ਕਹਾਣੀ' ਵਿੱਚੋਂ ਇਹ ਕਹਾਣੀ ਪੜ੍ਹੀ। ਦੋ ਦਿਨ ਇਸ ਕਹਾਣੀ ਬਾਰੇ ਸੋਚਦਾ ਰਿਹਾ। ਮੈਂ ਚੰਦਨ ਭਾਜੀ ਕੋਲੋਂ ਪੁੱਛਿਆ ਕਿ ਗਿੱਮੀ ਦੀਆਂ ਕਿਤਾਬਾਂ ਕਿਥੋਂ ਮਿਲ ਸਕਦੀਆਂ ਹਨ। ਉਹਨਾਂ ਨੇ ਮੈਨੂੰ ਗਿੱਮੀ ਦੀ ਲੰਡਨ ਰਹਿੰਦੀ ਬੇਟੀ ਸ਼ਗੁਫ਼ਤਾ ਗਿੱਮੀ ਲੋਧੀ ਦਾ ਮੋਬਾਇਲ ਨੰ: ਦਿੱਤਾ। ਮੈਂ ਸ਼ਗੁਫ਼ਤਾ ਹੋਰਾਂ ਨਾਲ ਫੋਨ 'ਤੇ ਕਈ ਵਾਰ ਗੱਲਾਂ ਕੀਤੀਆਂ ਜਿਨ੍ਹਾਂ ਦਾ ਨਤੀਜਾ ਇਹ ਵਿਸ਼ੇਸ਼ ਅੰਕ ਹੈ। ਇਸ ਨੂੰ ਲਿਪੀਅੰਤਰ ਸੁਖਪਾਲ ਸਿੰਘ ਹੁੰਦਲ ਨੇ ਕੀਤਾ। ਬਾਕੀ ਕੰਮ ਪਹਿਲਾਂ ਵਾਂਗੂ ਮੈਨੂੰ ਕਰਨਾ ਪਿਆ- ਭਾਸ਼ਾ ਨੂੰ ਠੀਕ ਕਰਨ ਦਾ। ਮੈਂ ਆਉਣ ਵਾਲੇ ਸਮੇਂ ਵਿਚ 'ਸਲੀਮ ਖ਼ਾਨ ਗਿੱਮੀ ਦੀਆਂ ਚੋਣਦੀਆਂ ਕਹਾਣੀਆਂ' ਅਤੇ 'ਸਾਂਝ' ਨਾਵਲ ਸੰਪਾਦਤ ਕਰਨ ਦੀ ਯੋਜਨਾ ਉਲੀਕੀ ਹੈ।

**-ਜਿੰਦਰ**

## ਜੀਵਨ—ਬਿਓਰਾ ਸਲੀਮ ਖ਼ਾਨ ਗਿੰਮੀ

| | |
|---|---|
| ਜਨਮ : | 29 ਜਨਵਰੀ ਸੰਨ 1929 ਈ: — ਜੈਨ ਪੁਰ ਨਜ਼ਦੀਕ ਦੀਨਾ ਨਗਰ ਜ਼ਿਲ੍ਹਾ ਗੁਰਦਾਸਪੁਰ, ਪੰਜਾਬ (ਹਿੰਦੁਸਤਾਨ) |
| ਪਿਤਾ ਦਾ ਨਾਮ : | ਕਰੀਮ ਦਾਦ ਖ਼ਾਨ |
| ਕਿੱਤਾ : | ਪੱਤਰਕਾਰੀ, ਰੇਡੀਓ ਪਾਕਿਸਤਾਨ , |

**ਲਿਖਤਾਂ :**

**ਪੰਜਾਬੀ-**

| | |
|---|---|
| ਨਾਵਲ : | ਸਾਂਝ, ਰੁੱਤ ਤੇ ਗੀਤਾਂ |
| ਅਫਸਾਨੇ : | ਲਹੂ ਦੀ ਖੁਸ਼ਬੂ, ਤੁਰਦੇ ਪੈਰ। |
| ਸੀਰਤ : | ਚੰਨ ਅਰਬੋਂ ਚੜ੍ਹਿਆ |
| ਖੋਜ : | ਪੰਜਾਬੀ ਜ਼ੁਬਾਨ ਦਾ ਇਰਤਕਾ |
| ਸਫਰਨਾਮੇ : | ਦੇਸ ਪ੍ਰਦੇਸ, ਸਿਆਚਿਨ ਦੀ ਛਾਵੇਂ |

**ਉਰਦੂ-**

| | |
|---|---|
| ਇਲਾਕਾਈ ਅਦਬ: | ਕਸ਼ਮੀਰ ਅਦਬੋ ਸਕਾਫਤ, ਬਲੋਚੀ ਅਦਬ, ਬਲੋਚ ਸਕਾਫਤ |
| ਸੀਰਤ : | ਅੱਲਾ ਕਾ ਮਹਿਬੂਬ ਜਰਨੈਲ |
| ਸ਼ਫ਼ਰਨਾਮਾ : | ਗੋਰੀ ਧਰਤੀ ਕਾਲੇ ਲੋਗ |
| ਨਾਵਲ : | ਕਮਾਂਡੋ ਕਹਾਣੀ |
| ਬੱਚਿਆਂ ਲਈ : | ਮਿਸ਼ਨ ਨੌਂ ਬਰਾ ਦੇਹਲੀ, ਬਰਫ਼ਾਨੀ ਇਨਸਾਨ, ਮਿਸ਼ਨ ਗੋਲਡਨ ਟਾਵਰ |
| ਮੌਤ : | 29 ਜਨਵਰੀ ਸੰਨ 2010 ਈ: ਸ਼ਾਹਦਰਾ, ਲਾਹੌਰ |



## ਪੰਜਾਬੀ ਦੀ ਬੇੜੀ ਵਿੱਚ ਕੁਝ ਆਪਣੇ ਹੀ ਵੱਟੇ ਪਾ ਰਹੇ ਨੇ : ਸਲੀਮ ਖ਼ਾਨ ਗਿੱਮੀ

**ਮੁਲਾਕਾਤੀ—ਡਾ. ਨਾਸਿਰ ਰਾਣਾ**

? ਅਪਣੇ ਅੱਗੇ ਪਿੱਛੇ ਬਾਰੇ ਜਾਣਕਾਰੀ ਦੇਵੋ। ਕਿੱਥੇ ਪੈਦਾ ਹੋਏ , ਤੁਹਾਡੇ ਵਾਲਿਦ ਕੌਣ ਸਨ ਤੇ ਤੁਹਾਡਾ ਨਸਬੀ ਰਿਸ਼ਤਾ ਕਿਸ ਖ਼ਾਨਦਾਨ ਨਾਲ ਹੈ।

— ਮੈਂ 29 ਜੂਨ, 1932 ਨੂੰ ਜੈਨਪੁਰ ਡਾਕਖਾਨਾ ਝਾਬਕਰਾ ਥਾਣਾ ਦੀਨਾ ਨਗਰ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਵਿਚ ਪੈਦਾ ਹੋਇਆ। ਇਹ ਪਿੰਡ ਗੁਰਦਾਸਪੁਰ ਤੋਂ ਅੱਠ ਮੀਲ ਲਹਿੰਦੇ ਵਿੱਚ ਹੈ। ਮੇਰੇ ਵਾਲਿਦ ਕਰੀਮ ਦਾਦ ਖ਼ਾਨ ਪਠਾਣਾਂ ਦੇ ਲੋਹਾਨੀ ਕਬੀਲੇ ਵਿੱਚੋਂ ਸਨ। ਇਹ ਦੇਹਾਤੀ ਚਿੱਠੀ ਰਸਾਂ ( ਡਾਕੀਆ) ਸਨ ਅਤੇ ਬਾਅਦ ਵਿੱਚ ਤਰੱਕੀ ਕਰਕੇ ਮੇਲ ਓਵਰਸੀਅਰ ਹੋ ਗਏ ਔਰ ਏਸੇ ਹੈਸੀਅਤ ਨਾਲ ਆਪਣੀ ਮੁਲਾਜ਼ਮਤ ਤੋਂ ਰਿਟਾਇਰ ਹੋਏ। ਮੇਰੀ ਵਾਲਿਦਾ ਦਾ ਨਾਂ ਖ਼ਦੀਜਾ ਬੇਗ਼ਮ ਏ ਤੇ ਉਹ ਘਰੇਲੂ ਖ਼ਾਤੂਨ ਸਨ। ਮੇਰੀਆਂ ਦੋ ਭੈਣਾਂ ਸਨ। ਭਰਾ ਕੋਈ ਨਹੀਂ।

ਮੇਰੇ ਖ਼ਾਨਦਾਨ ਦਾ ਪਸ ਮੰਜ਼ਰ (ਪਿੱਠ ਭੂਮੀ ) ਪਿੱਛਾ ਏ ਤਸਮੀਂ ਤੇ ਮੇਰੇ ਵਡਿੱਕੇ ਮਹਿਮੂਦ ਗਜ਼ਨਵੀ ਦੇ ਜ਼ਮਾਨੇ ਵਿੱਚ ਅਫ਼ਗਾਨਿਸਤਾਨ ਤੋਂ ਇਸ ਜੂਹ ਆਏ। 1857 ਦੀ ਲੜਾਈ ਵਿੱਚ ਜਨਰਲ ਨਿਕਲਸਨ ਦੇ ਖਿਲਾਫ਼ ਲੜਨ ਵਾਲਿਆਂ ਵਿੱਚ ਸਾਡਾ ਵਡਿੱਕਾ ਜੋਆਹਰ ਖ਼ਾਨ ਸ਼ਾਮਲ ਹੋਇਆ। ਓਸ ਦਾ ਲਸ਼ਕਰ ਜਿਹੜਾ ਅਸਲ ਵਿੱਚ ਜੇਹਲਮ ਤੋਂ ਟੁਰਿਆ ਸੀ, ਜੇਹਲਮ, ਗੁਜਰਾਤ, ਸਿਆਲਕੋਟ ਤੋਂ ਨਾਰੋਵਾਲ ਤੇ ਨਾਰੋਵਾਲ ਤੋਂ ਨੂਰਕੋਟ ਤੇ ਕੋਟ ਨੈਣਾਂ ਦੇ ਰੂਟ ਤੋਂ ਲੰਘਿਆ ਸੀ । ਮੇਰੇ ਵਡਿੱਕੇ ਨੂਰ ਕੋਟ ਵਿੱਚ ਇਹਦੇ ਵਿੱਚ ਸ਼ਾਮਲ ਹੋਏ। ਅੰਗਰੇਜ਼ਾਂ ਕੋਲੋਂ ਆਜ਼ਾਦੀ ਮੰਗਣ ਵਾਲਿਆਂ ਨੇ ਅੰਗਰੇਜ਼ਾਂ ਨਾਲ ਲੜਨ ਵਾਸਤੇ ਕੋਟ ਨੈਣਾਂ ਤੋਂ ਰਾਵੀ ਪਾਰ ਕੀਤੀ ਤੇ ਤਿਮੋ ਪੱਤਣ ਤੇ ਲੜਾਈ ਹੋਈ। ਏਥੇ ਦੇਸੀ ਲੋਕ ਹਾਰ ਖਾ ਗਏ। ਮੇਰਾ ਵਡਿੱਕਾ ਜੋਆਹਰ ਖ਼ਾਨ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ। ਲੋਕ ਖਿੰਡ ਪੁੰਡ ਤੇ ਨੱਸ ਭੱਜ ਗਏ, ਪਰ ਉਹ ਤਿਮੋ ਤੇ ਹੀ ਜ਼ਖ਼ਮੀ ਪਿਆ ਰਿਹਾ। ਉਹ ਉਥੇ ਪਿਆ ਪਿਆ ਮਰ ਜਾਂਦਾ, ਪਰ ਉਥੋਂ ਜੈਨ ਪੁਰ ਦਾ ਇੱਕ ਜ਼ਿਮੀਂਦਾਰ ਉਹਨੂੰ ਚੁੱਕ ਕੇ ਆਪਣੇ ਪਿੰਡ ਲੈ ਗਿਆ ਤੇ ਇਲਾਜ ਕੀਤਾ। ਜੋਆਹਰ ਖ਼ਾਨ ਸਿਹਤਯਾਬ ਹੋ ਗਿਆ । ਉਸ ਮਿਹਰਬਾਨ ਨੇ ਉਹਨੂੰ ਆਪਣੇ ਘਰ ਰੁਕਣ ਅਤੇ ਜਾਣ ਲਈ ਆਖਿਆ ਪਰ ਉਹਨੇ ਵਾਪਸੀ ਤੋਂ ਇਨਕਾਰ ਕਰ ਦਿੱਤਾ । ਉਹ ਜ਼ਿਮੀਂਦਾਰ ਵੀ ਪਠਾਨ ਸੀ। ਉਹਦਾ ਨਾਂ ਸੀ ਬਾਜ਼ ਖ਼ਾਨ। ਜੋਆਹਰ ਖ਼ਾਨ ਨੇ ਉਥੇ ਹੀ ਉਹਦੀ ਜ਼ਿਮੀਂਦਾਰੀ ਉਹਦੀ ਕਮਾਨਕਾਰੀ ਵਿੱਚ ਮਦਦ ਕਰਨੀ ਸ਼ੁਰੂ ਕਰ ਦਿੱਤੀ ਤੇ ਉਥੇ ਹੀ ਰਹਿ ਪਿਆ। ਬਾਅਦੋਂ, ਬਾਜ਼ ਖ਼ਾਨ ਨੇ ਜੋਆਹਰ ਖ਼ਾਨ ਨੂੰ ਰਿਸ਼ਤਾ ਵੀ ਦੇ ਦਿੱਤਾ ਤੇ ਫੇਰ ਸਾਡਾ ਖਾਨਦਾਨ ਉਥੋਂ ਜੈਨ ਪੁਰ ਵਿੱਚ

ਇਹ ਇੰਟਰਵਿਊ ਡਾ: ਨਾਸਿਰ ਰਾਣਾ ਨੇ ਜਨਵਰੀ ਫਰਵਰੀ 2002 ਵਿੱਚ ਕਈ ਨਿਸ਼ਸਤਾਂ ( ਬੈਠਕਾਂ) ਵਿੱਚ ਕੀਤਾ ਸੀ ਤੇ ਪਹਿਲੀ ਵਾਰ ਗੌਰਮਿੰਟ ਐਮ.ਏ.ਓ ਕਾਲਜ ਦੇ ਰਸਾਲੇ " ਇਕਰਾ " ਵਿੱਚ 2003 ਈ: ਵਿੱਚ ਸ਼ਾਇਆ ਹੋਇਆ।

ਟੁਰਿਆ।

ਉਹ ਮੇਰੇ ਪੜਦਾਦੇ ਸਨ ਜੋਆਹਰ ਖ਼ਾਨ। ਪੜਦਾਦਿਆਂ ਤੋਂ ਲੈਕੇ ਅਸੀਂ ਆਪਣੇ ਮਾਪਿਆਂ ਦੇ ਕੱਲੇ ਕੱਲੇ ਪੁੱਤਰ ਆਂ।

? ਤੁਹਾਡਾ ਬਚਪਨ ਕਿਸ ਤਰ੍ਹਾਂ ਗੁਜ਼ਰਿਆ ਤੇ ਮਾਹੌਲ ਕਿਹੋ ਜਿਹਾ ਸੀ ਤੁਹਾਡੇ ਬਚਪਨ ਦਾ।

— ਮੈਂ ਪ੍ਰਾਇਮਰੀ, ਪ੍ਰਾਇਮਰੀ ਸਕੂਲ ਝਬਕਰਾ ਤੋਂ ਪਾਸ ਕੀਤੀ। ਫੇਰ ਦਸਵੀਂ ਵਿੱਚ ਹਿੰਦੂ ਹਾਈ ਸਕੂਲ ਦੋਰਾਂਗਲਾ, ਜ਼ਿਲ੍ਹਾ ਗੁਰਦਾਸਪੁਰ ਵਿੱਚ ਪੜ੍ਹਦਾ ਸਾਂ ਤੇ ਪਾਕਿਸਤਾਨ ਬਣ ਗਿਆ।

ਜੈਨ ਪੁਰ ਛੋਟਾ ਜਿਹਾ ਪਿੰਡ ਸੀ। ਇਹ ਸਾਰਾ ਮੁਸਲਮਾਨਾਂ ਦਾ ਸੀ। ਛੋਟੇ ਛੋਟੇ ਜ਼ਿਮੀਂਦਾਰਾਂ ਦੇ ਘਰ ਸਨ । ਚਾਲੀ ਘਰ ਸਨ ਕੁੱਲ ਏਸ ਪਿੰਡ ਵਿੱਚ। ਬਹੁਤੇ ਪਠਾਨ ਸਨ। ਚਾਰ ਪੰਜ ਘਰ ਅਰਾਈਆਂ ਦੇ ਵੀ ਸਨ ਤੇ ਚਾਰ ਪੰਜ ਈ ਜੁਲਾਹਿਆਂ ਦੇ ਵੀ ਸਨ। ਇੱਕ ਘਰ ਸੱਯਦਾਂ ਦਾ ਸੀ, ਪੀਰ ਚਿਰਾਗ਼ ਸ਼ਾਹ ਦਾ । ਪਿੰਡ ਵਿੱਚ ਸਿਰਫ਼ ਇੱਕ ਦੁਕਾਨ ਸੀ। ਬ੍ਰਿਜ ਲਾਲ (ਬਿਰਜੂ ) ਦੀ । ਉਹ ਸਵੇਰੇ ਝਬਕਰਾ ਤੋਂ ਆਉਂਦਾ ਤੇ ਸ਼ਾਮ ਨੂੰ ਚਲਾ ਜਾਂਦਾ ਸੀ। ਸਾਡੇ ਪਿੰਡ ਵਿੱਚ ਪ੍ਰਾਇਮਰੀ ਸਕੂਲ ਕੋਈ ਨਹੀਂ ਸੀ ਪਰ ਬ੍ਰਿਜ ਲਾਲ ਬਾਲਾਂ ਨੂੰ ਕੱਠਿਆਂ ਕਰਕੇ ਮੁਫ਼ਤ ਪੜ੍ਹਾਉਂਦਾ ਸੀ, ਆਪਣੀ ਦੁਕਾਨ ਉੱਤੇ । ਉਹ ਪੜ੍ਹਦੇ ਘੱਟ ਵੱਧ ਸਨ। ਰਿਓੜੀਆਂ ਖਾ ਕੇ ਦੌੜ ਜਾਂਦੇ ਸਨ। ਮੁਸਲਮਾਨਾਂ ਦੀ ਤਾਲੀਮ ਵੱਲ ਕੋਈ ਤਵੱਜੋ ਨਹੀਂ ਸੀ। ਮੈਨੂੰ ਬਹਿਰਹਾਲ ਮੇਰੇ ਮਾਪੇ ਪੜ੍ਹਾ ਰਹੇ ਸਨ ਤੇ ਮੈਂ ਝਬਕਰਾ ਜਾ ਕੇ ਪੜ੍ਹਦਾ ਸਾਂ। ਚਾਰ ਕੋਹ ਪੈਦਲ ਆਉਣਾ ਜਾਣਾ ਹੁੰਦਾ ਸੀ ਉਥੇ।

ਪਿੰਡ ਵਿੱਚ ਗਰੀਬੀ ਦੇ ਹਾਲਾਤ ਸਨ। ਲੋਕ ਆਪੋ ਵਿੱਚ ਮੁਫ਼ਤ ਝਗੜਾ ਕਰਦੇ ਸਨ। ਪੀਰ ਫ਼ਕੀਰਾਂ ਨੂੰ ਬੜਾ ਮੰਨਦੇ ਸਨ। ਪੀਰ ਚਿਰਾਗ਼ ਸ਼ਾਹ ਦੇ ਪੈਰਾਂ ਤੇ ਮੱਥਾ ਰੱਖਦੇ ਸਨ। ਉਹ ਜੋ ਮੰਗਦਾ ਸੀ ਉਹਨੂੰ ਦੇਂਦੇ ਸਨ। ਸਾਲ ਬਾਅਦ ਉਹਦਾ (ਜੀਊਂਦੇ ਦਾ ਹੀ) ਮੇਲਾ ਕਰਵਾਉਂਦੇ ਸਨ। ਉਥੇ ਕਵਾਲੀਆਂ ਹੁੰਦੀਆਂ ਤੇ ਕੰਜਰੀਆਂ ਆ ਕੇ ਨੱਚਦੀਆਂ ਗਾਉਂਦੀਆਂ ਸਨ। ਅੰਮ੍ਰਿਤਸਰ ਤੇ ਜਲੰਧਰ ਦੇ ਕੱਵਾਲ ਆਉਂਦੇ ਸਨ ਤੇ ਲੋਕਾਂ ਨੂੰ ਲੁੱਟ ਕੇ ਲੈ ਜਾਂਦੇ ਸਨ। ਪਠਾਨਕੋਟ ਦੀ ਮਸ਼ਹੂਰ ਕੰਜਰੀ ‘ਬਿਜਲੀ’ ਆਉਂਦੀ ਹੁੰਦੀ ਸੀ ਤੇ ਹਨੇਰੀਆਂ ਪਾਉਂਦੀ ਸੀ। ਨਾਲ ਸਿੱਖਾਂ ਦਾ ਪਿੰਡ ਸੀ ਫਰੀਦਪੁਰ, ਅੱਧੇ ਮੀਲ ਦੇ ਫ਼ਾਸਲੇ ਤੇ । ਕਾਹਨਾ ਸੀ ਗੁੱਜਰਾਂ ਦਾ ਪਿੰਡ । ਫਰੀਦਪੁਰ ਦੇ ਸਿੱਖਾਂ ਨਾਲ ਸਾਡੇ ਪਿੰਡ ਦਾ ਇੱਟ ਖੜਿੱਕਾ ਰਹਿੰਦਾ ਸੀ। ਕਾਹਨੇ ਨਾਲ ਨਹੀਂ ਸੀ ਕਦੀ ਝਗੜਾ ਹੋਇਆ । ਝਬਕਰਾ, ਸ੍ਰੀਰਾਮ ਪੁਰ ਤੇ ਠਾਕਰ ਪੁਰ ਸਾਡੇ ਪਿੰਡ ਦੇ ਕੋਲ ਹਿੰਦੂਆਂ ਸਿੱਖਾਂ ਦੇ ਪਿੰਡ ਸਨ। ਸਾਡੇ ਪਿੰਡ ਵਾਲੇ ਸਿੱਖਾਂ ਹਿੰਦੂਆਂ ਦੀ ਧੌਂਸ ਨਹੀਂ ਸਨ ਮੰਨਦੇ, ਸਗੋਂ ਉਨ੍ਹਾਂ ਨਾਲ ਲੜਨ ਝਗੜਨ ਲਈ ਹਰ ਵੇਲੇ ਤਿਆਰ ਰਹਿੰਦੇ ਸਨ ਖੁਸ਼ੀ ਖੁਸ਼ੀ। ਪ੍ਰਾਇਮਰੀ ਸਕੂਲ ਵਿੱਚ ਮੇਰੇ ਉਸਤਾਦ ਸਨ ਧਨੀ ਰਾਮ। ਮੁਸਲਮਾਨ ਉਸਤਾਦ ਕੋਈ ਨਹੀਂ ਸੀ। ਜਿਹੜੇ ਮੁੰਡੇ ਸਾਡੇ ਨਾਲ ਪੜ੍ਹਦੇ ਸਨ, ਹਿੰਦੂ ਸਿੱਖ ਉਹਨਾਂ ਨਾਲ ਸਾਡੇ ਦੋਸਤਾਨਾ ਤਅੱਲਕਾਤ ਹੁੰਦੇ ਸਨ। ਉਨ੍ਹਾਂ ਦੇ ਵਾਲਦੈਨ ਸਾਨੂੰ ਆਪਣੇ ਬੱਚਿਆਂ ਵਾਂਗਰ ਸਮਝਦੇ ਸਨ। ਠਾਕਰਪੁਰ ਦੇ ਰਣਜੀਤ ਸਿੰਘ ਨਾਲ ਮੇਰੀ ਦੋਸਤੀ ਸੀ । ਅਸੀਂ ਦੋਵੇਂ ਦੋਰਾਂਗਲੇ ਪੜ੍ਹਦੇ ਸਾਂ। ਠਾਕਰਪੁਰ ਮੇਰੇ ਪਿੰਡ ਜੈਨਪੁਰ ਤੇ ਦੋਰਾਂਗਲੇ ਦੇ ਵਿਚਕਾਰ ਸੀ। ਛੁੱਟੀ ਤੋਂ ਬਾਅਦ ਉਹ ਪਹਿਲਾਂ ਆਉਂਦਾ ਸੀ। ਰਣਜੀਤ



ਸਿੰਘ ਦੀ ਬੇਬੇ ਸਾਨੂੰ ਦੋਵਾਂ ਨੂੰ ਦੁੱਧ ਮੱਖਣ ਤੇ ਘਿਓ ਖਵਾਉਂਦੀ ਸੀ, ਕੋਲ ਬਿਠਾ ਕੇ। ਜ਼ਰਾ ਨਖੇੜਾ ਨਹੀਂ ਸੀ ਕਰਦੀ। ਮੈਨੂੰ ਰਤਾ ਵੱਧ ਮਲਾਈ ਦੇਂਦੀ ਸੀ। ਸਿੱਖ ਆਮ ਤੌਰ ਤੇ ਕਿਸੇ ਨੂੰ ਤੰਗ ਨਹੀਂ ਸਨ ਕਰਦੇ। ਸਾਡੇ ਪਿੰਡ ਦੇ ਲੋਕ ਹਿੰਦੂਆਂ ਕੋਲੋਂ ਵਿਆਹ ਸ਼ਾਦੀ ਤੇ ਕਰਜ਼ਾ ਲੈਂਦੇ ਰਹਿੰਦੇ ਸਨ। ਇੰਝ ਲੱਗਦਾ ਏ ਜਿਵੇਂ ਮੀਰਾਂ ਬਖ਼ਸ਼ ਮਿਨਹਾਸ ਨੇ ਆਪਣਾ ਨਾਵਲ ‘ਜੱਟ ਦੀ ਕਰਤੂਤ’ ਸਾਡੇ ਪਿੰਡ ਬਾਰੇ ਈ ਲਿਖਿਆ ਏ। ਅਣਖ਼ੀ ਲੋਕ ਸਨ ਸਾਡੇ ਪਿੰਡ ਦੇ, ਰਵਾਇਤੀ, ਨੱਕ ਨਮੂਜ ਵਾਲੇ , ਬੇਵਕੂਫ਼। ਪਰ ਅੰਦਰੋਂ ਭੁੱਖੇ ਨੰਗੇ ਵਾਈਟ ਕਾਲਰ।

ਇੱਕ ਵਾਰ ਮੈਂ ਦੋਰਾਂਗਲੇ ਪੜ੍ਹਦਾ ਸਾਂ ਤਾਂ ਮੇਰਾ ਸਕੂਲਾਂ ਵਾਪਸੀ ਵੇਲੇ ਭੁੱਖ ਨਾਲ ਬੁਰਾ ਹਾਲ ਹੋਇਆ। ਮੈਂ ਰਾਹ ਦੇ ਇੱਕ ਖੇਤ ਵਿੱਚੋਂ ਗੰਨਾ ਭੰਨ ਕੇ ਚੂਪ ਲਿਆ । ਵਾਹੀਵਾਨ ਸਿੱਖ ਨੂੰ ਪਤਾ ਲੱਗਾ ਤੇ ਉਹਨੇ ਮੈਨੂੰ ਫੜ ਕੇ ਚਪੇੜਾਂ ਮਾਰੀਆਂ। ਮੈਂ ਘਰ ਆ ਕੇ ਬੇਬੇ ਨੂੰ ਦੱਸਿਆ । ਮੇਰੇ ਰਿਸ਼ਤੇ ਦੇ ਚਾਚੇ ਤਾਇਆਂ ਨੂੰ ਪਤਾ ਲੱਗਾ ਤੇ ਉਹ ਵਾਹਰ ਬਣਕੇ ਰਾਤ ਨੂੰ ਗਏ ਤੇ ਜਾ ਕੇ ਉਹਨਾਂ ਦਾ ਦੋ ਤਿੰਨ ਵਿੱਘੇ ਕਮਾਦ ਉਜਾੜ ਆਏ । ਇਸੇ ਤਰ੍ਹਾਂ ਦੇ ਵਾਕਿਆਤ ਹੁੰਦੇ ਰਹਿੰਦੇ ਸਨ।

ਸਾਡੇ ਪਿੰਡ ਵਿੱਚੋਂ ਸਿਰਫ਼ ਦੋ ਬੰਦੇ ਮੁਲਾਜ਼ਮ ਸਨ। ਇੱਕ ਮੇਰੇ ਵਾਲਦ ਕਰੀਮ ਦਾਦ ਖ਼ਾਨ ਤੇ ਦੂਜੇ ਫਜ਼ਲ ਦਾਦ ਖ਼ਾਨ ਜਿਹੜਾ ਪੁਲੀਸ ਦਾ ਸਿਪਾਹੀ ਸੀ । ਦੂਜੇ ਸਾਰੇ ਜ਼ਿਮੀਂਦਾਰ ਵਾਹੀ ਬੀਜੀ ਕਰਦੇ। ਗੱਡੇ ਬਣਾਏ ਹੋਏ। ਮਜ਼ਦੂਰੀਆਂ ਕਰਦੇ ਸਨ ਟੌਹਰ ਨਾਲ ਰਹਿੰਦੇ।

? ਪਾਕਿਸਤਾਨ ਬਣਨ ਵੇਲੇ ਤੁਸੀਂ ਨੌਵੀਂ ਜਮਾਤ ਵਿੱਚ ਪੜ੍ਹਦੇ ਸੋ। ਇਹਦਾ ਮਤਲਬ ਏ ਸਿਆਣੇ ਸੋ। ਉਸ ਵੇਲੇ ਕੀ ਹਾਲਾਤ ਸਨ ਇਲਾਕੇ ਤੇ ਤੁਹਾਡੇ ਆਲੇ ਦੁਆਲੇ ਦੇ।

— ਹਾਂ, ਮੈਂ ਉਸ ਵੇਲੇ ਕੋਈ ਪੰਦਰਾਂ ਸੋਲਾਂ ਸਾਲਾਂ ਦਾ ਗੱਭਰੂ ਸਾਂ। ਉਸ ਵੇਲੇ ਮੁਸਲਮਾਨਾਂ ਦੇ ਹਾਲਾਤ ਚੰਗੇ ਨਹੀਂ ਸਨ। ਤਾਲੀਮੀ ਇਤਬਾਰ ਨਾਲ ਪਸਮਾਂਦਾ (ਪਛੜਿਆ ਹੋਇਆ) ਸਨ। ਮੁਆਸ਼ੀ (ਰੋਜ਼ੀ ਵੱਲੋਂ) ਤੌਰ ਤੇ ਬੁਰਾ ਹਾਲ ਸੀ ਤੇ ਸਿਆਸੀ ਸ਼ਊਰ ਕੱਤਈ ਕੋਈ ਨਹੀਂ ਸੀ । ਕਾਇਦੇ ਆਜ਼ਮ ਦਾ ਨਾਂ ਤੱਕ ਕਿਸੇ ਨੇ ਨਹੀਂ ਸੀ ਸੁਣਿਆ। ਲੋਕ ਮੁਸਲਿਮ ਲੀਗ ਤੇ ਉਹਦੀ ਤਹਿਰੀਕ ਬਾਰੇ ਉਦੋਂ ਜਾਨਣ ਲੱਗੇ ਜਦੋਂ ਤਹਿਰੀਕ ਦੇ ਆਖ਼ਰੀ ਦਿਨਾਂ ਵਿੱਚ ਗੁਰਦਾਸਪੁਰ ਤੇ ਅੰਮ੍ਰਿਤਸਰ ਤੋਂ ਲੋਕ ਆ ਕੇ ਜਲਸੇ ਕਰਨ ਲੱਗੇ। ਸਿਆਸੀ ਸਰਗਰਮੀਆਂ ਸਫ਼ੈਦ ਪੋਸ਼ੀਆਂ ਤੇ ਜ਼ੈਲਦਾਰਾਂ ਦੀਆਂ ਹਵੇਲੀਆਂ ਮਹਿਦੂਦ ਸਨ। ਅਖ਼ਬਾਰ ਪਿੰਡਾਂ ਵਿੱਚ ਆਉਂਦਾ ਈ ਨਹੀਂ ਸੀ। ਪਿੰਡਾਂ ਵਿੱਚ ਪੜ੍ਹੇ ਲਿਖੇ ਤੇ ਉਸਤਾਦ ਵੀ ਕੋਈ ਨਹੀਂ ਸਨ। ਰੇਡੀਓ ਵੀ ਸਾਡੇ ਪਿੰਡ ਵਿੱਚ ਕੋਈ ਨਹੀਂ ਸੀ। ਕਿਸੇ ਨੂੰ ਕੁੱਝ ਪਤਾ ਨਹੀਂ ਸੀ ਕਿ ਮੁਲਕ ਵਿੱਚ ਕੀ ਹੋ ਰਿਹਾ ਏ। ਮਜ਼ਮੂਈ ਤੌਰ ਤੇ ਅਮਨ ਸਕੂਨ ਸੀ। ਬੇਖ਼ਬਰੇ ਲੋਕ ਚੰਗੇ ਸਨ। ਆਪਣੇ ਪਿੰਡ ਵਿੱਚ ਚੂੰਕਿ ਮੈਂ ਹੀ ਪੜ੍ਹਿਆ ਲਿਖਿਆ ਸਾਂ, ਇਸੇ ਲਈ ਲੋਕ ਮੈਥੋਂ ਹੀ ਪੁੱਛਦੇ ਤੇ ਕਿਤੋਂ ਸੁਣ ਸੁਣਾਕੇ ਕੋਈ ਖ਼ਬਰ ਲਿਆਵਣ ਲਈ ਆਖਦੇ। ਬਹਿਰਹਾਲ ਸਾਡੇ ਇਲਾਕੇ ਵਿੱਚ 1947 ਵਿੱਚ ਆ ਕੇ ਤਹਿਰੀਕ ਪਾਕਿਸਤਾਨ ਦੀ ਖ਼ਬਰ ਲੱਗੀ। ਉਸ ਵੇਲੇ ਜਦੋਂ ਹਿੰਦੂਆਂ ਸਿੱਖਾਂ ਨਾਲ ਝਗੜੇ ਦੇ ਇਮਕਾਨਾਤ ਬਹੁਤ ਵੱਧ ਗਏ ਸਨ । ਉਦੋਂ ਲੋਕ ਟੂੰਬ ਛੱਲਾ ਵੇਚ ਕੇ ਹਥਿਆਰ ਖ਼੍ਰੀਦਣ ਲੱਗ ਪਏ।

ਦਰਿਆ ਰਾਵੀ ਸਾਡੀ ਜੂਹ ਵਿੱਚੋਂ ਵੱਗਦੀ ਸੀ। ਪਾਕਿਸਤਾਨ ਬਣਿਆ ਤੇ

ਅਸੀਂ 16 ਅਗਸਤ ਨੂੰ ਰਾਵੀ ਪਾਰ ਕਰਕੇ ਪਾਕਿਸਤਾਨ ਆ ਗਏ। ਸਿੱਖ ਰਾਹ ਵਿੱਚ ਸਾਡੇ ਕਾਫ਼ਲੇ ਤੇ ਹਮਲਾ ਕਰਨ ਆਏ। ਪਰ ਇੱਕ ਤੇ ਅਸਾਂ ਉਹਨਾਂ ਨਾਲ ਕੋਈ ਜ਼ਿਆਦਤੀ ਨਹੀਂ ਸੀ ਕੀਤੀ ਦੂਜੇ ਉਨ੍ਹਾਂ ਸਾਡੇ ਕੋਲੋਂ ਲੁੱਟਣਾ ਕੀ ਸੀ, ਸਿਵਾਏ ਮਾਰਨ ਤੇ ਵੱਢਣ ਟੁੱਕਣ ਦੇ । ਗਰੀਬੜੇ ਲੋਕ ਸਾਂ ਅਸੀਂ। ਉਹਨਾਂ ਸਾਨੂੰ ਦੇਖਿਆ ਤੇ ਵਾਪਸ ਪਰਤ ਗਏ । ਅਸੀਂ ਪਾਕਿਸਤਾਨ ਆ ਕੇ ਰਾਵੀ ਦੇ ਸੱਜੇ ਕੰਢੇ ਝਨਿਆਲ ਨਾਂ ਦੇ ਪਿੰਡ ਵਿੱਚ ਤਿੰਨ ਮਹੀਨੇ ਰਹੇ। ਇਹ ਪਿੰਡ ਕੋਟ ਨੈਣਾਂ ਤੋਂ ਚੜ੍ਹਦੇ ਪਾਸੇ ਤੇ ਤਿਮੋ ਪੱਤਣ ਦੇ ਲਹਿੰਦੇ ਪਾਸੇ ਏ। ਤਿੰਨ ਮਹੀਨਿਆਂ ਪਿੱਛੋਂ ਬਾਰਾ ਮੰਗਾ ਸ਼ਿਫਟ ਹੋ ਗਏ।

? ਬਾਰਾ ਮੰਗਾ ਕਿਸ ਤਰ੍ਹਾਂ ਸ਼ਿਫਟ ਹੋਏ ?

— ਝਨਿਆਲ ਬਿਲਕੁਲ ਬਾਰਡਰ ਤੇ ਸੀ ਤੇ ਮਹਿਫੂਜ਼ ਨਹੀਂ ਸੀ। ਬਾਰਾ ਮੰਗਾ ਇੱਕ ਹਵੇਲੀ ਖਾਲੀ ਮਿਲ ਗਈ। ਸਾਲ ਬਾਅਦ ਉਥੇ ਜ਼ਮੀਨ ਵੀ ਅਲਾਟ ਹੋ ਗਈ। ਮੇਰੇ ਅੱਬਾ ਜੀ ਲਾਹੌਰ ਆਏ ਤੇ ਉਥੋਂ ਆਪਣੀ ਮੁਲਾਜ਼ਮਤ ਦੇ ਆਰਡਰ ਲਏ ਤੇ ਸ਼ਕਰਗੜ੍ਹ ਚਿੱਠੀ ਰਸਾਂ ਹੋ ਗਏ । ਮੈਂ ਏਥੇ ਗ਼ੁਲਾਮ ਦੀਨ ਇਸਲਾਮੀਆ ਹਾਈ ਸਕੂਲ ਮੈਂਗੜੀ ਵਿੱਚ ਦਾਖ਼ਲਾ ਲੈ ਲਿਆ ਤੇ ਮੈਟ੍ਰਿਕ 1948 ਵਿੱਚ ਏਥੋਂ ਹੀ ਕੀਤਾ । ਮੈਟ੍ਰਿਕ ਮਗਰੋਂ ਇਸਲਾਮੀਆ ਕਾਲਜ ਲਾਹੌਰ ਵਿੱਚ ਦਾਖ਼ਲਾ ਮਿਲ ਗਿਆ । ਉਥੋਂ ਬੀ.ਏ. ਕੀਤਾ। ਕਾਲਜ ਵਿੱਚ ਮੈਂ ਇੱਕ ਆਮ ਤਾਲਬ–ਇਲਮ ਸਾਂ , ਹਾਂ ਉਥੇ ਮੈਂ ਖੇਡਾਂ ਵਿੱਚ ਹਿੱਸਾ ਲੈਂਦਾ ਰਿਹਾ। ਮੈਂ ਗੱਤਕਾ ਤੇ ਰੇਸਿੰਗ ਕਰਦਾ ਸਾਂ। ਬੀ.ਏ. ਕਰਕੇ ਮੈਂ ਐਂਗਲੋ ਵਰਨੈਕੁਲਰ ਮਿਡਲ ਸਕੂਲ ਸਿੱਖੋ ਚੱਕ ਵਿੱਚ ਇੰਗਲਿਸ਼ ਟੀਚਰ, ਇੱਕ ਸਾਲ ਵਾਸਤੇ ਲੱਗ ਗਿਆ। ਉਥੇ ਮੈਂ ਮੁੰਡਿਆਂ ਨੂੰ ਖੇਡਾਂ ਸ਼ੇਡਾਂ ਵੀ ਕਰਵਾਉਂਦਾ ਰਿਹਾ । ਕੌਡੀ, ਕੁਸ਼ਤੀ ਵਗੈਰਾ। ਪਿੰਡਾਂ ਦੀਆਂ ਜਿਹੜੀਆਂ ਖੇਡਾਂ ਹੁੰਦੀਆਂ ਨੇ । ਸੈਰ ਤੇ ਸ਼ਿਕਾਰ ਵੀ ਮੇਰਾ ਸ਼ੌਕ ਰਿਹਾ ਏ । ਸਿੱਖੋ ਚੱਕ ਜਿੱਥੇ ਮੈਨੂੰ ਨੌਕਰੀ ਮਿਲੀ, ਰਾਜਪੂਤਾਂ ਦਾ ਕਸਬਾ ਏ ਤੇ ਉਹ ਬਹੁਤ ਚੰਗੇ ਲੋਕ ਨੇ, ਜ਼ਿਮੀਂਦਾਰ। ਉਥੇ ਬਹੁਤ ਮਸ਼ਹੂਰ ਰਾਜਪੂਤ ਮੁਹੰਮਦ ਖ਼ਾਨ ਹੋਇਆ ਏ। ਦੁਕਾਨਦਾਰ ਸ਼ੇਖ ਸਨ। ਉਨ੍ਹਾਂ ਵਿੱਚੋਂ ਸ਼ੇਖ ਮੁਹੰਮਦ ਸ਼ਰੀਫ਼ ਮਸ਼ਹੂਰ ਸੀ। ਸਿੱਖੋ ਚੱਕ ਤੋਂ ਪਹਾੜ ਵਾਲੇ ਪਾਸੇ ਕਠੂਆ ਏ। ਜਿੱਥੇ ਸਾਰੀ ਆਬਾਦੀ ਹਿੰਦੂ ਰਾਜਪੂਤਾਂ ਦੀ ਏ। ਇਹ ਮਿਨਹਾਸ ਨੇ ਜਾਂ ਫਿਰ ਡੋਗਰ ਨੇ । ਇਹ ਜੰਮੂ ਦੇ ਰਾਜਪੂਤ ਨੇ । ਇਹਨਾਂ ਦੇ ਨਾਂ ਨਾਲ ਸਿੰਘ ਆਉਂਦਾ ਏ। ਮੈਂ ਏਥੇ ਸੈਰ ਤੇ ਸ਼ਿਕਾਰ ਲਈ ਜਾਂਦਾ ਸਾਂ। ਇਹ ਨੌਕਰੀ ਇੰਗਲਿਸ਼ ਟੀਚਰ ਦੀ ਮੈਂ ਛੱਡ ਦਿੱਤੀ, ਅੱਗੇ ਪੜ੍ਹਨ ਵਾਸਤੇ। ਮੈਂ ਫੇਰ ਲਾਹੌਰ ਆਕੇ ਪੰਜਾਬ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ ਤੇ ਐਮ.ਏ ਪੁਲੀਟੀਕਲ ਸਾਇੰਸ ਵਿੱਚ ਕੀਤਾ। 1956 ਵਿੱਚ ਇਮਤਿਹਾਨ ਦਿੱਤਾ । ਏਸ ਦੇ ਮਗਰੋਂ 1956 ਵਿੱਚ ਇਸਲਾਮੀਆ ਹਾਈ ਸਕੂਲ ਹਲਾਂ (ਸਜਾਲ) ਨੇੜੇ ਲੇਰ ਕਲਾਂ ਦਾ ਹੈੱਡ ਮਾਸਟਰ ਹੋ ਗਿਆ । 1957 ਵਿੱਚ ਮੈਂ ਆਰਮੀ ਜਾਇਨ ਕਰ ਲਈ। ਉਥੇ ਮੈਂ ਆਈ.ਐਸ.ਪੀ. ਆਰ ਦੇ ਅਖ਼ਬਾਰ 'ਹਲਾਲ' ਵਿੱਚ ਟਰਾਂਸਲੇਟਰ ਹੋਇਆ ਸਾਂ । ਸ਼ਫ਼ਕਤ ਤਨਵੀਰ ਮਿਰਜ਼ਾ, ਆਗ਼ਾ ਬਾਬਰ, ਇਕਰਾਮ ਕਮਰ, ਕਮਾਂਡਰ ਮਕਬੂਲ, ਮੇਜਰ ਜ਼ਮੀਰ ਜਾਫ਼ਰੀ, ਕਰਨਲ ਮਸੂਦ ਤੇ ਹੋਰ ਕੁੱਝ ਲੋਕ ਮੇਰੇ ਨਾਲ ਉਥੇ ਸਨ। ਖੁਸ਼ ਨਵੀਸ ਮੁਹੰਮਦ ਸ਼ਫੀ ਸੀ ਉਸ ਵੇਲੇ। ਸ਼ਫਕਤ ਤਨਵੀਰ ਉਥੇ ਸਟਾਫ਼ ਰਿਪੋਰਟਰ, ਆਗ਼ਾ ਬਾਬਰ ਐਡੀਟਰ ਤੇ ਮੇਜਰ ਜ਼ਮੀਰ ਜਾਫ਼ਰੀ (ਉਦੋਂ ਇਹ ਕਪਤਾਨ ਸਨ) ਫ਼ੋਟੋ ਲਾਇਬਰੇਰੀ ਦੇ ਇੰਚਾਰਜ



ਸਨ। ਹਲਾਲ ਵਿੱਚ ਵੀ ਮੈਂ ਤਕਰੀਬਨ ਇੱਕ ਸਾਲ ਤੀਕਰ ਈ ਕੰਮ ਕੀਤਾ । ਏਸੇ ਸਾਲ ਦੇ ਅਖੀਰ ਵਿੱਚ ਯਾਨੀ 1958 ਵਿੱਚ ਮੈਂ ਰੇਡੀਓ ਪਾਕਿਸਤਾਨ ਵਿੱਚ ਕੋਇਟਾ ਸਟੇਸ਼ਨ ਤੇ ਡਿਊਟੀ ਆਫ਼ੀਸਰ ਦੇ ਤੌਰ ਤੇ ਜਾਇਨ ਕੀਤਾ ਤੇ ਇੱਕ ਈ ਸਾਲ ਬਾਅਦ ਰੇਡੀਓ ਦਾ ਪ੍ਰੋਡਿਊਸਰ ਪ੍ਰਮੋਟ ਹੋ ਗਿਆ। ਮੇਰੀ ਜ਼ਿੰਦਗੀ ਵਿੱਚ ਇੱਕ ਇੱਕ ਸਾਲ ਬੜੇ ਕਾਊਂਟ ਕਰਦੇ ਨੇ । ਰੇਡੀਓ ਪ੍ਰੋਡਿਊਸਰ ਹੋਇਆ ਤੇ ਲਾਹੌਰ ਟਰਾਂਸਫ਼ਰ ਕਰ ਦਿੱਤਾ ਗਿਆ ।

ਲਾਹੌਰ ਆਇਆ ਤਾਂ ਮੈਨੂੰ ਆਉਂਦਿਆਂ ਹੀ ਦੇਹਾਤੀ ਭਰਾਵਾਂ ਦਾ ਪ੍ਰੋਗਰਾਮ ਦੇ ਦਿੱਤਾ ਗਿਆ । ਉਦੋਂ ਇਹਦਾ ਨਾਂ 'ਜਮਹੂਰ ਦੀ ਆਵਾਜ਼' ਸੀ। ਮੈਂ ਕੱਲਾ ਪ੍ਰੋਡਿਊਸਰ ਸਾਂ ਏਸ ਪ੍ਰੋਗਰਾਮ ਦਾ ਤੇ ਨਵਾਂ ਨਵਾਂ ਵੀ। ਬਾਅਦ ਵਿੱਚ ਦੋ ਦੋ ਤੇ ਤਿੰਨ ਤਿੰਨ ਵੀ ਰਹੇ ਨੇ। ਓਸ ਵੇਲੇ ਕੰਪੀਅਰਰ ਸਨ ਏਸ ਪ੍ਰੋਗਰਾਮ ਦੇ ਮਿਰਜ਼ਾ ਸੁਲਤਾਨ ਬੇਗ (ਨਿਜ਼ਾਮ ਦੀਨ) ਤੇ ਸੁਲਤਾਨ ਖੋਸਟ ( ਨੂਰ ਦੀਨ) । ਇੱਕ ਹੋਰ ਬੰਦਾ ਸ਼ੇਖ ਅਬਦੁਲ ਲਤੀਫ਼ ਮੁਸਾਫ਼ਿਰ (ਚੌਧਰੀ) ਵੀ ਸੀ। ਇਹ ਬਹੁਤ ਲਾਇਕ ਤੇ ਆਲਿਮ ਬੰਦਾ ਸੀ। ਸਟੇਸ਼ਨ ਡਾਇਰੈਕਟਰ ਉਸ ਵੇਲੇ ਸਨ ਆਗ਼ਾ ਬਸ਼ੀਰ । ਅਯੂਬ ਰੁਮਾਨੀ ਰਿਜ਼ੀ ਤਿਰਮਜ਼ੀ ਤੇ ਚੌਧਰੀ ਬਸ਼ੀਰ ਮੇਰੇ ਤੋਂ ਸੀਨੀਅਰ ਸਨ ਪਰ ਮੈਂ ਇਨ੍ਹਾਂ ਤੱਕ ਅੱਪੜ ਗਿਆ ਸਾਂ ਤੇ ਅਸੀਂ ਇਕੱਠੇ ਅਸਿਸਟੈਂਟ ਡਾਇਰੈਕਟਰ ਹੋ ਗਏ ਸਾਂ। ਓਸ ਵੇਲੇ ਤੱਕ ਦੇਹਾਤੀ ਪ੍ਰੋਗਰਾਮ ਖ਼ਾਲਸ ਦੇਹਾਤੀ ਪ੍ਰੋਗਰਾਮ ਸੀ। ਸ਼ਹਿਰਾਂ ਦੀ ਦਾਨਿਸ਼ ਪਿੰਡਾਂ ਵੱਲ ਮੁੰਤਕਿਲ ਕਰਨ ਦੀਆਂ ਕੋਸ਼ਿਸ਼ਾਂ ਅਜੇ ਤੱਕ ਸ਼ੁਰੂ ਨਹੀਂ ਸਨ ਹੋਈਆਂ। ਏਸ ਪ੍ਰੋਗਰਾਮ ਵਿੱਚ ਸਿਰਫ਼ ਦੇਹਾਤੀ ਲੋਕ ਈ ਆਉਂਦੇ ਸਨ। ਦੇਹਾਤ ਵਿੱਚ ਚੰਗੇ ਤੇ ਉੱਚੇ ਕੰਮ ਕਰਨ ਵਾਲੇ ਲੋਕ। ਪਿੰਡਾਂ ਦੀ ਆਪਣੀ ਦਾਨਿਸ਼ ਬਹੁਤ ਅਮੀਰ ਏ ਤੇ ਸ਼ਹਿਰਾਂ ਨਾਲੋਂ ਕਿੱਤੇ ਜ਼ਿਆਦਾ। ਸ਼ਹਿਰਾਂ ਵਿੱਚ ਤੇ ਦਾਨਿਸ਼ ਅਖ਼ਬਾਰਾਂ ਰਸਾਲਿਆਂ ਦੇ ਜ਼ਰੀਏ ਆਉਂਦੀ ਏ ਜਾਂ ਕੁੱਝ ਲੋਕ ਪੜ੍ਹ ਕੇ ਆ ਜਾਂਦੇ ਨੇ। ਅਮਰੀਕਾ, ਬਰਤਾਨੀਆ ਤੋਂ ਜਾਂ ਫੇਰ ਰਾਤ ਨੂੰ ਟੀ.ਵੀ. ਪ੍ਰੋਗਰਾਮ ਦੇਖਿਆ ਤੇ ਦਿਨ ਨੂੰ ਉਹਦੀ ਮਾਂਗਵੀ ਦਾਨਿਸ਼ ਚਿੱਥਦੇ ਰਹੇ, ਸ਼ਹਿਰਾਂ ਅੰਦਰ । ਪਿੰਡਾਂ ਦੀ ਆਪਣੀ ਇੱਕ ਦੇਸੀ ਦਾਨਿਸ਼ ਏ।

ਰੇਡੀਓ ਤੇ ਉਹ ਲੋਕ ਆਉਂਦੇ ਜਿਹੜੇ ਆਪ ਦੇਹਾਤੀ ਹੁੰਦੇ । ਮੇਰਾ ਫਲਸਫ਼ਾ ਸੀ ਕਿ ਪਿੰਡਾਂ ਦੇ ਲੋਕਾਂ ਨੂੰ ਜੇ ਕੋਈ ਬਾਹਰ ਦਾ ਬੰਦਾ ਦਸ ਵਾਰੀ ਇੱਕ ਗੱਲ ਆਖੇ ਤੇ ਉਹੋ ਗੱਲ ਪਿੰਡ ਦਾ ਬੰਦਾ ਇੱਕੋ ਵਾਰੀ ਆਖੇ ਤੇ ਪਿੰਡਾਂ ਵਾਲੇ ਆਪਣੇ ਪਿੰਡ ਦੀ ਇੱਕ ਵਾਰੀ ਆਖੀ ਗੱਲ ਦਾ ਬਾਹਰਲੇ ਬੰਦੇ ਨਾਲੋਂ ਬਹੁਤ ਅਸਰ ਲੈਂਦੇ ਨੇ। ਏਸ ਲਈ ਉਹਨਾਂ ਨੂੰ ਸਮਝਾਉਣ ਵਾਸਤੇ ਮੈਂ ਸਿਰਫ਼ ਪੇਂਡੂਆਂ ਨੂੰ ਇਸ ਪ੍ਰੋਗਰਾਮ ਵਿੱਚ ਬੁਲਾਉਂਦਾ ਸਾਂ। ਉਦੋਂ ਤੱਕ ਪ੍ਰੋਡਿਊਸਰ ਹੀ ਪ੍ਰੋਗਰਾਮ ਦਾ ਸਭ ਕੁੱਝ ਹੁੰਦਾ ਸੀ। ਉਹਦੇ ਈ ਫ਼ਲਸਫ਼ੇ ਤੇ ਥੀਊਰੀ ਕੰਮ ਕਰਦੀ ਸੀ। ਸੀਨੀਅਰ ਜਾਂ ਦੂਜੇ ਅਹੁਦੇ ਵਿੱਚ ਦਖ਼ਲ ਨਹੀਂ ਸਨ ਦਿੰਦੇ । ਸੋ ਮੈਂ ਆਪਣੇ ਫ਼ਲਸਫ਼ੇ ਮੁਤਾਬਕ ਪ੍ਰੋਗਰਾਮ ਚਲਾਇਆ ਤੇ ਮੇਰੀ ਰੇਡੀਓ ਦੀ 34 ਵਰ੍ਹੇ ਦੀ ਨੌਕਰੀ ਵਿੱਚ ਸੋਲ੍ਹਾਂ ਵਾਰੀ ਮੈਂ ਬਾਹਰੋਂ ਲਾਹੌਰ ਟਰਾਂਸਫ਼ਰ ਹੋਇਆ ਤੇ ਸੋਲ੍ਹਾਂ ਵਾਰੀ ਈ ਮੈਨੂੰ ਏਹੋ ਪ੍ਰੋਗਰਾਮ ਦਿੱਤਾ ਗਿਆ । ਓਸ ਵੇਲੇ ਭਾਵੇਂ ਮੈਂ ਪ੍ਰੋਡਿਊਸਰ ਸਾਂ ਤੇ ਭਾਵੇਂ ਅਸਿਸਟੈਂਟ ਡਾਇਰੈਕਟਰ, ਪ੍ਰੋਗਰਾਮ ਮੈਨੇਜਰ ਜਾਂ ਕੋਈ ਹੋਰ ਅਹੁਦਾ ਹੁੰਦਾ ਸੀ ਮੇਰੇ ਕੋਲ। ਮੈਂ ਸਮਝਣਾ ਇਹ ਸਭ ਕੁੱਝ ਏਸ ਈ ਵਾਸਤੇ ਸੀ ਕਿ ਮੇਰਾ ਫਲਸਫ਼ਾ ਕਾਮਯਾਬ ਸੀ ਤੇ ਸੁਣਨ ਵਾਲੇ ਪੇਂਡੂ

ਲੋਕ ਮੈਨੂੰ ਪਸੰਦ ਕਰਦੇ ਸਨ ਤੇ ਮੇਰੇ ਅਫ਼ਸਰਾਂ ਤੋਂ ਮੇਰੀ ਮੰਗ ਕਰਦੇ ਰਹਿੰਦੇ ਸਨ । ਏਸ ਪਾਰੋਂ ਕਈ ਵਾਰ ਮੇਰੇ ਅਫ਼ਸਰ ਮੇਰੇ ਤੋਂ ਸੜਦੇ ਵੀ ਹੁੰਦੇ ਸਨ ਕਿ ਲੋਕ ਮੈਨੂੰ ਏਨਾ ਪਸੰਦ ਕਿਉਂ ਕਰਦੇ ਨੇ।

ਜ਼ਾਹਿਰ ਏ ਕਿ ਦੇਹਾਤੀ ਪ੍ਰੋਗਰਾਮ, ਦੇਹਾਤੀਆਂ ਵਾਸਤੇ ਦੇਹਾਤੀਆਂ ਵੱਲੋਂ, ਦੇਹਾਤੀਆਂ ਦੇ ਜ਼ਰੀਏ ਹੋਣਾ ਚਾਹੀਦਾ ਏ। ਅੱਜ ਦਾ ਦੇਹਾਤੀ ਪ੍ਰੋਗਰਾਮ ਬੇਮਾਅਨੀ, ਫ਼ਜ਼ੂਲ, ਖੋਚਲ, ਬੇਅਸਰ, ਬੋਦਾ ਏ ਪਰ ਮੰਨਦਾ ਕੋਈ ਨਹੀਂ।

? ਤੁਸੀਂ ਫ਼ੁਰਮਾਇਆ ਏ ਕਿ ਸੋਲ੍ਹਾਂ ਵਾਰੀ ਬਾਹਰੋਂ ਤੁਹਾਡਾ ਲਾਹੌਰ ਤਬਾਦਲਾ ਹੋਇਆ, ਕਿਹੜੇ ਕਿਹੜੇ ਸਟੇਸ਼ਨ ਤੇ ਟਰਾਂਸਫ਼ਰ ਹੁੰਦੇ ਰਹੇ ਤੁਸੀਂ।

— ਰਾਵਲਪਿੰਡੀ, ਇਸਲਾਮਾਬਾਦ, ਮੁਜ਼ੱਫਰਾਬਾਦ, ਪੇਸ਼ਾਵਰ, ਤਰਾੜਖਲ ਤੇ ਕੋਇਟਾ ਵਗ਼ੈਰਾ। ਕੋਇਟਾ ਮੇਰੀ ਪਹਿਲੀ ਪੋਸਟਿੰਗ ਡਿਊਟੀ ਆਫ਼ੀਸਰ ਸੀ ਤੇ ਬਾਅਦ ਵਿੱਚ ਬਤੌਰ ਅਸਿਸਟੈਂਟ ਡਾਇਰੈਕਟਰ ਵੀ ਮੈਨੂੰ ਘੱਲਿਆ ਗਿਆ । ਬੀ.ਬੀ.ਸੀ. ਲੰਦਨ ਵੀ ਮੈਂ ਗਿਆ । ਸਕਰਦੂ ਸਟੇਸ਼ਨ ਡਾਇਰੈਕਟਰ ਦੇ ਤੌਰ ਤੇ ਕੰਮ ਕੀਤਾ । ਸੀ.ਪੀ.ਯੂ. ਲਾਹੌਰ ਵਿੱਚ ਦੋ ਵਾਰੀ ਆਇਆ। ਇੱਕ ਵਾਰੀ ਬਤੌਰ ਡਿਪਟੀ ਕੰਟਰੋਲਰ ਤੇ ਇੱਕ ਵਾਰੀ ਬਤੌਰ ਇੰਚਾਰਜ।

? ਸਭ ਤੋਂ ਦਿਲਚਸਪ ਸਟੇਸ਼ਨ ਕਿਹੜਾ ਰਿਹਾ ਤੁਹਾਡੇ ਵਾਸਤੇ।

— ਸਕਰਦੂ। ਸਕਰਦੂ ਮੈਨੂੰ ਕਮਾਂਡੋ ਐਕਸ਼ਨ ਲਈ ਘੱਲਿਆ ਗਿਆ ਸੀ। ਇਹ ਇੱਕ ਛੋਟਾ ਸਟੇਸ਼ਨ ਸੀ। ਪੰਦਰਾਂ ਵੀਹ ਮੀਲ ਦੇ ਦਾਇਰੇ ਵਿੱਚ ਸੁਣਿਆ ਜਾਂਦਾ ਸੀ ਇਹ। ਤਿੰਨ ਸਟੇਸ਼ਨ ਡਾਇਰੈਕਟਰ ਹਬੀਬ ਅਹਿਮਦ ਖ਼ਾਨ, ਸੱਈਅਦ ਨਕਸ਼ਬੰਦੀ ਤੇ ਕਰਾਚੀ ਵਾਲੇ ਚਿਸ਼ਤੀ ਸਾਹਬ ਨਾਕਾਮ ਹੋ ਚੁੱਕੇ ਸਨ।

ਵਜ੍ਹਾ ਇਹ ਸੀ ਕਿ ਮੁਲਤਾਨ ਜੀਹਦਾ ਮਰਕਜ਼ੀ ਸ਼ਹਿਰ ਸਕਰਦੂ ਏ, ਸ਼ੀਆ ਕਮਿਊਨਿਟੀ ਦਾ ਗੜ੍ਹ ਏ । ਉਥੇ 60 ਫੀਸਦੀ ਸ਼ੀਆ, 30 ਫ਼ੀਸਦੀ ਨੂਰ ਬਖ਼ਸ਼ੀਆ , 9 ਫੀਸਦੀ ਸੁੰਨੀ ਤੇ ਬਾਕੀ ਇੱਕ ਫ਼ੀਸਦੀ ਬਹਾਈ ਤੇ ਇਸਮਾਈਲੀ ਰਹਿੰਦੇ ਨੇ। ਨੂਰ ਬਖਸ਼ੀ ਵੀ ਦਰਅਸਲ ਸ਼ੀਆ ਕਮਿਊਨਿਟੀ ਦਾ ਈ ਹਿੱਸਾ ਨੇ ਪਰ ਪੀਰਾਂ ਫ਼ਕੀਰਾਂ ਨੂੰ ਮੰਨਦੇ ਨੇ ਤੇ ਕੁੱਝ ਹੋਰ ਗੱਲਾਂ ਵਿੱਚ ਵੀ ਸੁੰਨੀਆਂ ਦੇ ਸਾਥੀ ਨੇ ਜਾਂ ਇੰਝ ਕਹਿ ਲਵੋ ਕਿ ਅਮਨ ਪਸੰਦ ਨੇ, ਦੂਜਿਆਂ ਨੂੰ ਬਰਦਾਸ਼ਤ ਕਰ ਲੈਂਦੇ ਨੇ। ਫਿਕਾ ਅਹੂਤ ਇਨ੍ਹਾਂ ਦੀ ਫਿਕਾ (ਧਰਮ ਸ਼ਾਸ਼ਤਰ) ਦੀ ਕਿਤਾਬ ਏ। ਏਸ ਸਟੇਸ਼ਨ ਤੋਂ ਹਰ ਉਹ ਚੀਜ਼ ਨਸ਼ਰ ਹੁੰਦੀ ਜਿਹੜੀ ਕਸਾਇਦ (ਤਾਰੀਫ਼ਾਂ) ਮਸਾਇਬ (ਮੁਸੀਬਤ ਖੜ੍ਹੀ ਕਰਨਾ) ਤੇ ਤਬੱਰਾ (ਨਿੰਦਾ) ਦੀ ਜ਼ੈਲ ਵਿੱਚ ਆਉਂਦੀ ਏ। ਪੀ.ਬੀ.ਸੀ. ਦੀ ਪਾਲਸੀ ਕੁੱਝ ਹੋਰ ਸੀ ਤੇ ਸਟੇਸ਼ਨ ਦੀ ਪਾਲਸੀ ਕੁੱਝ ਹੋਰ। ਡਾਇਰੈਕਟਰ ਪੀ.ਬੀ.ਸੀ ਦੀ ਪਾਲਸੀ ਚਲਾਉਂਦੇ ਸਨ ਤੇ ਉਥੋਂ ਦੇ ਲੋਕ ਚਲਾਉਣ ਨਹੀਂ ਸਨ ਦੇਂਦੇ। ਸ਼ੀਆ ਕਮਿਊਨਿਟੀ ਦਾ ਮਜ਼ਹਬੀ ਰਹਿਨੁਮਾ ਸ਼ੇਖ ਗ਼ੁਲਾਮ ਜੀਹਨੂੰ ਸ਼ੇਖ ਉਲ ਮਸਾਇਖ ਕਿਹਾ ਜਾਂਦਾ ਸੀ। ਉਹ ਰੇਡੀਓ ਸਟੇਸ਼ਨ ਨੂੰ ਅਮ ਉਲ ਖ਼ਬਾਇਸ ਕਹਿੰਦਾ ਸੀ ਤੇ ਸਟੇਸ਼ਨ ਬੰਦ ਕਰਨ ਦਾ ਮੁਤਾਲਬਾ ਕਰਦਾ ਸੀ। ਸਟੇਸ਼ਨ ਡਾਇਰੈਕਟਰ ਉਹਦਾ ਮੁਕਾਬਲਾ ਨਹੀਂ ਕਰ ਸਕਦੇ ਤੇ ਬੁਰੀ ਤਰ੍ਹਾਂ ਨਾਕਾਮ ਰਹਿੰਦੇ ਸਨ। ਕਰਾਚੀ ਵਾਲੇ ਚਿਸ਼ਤੀ ਸਾਹਬ ਏਨੇ ਪ੍ਰੇਸ਼ਾਨ ਹੋਏ ਕਿ ਨੀਮ ਪਾਗਲ ਹੋ ਗਏ ਤੇ ਤਬਾਦਲਾ ਕਰਵਾ ਲਿਆ । ਉਹ ਨਿਹਾਇਤ



ਸ਼ਰੀਫ਼ ਆਦਮੀ ਸਨ। ਹਬੀਬ ਅਹਿਮਦ ਖ਼ਾਨ ਦੇ ਘਰ ਲੋਕਾਂ ਨੇ ਇੰਨੇ ਇੱਟਾਂ, ਰੋੜੇ ਮਾਰੇ ਕਿ ਉਨ੍ਹਾਂ ਦਾ ਵਿਹੜਾ ਪੱਥਰਾਂ ਨਾਲ ਭਰ ਗਿਆ ਤੇ ਇਨ੍ਹਾਂ ਹਾਲਾਤ ਵਿੱਚ ਉਨ੍ਹਾਂ ਨੂੰ ਵਾਪਸ ਬੁਲਾਉਣਾ ਪਿਆ। ਸੱਈਅਦ ਨਕਸ਼ਬੰਦੀ ਕਸ਼ਮੀਰੀ ਸੀ, ਉਹ ਮੁਕਾਮੀ ਲੋਕਾਂ ਵਿੱਚ ਰੱਚ ਮਿਚ ਗਿਆ। ਉਹ ਦਾਅਵਤਾਂ ਖਾਂਦਾ ਰਿਹਾ। ਜ਼ਿਆਉਲ ਹੱਕ ਨੂੰ ਓਸ ਨਾਅਤ ਤੇ ਲਾਇਆ ਹੋਇਆ ਸੀ, ਜਿਸ ਦੇ ਬੋਲ ਸਨ: 'ਯੇ ਸਬ ਤੁਮਾਰਾ ਕਰਮ ਹੈ ਆਕਾ ਕਿ ਬਾਤ ਅਬ ਤੱਕ ਬਨੀ ਹੁਈ ਹੈ।'

ਉਹ ਐਵਾਨੇ ਸਦਰ ਜਾ ਕੇ ਹਰ ਹਫ਼ਤੇ ਸਦਰ ਜ਼ਿਆਉਲ ਹੱਕ ਤੇ ਉਹਦੀ ਬੇਗ਼ਮ ਨੂੰ ਇਹ ਨਾਅਤ ਸੁਣਾਉਂਦਾ ਹੁੰਦਾ ਸੀ । ਏਸ ਵਾਸਤੇ ਉਹਦਾ ਤਬਾਦਲਾ ਰੋਕ ਕੇ ਮੈਨੂੰ ਤੇ ਰੇਡੀਓ ਸਟਾਫ਼ ਜੋ ਚਾਹੁੰਦਾ ਚਲਾਉਂਦਾ ਰਹਿੰਦਾ । ਦਰਅਸਲ ਮੁਲਤਾਨ ਕਿਸੇ ਜ਼ਮਾਨੇ ਵਿੱਚ ਕਸ਼ਮੀਰ ਦਾ ਹਿੱਸਾ ਸੀ ਤੇ ਸੱਈਅਦ ਨਕਸ਼ਬੰਦੀ ਖ਼ੁਦ ਕਸ਼ਮੀਰੀ ਸੀ । ਚੌਥੇ ਸਟੇਸ਼ਨ ਡਾਇਰੈਕਟਰ ਦੇ ਤੌਰ ਤੇ ਮਨਸੂਰ ਤਾਬਿਸ਼ ਦੀ ਵਾਰੀ ਸੀ ਪਰ ਓਸ ਨੇ ਉਦੋਂ ਸਦਰ ਕਾਜ਼ੀ ਸੱਈਅਦ ਡੀ.ਜੀ. ਨੂੰ ਸਕਰਦੂ ਘੱਲ ਦਿੱਤਾ । ਮੈਂ ਓਸ ਵੇਲੇ ਲਾਹੌਰ ਆਪਣੇ ਘਰ ਵਿੱਚ ਸਾਂ, ਏਸ ਲਈ ਉਥੇ ਜਾਣ ਤੋਂ ਇਨਕਾਰ ਕਰ ਦਿੱਤਾ। ਮੈਨੂੰ ਕਾਜ਼ੀ ਸੱਈਅਦ ਨੇ ਬੁਲਾਕੇ ਸਮਝਾਇਆ ਪਰ ਮੈਂ ਨਾ ਸਮਝਿਆ ਤੇ ਇੱਕ ਵਾਰ ਫੇਰ ਇਨਕਾਰ ਕਰ ਦਿੱਤਾ। ਸੈਕਟਰੀ ਇਤਲਾਆਤ ਜਨਰਲ ਹਬੀਬ ਉਲ ਰਹਿਮਾਨ ਨੇ ਫੇਰ ਮੈਨੂੰ ਟੈਲੀਫ਼ੂਨ ਤੇ ਦੱਸਿਆ ਕਿ ਸਾਡੀ ਮੁਸ਼ਕਿਲ ਇਹ ਏ ਕਿ ਸਦਰ ਮਨਸੂਰ ਤਾਬਿਸ਼ ਨੂੰ ਬੁਲਾ ਕੇ ਨਾਅਤ ਸੁਣਦਾ ਜੇ ਉਹਨੂੰ ਸਕਰਦੂ ਘੱਲ ਦਿੱਤਾ ਤੇ ਹਰ ਹਫ਼ਤੇ ਕਿਸ ਤਰ੍ਹਾਂ ਬੁਲਾਇਆ ਕਰਾਂਗੇ, ਓਸ ਨੂੰ। ਏਸ ਲਈ ਤੂੰ ਚਲਾ ਜਾ। ਸੱਈਅਦ ਸਲੀਮ ਗਿਲਾਨੀ ਡਾਇਰੈਕਟਰ ਪ੍ਰੋਗਰਾਮ ਨੇ। ਮੈਨੂੰ ਆਖਿਆ ਗਿਆ ਕਿ ਓਥੇ ਗੰਦ ਬੜਾ ਪਿਆ ਵਾ ਏ। ਉਹਨੂੰ ਜਾਕੇ ਸਾਫ਼ ਕਰ ਤੇ ਉਹਨੂੰ ਵੱਡਾ ਸਟੇਸ਼ਨ ਬਣਾ । ਇਹ 1981 ਦੀ ਗੱਲ ਏ।

ਸਕਰਦੂ ਜਾ ਕੇ ਮੈਂ ਵੇਖਿਆ ਕਿ ਪ੍ਰੋਗਰਾਮ ਨਸ਼ਰ ਕਰਦਿਆਂ ਕੋਈ ਅਸੂਲ ਜ਼ਾਬਤਾ ਤੇ ਕਾਇਦਾ ਕਲੀਆ ਸਾਹਮਣੇ ਨਹੀਂ ਰੱਖਿਆ ਜਾਂਦਾ । ਕੋਈ ਪ੍ਰੋਗਰਾਮ ਸ਼ੈਡੀਊਲ ਨਹੀਂ ਬਣਦਾ । ਕੋਈ ਆਡੀਸ਼ਨ ਨਹੀਂ ਹੁੰਦਾ । ਕੋਈ ਮਿਆਰ ਸਾਹਮਣੇ ਨਹੀਂ । ਆਪਣੇ ਦੋਸਤ ਅਹਿਬਾਬ ਨੂੰ ਨਿਵਾਜ਼ਿਆ ਜਾਂਦਾ ਏ। ਹੱਦ ਇਹ ਕਿ ਮੰਗਤਾ ਆ ਜਾਂਦਾ ਤੇ ਉਹਨੂੰ ਪਹਿਲੋਂ ਕੁੱਝ ਦੇਣ ਦੀ ਬਜਾਏ ਮਾਈਕਰਫ਼ੋਨ ਤੇ ਬਿਠਾ ਦਿੰਦੇ । ਕੋਈ ਪੁੱਛ ਪ੍ਰਤੀਤ ਵਾਲਾ ਹੈ ਈ ਨਹੀਂ ਸੀ।

ਮੈਂ ਗਿਆ ਤੇ ਇਹ ਸਭ ਕੁੱਝ ਖ਼ਤਮ ਕਰ ਦਿੱਤਾ। ਜੀਹਦੇ ਪਾਰੋਂ ਸਾਰਾ ਸਟਾਫ਼ ਤੇ ਬਹੁਤ ਸਾਰੀ ਮੁਕਾਮੀ ਆਬਾਦੀ ਨੇ ਸਦਰ ਜ਼ਿਆਉਲ ਹੱਕ ਨੂੰ ਸ਼ਿਕਾਇਤ ਕੀਤੀ ਸ਼ੇਖ਼ ਉਲ ਮਸਾਇਖ਼ ਗ਼ੁਲਾਮ ਮੁਹੰਮਦ ਦੀ ਕਿਆਦਤ ਵਿੱਚ ਸ਼ਹਿਰੀਆਂ ਦੀ ਕਮੇਟੀ ਬਣਾਈ ਗਈ ਤੇ ਲੋਕਾਂ ਕੋਲੋਂ ਵਾਹਵਾ ਚੰਦਾ ਇਕੱਠਾ ਕੀਤਾ। ਫੇਰ ਉਹਨੇ ਪੁਲੀਸ ਵਿੱਚ ਸ਼ਿਕਾਇਤ ਕੀਤੀ । ਮੇਰੇ ਖਿਲਾਫ਼ ਕੇਸ ਰਜਿਸਟਰ ਨਾ ਹੋਇਆ ਤੇ ਨਾ ਹੀ ਪੁਲੀਸ ਨੇ ਮੈਨੂੰ ਪੁੱਛਿਆ ਗਿੱਛਿਆ। ਹਾਂ ਥਾਣੇ ਜ਼ਰੂਰ ਬੁਲਾਇਆ ਗਿਆ ਤੇ ਚਾਹ ਸ਼ਾਹ ਪਿਆ ਕੇ ਘੱਲ ਦਿੱਤਾ ਗਿਆ। ਉਨ੍ਹਾਂ ਦੀ ਮੇਰੇ ਖਿਲਾਫ਼ ਇਹ ਝੂਠਾ ਕੇਸ ਬਣਾਉਣ ਦੀ ਕੋਸ਼ਿਸ਼ ਕਾਮਯਾਬ ਨਾ ਹੋਈ ਤੇ ਮੈਂ ਮੁਕਾਮੀ ਮਾਰਸ਼ਲ ਲਾਅ ਐਡਮਿਨਿਸਟਰੇਟਰ ਬ੍ਰਿਗੇਡੀਅਰ ਹਾਮਿਦ ਜਮੀਲ

ਨੂੰ ਇਹ ਗੱਲ ਦੱਸੀ। ਉਹਨੇ ਸ਼ੀਆ ਆਲਿਮਾਂ ਨੂੰ ਬੁਲਾਕੇ ਸਮਝਾਇਆ ਪਰ ਉਹ ਨਾ ਸਮਝੇ।ਉਹ ਸ਼ੇਖ ਗ਼ੁਲਾਮ ਮੁਹੰਮਦ ਦੀ ਕਿਆਦਤ ਵਿੱਚ ਇੱਕ ਵਫਦ ਬਣਾਕੇ ਰਾਵਲਪਿੰਡੀ ਚਲੇ ਗਏ । ਇੱਕ ਹੋਟਲ ਵਿੱਚ ਕਮਰੇ ਲੈ ਕੇ ਉਥੇ ਨਿੱਠ ਕੇ ਬਹਿ ਗਏ ਤੇ ਸਦਰ ਕੋਲੋਂ ਮੁਲਾਕਾਤ ਦਾ ਵਕਤ ਮੰਗਣ ਲੱਗ ਪਏ। ਸਦਰ ਨੇ ਵਕਤ ਨਾ ਦਿੱਤਾ ਤੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣ ਲੱਗ ਪਏ। ਖ਼ੈਰ ਵਕਤ ਮਿਲਿਆ ਤੇ ਮੇਰੇ ਖਿਲਾਫ਼ ਸ਼ਿਕਾਇਤ ਕੀਤੀ । ਸਦਰ ਜ਼ਿਆ ਨੇ ਮਾਰਸ਼ਲ ਲਾਅ ਐਡਮਿਨਿਸਟ੍ਰੇਟਰ ਸ਼ੁਮਾਲੀ ਇਲਾਕਾਜਾਤ ਜਨਰਲ ਇਮਤਿਆਜ਼ ਚੀਮਾ ਨੂੰ ਹੁਕਮ ਦਿੱਤਾ ਕਿ ਮੇਰਾ ਤਬਾਦਲਾ ਕਰ ਦਿੱਤਾ ਜਾਵੇ। ਜਨਰਲ ਇਮਤਿਆਜ਼ ਚੀਮਾ ਮੇਰੇ ਵਾਕਫ਼ ਸਨ ।ਉਨ੍ਹਾਂ ਸਦਰ ਨੂੰ ਪੁੱਛਿਆ ਕਿ ਸ਼ਿਕਾਇਤ ਕੀ ਏ ? ਸਦਰ ਨੇ ਆਖਿਆ ਕਿ ਮੇਰੇ ਕੋਲ ਇੱਕ ਵਫ਼ਦ ਆਇਆ ਏ ਜੀਹਨੇ ਦੱਸਿਆ ਏ ਕਿ ਸਟੇਸ਼ਨ ਡਾਇਰੈਕਟਰ ਸਲੀਮ ਖ਼ਾਨ ਗਿੱਮੀ ਸ਼ੈਤਾਨ ਆਦਮੀ ਏ। ਜਨਰਲ ਚੀਮਾ ਨੇ ਕਾਜ਼ੀ ਸੱਈਅਦ ਡਾਇਰੈਕਟਰ ਜਨਰਲ ਰੇਡੀਓ ਪਾਕਿਸਤਾਨ ਨੂੰ ਆਖਿਆ ਕਿ ਤਬਾਦਲਾ ਕਰ ਦੇਵੋ, ਸਦਰ ਦਾ ਹੁਕਮ ਏ।ਉਹਨਾਂ ਮੇਰਾ ਤਬਾਦਲਾ ਲਾਹੌਰ ਕਰ ਦਿੱਤਾ ।ਸੈਕਟਰੀ ਇਤਲਾਆਤ ਵਾ ਨਸ਼ਰੀਆਤ ਜਨਰਲ ਹਬੀਬ ਉਲ ਰਹਿਮਾਨ ਮੇਰੇ ਜਾਨਣ ਵਾਲੇ ਸਨ, ਕਿਉਂਜੋ ਉਹ ਸਾਬਕਾ ਆਈ. ਜੀ. ਪੰਜਾਬ ਪੁਲੀਸ ਹਾਜੀ ਹਬੀਬ ਉਲ ਰਹਿਮਾਨ ਦੇ ਛੋਟੇ ਭਰਾ ਸਨ ਤੇ ਹਾਜੀ ਹਬੀਬ ਉਲ ਰਹਿਮਾਨ ਮੇਰੇ ਜ਼ਾਤੀ ਦੋਸਤ ਸਨ। ਉਹਨਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਆਖਿਆ ਕਿ ਮਾਤਹਿਤ ਮੇਰਾ ਤੇ ਉਹਦਾ ਤਬਾਦਲਾ ਮੈਨੂੰ ਦੱਸਿਆਂ ਬਗ਼ੈਰ ਹੋਵੇ ਇਹ ਨਹੀਂ ਹੋ ਸਕਦਾ ।ਉਹਨਾਂ ਮੇਰਾ ਤਬਾਦਲਾ ਰੁਕਵਾ ਦਿੱਤਾ ਤੇ ਸ਼ੇਖ ਉਲ ਮਸਾਇਖ਼ ਦਾ ਵਫ਼ਦ ਪਿੰਡੀ ਤੋਂ ਵੀ ਨਾਕਾਮ ਵਾਪਸ ਸਕਰਦੂ ਆ ਗਿਆ ।

ਏਸ ਦੌਰਾਨ ਏਸ ਤਰ੍ਹਾਂ ਦੀਆਂ ਸ਼ਿਕਾਇਤਾਂ ਤੇ ਮੇਰੀਆਂ ਦੋ ਮਹਿਕਮਾਨਾਂ ਇਨਕੁਆਰੀਆਂ ਹੋਈਆਂ। ਜਿਨ੍ਹਾਂ ਵਿੱਚੋਂ ਇੱਕ ਡਾਇਰੈਕਟਰ ਜਨਰਲ ਕਾਜ਼ੀ ਸੱਈਅਦ ਨੇ ਆਪ ਤੇ ਦੂਜੀ ਕੰਟਰੋਲਰ ਫ਼ਾਈਨਾਂਸ ਨੇ ਕੀਤੀ। ਕੋਈ ਸ਼ਿਕਾਇਤ ਸਾਬਤ ਨਾ ਹੋ ਸਕੀ।ਜੀਹਦਾ ਨਤੀਜਾ ਇਹ ਹੋਇਆ ਕਿ ਮੇਰੀ ਏਹਨਾਂ ਹਾਲਾਤ ਵਿੱਚ ਸਕਰਦੂ ਹੋਣ ਦੀ ਸਜ਼ਾ ਵੱਧ ਗਈ ਤੇ ਮੈਨੂੰ ਉਥੇ ਸਟੇਸ਼ਨ ਡਾਇਰੈਕਟਰ ਦੇ ਤੌਰ ਤੇ ਇੱਕ ਸਾਲ ਹੋਰ ਰਹਿਣਾ ਪਿਆ। ਫੇਰ ਮਾਮੂਲ ਦੇ ਮੁਤਾਬਕ ਜੁਲਾਈ 1982 ਵਿੱਚ ਮੇਰਾ ਤਬਾਦਲਾ ਹੋ ਗਿਆ ।

? ਉਹਨਾਂ ਸਾਰੇ ਸਟੇਸ਼ਨਾਂ ਬਾਰੇ ਤੇ ਗੱਲ ਕਰਨਾ ਬਹੁਤ ਔਖਾ ਏ ਜਿੱਥੇ ਜਿੱਥੇ ਤੁਸੀਂ ਆਪਣੀ ਹਯਾਤੀ ਵਿੱਚ ਵੇਲਾ ਗੁਜ਼ਾਰਿਆ । ਕਿਸੇ ਉਸ ਸ਼ਹਿਰ ਤੇ ਉਹਦੇ ਲੋਕਾਂ, ਰੁੱਤਾਂ ਤੇ ਵੇਲਿਆਂ ਬਾਰੇ ਕੁੱਝ ਦੱਸੋ, ਜੀਹਨੂੰ ਦੂਸਰਾ ਦਿਲਚਸਪ ਸਟੇਸ਼ਨ ਸਮਝਦੇ ਓ।

— ਦੂਜਾ ਇਹੋ ਜਿਹਾ ਸਟੇਸ਼ਨ ਮੁਜ਼ੱਫ਼ਰਾਬਾਦ ਏ। ਪਰ ਉਥੇ ਮੈਨੂੰ ਕੋਈ ਅਜਿਹੀ ਮੁਹਿੰਮ—ਜੋਈ ਨਹੀਂ ਕਰਨੀ ਪਈ ਜੀਹਦਾ ਜ਼ਿਕਰ ਸਕਰਦੂ ਦੇ ਹਵਾਲੇ ਨਾਲ ਆਇਆ ਏ।

ਮੁਜ਼ੱਫ਼ਰਾਬਾਦ ਆਜ਼ਾਦ ਕਸ਼ਮੀਰ ਦਾ ਮਰਕਜ਼ੀ ਸ਼ਹਿਰ ਏ ਤੇ ਕਸ਼ਮੀਰੀਆਂ ਦੀ ਹੱਦ ਤੱਕ ਤਹਿਰੀਕ ਆਜ਼ਾਦੀ ਦਾ ਮਰਕਜ਼ ਵੀ।ਆਜ਼ਾਦ ਰਿਆਸਤ ਜੰਮੂ ਕਸ਼ਮੀਰ ਦਾ ਸਦਰ ਤੇ ਵਜ਼ੀਰੇ ਆਜ਼ਮ ਉਥੇ ਈ ਬਹਿੰਦੇ ਨੇ ।ਉਂਝ ਤੇ ਮੈਂ ਤਰਾੜਖਲ ਵੀ ਰਿਹਾਂ ਪਰ ਮੁਜ਼ੱਫ਼ਰਾਬਾਦ ਤੋਂ ਤਹਿਰੀਕ ਆਜ਼ਾਦੀ ਦੇ ਪ੍ਰੋਗਰਾਮਾਂ ਵਿੱਚ ਬਹੁਤਾ ਮਜ਼ਾ ਆਇਆ।



ਹੁਣ ਮੁਜ਼ੱਫ਼ਰਾਬਾਦ ਤੋਂ ਚਾਰ ਜ਼ੁਬਾਨਾਂ ਵਿੱਚ ਉਰਦੂ, ਕਸ਼ਮੀਰੀ, ਪਹਾੜੀ ਤੇ ਗੋਜਰੀ ਪ੍ਰੋਗਰਾਮ ਨਸ਼ਰ ਹੁੰਦੇ ਨੇ । 1961—62 ਵਿੱਚ ਮੈਂ ਉਥੇ ਪ੍ਰੋਡਿਊਸਰ ਸਾਂ। ਉਦੋਂ ਤੱਕ ਗੋਜਰੀ ਦੇ ਪ੍ਰੋਗਰਾਮ ਸ਼ੁਰੂ ਨਹੀਂ ਸਨ ਹੋਏ। ਏਥੇ ਆਰਟਿਸਟਾਂ ਦੀ ਬਹੁਤ ਕਮੀ ਸੀ। ਮੁਕੱਰਰ ਵੀ ਘੱਟ ਵੱਧ ਨੇ ਤੇ ਪ੍ਰੋਡਿਊਸਰ ਨੂੰ ਜ਼ਿਆਦਾ ਮਿਹਨਤ ਕਰਨੀ ਪੈਂਦੀ ਏ। ਉਥੋਂ ਦੇ ਪ੍ਰੋਗਰਾਮ ਸਹੀ ਮਾਅਨਿਆਂ ਵਿੱਚ ਚੈਲੰਜ ਦੀ ਹੈਸੀਅਤ ਰੱਖਦੇ ਨੇ। ਤਕਰੀਰਾਂ ਦੀ ਹੱਦ ਦੀ ਸ਼ਕਾਲਰਸ਼ਿਪ ਦਾ ਮਿਆਰ ਬਹੁਤ ਉੱਚਾ ਨਹੀਂ। ਕਾਲਜਾਂ ਤੇ ਯੂਨੀਵਰਸਿਟੀਆਂ ਦੇ ਉਸਤਾਦ ਜ਼ਿਆਦਾ ਮਿਹਨਤ ਨਹੀਂ ਕਰਦੇ। ਉਹ ਰਿਆਸਤ ਜੰਮੂ ਵਾ ਕਸ਼ਮੀਰ ਦੀ ਮੁਆਸ਼ਰਕੀ (ਸਮਾਜਿਕ), ਸਿਆਸੀ, ਇਕਤਸਾਦੀ (ਆਰਥਿਕ), ਸਕਾਫ਼ਤੀ (ਸੱਭਿਆਚਾਰਕ), ਮਜ਼ਹਬੀ ਤੇ ਅਸਕਰੀ (ਸੈਨਿਕ) ਤਾਰੀਖ਼ ਤੋਂ ਜ਼ਿਆਦਾ ਵਾਕਿਫ਼ ਨਹੀਂ ।ਚਲੰਤਰ ਕਿਸਮ ਦੀਆਂ ਸਿਹਾਫ਼ਤੀ ਤਹਿਰੀਰਾਂ ਆਮ ਮਿਲਦੀਆਂ ਨੇ।ਪਰ ਉਥੇ ਸਿਹਾਫ਼ਤ ਦਾ ਮਿਆਰ ਉੱਚਾ ਨਹੀਂ। ਕਸ਼ਮੀਰ ਬਾਰੇ ਚੰਗੇ ਪਰਚੇ ਰਾਵਲਪਿੰਡੀ ਇਸਲਾਮਾਬਾਦ ਤੋਂ ਨਿਕਲਦੇ ਨੇ। ਏਸ ਵਾਸਤੇ ਆਜ਼ਾਦ ਕਸ਼ਮੀਰ ਰੇਡੀਓ ਦੇ ਪ੍ਰੋਗਰਾਮਾਂ ਨੂੰ ਮਕਬੂਲ ਤੇ ਮੁਅੱਸਰ ਬਣਾਉਣ ਲਈ ਬੜੀ ਮਿਹਨਤ ਕਰਨੀ ਪੈਂਦੀ ਏ। ਮੈਂ ਜਦ ਉਥੇ ਪ੍ਰੋਡਿਊਸਰ ਦੇ ਤੌਰ ਤੇ ਗਿਆ, ਮੈਨੂੰ ਕਸ਼ਮੀਰ ਬਾਰੇ ਜ਼ਿਆਦਾ ਵਾਕਫ਼ੀਅਤ ਨਹੀਂ ਸੀ । ਮਸੂਦ ਕੁਰੈਸ਼ੀ ਸਟੇਸ਼ਨ ਡਾਇਰੈਕਟਰ ਸਨ ਜਿਹੜੇ ਅਸਲ ਵਿੱਚ ਅਸਿਸਟੈਂਟ ਡਾਇਰੈਕਟਰ ਸਨ। ਡਰਾਮਾ ਆਰਟਿਸਟ ਐਸ.ਏ. ਅਮੀਨ ਤੇ ਅਲਤਾਫ਼ ਕੁਰੈਸ਼ੀ ਸਨ। ਇਹ ਅਲਤਾਫ਼ ਕੁਰੈਸ਼ੀ ਬਾਅਦ ਵਿੱਚ ਰੇਡੀਓ ਵਿੱਚ ਮੁਲਾਜ਼ਮ ਹੋਏ ਤੇ ਪ੍ਰੋਗਰਾਮ ਮੈਨੇਜਰ ਦੀ ਹੈਸੀਅਤ ਵਿੱਚ ਲਾਹੌਰ ਸਟੇਸ਼ਨ ਤੇ ਕੰਮ ਕਰਦਿਆਂ ਫ਼ੌਤ ਹੋਏ । ਉਹਨਾਂ ਦੀ ਪੰਜਾਬੀ ਨਜ਼ਮਾਂ ਦੀ ਕਿਤਾਬ 'ਅੱਖੀਆਂ ਦੇ ਪਰਛਾਵੇਂ ' ਵੀ ਛੱਪ ਚੁੱਕੀ ਹੈ। ਇਹਨਾਂ ਦੀ ਦੂਜੀ ਉਰਦੂ ਸ਼ਾਇਰੀ ਦੀ ਕਿਤਾਬ ' ਦਾਤਾ ਜ਼ਹਿਰ ਪਿਲਾਂ' ਦੀ ਹੈ। ਨਿਹਾਇਤ ਨਫ਼ੀਸ ਆਦਮੀ ਸਨ । ਮੇਰੇ ਯਾਰ ਸਨ । ਮਸ਼ਹੂਰ ਮੁਕਰਰ ਗੁਲਾਮ ਹੁਸੈਨ ਕਾਜ਼ਮੀ ਤੇ ਕੇ.ਏ. ਸਲਹਿਰੀਆ ਸਨ। ਸੂਫ਼ੀ ਅਬਦੁਲ ਰਸ਼ੀਦ ਹਾਲਾਤੇ ਹਾਜ਼ਰਾ ਤੇ ਤਬਸਰਾ ਕਰਦੇ ਸਨ। ਡਰਾਮੇ ਦੇ ਸਕ੍ਰਿਪਟ ਦੂਸਰੇ ਸਟੇਸ਼ਨਾਂ ਤੋਂ ਮੰਗਵਾਏ ਜਾਂਦੇ ਸਨ ਜਾਂ ਕਦੇ ਕਦੇ ਮੁਕਾਮੀ ਕਾਲਜ ਦਾ ਕੋਈ ਪ੍ਰੋਫ਼ੈਸਰ ਲਿਖ ਦੇਂਦਾ ਸੀ। ਇਹਨਾਂ ਹਾਲਾਤਾਂ ਵਿੱਚ ਬੜੀ ਮਿਹਨਤ ਕਰਨੀ ਪਈ। ਲਾਹੌਰੋਂ ਮੋਹਨੀ ਹਮੀਦ ਨੂੰ ਬੁਲਾਕੇ ਸੈਫ਼ ਉਲ ਮਲੂਕ ਬਾਰੇ ਸੱਤ ਫੀਚਰ ਰਿਕਾਰਡ ਕੀਤੇ ਸਨ। ਕਈ ਵਾਰੀ ਲਾਹੌਰੋਂ ਕਈ ਵਾਰੀ ਪਿੰਡੀ ਤੋਂ ਤੇ ਦੂਜਿਆਂ ਸਟੇਸ਼ਨਾਂ ਤੋਂ ਸਦਾਕਾਰ , ਨਵਾਕਾਰ ਤੇ ਦੂਜੇ ਲੋਕ ਬੁਲਾਕੇ ਪ੍ਰੋਗਰਾਮ ਰਿਕਾਰਡ ਕਰਨੇ ਪੈਂਦੇ ਸਨ।

? ਕੋਈ ਦੋਸਤ ਬਣਾਏ ਤੁਸੀਂ ਉਥੇ।

— ਉਥੇ ਮੇਰਾ ਸਹੀ ਮਾਅਨਿਆਂ ਵਿੱਚ ਸਿਰਫ਼ ਇੱਕ ਦੋਸਤ ਬਣਿਆ, ਜੀ.ਐਮ. ਮੀਰ। ਉਹਦੀ ਦਰਿਆ ਨੀਲਮ ਦੇ ਨਾਲ ਨਾਲ ਜਾਣ ਵਾਲੀ ਸੜਕ ਤੇ ਬਾਟਾ ਦੀ ਦੁਕਾਨ ਸੀ। ਉਹ ਉਥੇ ਬਾਟਾ ਦੀਆਂ ਜੁੱਤੀਆਂ ਦਾ ਡਿਪੂ ਹੋਲਡਰ ਸੀ। ਸ਼ਾਮ ਨੂੰ ਉਹ ਆਪਣੀ ਦੁਕਾਨ ਦੇ ਸਾਹਮਣੇ ਮੇਜ਼ਾਂ , ਕੁਰਸੀਆਂ ਤੇ ਬੈਂਚ ਡਾਹ ਦਿੰਦਾ ਸੀ। ਪਾਣੀ ਛਿੜਕਦਾ ਸੀ। ਲੋਕ ਉਥੇ ਆ ਜਾਂਦੇ ਸਨ। ਮੈਂ ਵੀ ਚਲਾ ਜਾਂਦਾ ਸਾਂ। ਮੈਂ ਉਦੋਂ ਨਵਾਂ ਨਵਾਂ ਮੁਜ਼ੱਫ਼ਰਾਬਾਦ ਗਿਆ ਸਾਂ ਤੇ ਕਸ਼ਮੀਰ ਬਾਰੇ ਮਾਲੂਮਾਤ ਕੱਠੀਆਂ ਕਰ ਰਿਹਾਂ ਸਾਂ।ਮੁਖ਼ਤਲਿਫ਼ ਲਾਇਬਰੇਰੀਆਂ

'ਚੋਂ ਕਿਤਾਬਾਂ ਤਲਾਸ਼ ਕਰਕੇ ਪੜ੍ਹਦਾ ਸਾਂ। ਇੱਕ ਵਾਰੀ ਰਾਵਲਪਿੰਡੀ ਆਕੇ ਰਿਆਸਤ ਕਸ਼ਮੀਰ ਦੇ ਜਾਇੰਟ ਸੈਕਟਰੀ ਅਮਾਨ ਉੱਲਾ ਨਿਆਜ਼ੀ ਕੋਲੋਂ ਮਸ਼ਹੂਰ ਅੰਗਰੇਜ਼ੀ ਕਿਤਾਬ 'ਕਸ਼ੀਰ' ਮਤਬੂਆ ਫਿਰੋਜ਼ ਸਨਜ਼ ਲਾਹੌਰ, ਮੰਗ ਕੇ ਪੜ੍ਹੀ। ਇਹਦੇ ਲਿਖਣ ਵਾਲੇ ਡਾ. ਜੀ.ਐਮ.ਡੀ. ਸੂਫ਼ੀ (ਗੁਲਾਮ ਮੁਈਅਨੁਲ ਦੀਨ ਸੂਫ਼ੀ) ਸਨ। ਇਹ ਕਿਤਾਬ ਦੋ ਜਿਲਦਾਂ ਵਿੱਚ ਏ ਤੇ ਅਸਲ ਵਿੱਚ ਡਾ. ਸੂਫ਼ੀ ਦਾ ਪੀਐਚ.ਡੀ ਦਾ ਮੁਕਾਲਾ ਏ । ਇਹ ਕਿਤਾਬ 1948 ਵਿੱਚ ਛਪੀ ਤੇ ਅੱਗੇ ਪਿੱਛੇ ਛਪਣ ਵਾਲੀਆਂ ਕਿਤਾਬਾਂ ਵਿੱਚ ਕਸ਼ਮੀਰ ਉੱਤੇ ਸਭ ਤੋਂ ਚੰਗੀ ਕਿਤਾਬ ਏ।

ਉਥੇ ਜਿੰਨੇ ਲੋਕ ਆਉਂਦੇ ਸਨ ਉਹ ਮੈਨੂੰ ਕਸ਼ਮੀਰ ਬਾਰੇ ਸਵਾਲ ਕਰਦੇ ਸਨ। ਮੁਸੱਲਣ ਉਹ ਪੁੱਛਦੇ ਸਨ ਕਿ ਕਸ਼ਮੀਰੀਆਂ ਦਾ ਪੁਰਾਣਾ ਮਜ਼ਹਬ ਕੀ ਸੀ ? ਕਸ਼ਮੀਰ ਦਾ ਪਹਿਲਾ ਮੁਸਲਮਾਨ ਬਾਦਸ਼ਾਹ ਕੌਣ ਸੀ। ਚੱਕ ਕੌਣ ਹੁੰਦੇ ਹਨ । ਸ਼ੇਖ ਅਬਦੁੱਲਾ, ਨਹਿਰੂ ਦਾ ਦੋਸਤ ਕਿਵੇਂ ਬਣਿਆ ਤੇ ਡਾਕਟਰ ਇਕਬਾਲ ਨੇ ਕਸ਼ਮੀਰ ਬਾਰੇ ਕਿੰਨੀਆਂ ਨਜ਼ਮਾਂ ਲਿਖੀਆਂ ? ਵਗੈਰਾ ।ਮੈਂ ਇਹਨਾਂ ਸਵਾਲਾਂ ਦੇ ਜਵਾਬ ਦੇਂਦਾ ਸਾਂ ।ਜੇ ਕਿਸੇ ਸਵਾਲ ਦਾ ਜਵਾਬ ਨਾ ਆਉਂਦਾ ਤੇ ਮੁਆਜ਼ਰਤ ਕਰ ਲੈਣੀ ਤੇ ਅਗਲੇ ਦਿਨ ਓਸ ਦਾ ਜਵਾਬ ਲੱਭ ਟੁਰ ਪੈਣਾ । ਇਹਦਾ ਨਤੀਜਾ ਇਹ ਹੋਇਆ ਕਿ ਮੈਂ ਇੱਕ ਸਾਲ ਦੇ ਅੰਦਰ ਅੰਦਰ ਇੱਕ ਮਸੌਦਾ ਤਿਆਰ ਕੀਤਾ ਤੇ ਹਕੂਮਤ ਪਾਕਿਸਤਾਨ ਨੂੰ ਕਿਹਾ ਕਿ ਅਗਰ ਉਹ ਕਸ਼ਮੀਰ ਤੇ ਕੋਈ ਕਿਤਾਬ ਛਾਪਣਾ ਚਾਹੁੰਦੀ ਹੋਵੇ ਤੇ ਮੇਰੇ ਪਾਸ ਮਸੌਦਾ ਮੌਜੂਦ ਏ। ਉਸ ਜ਼ਮਾਨੇ ਵਿੱਚ ਵਜ਼ਾਰਤ ਇਤਲਾਆਤ ਵਾ ਨਸ਼ਰੀਆਤ ਦੇ ਸੈਕਟਰੀ ਕੁਦਰਤ ਅੱਲਾ ਸ਼ਹਾਬ ਸਨ ਜਿਹੜੇ ਖ਼ੁਦ ਕਸ਼ਮੀਰੀ ਸਨ। ਉਹਨਾਂ ਮਸੌਦਾ ਮੰਗਵਾਇਆ, ਪੜ੍ਹਿਆ ਤੇ ਦੀਬਾਚਾ ਲਿਖਿਆ ਤੇ ਕਿਤਾਬ ਅਦਾਰਾ ਮਤੂਬਾਤ ਪਾਕਿਸਤਾਨ ਵੱਲੋਂ ਛਾਪ ਦਿੱਤੀ । ਏਸ ਅਦਾਰੇ ਨੂੰ ਹੁਣ ਅਦਾਰਾ ਮਤਬੂਆਤ ਵਾ ਫ਼ਿਲਮਜ਼ ਆਖਿਆ ਜਾਂਦਾ ਏ। ਇਹ ਉਹ ਅਦਾਰਾ ਏ ਜਿਹੜਾ ਉਦੋਂ ਤੋਂ ਲੈਕੇ ਮਾਹੇ ਨੂੰ ਛਾਪ ਰਿਹਾ ਏ । ਮੇਰੀ ਏਸ ਕਿਤਾਬ ਦਾ ਨਾਂ ਸੀ 'ਕਸ਼ਮੀਰ ਅਦਬ ਵਾ ਸ਼ਕਾਫ਼ਤ' । ਮੇਰੇ ਨਾਲ ਕਿਤਾਬ ਦੀ ਇਸ਼ਾਇਤ ਬਾਰੇ ਖ਼ਤ ਕਿਤਾਬਤ ਪ੍ਰੋਫ਼ੈਸਰ ਰਫ਼ੀਕ ਖ਼ਾਵਰ ਨੇ ਕੀਤੀ ਜਿਹੜੇ ਉਦੋਂ ਏਸ ਅਦਾਰੇ ਦੇ ਡਾਇਰੈਕਟਰ ਸਨ ਤੇ ਬੜੇ ਲਾਇਕ ਅਫ਼ਸਰ ਸਨ। ਬਾਅਦੋਂ ਮੇਰੇ ਦੋਸਤ ਜੀ.ਐਮ. ਮੀਰ ਮੁਜ਼ੱਫ਼ਰਾਬਾਦ ਛੱਡ ਕੇ ਮੀਰ ਪੁਰ ਆ ਗਏ ਤੇ ਕਸ਼ਮੀਰੀ ਲੀਡਰ ਅਮਾਨ ਉੱਲਾ ਖ਼ਾਨ ਨਾਲ ਮਿਲਕੇ ਆਜ਼ਾਦ ਕਸ਼ਮੀਰ ਦੀ ਤਹਿਰੀਕ ਵਿੱਚ ਜੁਟ ਗਏ। ਮੀਰ ਸਾਹਬ ਕਈ ਕਿਤਾਬਾਂ ਦੇ ਮੁਸੱਨਿਫ਼ ਨੇ। ਉਨ੍ਹਾਂ ਦੀਆਂ ਜੰਮੂ ਵਾ ਕਸ਼ਮੀਰ ਤੇ ਜੁਗਰਾਫ਼ੀਆਈ ਮਾਲੂਮਾਤ ਉੱਤੇ ਨਿਹਾਇਤ ਅਹਿਮ ਕਿਤਾਬ ਬਹੁਤ ਮਕਬੂਲ ਹੋਈ। ਉਹਦਾ ਨਾਂਅ ਈ ਜੰਮੂ ਵਾ ਕਸ਼ਮੀਰ ਕਾ ਜੁਗਰਾਫ਼ੀਆ ਏ।

? ਸਕਰਦੂ ਵਿੱਚ ਕੋਈ ਦੋਸਤ ਬਣੇ ਤੁਹਾਡੇ।

— ਸਕਰਦੂ ਵਿੱਚ ਕਰਨ ਇਰਸ਼ਾਦ ਮੇਰੇ ਦੋਸਤ ਸਨ। ਇਹ ਮੁਕਾਮੀ ਹਸਪਤਾਲ ਦੇ ਇੰਚਾਰਜ ਡਾਇਰੈਕਟਰ ਸਨ। ਬਹੁਤ ਹੀ ਨੇਕ ਤੇ ਹੱਸਮੁਖ ਇਨਸਾਨ ਸਨ । ਬੜੇ ਹਮਦਰਦ! ਜਦੋਂ ਮੈਂ ਰਿਕਾਰਡਿੰਗ ਲਈ ਪਿੰਡਾਂ ਵਿੱਚ ਜਾਂਦਾ ਇਹ ਮੈਨੂੰ ਦਵਾਵਾਂ ਬੰਨ੍ਹ ਕੇ ਦੇ ਦੇਂਦੇ ਤੇ ਆਖਦੇ ਕਿ ਇਹ ਓਥੇ ਜ਼ਰੂਰਮੰਦ ਲੋਕਾਂ ਨੂੰ ਦੇ ਦੇਣਾ। ਮੁਹੰਮਦ



ਅਮੀਨ ਸਕਰਦੂ ਸ਼ਹਿਰ ਦੇ ਰਹਿਣ ਵਾਲੇ ਨੇ । ਉਹ ਕੋਹ—ਪੈਮਾਂਦਾਂ ਦੇ ਗਾਈਡ ਨੇ । ਠੇਕੇਦਾਰ ਅਹਿਮਦ ਅਕਬਰ ਖ਼ਾਨ ਵੀ ਮੇਰੇ ਦੋਸਤ ਸਨ। ਵਿਹਲਾ ਵੇਲਾ ਉਨ੍ਹਾਂ ਲੋਕਾਂ ਨਾਲ ਗੁਜ਼ਾਰਦਾ ਸਾਂ।

? ਕੋਇਟਾ ਦੂਜੀ ਵਾਰ ਗਏ ਤੇ ਬਹੁਤਾ ਚਿਰ ਉਥੇ ਰਹੇ । ਉਥੋਂ ਦੇ ਹਾਲਾਤ ਓ ਵਾਕਿਆਤ ਬਾਰੇ ਕੁੱਝ ਦੱਸੋ।

— ਮੈਂ ਉਥੇ ਦੂਜੀ ਵਾਰ ਅਸਿਸਟੈਂਟ ਰਿਜਨਲ ਡਾਇਰੈਕਟਰ ਦੀ ਹੈਸੀਅਤ ਵਿੱਚ ਰਾਵਲਪਿੰਡੀ ਤੋਂ ਤਬਦੀਲ ਹੋ ਕੇ ਗਿਆ ਤੇ ਤਿੰਨ ਸਾਲ ਰਿਹਾ । ਓਸ ਵੇਲੇ ਸੂਬੇ ਵਿੱਚ ਨੇਪ N.A.P. ਯਾਨੀ ਨੈਸ਼ਨਲ ਅਵਾਮੀ ਪਾਰਟੀ ਦੀ ਹਕੂਮਤ ਸੀ । ਏਸ ਦੌਰਾਨ ਹੀ ਉਥੇ ਰੋਜ਼ਨਾਮਾ 'ਮਸ਼ਰਕ' ਸ਼ੁਰੂ ਹੋਇਆ। ਜੀਹਦੇ ਵਿੱਚ ਮੈਂ ਤਿੰਨ ਸਾਲ ਮੁਰਾਦ ਬਲੋਚ ਦੇ ਨਾਲ ਨਾਲ 'ਬੋਲਾਨ ਨਾਮਾ' ਲਿਖਦਾ ਰਿਹਾ । ਏਸੇ ਦੌਰਾਨ ਕਰਾਚੀ ਦੀ ਹਫ਼ਤ ਰੋਜ਼ਾ Outlook ਵਾਸਤੇ ਵੀ ਆਰਟੀਕਲ ਲਿਖਦਾ ਰਿਹਾ ਜਿਹੜੇ ਬੁਨਿਆਦੀ ਤੌਰ ਤੇ ਸਿਆਸੀ ਸਨ। ਇਹਦੇ ਐਡੀਟਰ ਏ.ਐਚ. ਬਰਨੀ ਮੇਰੇ ਮਜ਼ਮੂਨ ਦਾ ਮੁਆਵਜ਼ਾ ਕਿਤਾਬਾਂ ਦੀ ਸ਼ਕਲ ਘੱਲਦੇ ਰਹੇ। ਮੇਰੇ ਉਥੇ ਕਿਆਮ ਦੇ ਦੌਰਾਨ ਸਰਦਾਰ ਅਤਾ ਉੱਲਾ ਮੈਂਗਲ ਬਲੋਚਿਸਤਾਨ ਦੇ ਵਜ਼ੀਰੇ ਆਲਾ ਸਨ ਤੇ ਮੀਰ ਗ਼ੌਸ ਬਖ਼ਸ਼ ਬਜ਼ੰਜੋ ਗਵਰਨਰ। ਸੂਬਾਈ ਵਜ਼ਾਰਤ ਵਿੱਚ ਮੀਰ ਗੁਲ ਖ਼ਾਨ ਨਸੀਰ ਤੇ ਅਬਦੁਲ ਰਹਿਮਾਨ ਵੀ ਸਨ। ਗੁਲ ਖ਼ਾਨ ਨਸੀਰ ਬਲੋਚੀ ਦਾ ਵੱਡਾ ਸ਼ਾਇਰ ਤੇ ਬਲੋਚਿਸਤਾਨ ਦਾ ਨਾਮਵਰ ਮੁਵੱਰਖ ਏ। ਬਦੁਲ ਰਹਿਮਾਨ ਮਿਕਰਾਨ ਦਾ ਰਹਿਣ ਵਾਲਾ ਏ ਤੇ ਮੈਨੂੰ ਮਿਕਰਾਨੀ ਖ਼ਜੂਰਾਂ ਤੋਹਫ਼ੇ ਵਿੱਚ ਘੱਲਦਾ ਹੁੰਦਾ ਸੀ। ਬਲੋਚਾਂ ਦੇ ਅਦਬੋ ਸਕਾਫ਼ਤ ਬਾਰੇ ਪਹਿਲੀ ਉਰਦੂ ਕਿਤਾਬ ਮੇਰੀ ਏ, ਜੀਹਦਾ ਨਾਂ 'ਬਲੋਚੀ ਅਦਬੋ ਸਕਾਫ਼ਤ ' ਏ ਤੇ ਇਹ ਮੇਰੇ ਏਸੇ ਕਿਆਮ ਦੇ ਦੌਰਾਨ ਉਰਦੂ ਅਕੈਡਮੀ ਬਹਾਵਲਪੁਰ ਨੇ 1962 ਵਿੱਚ ਛਪਾਈ ਸੀ। ਮੇਰੀ ਏਸ ਤਹਿਕੀਕ ਦੇ ਹਵਾਲੇ ਨਾਲ ਪੜ੍ਹੇ ਲਿਖੇ ਬਲੋਚ ਮੇਰੀ ਬੜੀ ਇੱਜ਼ਤ ਕਰਦੇ ਨੇ।

ਮੇਰੇ ਬਲੋਚਿਸਤਾਨ ਦੇ ਏਸ ਕਿਆਮ ਦੇ ਦੌਰਾਨ ਮੁਲਕ ਦੀ ਮਰਕਜ਼ੀ ਕਿਆਦਤ ਵਿੱਚ ਖਿਆਲ ਕੀਤਾ ਗਿਆ ਕਿ ਮੈਂਗਲ ਹਕੂਮਤ ਦਾ ਰੁਝਾਨ ਅਫ਼ਗਾਨਿਸਤਾਨ ਤੇ ਰੂਸ ਵੱਲ ਹੈ। ਏਹਦੇ ਵਿੱਚ ਅੰਗਰੇਜ਼ੀ ਅਖ਼ਬਾਰ ਰੋਜ਼ਨਾਮਾ 'ਪਾਕਿਸਤਾਨ ਟਾਈਮਜ਼' ਦਾ ਬਹੁਤ ਦਖ਼ਲ ਏ ਜੀਹਨੇ ਘੜੀ ਮੁੜੀ ਸ਼ੇਰ ਖ਼ਾਨ ਮਰੀ ਉਰਫ਼ ਸ਼ੇਰੂ ਮਰੀ ਨੂੰ ਆਪਣੇ ਕਾਲਮਾਂ ਵਿੱਚ ਜਨਰਲ ਸ਼ੇਰੋਫ ਲਿਖਿਆ। ਇੰਝ ਲਿਖਣ ਦਾ ਮਕਸਦ ਇਹ ਜ਼ਾਹਿਰ ਕਰਨਾ ਸੀ ਕਿ ਬਲੋਚਾਂ ਦਾ ਰਾਬਤਾ ਰੂਸ ਨਾਲ ਏ। ਇਹ ਕੰਮ ਇਸਲਾਮਾਬਾਦ ਦਾ ਇੱਕ ਸੱਈਅਦ ਸਿਹਾਫੀ ਕਰਦਾ ਸੀ ਜੀਹਨੂੰ ਲੋਕ ਉਹਦੇ ਚਿਹਰੇ ਦੀ ਰੰਗਤ ਪਾਰੋਂ ਸੱਈਅਦ ਕਾਲਾ ਸ਼ਾਹ ਕਹਿੰਦੇ ਸਨ। ਉਹਨੂੰ ਮੈਂ ਏਸ ਕੰਮੋਂ ਬਾਜ਼ ਆਉਣ ਲਈ ਆਖਦਾ ਤੇ ਉਹ ਜਵਾਬ ਦੇਂਦਾ ਗਿੱਮੀ ਸਾਹਬ ਚੁੱਪ ਕਰ ਰਹੋ ਨਹੀਂ ਤੇ ਮੈਂ ਕਿਸੇ ਏਜੰਸੀ ਨੂੰ ਆਖ ਕੇ ਤੁਹਾਨੂੰ ਵੀ ਅੰਦਰ ਕਰਵਾ ਦਿਆਂਗਾ। ਨਵਾਬ ਖ਼ੈਰ ਬਖ਼ਸ਼ ਮਰੀ ਜਿਹੜਾ ਉਹਨਾਂ ਬਲੋਚਾਂ ਦਾ ਉਦੋਂ ਸਭ ਤੋਂ ਵੱਡਾ ਸਰਦਾਰ ਸੀ, ਉਦੋਂ ਵੀ ਪਾਕਿਸਤਾਨ ਦਾ ਸੱਚਾ ਖ਼ੈਰ ਖ਼ਵਾਹ ਸੀ ਤੇ ਹੁਣ ਵੀ ਏ।

ਮੇਰੇ ਉਥੇ ਹੁੰਦਿਆਂ ਈ ਮਰਕਜ਼ੀ ਹਕੂਮਤ ਦੇ ਦਬਾਅ ਨਾਲ ਅਤਾ ਉੱਲਾ ਮੈਂਗਲ ਦੀ ਹਕੂਮਤ ਟੁੱਟ ਗਈ ਤੇ ਬਲੋਚਾਂ ਦੇ ਹਾਲਾਤ ਬਹੁਤ ਖ਼ਰਾਬ ਹੋ ਗਏ। ਉਦੋਂ ਵੀ

ਬਲੋਚਾਂ ਦੀ ਜ਼ਿਆਦਤੀ ਨਹੀਂ ਸੀ ।ਬਲੋਚ ਕਦੇ ਵੀ ਪਾਕਿਸਤਾਨ ਦੇ ਖਿਲਾਫ਼ ਨਹੀਂ ਰਹੇ, ਸਗੋਂ ਇਹ ਚਾਰ ਮੁਲਕਾਂ ਪਾਕਿਸਤਾਨ, ਅਫ਼ਗਾਨਿਸਤਾਨ , ਈਰਾਨ ਤੇ ਇਰਾਕ ਵਿੱਚ ਵੰਡੇ ਹੋਏ ਹੋਣ ਦੇ ਬਾਵਜੂਦ ਜਿੱਥੇ ਹੈ ਨੇ ਓਸ ਮੁਲਕ ਦੇ ਖ਼ੈਰ ਖ਼ਵਾਹ ਤੇ ਆਪਣੀ ਧਰਤੀ ਨਾਲ ਪਿਆਰ ਕਰਨ ਵਾਲੇ ਲੋਕ ਨੇ। ਮੈਨੂੰ ਬਲੋਚਿਸਤਾਨ ਰਹਿ ਕੇ ਬੜਾ ਲੁਤਫ਼ ਆਇਆ ।ਮੈਂ ਉਥੇ ਆਪਣੇ ਬੱਚਿਆਂ ਨੂੰ ਵੀ ਲੈ ਗਿਆ ਤੇ ਨਿੱਠ ਕੇ ਵੇਲਾ ਗੁਜ਼ਾਰਿਆ ।

? ਹੁਣ ਤੁਹਾਡੀਆਂ ਲਿਖਤਾਂ ਵੱਲ ਆਉਂਦੇ ਆਂ। ਤੁਸੀਂ ਅਦਬ ਵਿੱਚ ਕਈ ਮੌਜ਼ੂਆਤ ਅਖ਼ਤਿਆਰ ਕੀਤੇ, ਸਿਆਸਤ, ਸਕਾਫ਼ਤ ਤੇ ਖ਼ਾਲਸ ਅਦਬ। ਸਾਰਿਆਂ ਤੇ ਕਲਮ ਰਵਾਂ ਰੱਖਣ ਲਈ ਵੱਡਾ ਦਿਮਾਗ ਤੇ ਖੁੱਲ੍ਹੀ ਅੱਖ ਦੀ ਲੋੜ ਸੀ। ਤੁਹਾਡੀਆਂ ਸਰਕਾਰੀ ਜ਼ਿਮੇਵਾਰੀਆਂ ਵੀ ਸਨ ਤੇ ਉਹ ਵੀ ਇੰਤਜ਼ਾਮੀ ਕਿਸਮ ਦੀਆਂ ।ਇਹ ਸਾਰਾ ਕੁੱਝ ਕਿਵੇਂ ਨਿਭਾਇਆ ਤੁਸਾਂ।

— ਰੇਡੀਓ ਪਾਕਿਸਤਾਨ ਦਾ ਮੁਲਾਜ਼ਮ ਹੋਣ ਕਾਰਨ ਮੇਰੀ ਸਿਆਸੀ ਸੋਚ ਅਹਿਮੀਅਤ ਨਹੀਂ ਰੱਖਦੀ। ਮੇਰੀ ਸਿਆਸੀ ਸੋਚ ਉਹ ਹੀ ਸੀ ਜਿਹੜੀ ਹਕੂਮਤੇ ਵਕਤ ਦੀ ਸੀ। ਰੇਡੀਓ ਵੱਲੋਂ ਜੋ ਹੁਕਮ ਮਿਲਦਾ ਸੀ ਉਹ ਨੁੱਚੜ ਕੇ ਸਾਡੇ ਤੱਕ ਆਉਂਦਾ ਸੀ ਤੇ ਅਸੀਂ ਉਹਦੇ ਉੱਤੇ ਅਮਲ ਕਰਦੇ ਸਾਂ। ਰਿਹਾ ਜ਼ਾਤੀ ਸਿਆਸੀ ਨਜ਼ਰੀਆ ਜਾਂ ਫ਼ਿਕਰੀ ਵਾਬਸਤਗੀ ਤੇ ਮੈਂ ਈਮਾਨਦਾਰੀ ਨਾਲ ਇਹ ਸਮਝਨਾ ਕਿ ਸਿਆਸਤ ਦਾ ਮਕਸਦ ਸਿਵਾਏ ਖ਼ਿਦਮਤ ਦੇ ਹੋਰ ਕੋਈ ਹੋਣਾ ਹੀ ਨਹੀਂ ਚਾਹੀਦਾ ।ਏਸ ਕਰਕੇ ਮੈਂ ਸਰ ਸੱਈਅਦ ਅਹਿਮਦ ਖ਼ਾਨ, ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ , ਅਬਦੁਲ ਸਿਤਾਰ ਈਦੀ, ਇਮਰਾਨ ਖ਼ਾਨ ਤੇ ਅਦਾਰਾ ਖ਼ਿਦਮਤੇ ਖ਼ਲਕ ਦੇ ਓਸ ਨਾਇਬ ਕਾਸਦ ਨੂੰ ਅਫ਼ਲਾਤੂਨ ਤੇ ਅਰਸਤੂ ਨਾਲੋਂ ਵੀ ਵੱਡਾ ਸਿਆਸਤਦਾਨ ਸਮਝਨਾ। ਗ਼ਰੀਬ ਗ਼ੁਰਬਾ ਦੀ ਖ਼ਿਦਮਤ ਕਰਦਾ ਏ ਤੇ ਜੋ ਖ਼ਿਦਮਤ ਨਹੀਂ ਕਰਦਾ ਤੇ ਉਹਦੇ ਬਾਰੇ ਸੋਚਦਾ ਜ਼ਰੂਰ ਏ। ਪਾਕਿਸਤਾਨ ਵਿੱਚ ਕਾਇਦੇ ਆਜ਼ਮ ਤੇ ਲਿਆਕਤ ਅਲੀ ਖ਼ਾਨ ਦੇ ਬਾਅਦ ਕਿਸੇ ਨੇ ਸੱਚੀ ਸਿਆਸਤ ਨਹੀਂ ਕੀਤੀ। ਸਾਰੇ ਦਾਅ ਈ ਮਾਰਦੇ ਰਹੇ ਨੇ।

ਪਾਕਿਸਤਾਨ ਇੱਕ ਜ਼ਰਈ ਮੁਲਕ ਏ ਏਸ ਵਾਸਤੇ ਜ਼ਮੀਨ ਦੇ ਮਾਲਕ ਵਾਹੀਵਾਨ ਹੋਣੇ ਚਾਹੀਦੇ ਨੇ। ਜ਼ਰਾਇਤ ਵਿੱਚ ਜਿਹੜਾ ਵਾਹਵੇ ਉਹੋ ਖਾਵੇ ਦਾ ਅਸੂਲ ਹੋਣਾ ਚਾਹੀਦਾ ਏ। ਸਨਅਤਕਾਰੀ ਵਿੱਚ ਸਾਇੰਸਦਾਨ, ਇੰਜੀਨੀਅਰ ਤੇ ਮਜ਼ਦੂਰ ਅੱਗੇ ਆਉਣ। ਸਰਮਾਇਆਦਾਰ ਆਪਣੇ ਸਰਮਾਏ ਦੀ ਪਤੀ ਵਸੂਲ ਕਰਦਾ ਰਵ੍ਹੇ। ਹੁਣ ਸਾਡੇ ਮੁਲਕ ਵਿੱਚ ਡਰਾਈਵਰ ਬਹੁਤੇ ਤੇ ਮਕੈਨਿਕ ਘੱਟ ਨੇ ।ਹਰ ਕੋਈ ਹੁਕਮਰਾਨ ਬਣਨਾ ਚਾਹੁੰਦਾ ਏ, ਵਿਗਾੜ ਦਰੁਸਤ ਕੋਈ ਨਹੀਂ ਕਰਦਾ। ਇਸਲਾਮ ਨੂੰ ਦੰਝ ਤੇ ਚੜ੍ਹਾਇਆ ਹੋਇਆ ਏ ਤੇ ਉਹਦੇ ਮਗਰ ਕੋਈ ਨਹੀਂ ਟੁਰਦਾ। ਮੌਲਵੀ ਮਸੀਤਾਂ ਦਾ ਕੰਮ ਕੋਈ ਨਹੀਂ ਕਰਦਾ। ਲੋਕ ਮਸਜਿਦ ਵਿੱਚ ਰਹਿਮਤ, ਬਰਕਤ ਤੇ ਸਲਾਮਤੀ ਲੱਭਣ ਜਾਂਦੇ ਨੇ ਤੇ ਅੱਗੇ ਉਨ੍ਹਾਂ ਦਾ ਸਵਾਗਤ ਕਲਾਸ਼ੀਨੋਵ ਤੇ ਬੰਬ ਕਰਨ ਲੱਗ ਪਏ ਨੇ। ਮੌਲਵੀਆਂ ਤੇ ਜ਼ਾਕਿਰਾਂ ਨੂੰ ਆਪਣੇ ਗਿਰੇਬਾਨ ਵਿੱਚ ਮੂੰਹ ਪਾਕੇ ਸੋਚਣਾ ਚਾਹੀਦਾ ਏ ਕਿ ਇਹ ਸਭ ਕੁੱਝ ਕਿਉਂ ਹੋ ਰਿਹਾ ਏ ਸਾਡਾ ਸਿਆਸਤਦਾਨ ਇਸਲਾਮ ਫਰੋਸ਼ ਤੇ ਜ਼ਰ—ਪ੍ਰਸਤ ਤੇ ਨਹੀਂ ਹੋ ਗਿਆ । ਮੈਂ ਸਾਰੀ ਹਯਾਤੀ ਜਦੋਂ ਵੀ ਲਿਖਿਆ ਏਸੇ ਪੱਖੋਂ ਦਿਲ ਦਾ ਦਰਦ ਬਿਆਨ ਕੀਤਾ ਏ। ਤੁਹਾਡੇ



ਸਵਾਲ ਦਾ ਦੂਜਾ ਹਿੱਸਾ ਸੀ ਸਕਾਫ਼ਤ ਬਾਰੇ..... ਤੇ ਉਹਦੇ ਜਵਾਬ ਵਿੱਚ ਅਰਜ਼ ਏ ਕਿ ਦੁਨੀਆ ਵਿੱਚ ਅਸਲ ਸ਼ਕਾਫ਼ਤ ਈ ਲੋਕ ਸ਼ਕਾਫ਼ਤ ਏ ਪਰ ਪਾਕਿਸਤਾਨ ਵਿੱਚ ਅਸੀਂ ਬੜੀ ਕਾਮਯਾਬੀ ਨਾਲ ਸ਼ਕਾਫ਼ਤ ਨੂੰ ਮਲੀਆਮੇਟ ਕਰ ਰਹੇ ਆਂ। ਅਸੀਂ ਹਾਂ ਸ਼ਕਾਫ਼ਤ ਤੇ ਹੈ ਪਰ ਲੋਕਾਂ ਦੇ ਬਗ਼ੈਰ ਏ। ਪੰਜਾਬੀ ਦੇ ਅਦੀਬ ਲਿਖਦੇ ਪੰਜਾਬੀ ਵਿੱਚ ਨੇ ਤੇ ਘਰ, ਬੱਚਿਆਂ ਨੂੰ ਕਹਿੰਦੇ ਨੇ ਉਰਦੂ ਬੋਲੋ। ਉਰਦੂ ਅਦੀਬ ਲਿਖਦੇ ਉਰਦੂ ਵਿੱਚ ਨੇ ਤੇ ਘਰ ਬੱਚਿਆਂ ਨੂੰ ਅੰਗਰੇਜ਼ੀ ਵਿੱਚ ਮੱਮਾ ਪਾਪਾ ਕਹਿਣ ਤੇ ਮਜ਼ਬੂਰ ਕਰਦੇ ਨੇ। ਸਾਡੇ ਕੁੱਝ ਸ਼ਹਿਰਾਂ ਵਿੱਚ ਅਮਰੀਕੀ ਮੁਆਸ਼ੀਆਤ ਦਾ ਹੀ ਨਹੀਂ ਅਮਰੀਕੀ ਸ਼ਕਾਫ਼ਤ ਦਾ ਵੀ ਗ਼ਲਬਾ ਏ । ਗੁਲਬਰਗ ਤੇ ਡਿਫੈਂਸ ਵਰਗੇ ਮੁਹੱਲਿਆਂ ਵਿੱਚ ਕੁੜੀਆਂ ਨਿੱਕਰਾਂ ਤੇ ਜਾਂਘੀਏ ਪਾ ਕੇ ਫਿਰਦੀਆਂ ਨੇ। ਮੀਢੀਆਂ ਤੇ ਗੁੱਤਾਂ ਰੱਖੀਆਂ ਹੋਈਆਂ ਨੇ ਤੇ ਕਲਿੱਪ ਤੇ ਪੋਨੀਆਂ ਵਰਤਦੇ ਨੇ । ਮਸ਼ਹੂਰ ਕਲਾਕਾਰ ਆਲਮ ਲੋਹਾਰ ਮੈਨੂੰ ਚੰਗਾ ਲੱਗਦਾ ਸੀ ਕਿ ਉਹ ਆਪਣੇ ਆਪ ਨੂੰ ਲੋਹਾਰ ਆਖਦਾ ਸੀ ਬਲੈਕਸਮਿਥ ਨਹੀਂ ਸੀ ਆਖਦਾ। ਉਹਦਾ ਪੁੱਤਰ ਆਰਿਫ਼ ਮੈਨੂੰ ਏਸ ਵਾਸਤੇ ਚੰਗਾ ਨਹੀਂ ਲੱਗਦਾ ਕਿ ਉਹ ਗਾਉਂਦਾ ਤੇ ਨੱਚਦਾ ਟੱਪਦਾ ਚੰਗਾ ਏ। ਏਸ ਵਾਸਤੇ ਚੰਗਾ ਲੱਗਦਾ ਏ ਕਿ ਉਹ ਆਪਣੇ ਆਪ ਨੂੰ ਆਪਣੇ ਪਿਓ ਦਾ ਪੁੱਤਰ ਸਮਝਦਾ ਏ ਤੇ ਲਾਚੇ ਤੇ ਚਿੱਮਟੇ ਰਾਹੀਂ ਪੰਜਾਬੀ ਲੱਗਦਾ ਏ...ਹਾਂ ਇੱਕ ਗੱਲ ਜ਼ਰੂਰ ਏ ਲੋਕ ਸ਼ਕਾਫ਼ਤ ਨੂੰ ਬਣਾਇਆ ਸੰਵਾਰਿਆ ਜਾਵੇ।

ਪਾਕਿਸਤਾਨ ਦੀਆਂ ਇਲਾਕਾਈ ਸ਼ਕਾਫ਼ਤਾਂ...ਪੰਜਾਬੀ, ਕਸ਼ਮੀਰੀ, ਪਹਾੜੀ ਤੇ ਬਲੋਚੀ ਜਿਨ੍ਹਾਂ ਬਾਰੇ ਕੰਮ ਕੀਤਾ ਏ, ਖ਼ਜ਼ਾਨੇ ਦੀ ਹੈਸੀਅਤ ਰੱਖਦੀਆਂ ਨੇ । ਇਨ੍ਹਾਂ ਇਲਾਕਿਆਂ ਦੇ ਲੋਕ ਗੀਤ , ਰਕਸ, ਸੋਚ, ਕਹਾਣੀਆਂ, ਕਿੱਸੇ , ਕਹਾਵਤਾਂ ਤੇ ਦਾਸਤਾਨਾਂ ਵੱਲ ਤਵੱਜੋ ਦੇਣ ਦੀ ਬਹੁਤ ਲੋੜ ਏ। ਇਨ੍ਹਾਂ ਸ਼ਕਾਫ਼ਤਾਂ ਦੀ ਤਰੱਕੀ ਆਮ ਲੋਕਾਂ ਦੀ ਤਰੱਕੀ ਏ। ਬਜਾਏ ਇਸ ਦੇ ਕਿ ਅਮਰੀਕਾ ਤੇ ਯੂਰਪ ਵੱਲ ਧਿਆਨ ਮਾਰੀਏ, ਸਾਨੂੰ ਆਪਣੇ ਅਦਬ ਤੇ ਰਹਿਤਲ ਦੇ ਬਣਾਉਣ ਤੇ ਸਵਾਰਨ ਵਾਸਤੇ ਲੋਕ ਸ਼ਕਾਫ਼ਤ ਤੋਂ ਫ਼ਾਇਦਾ ਚੁੱਕਣਾ ਚਾਹੀਦਾ ਏ। ਮੈਂ ਏਸ ਨੂੰ ਸਾਹਮਣੇ ਰੱਖਕੇ ਜਿੱਥੋਂ ਤੱਕ ਮੈਥੋਂ ਹੋ ਸਕਿਆ ਇਹਨਾਂ ਸ਼ਕਾਫ਼ਤਾਂ ਨੂੰ ਸਾਂਭਣ ਤੇ ਕਾਗਜ਼ ਤੇ ਉਤਾਰਨ ਦੀ ਕੋਸ਼ਿਸ਼ ਕੀਤੀ ਏ।

? ਖ਼ਾਲਸ ਅਦਬ ਵਿੱਚ ਤੁਸੀਂ ਨਾਵਲ ਲਿਖੇ ਉਰਦੂ ਤੇ ਪੰਜਾਬੀ ਵਿੱਚ। ਅਫ਼ਸਾਨਾ ਲਿਖਿਆ, ਇਨ੍ਹਾਂ ਦੋਵਾਂ ਜ਼ੁਬਾਨਾਂ ਵਿੱਚ । ਤਾਰੀਖ ਤੇ ਵੀ ਕੰਮ ਕੀਤਾ ਤੇ ਹੋਰ ਵੀ ਕਈ ਪਰਤਾਂ ਨੇ ਤੁਹਾਡੀ ਲਿਖਤ ਦੀਆਂ । ਇਹ ਸਾਰੀਆਂ ਸਿਨਫ਼ਾਂ ਅਸਲ ਵਿੱਚ ਬਿਆਨੀਆ ਸਿਫ਼ਤਾਂ ਨੇ , ਤਾਰੀਖ਼ ਵੀ ਤੇ ਕਿੱਸਾ ਗੋਈ ਈ ਏ। ਤੁਸੀਂ ਕਹਾਣੀਆਂ ਨੂੰ ਕਿਉਂ ਮੁੰਤਖ਼ਿਬ ਕੀਤਾ ਆਪਣੇ ਇਜ਼ਹਾਰ ਤੇ ਇਬਲਾਗ਼ ਲਈ।

— ਤੇ ਕੀ ਲਿਖਦਾ ਹੋਰ ? ਪੰਜਾਬੀ ਮੇਰੀ ਮਾਂ ਬੋਲੀ ਏ ਤੇ ਇਹਦੇ ਵਿੱਚ ਸ਼ਾਇਰੀ ਤੇ ਗੁੰਜਾਇਸ਼ ਕੋਈ ਨਹੀਂ। ਫ਼ਰੀਦ, ਹੁਸੈਨ , ਬਾਹੂ , ਵਾਰਸ, ਬੁੱਲੇ ਸ਼ਾਹ ਤੇ ਖ਼ਵਾਜਾ ਫ਼ਰੀਦ ਦੇ ਸਾਹਮਣੇ ਮੈਂ ਕੀ ਸ਼ਾਇਰੀ ਕਰਦਾ ? ਅੱਜ ਹਿੰਦੁਸਤਾਨ ਵਿੱਚ ਸਭ ਤੋਂ ਵੱਡਾ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਏ ਤੇ ਪਾਕਿਸਤਾਨ ਵਿੱਚ ਮੁਨੀਰ ਨਿਆਜ਼ੀ । ਏਹਨਾਂ ਦੋਨਾਂ ਨੂੰ ਆਪਣੇ ਕਲਾਸਕੀ ਸ਼ਾਇਰਾਂ ਦੇ ਸਾਹਮਣੇ ਰੱਖ ਕੇ ਦੇਖੋ ਅੱਜ ਪੰਜਾਬ ਦੇ ਸ਼ਾਇਰ ਪੰਜਾਬੀ ਨਾਲ ਧੱਕਾ ਈ ਕਰਦੇ ਨੇ ਪਏ। ਪੰਜਾਬੀ ਵਿੱਚ ਤਨਕੀਦ ਤੇ ਪੜਚੋਲ ਮਗਰਬੀ ਅਦਬ

ਵਿੱਚੋਂ ਆਈ ਏ। ਸਮਝੋ ਕਿ ਇਹ ਵੀ ਮਾਂਗਵੀ ਧਾੜ ਈ ਏ। ਨਜ਼ਮ ਹੁਸੈਨ ਸੱਈਦ ਦੇ ਇਲਾਵਾ ਪੰਜਾਬੀ ਵਿੱਚ ਕੋਈ ਖ਼ਾਸ ਤਨਕੀਦ ਨਹੀਂ ਹੋਈ ਤੇ ਉਹਨੂੰ ਮੈਂ ਏਸ ਵਾਸਤੇ ਵੱਡਾ ਨਕਾਦ ਸਮਝਨਾ ਕਿ ਉਹਦੀ ਕਿਸੇ ਨੂੰ ਸਮਝ ਈ ਨਹੀਂ ਆਉਂਦੀ ਕਿ ਉਹ ਕੀ ਆਖਦਾ ਏ ? ਪਿੱਛੇ ਰਹਿ ਗਿਆ ਕਹਾਣੀਆਂ ਅਫ਼ਸਾਨਾ ਤੇ ਇਹ ਵੀ ਉੱਧਰੋਂ ਈ ਆਏ ਨੇ। ਭਾਵੇਂ ਸਾਡੇ ਕੋਲ ਦਾਸਤਾਨ ਜਾਂ ਸੁਣਾਉਣ ਵਾਲੀਆਂ ਬਾਤਾਂ ਦਾ ਰਿਵਾਜ ਏ ਪਰ ਨਵੀਂ ਕਹਾਣੀ ਜਿਸ ਨੂੰ ਅਸੀਂ ਲਿਖਤੀ ਕਹਾਣੀ ਵੀ ਆਖਨੇ ਆਂ ਲਹਿੰਦੇ ਵਿੱਚੋਂ ਈ ਆਈ ਏ। ਮੈਂ ਏਸ ਪਾਸੇ ਏਸ ਵਾਸਤੇ ਤਵੱਜੋ ਦਿੱਤੀ ਕਿ ਕਹਾਣੀ ਵਿੱਚ ਕਿਰਦਾਰਾਂ ਰਾਹੀਂ ਲੋਕਾਈ ਦੇ ਜ਼ਿਹਨੀ , ਜਜ਼ਬਾਤੀ ਤੇ ਮੁਆਸ਼ਰਕੀ ਹਾਲਾਤ ਸਾਹਮਣੇ ਲਿਆਂਦੇ ਜਾ ਸਕਦੇ ਨੇ। ਫ਼ਰਕ ਸਿਰਫ਼ ਏਨਾ ਏ ਕਿ ਅਫ਼ਸਾਨਾ ਜਾਂ ਸ਼ੋਰਟ ਸਟੋਰੀ ਵੀ ਲਿਖੀ ਏ ਤੇ ਨਾਵਲ ਵੀ । ਬਸ ਜਿੱਥੇ ਬਹੁਤ ਲੰਮੀ ਤੇ ਤਫ਼ਸੀਲ ਦੀ ਲੋੜ ਸੀ ਉਥੇ ਨਾਵਲ ਵਰਤ ਲਿਆ ਤੇ ਜਿੱਥੇ ਮੁਖ਼ਤਸਰ ਗੱਲ ਕੀਤੀ ਜਾ ਸਕਦੀ ਸੀ ਉਥੇ ਸ਼ੋਰਟ ਸਟੋਰੀ ।

? ਇੱਕੋ ਵੇਲੇ ਉਰਦੂ ਤੇ ਪੰਜਾਬੀ ਦੋਵੇਂ ਜ਼ੁਬਾਨਾਂ ਕਿਉਂ ਅਖ਼ਤਿਆਰ ਕੀਤੀਆਂ ਤੁਸੀਂ ।

— ਮਸਲਾ ਸਿਰਫ਼ ਇਬਲਾਗ਼ ਦਾ ਏ। ਜਿੱਥੇ ਕਹਾਣੀ ਉਰਦੂ ਵਿੱਚ ਸਮਝੀ ਜਾਣੀ ਮੁਵੱਜ਼ਨ ਰਹੀ ਉਥੇ ਮੈਂ ਉਰਦੂ ਜ਼ੁਬਾਨ ਵਰਤੀ ਤੇ ਜਿੱਥੇ ਸਮਝਿਆ ਕਿ ਏਸ ਵਾਕਿਆ ਤੇ ਮੁਆਮਲੇ ਤੀਕ ਉਰਦੂ ਵਾਲੇ ਨਹੀਂ ਅੱਪੜ ਸਕਦੇ ਉਹਨੂੰ ਪੰਜਾਬੀ ਵਿੱਚ ਹੀ ਰੱਖਿਆ। ਕਦੀ ਇੰਝ ਵੀ ਹੁੰਦਾ ਏ ਕਿ ਮੈਂ ਪੰਜਾਬੀ ਮੁਆਮਲਾ ਉਰਦੂ ਵਾਲਿਆਂ ਤੱਕ ਅਪੜਾਉਣਾ ਚਾਹੁੰਨਾਂ ਤੇ ਓਸ ਵੇਲੇ ਉਰਦੂ ਵਿੱਚ ਲਿਖ ਦੇਨਾਂ ਅਕਸਰ ਲਿਖਤਾਂ ਦੋਨਾਂ ਜ਼ੁਬਾਨਾਂ ਵਿੱਚ ਈ ਨੇ।

? ਇਹੀਓ ਹਾਲ ਤੁਹਾਡੇ ਸਫ਼ਰਨਾਮੇ ਦਾ ਏ ਜਾਂ ਕੁੱਝ ਹੋਰ।

— ਹਾਂ ਇੱਕ ਉਰਦੂ ਵਿੱਚ ਏ ਸਫ਼ਰਨਾਮਾ ਲੰਦਨ ਦਾ 'ਗੋਰੀ ਧਰਤੀ ਕਾਲੇ ਲੋਗ'। ਇਹੀਓ ਪਹਿਲਾਂ 'ਦੇਸ ਪਰਦੇਸ ' ਦੇ ਨਾਂ ਨਾਲ ਪੰਜਾਬੀ ਵਿੱਚ ਛੱਪ ਚੁੱਕਾ ਸੀ। ਯਾਨੀ ਬੁਨਿਆਦੀ ਤੌਰ ਤੇ ਮੈਂ 'ਦੇਸ ਪਰਦੇਸ' ਈ ਲਿਖਿਆ ਸੀ । ਮਾਮੂਲੀ ਜਿਹੇ ਫ਼ਰਕ ਨਾਲ। ਬਾਅਦੋਂ ਇਹਦਾ ਤਰਜ਼ਮਾ ਕਰ ਕੇ ਉਰਦੂ ਵਿੱਚ ਸ਼ਾਇਆ ਕੀਤਾ ਗਿਆ।

? ਤੁਹਾਡੇ ਅਦਬੀ ਕੰਮ ਵਿੱਚ ਤਹਕੀਕ ਵੀ ਸ਼ਾਮਲ ਏ। ਤੁਹਾਡੀ ਇੱਕ ਕਿਤਾਬ 'ਪੰਜਾਬੀ ਜ਼ੁਬਾਨ ਦਾ ਇਰਤਕਾ' ਦੇ ਸਿਰਨਾਵੇਂ ਨਾਲ ਛੱਪ ਚੁੱਕੀ ਏ। ਤਹਿਕੀਕ ਵਾਲੇ ਪਾਸੇ ਕਿਵੇਂ ਤੇ ਕਿਉਂ ਆਏ ?

— ਮੈਂ ਜਾਣਨਾ ਚਾਹੁੰਦਾ ਸਾਂ ਕਿ ਲਿਸਾਨੀ(ਭਾਸ਼ਾ ਵਿਗਿਆਨ ਨਜ਼ਰੀਏ ਤੋਂ) ਇਤਬਾਰ ਨਾਲ ਪੰਜਾਬੀ ਜ਼ੁਬਾਨ ਕਿੱਥੇ ਖਲੋਤੀ ਹੋਈ ਏ, ਇਹ ਸਵਾਲ ਮੈਨੂੰ ਏਸ ਪਾਸੇ ਲੈ ਕੇ ਆਇਆ। ਇਹ ਲਹਿਜਾ ਏ, ਬੋਲੀ ਏ ਜਾਂ ਇੱਕ ਮੁਕੰਮਲ ਜ਼ੁਬਾਨ ? ਜੇ ਇਹ ਜ਼ੁਬਾਨ ਏ ਤੇ ਦੁਨੀਆ ਵਿੱਚ ਜ਼ੁਬਾਨਾਂ ਦੇ ਕਈ ਖ਼ਾਨਦਾਨ ਨੇ। ਏਹਦਾ ਰਿਸ਼ਤਾ ਕਿਸ ਖ਼ਾਨਦਾਨ ਨਾਲ ਏ । ਲਿਸਾਨੀ ਇਕਾਈ ਦੀ ਹੈਸੀਅਤ ਨਾਲ ਪੰਜਾਬੀ ਕਿੰਨੀ ਕੁ ਕਦੀਮ ਏ ? ਮੈਂ ਖੋਜ ਲਾਉਣ ਦੀ ਕੋਸ਼ਿਸ਼ ਕੀਤੀ ਜੀਹਦਾ ਨਤੀਜਾ ਇਹ ਨਿਕਲਿਆ ਕਿ ਇਹ ਦੁਨੀਆ ਵਿੱਚ ਸੱਭ ਤੋਂ ਪੁਰਾਣੀ ਜ਼ੁਬਾਨ ਏ ਕਿਉਂ ਜੇ ਜ਼ੁਬਾਨ ਬੰਦੇ ਬੋਲਦੇ ਨੇ। ਬੰਦੇ ਹੋਣਗੇ ਲਹਿਜਾ ਜਾਂ ਬੋਲੀ ਜਾਂ ਜ਼ੁਬਾਨ ਬੋਲਣਗੇ ਤਾਂ ਹੀ। ਤੇ ਬਸ਼ਰੀਆਤ ਦੇ ਮਾਹਿਰ ਸਾਇੰਸਦਾਨ ਕਹਿੰਦੇ ਨੇ ਕਿ ਦੁਨੀਆ ਦਾ ਪਹਿਲਾ ਇਨਸਾਨ ਵਾਦੀ ਸਵਾਨਿਹਾ ਵਿੱਚ ਪੈਦਾ ਹੋਇਆ ਤੇ 1955—56 ਵਿੱਚ ਮੇਰਾ ਏਸ ਪਾਸੇ ਧਿਆਨ ਹੋਇਆ ਸੀ ਤੇ ਮੈਂ ਪੜ੍ਹਨ ਜਾਨਣ ਟੁਰਿਆ ਸਾਂ। ਜ਼ਾਹਿਰ ਹੈ ਕਿ ਜਿੱਥੇ ਇਨਸਾਨ ਪੈਦਾ ਹੋਇਆ ਉਥੇ ਹੀ ਜ਼ੁਬਾਨ ਦੀ ਵੀ ਨੀਂਹ ਰੱਖੀ ਗਈ ਹੋਵੇਗੀ। ਏਸ ਸਵਾਲ ਦਾ ਜਵਾਬ ਲੱਭਦਿਆਂ ਮੈਨੂੰ ਪੈਂਤੀ ਚਾਲੀ ਸਾਲ ਲੱਗ ਗਏ।

? ਇੱਕ ਕਿਤਾਬ ਤੁਹਾਡੀ ਸੀਰਤ ਰਸੂਲ ਸਲਲਾਲਾਹੂ ਅਲਿਹ ਵਸੱਲਮ ਤੇ ਵੀ ਆਈ ਏ। ਇਹ ਇੱਕ ਮਿਆਰੀ ਕਿਤਾਬ ਏ ਪਰ ਲਿਖਾਰੀ ਬਾਰੇ ਜਾਂ ਕਹੋ ਤੁਹਾਡੇ ਬਾਰੇ ਲੋਕਾਂ ਦੀ ਰਾਏ ਏ ਕਿ ਇਹ ਤੁਹਾਡੇ ਮਜ਼ਾਜ ਦਾ ਕੰਮ ਨਹੀਂ ਸੀ ਕਿਉਂ ਜੇ ਤੁਸੀਂ ਸਿਰਫ਼ ਫਿਕਸ਼ਨ ਦੇ ਆਦਮੀ ਸੋ ਜਾਂ ਖ਼ਾਲਸ ਅਦਬੀ ਮੌਜ਼ੂਆਤ ਉੱਤੇ ਕਲਮ ਚੁੱਕਣ ਵਾਲੇ। ਇਹ ਮੌਜ਼ੂ ਕਿਵੇਂ ਤੁਹਾਡੀ ਕਲਮ ਦੇ ਵਲਗਤਰੇ ਵਿੱਚ ਆਇਆ ।

— ਸ਼ਹਿਬਾਜ਼ ਮਲਕ ਜਦੋਂ ਪੰਜਾਬ ਯੂਨੀਵਰਸਿਟੀ ਵਿੱਚ ਲੈਕਚਰਾਰ ਸਨ ਉਹਨਾਂ ਗੱਲਾਂ ਗੱਲਾਂ ਵਿੱਚ ਮੈਨੂੰ ਆਖਿਆ, "ਗਿਮੀ ਸਾਹਬ ! ਤੁਹਾਨੂੰ ਇਸਲਾਮ ਦਾ ਕੀ ਪਤਾ ਏ ?" ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਇਸਲਾਮਫਰੋਸ਼ੀ ਇਸਲਾਮ ਨਹੀਂ। ਪੱਕੀ ਰੋਟੀ ਤੇ ਨੋਸ਼ਾ ਦੇ ਅਜ਼ਾਂ ਤੇ ਇਸਲਾਮ ਮੁੱਕ ਨਹੀਂ ਗਿਆ ਕਿ ਤੁਸੀਂ ਇਹਨੂੰ ਐਮ.ਏ ਦੇ ਸਿਲੇਬਸ ਦਾ ਹਿੱਸਾ ਬਣਾਉਣਾ ਏ। ਇਸਲਾਮ ਬਾਰੇ ਤੁਸੀਂ ਚੰਗੀ ਰਾਏ ਰੱਖਦੇ ਓ ਉਹਦੇ ਲਈ ਕੰਮ ਵੀ ਕਰੋ। ਮੈਂ ਉਨ੍ਹਾਂ ਨੂੰ ਇਹ ਵੀ ਆਖਿਆ ਕਿ ਤੁਸੀਂ ਫਿਕਾ ਤਫਸੀਰ ਤੇ ਦੂਜੀਆਂ ਕਿਤਾਬਾਂ ਐਮ. ਏ. ਪੰਜਾਬੀ ਵਿੱਚ ਕਿਉਂ ਦਿੱਤੀਆਂ ਹੋਈਆਂ ਨੇ ਜਦਕਿ ਜਰਮਨ, ਅੰਗਰੇਜ਼ੀ , ਜਪਾਨੀ ਤੇ ਉਰਦੂ ਦੇ ਐਮ.ਏ ਵਿੱਚ ਤਫ਼ਸੀਰ (ਵਿਆਖਿਆ) ਤੇ ਫਿਕਾ ਸ਼ਾਮਲ ਨਹੀਂ । ਉਨ੍ਹਾਂ ਮੇਰੇ ਗੱਲਾਂ ਸੁਣ ਕੇ ਇੱਕ ਵਾਰੀ ਫੇਰ ਮੈਨੂੰ ਇਸਲਾਮ ਤੋਂ ਅਣਜਾਣ ਕਰਾਰ ਦਿੱਤਾ। ਏਸ ਗੱਲ ਦੇ ਬਾਅਦ ਮੈਂ ਅਮਲੀ ਤੌਰ ਤੇ ਉਹਨਾਂ ਦੀ ਗੱਲ ਦਾ ਜਵਾਬ ਦਿੱਤਾ ਤੇ ਪੰਜਾਬੀ ਵਿੱਚ ਸੀਰਤ (ਗੁਣ) ਦੀ ਇਹ ਕਿਤਾਬ ਲਿਖੀ ਜੀਹਦਾ ਆਪਣਾ ਇੱਕ ਮਿਆਰ ਏ।

ਹਾਂ ਯਾਦ ਆਇਆ, ਮੈਂ ਮੀਨਾ ਦਾਊਦ ਦੇ ਪੂਰੇ ਖ਼ਾਨਦਾਨ ਨੂੰ ਬਾਦਸ਼ਾਹੀ ਮਸਜਿਦ ਲੈ ਜਾਕੇ ਮੌਲਾਨਾ ਅਬਦੁਲ ਰਹਿਮਾਨ ਹਾਜੀ ਰਾਹੀਂ ਮੁਸਲਮਾਨ ਕੀਤਾ। ਮੈਨੂੰ ਇਸਲਾਮ ਦੇ ਬਹੁਤਾ ਪਤਾ ਨਹੀਂ ਮੈਂ ਤੇ ਆਪਣੇ ਰੱਬ ਤੇ ਰਸੂਲ ਲਈ ਆਪਣੀ ਆਕਬਤ (ਆਖ਼ਿਰਤ) ਲਈ ਇਹ ਕੰਮ ਕੀਤਾ। ਮੇਰੀ ਸੀਰਤ ਦੀ ਇਹ ਕਿਤਾਬ 'ਚੰਨ ਅਰਬੋਂ ਚੜ੍ਹਿਆ' ਪਹਿਲੀ ਵਾਰ ਕਲਾਤ ਪਬਲਿਸ਼ਰਜ਼ ਕੋਇਟਾ ਵੱਲੋਂ ਛਪੀ ਤੇ ਆਖ਼ਰੀ ਐਡੀਸ਼ਨ ਸੰਗੇ ਮੀਲ ਲਾਹੌਰ ਵਾਲਿਆਂ ਸ਼ਾਇਆ ਕੀਤਾ ਏ। ਅੱਜ ਤੱਕ ਏਸ ਕਿਤਾਬ ਉਤਮੇ ਹਕਾਇਕ ਤੇ ਬਿਆਨ ਪਾਰੋਂ ਕੋਈ ਏਤਰਾਜ਼ ਨਹੀਂ ਆਇਆ।

? ਤੁਹਾਡੀ ਪਹਿਲੀ ਲਿਖਤ ਕਿਤਾਬੀ ਸੂਰਤ ਵਿੱਚ ਕਦੋਂ ਸ਼ਾਇਆ ਹੋਈ ।

— ਮੇਰੀ ਪਹਿਲੀ ਕਿਤਾਬ 1961 ਵਿੱਚ ' ਬਲੋਚੀ ਅਦਬੋ ਸਕਾਫ਼ਤ' ਉਰਦੂ ਅਕੈਡਮੀ ਬਹਾਵਲਪੁਰ ਤੋਂ ਸ਼ਾਇਆ ਹੋਈ ਤੇ ਫੇਰ 'ਕਸ਼ਮੀਰ ਅਦਬੋ ਸਕਾਫ਼ਤ' ਛਪੀ। ਪੰਜਾਬੀ ਕਹਾਣੀ ਮੈਂ ਏਸ ਤੋਂ ਪਹਿਲੇ ਲਿਖ ਰਿਹਾ ਸਾਂ ਤੇ ਮੁਖ਼ਤਲਿਫ ਅਦਬੀ ਰਸਾਲਿਆਂ ਤੇ ਪਰਚਿਆਂ ਵਿੱਚ ਛੱਪ ਰਹੀ ਸੀ। ਬਲੋਚੀ ਤੇ ਕਸ਼ਮੀਰੀ ਅਦਬ ਤੇ ਸਕਾਫ਼ਤ ਉੱਤੇ

ਕਿਤਾਬਾਂ ਪਹਿਲੇ ਛੱਪਣ ਦੀ ਵਜ੍ਹਾ ਮੇਰੀ ਉਨ੍ਹਾਂ ਸਕਾਫ਼ਤਾਂ ਤੇ ਅਦਬ ਦੇ ਵਾਰਸਾਂ ਨਾਲ ਮੁਹੱਬਤ ਏ।

? ਤੁਹਾਡੇ ਇਲਮੀ ਤੇ ਅਦਬੀ ਕੰਮ ਨੂੰ ਓਸ ਤਰ੍ਹਾਂ ਪਜ਼ ਪੀਰਾਈ (ਮਕਬੂਲੀਅਤ) ਕਿਉਂ ਨਹੀਂ ਮਿਲੀ ਜਿਸ ਤਰ੍ਹਾਂ ਦੂਜੇ ਪੰਜਾਬੀ ਤੇ ਉਰਦੂ ਦੇ ਅਦੀਬਾਂ ਨੂੰ ਮਿਲੀ ਏ ?

— ਨਾ ਮੈਂ ਕਿਸੇ ਕਾਲਜ ਜਾਂ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਆਂ ਤੇ ਨਾਂ ਹੀ ਆਪਣਾ ਕੋਈ ਅਦਬੀ ਗਰੁੱਪ ਕਾਇਮ ਕੀਤਾ ਏ। ਮੇਰੀ ਪਜ਼ ਪੀਰਾਈ ਤੇ ਮੇਰੇ ਪੜ੍ਹਨ ਵਾਲਿਆਂ ਦੇ ਜ਼ਰੀਏ ਹੋਈ ਏ। ਹਾਂ, ਮੈਂ ਪ੍ਰੈੱਸ ਵਿੱਚ 'ਇਨ' ਕਦੀ ਵੀ ਨਹੀਂ ਰਿਹਾ ਇਹਦੀ ਵਜ੍ਹਾ ਮੇਰੀ ਲਾਪਰਵਾਹੀ ਤੇ ਤਬੀਅਤ ਦਾ ਉਬਾਲੀਪਣ ਏ। ਉਂਝ ਵੀ ਪ੍ਰੋਡਿਊਸਰ ਹੋਣ ਕਾਰਨ ਮੈਂ ਬਾਦਸ਼ਾਹ—ਗਰ ਰਿਹਾ ਵਾਂ ਬਾਦਸ਼ਾਹ ਨਹੀਂ। ਮੈਂ ਸਮਝਨਾ ਕਿ ਮੈਨੂੰ ਮੇਰੀ ਲਿਖਤ ਰਾਹੀਂ ਮੈਨੂੰ ਉਹਦੇ ਤੋਂ ਜ਼ਿਆਦਾ ਲੋਕ ਪਛਾਣਦੇ ਨੇ ਜਿੰਨੀ ਮੈਂ ਤਵੱਕੋ ਕਰ ਸਕਦਾ ਸਾਂ। ਪਜ਼ ਪੀਰਾਈ ਦੇ ਹਵਾਲੇ ਨਾਲ ਜੇ ਤੁਹਾਡਾ ਇਸ਼ਾਰਾ ਨਸਬਾਂ (ਸਿਲੇਬਸਾਂ) ਵਿੱਚ ਸ਼ਾਮਲ ਹੋਣ ਦਾ ਏ ਤੇ ਨਿਸਾਬ—ਸਾਜ਼ਾਂ ਨਾਲ ਮੇਰੇ ਕਦੇ ਵੀ ਕੋਈ ਸਾਂਝ ਤੇ ਸਾਕਾਚਾਰੀ ਨਹੀਂ ਰਹੀ। ਉਥੇ ਤੇ ਅੰਨ੍ਹਾ ਵੰਡੇ ਰਿਓੜੀਆਂ ਮੁੜ ਮੁੜ ਆਪਣਿਆਂ ਨੂੰ ਵਾਲਾ ਹਾਲ ਏ। ਜਿੱਥੋਂ ਤੱਕ ਮੇਰੇ ਕੰਮ ਦੀ ਪਛਾਣ ਦਾ ਜ਼ਿਕਰ ਏ ਡਾਕਟਰ ਜਗਤਾਰ ਨੇ ਮੇਰਾ ਨਾਵਲ ' ਸਾਂਝ' ਗੁਰਮੁੱਖੀ ਵਿੱਚ ਉਲੱਥ ਕੇ 1980 ਦੇ ਦਹਾਕੇ ਦੇ ਸ਼ੁਰੂ ਵਿੱਚ ਭਾਰਤ ਵਿੱਚ ਸ਼ਾਇਆ ਕੀਤਾ । ਉਹ ਦਿੱਲੀ ਯੂਨੀਵਰਸਿਟੀ ਦੇ ਸਿਲੇਬਸ ਵਿੱਚ ਸ਼ਾਮਲ ਹੋਇਆ। ਏਸੇ ਨਾਵਲ ਉੱਤੇ ਅਫ਼ਜ਼ਲ ਅਹਿਸਨ ਰੰਧਾਵਾ ਨੇ ਇੱਕ ਭਰਵਾਂ ਤਨਕੀਦੀ ਮਜ਼ਮੂਨ ਲਿਖਿਆ ਜਿਹੜਾ ਰੂਸੀ ਵਿੱਚ ਤਰਜ਼ਮਾ ਹੋਕੇ ਰੂਸ ਵਿੱਚ ਸ਼ਾਇਆ ਹੋਇਆ । ਅਣਗਿਣਤ ਕਹਾਣੀਆਂ ਗੁਰਮੁਖੀ ਵਿੱਚ ਉਲੱਥਾ ਹੋਕੇ ਮਸ਼ਰਕੀ ਪੰਜਾਬ ਤੇ ਭਾਰਤ ਵਿੱਚ ਵੀ ਛਾਪੀਆਂ ਗਈਆਂ ਨੇ। ਇਹ ਸਭ ਕੁੱਝ ਆਪਣੇ ਤੌਰ ਤੇ ਹੋਇਆ । ਮੈਂ ਆਪ ਕੁੱਝ ਨਹੀਂ ਕੀਤਾ।

? ਤੁਹਾਡੀਆਂ ਦੋਵੇਂ ਮੌਜੂਆਤ ਤੇ ਢੇਰ ਕਿਤਾਬਾਂ ਨੇ । ਛਾਪੀਆਂ ਵੀ ਮੁਖ਼ਤਲਿਫ਼ ਪਬਲਿਸ਼ਰਜ਼ ਨੇ। ਰਾਇਲਟੀ ਜਾਂ ਮੁਆਵਜ਼ੇ ਦੀ ਕੀ ਸੂਰਤੇ ਹਾਲ ਏ । ਕੀ ਪੜ੍ਹੇ-ਲਿਖੇ ਦੀ ਕੋਈ ਕਮਾਈ ਵੀ ਹੋਈ।

— ਮੇਰਾ ਸਾਂਗਾ ਇੱਕ ਜ਼ਿਮੀਂਦਾਰ ਘਰਾਣਾ ਏ। ਅਸਾਂ ਵੱਡਿਆਂ ਕੋਲੋਂ ਦੂਜਿਆਂ ਦੀ ਝੋਲੀ ਕੇ ਰਾਜ਼ੀ ਹੋਣਾ ਸਿੱਖਿਆ ਏ। ਮੰਗਣਾ ਜਾਂ ਹੱਥ ਫੈਲਾਉਣਾ ਜ਼ਿਮੀਂਦਾਰੀ ਦੇ ਮਾਹੌਲ ਵਿੱਚ ਐਬ ਸਮਝਿਆ ਜਾਂਦਾ ਏ। ਅਸੀਂ ਜਿਹੜੇ ਆਪ ਦਾਨ ਕਰਨੇ ਆਂ, ਪਬਲਿਸ਼ਰਜ਼ ਕੋਲੋਂ ਰਾਇਲਟੀ ਮੰਗਣ ਕਿਹੜੇ ਮੂੰਹ ਨਾਲ ਜਾਈਏ। ਆਪਣੇ ਆਪ ਕਿਹੜਾ ਦੁਕਾਨਦਾਰ ਜਾਂ ਬਿਜਨੈੱਸਮੈਨ ਏ ਜਿਹੜਾ ਲਿਖਾਰੀ ਤੇ ਰਾਈਟਰ ਨੂੰ ਰਾਇਲਟੀ ਦੇਣ ਉਹਦੇ ਘਰ ਜਾਂਦਾ ਏ ? ਹਾਂ ਕੁੱਝ ਪਬਲਿਸ਼ਰਜ਼ ਨੇ ਮੇਰੇ ਨਾਲ ਹਿਸਾਬ ਕਿਤਾਬ ਨਹੀਂ ਕੀਤਾ। ਮੈਨੂੰ ਆਪਣੇ ਦੋਸਤਾਂ ਤੇ ਪੜ੍ਹਨ ਵਾਲਿਆਂ ਲਈ ਜਿੰਨੀਆਂ ਕਿਤਾਬਾਂ ਚਾਹੀਦੀਆਂ ਹੁੰਦੀਆਂ ਨੇ ਉਹ ਦੇ ਦਿੰਦੇ ਨੇ । ਕੁੱਝ ਇਹ ਵੀ ਨਹੀਂ ਕਰਦੇ ਤੇ ਹਿਸਾਬ ਵੀ ਨਹੀਂ ਦੇਂਦੇ । ਬਸ ਏਸੇ ਤਰ੍ਹਾਂ ਈ ਏ। ਪਾਕਿਸਤਾਨ ਵਿੱਚ ਪੜ੍ਹਨਾ ਬਹੁਤੀ ਹੁਣ ਪਾਰੋਂ ਰੀਡਰਸ਼ਿਪ ਨਾ ਹੋਣ ਦੇ ਬਰਾਬਰ ਏ। ਅੱਵਲ ਤੇ ਕਿਤਾਬ ਪੜ੍ਹੀ ਈ ਨਹੀਂ ਜਾਂਦੀ ਤੇ ਜੇ ਪੜ੍ਹੀ ਜਾਵੇ ਤੇ ਖ਼ੀਦਣ ਦੀ ਹਿੰਮਤ ਭਲਾ ਕਿੰਨੇ ਲੋਕਾਂ ਵਿੱਚ ਏ ? ਦੁਕਾਨਦਾਰ ਤੇ ਪਬਲਿਸ਼ਰ ਵੀ ਠੀਕ ਚੀਕਦੇ ਨੇ।



ਕਿਤਾਬ ਦੇ ਕੇ ਤੇ ਕੁੱਝ ਕਮਾਈ ਹੋਵੇ ਨਾ ? ਦੱਸੋ ਏਥੇ ਕਿੰਨੇ ਲਿਖਾਰੀ ਨੇ ਜਿਨ੍ਹਾਂ ਨੇ ਆਪਣੀ ਤਹਿਰੀਰੀ ਕਮਾਈ ਨਾਲ ਪੇਟ ਪਾਲਿਆ ਹੋਵੇ ? ਮੁਨੀਰ ਨਿਆਜ਼ੀ ਤੇ ਕਤੀਲ ਸ਼ਿਫਾਈ ਵਰਗੇ ਰੇਡੀਓ ਤੇ ਟੀ.ਵੀ ਵਰਗੇ ਸਰਕਾਰੀ ਅਦਾਰਿਆਂ ਕੋਲੋਂ ਰਾਇਲਟੀ ਮੰਗਦੇ ਬੁੱਢੇ ਹੋ ਗਏ ਨੇ। ਹੁਣ ਤੇ ਸਰਕਾਰੀ ਅਦਾਰਿਆਂ ਨੇ ਵੀ ਰਾਇਲਟੀ ਨਾ ਦੇਣ ਦਾ ਕਾਨੂੰਨ ਬਣਾ ਲਿਆ ਏ ਤੇ ਪ੍ਰਾਈਵੇਟ ਅਦਾਰਿਆਂ ਕੋਲੋਂ ਅਸੀਂ ਕੀ ਤਵੱਕੋ ਕਰ ਸਕਦੇ ਆਂ ?

? ਤੁਸੀਂ ਆਪਣੀ ਸਾਰੀ ਹਯਾਤੀ ਆਪਣਾ ਵਿਹਲਾ ਵੇਲਾ ਸਮਾਜੀ ਭਲਾਈ ਦੇ ਕੰਮਾਂ ਵਿੱਚ ਗੁਜ਼ਾਰਿਆ ਏ। ਰੋਜ਼ਗਾਰ ਤੇ ਤੁਹਾਡਾ ਸਰਕਾਰੀ ਨੌਕਰੀ ਨਾਲ ਚੱਲਦਾ ਸੀ। ਸਿਆਸਤ ਵਿੱਚ ਆਉਣ ਦਾ ਤੁਹਾਡਾ ਕਦੀ ਵੀ ਕੋਈ ਪ੍ਰੋਗਰਾਮ ਨਹੀਂ ਰਿਹਾ। ਫੇਰ ਇਹ 'ਆ ਲੜੀਏ ਮੇਰੇ ਵਿਹੜੇ ਥਾਣੀ ਜਾ' ਵਾਲਾ ਕੰਮ ਰੋਜ਼ ਥਾਣੇ ਕਚਹਿਰੀ ਦੇ ਚੱਕਰ ਕਿਉਂ ।

— ਮੈਂ ਬਚਪਨ ਗਰੀਬੀ ਵਿੱਚ ਗੁਜ਼ਾਰਿਆ ਏ। ਪੜ੍ਹਨ ਲਈ ਸ਼ਹਿਰ ਆਇਆ, ਫੇਰ ਨੌਕਰੀ ਕੀਤੀ ਤੇ ਸਾਰੀ ਉਮਰੇ ਕਿਰਾਏ ਦੇ ਮਕਾਨ ਵਿੱਚ ਗੁਜ਼ਾਰੀ ਏ। ਅੱਲਾ ਦਾ ਸ਼ੁਕਰ ਏ ਮੈਂ ਰੱਜੀ ਪੁੱਜੀ ਹਯਾਤੀ ਗੁਜ਼ਾਰ ਰਿਹਾਂ ਪਰ ਗਰੀਬਾਂ ਤੇ ਮਜ਼ਲੂਮਾਂ ਨੂੰ ਦੇਖ ਕੇ ਬੇਚੈਨ ਹੋ ਜਾਨਾਂ। ਜਦੋਂ ਕਿਸੇ ਨੂੰ ਪ੍ਰੇਸ਼ਾਨ ਦੇਖਨਾਂ ਤੇ ਮੈਥੋਂ ਜ਼ਰਿਆ ਨਹੀਂ ਜਾਂਦਾ। ਭਾਵੇਂ ਕੋਈ ਝੂਠ ਈ ਬੋਲ ਰਿਹਾ ਹੋਵੇ। ਉਹਦੀ ਪ੍ਰੇਸ਼ਾਨੀ ਮੇਰੇ ਅੰਦਰ ਖਲਬਲੀ ਮਚਾ ਦੇਂਦੀ ਏ। ਮੈਂ 'ਅੰਜੁਮਨੇ ਹਮਾਇਤ ਟੱਪਰੀਵਾਸਾਂ' ਦਾ ਸਦਰ ਆਂ ਤੇ ਈਦ ਦੀਆਂ ਖਿੱਲਾਂ ਕੱਠੀਆਂ ਕਰ ਕੇ ਉਹਨਾਂ ਦੀ ਆਮਦਨੀ ਖ਼ਾਨਾ ਬਦੋਸ਼ ਬੱਚਿਆਂ ਜਾਂ ਕੱਚੀ ਆਬਾਦੀ ਦੇ ਵਿੱਚ ਰਹਿਣ ਵਾਲੇ ਬਾਲਾਂ ਨੂੰ ਕਿਤਾਬਾਂ ਖ਼ੀਦਣ ਲਈ ਦੇ ਦੇਂਦਾਂ। ਇਹ ਵੱਖਰੀ ਗੱਲ ਏ ਸਾਡੇ ਗ਼ਰੀਬ ਆਪਣੀ ਗ਼ਰੀਬੀ ਮਿਟਾਉਣ ਲਈ ਪੜ੍ਹਨ ਲਿਖਣ ਵੱਲ ਨਹੀਂ ਆਉਂਦੇ ਸਗੋਂ ਰਕਮ ਮਿਲਣ ਤੇ ਦਿਹਾੜ ਮਨਾ ਲੈਂਦੇ ਨੇ। ਵੱਡਾ ਗੋਸ਼ਤ ਲਿਆਉਂਦੇ ਨੇ, ਸਾਰੇ ਕਬੀਲੇ ਵਾਲੇ ਬਹਿ ਕੇ ਇੱਕੋ ਥਾਲ ਵਿੱਚ ਖਾਕੇ ਡਕਾਰ ਮਾਰਦੇ ਆਪਣੇ ਉਨ੍ਹਾਂ ਈ ਕੰਮਾਂ ਕਾਰਾਂ ਵਿੱਚ ਫੇਰ ਰੁਝ ਜਾਂਦੇ ਨੇ ਜਿਨ੍ਹਾਂ ਤੋਂ ਬਚਾਉਣ ਲਈ ਮੈਂ ਖਿੱਲਾਂ ਕੱਠੀਆਂ ਕੀਤੀਆਂ।

ਏਸੇ ਤਰ੍ਹਾਂ ਮੈਂ ਖਾਂਦੇ ਪੀਂਦੇ ਲੋਕਾਂ ਕੋਲੋਂ ਰਕਮ ਕੱਠੀ ਕਰਕੇ ਉਹਨਾਂ ਨੂੰ ਇਲਾਜ ਲਈ ਦੇਨਾਂ ਤੇ ਉਹ ਉਹਨਾਂ ਪੈਸਿਆਂ ਦਾ ਕੁੱਕੜ ਖਰੀਦ ਕੇ ਘਰ ਲੈ ਆਉਂਦੇ ਨੇ ਤੇ ਲੱਗਦਿਆਂ ਲਹਿੰਦਿਆਂ ਨੂੰ ਕੱਠਾ ਕਰ ਕੇ ਭੁੰਨ ਕੇ ਖਾਂਦੇ ਨੇ । ਮੈਂ ਇੱਕ ਡਾਕਟਰ ਨੂੰ ਆਖਿਆ ਕਿ ਇਹਨਾਂ ਟੱਪਰੀਵਾਸਾਂ ਵਿੱਚੋਂ ਕੋਈ ਬਿਮਾਰ ਹੋ ਕੇ ਆਵੇ ਤੇ ਇਹਨਾਂ ਦਾ ਇਲਾਜ ਮੁਫ਼ਤ ਕਰ ਦੇਵੇ। ਜਿਹੜਾ ਬਿਲ ਬਣੇਗਾ ਉਹ ਮੈਂ ਅਦਾ ਕਰਾਂਗਾ। ਜਦੋਂ ਮੈਂ ਪਹਿਲੀ ਵਾਰ ਡਾਕਟਰ ਕੋਲ ਹਿਸਾਬ-ਕਿਤਾਬ ਕਰਨ ਗਿਆ ਤੇ ਪਤਾ ਲੱਗਾ ਕਿ ਇਲਾਜ ਦੇ ਨਾਂ ਤੇ ਡਾਕਟਰ ਕੋਲੋਂ ਤਾਕਤ ਦੀਆਂ ਦਵਾਈਆਂ ਲੈਂਦੇ ਰਹੇ ਨੇ।

ਦਾਰੋ ਮੁਸੱਲਣ ਇੱਕ ਗਰੀਬਣੀ ਏ। ਏਥੇ ਰਾਵੀ ਦੇ ਪੁਲ ਦੇ ਹੇਠ ਰਹਿੰਦੀ ਏ। ਉਹਦੀ ਭਤੀਜੀ ਜ਼ੁਬੈਦਾ ਨੂੰ ਉਹਦੇ ਪੋਤੇ ਨੇ ਪਹਿਲੇ ਇੱਕ ਬੰਦੇ ਕੋਲ ਵੇਚਿਆ । ਉਥੇ ਨਿਭਾ ਨਾ ਹੋਇਆ ਤੇ ਦੂਜੇ ਅੱਗੇ ਵੇਚ ਦਿੱਤਾ । ਦੂਜੇ ਥਾਂ ਵੀ ਗੱਲ ਨਾ ਬਣੀ ਕਿ ਖਰੀਦੀ ਹੋਈ ਔਰਤ ਨਾਲ ਜਿਹੜਾ ਸਲੂਕ ਉਹਨਾਂ ਦਾ ਖਾਵੰਦ ਕਰਦੇ ਨੇ ਉਹ ਗ਼ੈਰ-ਇਨਸਾਨੀ

ਹੁੰਦਾ ਏ। ਹੁਣ ਉਹ ਪਿਓ ਆਪਣੀ ਧੀ ਨੂੰ ਤੀਜੇ ਥਾਂ ਵੇਚਣਾ ਚਾਹੁੰਦਾ ਸੀ ਤੇ ਉਹ ਕੁੜੀ ਘਰੋਂ ਨੱਸ ਆਈ ਤੇ ਰਾਵੀ ਵਿੱਚ ਡੁੱਬ ਕੇ ਮਰਨ ਲਈ ਰਾਵੀ ਤੇ ਅੱਪੜ ਗਈ। ਉਥੇ ਪੁਲੀਸ ਗਸ਼ਤ ਤੇ ਸੀ । ਪੁਲੀਸ ਨੇ ਉਹਨੂੰ ਇਕਦਾਮ ਖ਼ੁਦਕੁਸ਼ੀ (ਆਤਮ-ਹੱਤਿਆ ਦੀ ਕੋਸ਼ਿਸ਼) ਦੇ ਜ਼ੁਰਮ ਵਿੱਚ ਫੜ ਲਿਆ ਤੇ ਹਵਾਲਾਤ ਵਿੱਚ ਬੰਦ ਕਰ ਦਿੱਤਾ। ਦਾਰੋ ਮੁਸੱਲਣ ਮੇਰੇ ਕੋਲ ਆਈ ਤੇ ਦੁਹਾਈ ਦਿੱਤੀ। ਮੈਂ ਥਾਣੇ ਗਿਆ। ਜ਼ਾਤੀ ਜ਼ਮਾਨਤ ਤੇ ਛੁਡਾ ਕੇ ਉਹਨੂੰ ਦਾਰੋ ਦੇ ਹਵਾਲੇ ਕਰ ਦਿੱਤਾ। ਓਧਰ ਜ਼ੁਬੈਦਾ ਦਾ ਪਿਓ ਤੇ ਖਾਵੰਦ ਉਹਨੂੰ ਲੱਭਦੇ ਲੱਭਦੇ ਦਾਰੋ ਦੇ ਘਰ ਅੱਪੜੇ ਤੇ ਉਹਨੂੰ ਉਥੇ ਦੇਖ ਕੇ ਦੋਵਾਂ ਨੇ ਵੱਖੋ ਵੱਖਰੇ ਦਾਰੋ ਉੱਤੇ ਅਗਵਾ ਦੇ ਮੁਕੱਦਮੇ ਕਰਵਾ ਦਿੱਤੇ। ਅੱਜ ਕੱਲ੍ਹ ਮੈਂ ਦਾਰੋ ਤੇ ਜ਼ੁਬੈਦਾ ਦਾ ਮੁਕੱਦਮਾ ਲੜ ਰਿਹਾਂ।

? ਸਾਰੀ ਉਮਰ ਕਿਰਾਏ ਤੇ ਕਿਉਂ ਰਹੇ ਤੇ ਨਾਲੇ ਗਰੀਬੀ ਕਿਉਂ ਤੁਹਾਡੇ ਹੱਡਾਂ ਵਿੱਚ ਰਚੀ ਜਦਕਿ ਕਦੀਮੀ ਜ਼ਿਮੀਂਦਾਰ ਸੋ।

— ਜ਼ਿਮੀਂਦਾਰ ਜ਼ਰੂਰ ਸਾਂ ਪਰ ਜਾਗੀਰਦਾਰ ਨਹੀਂ ਸਾਂ। ਫੇਰ ਜ਼ਮੀਨ ਹਿੱਸੇ ਤੇ ਰਹੀ। ਜਦੋਂ ਮਾਲਕ ਸਿਰ ਤੇ ਨਾ ਹੋਣ ਲਾਂਭੇ ਚਾਂਭੇ ਹੋਣ ਜਾਂ ਨੌਕਰੀਆਂ ਤੇ ਹੋਣ ਤਾਂ ਹਿੱਸੇ ਵਿੱਚੋਂ ਵੀ ਜੋ ਲੱਭਦਾ ਏ ਤੁਸੀਂ ਜਾਣਦੇ ਈ ਓ ਕਿਉਂ ਜੇ ਜ਼ਿਮੀਂਦਾਰੀ ਪੱਖੋਂ ਤੁਸੀਂ ਆਪ ਵੀ ਮੇਰੇ ਵਰਗੇ ਈ ਘਰ ਵਿੱਚੋਂ ਓ। ਜੋ ਕੁੱਝ ਲੱਭਦਾ ਸੀ ਜਾਂ ਬਚਦਾ ਸੀ ਮੈਂ ਆਪਣੀ ਵੱਡੀ ਭੈਣ ਹਾਜਨ ਨਜ਼ੀਰ ਬੇਗ਼ਮ ਨੂੰ ਦੇ ਦੇਂਦਾ ਸਾਂ। ਉਹ ਬੇਵਾ ਏ ਮੇਰੇ ਬਹਿਨੋਈ ਅਦਾਇਲ ਉਮਰ ਵਿੱਚ ਫ਼ੌਤ ਹੋ ਗਏ ਸਨ ਤੇ ਉਨ੍ਹਾਂ ਦਾ ਪਿੰਡ ਦਰਿਆ ਬੁਰਦ ਹੋ ਗਿਆ ਸੀ। ਮੁਤਬਾਦਲ ਜ਼ਮੀਨ ਵੀ ਪਵਾਈ ਗਈ ਪਰ ਉਹ ਮੇਰੇ ਭਾਣਜੇ ਨੇ ਵੇਚ ਦਿੱਤੀ। ਓਸ ਭੈਣ ਦੇ ਬੱਚਿਆਂ ਦੀ ਕਫਾਲਤ ਵੀ ਮੇਰੇ ਜ਼ਿੰਮੇ ਸੀ। ਇਹਨਾਂ ਹਾਲਾਤ ਵਿੱਚ ਮੈਨੂੰ ਚੋਖੀ ਮਿਹਨਤ ਕਰਨੀ ਪਈ। ਮੈਂ ਰੇਡੀਓ ਦੇ ਨੌਕਰੀ ਦੇ ਨਾਲ ਨਾਲ ਲੱਭ ਲੱਭ ਕੇ ਉਹਨਾਂ ਅਖ਼ਬਾਰਾਂ ਤੇ ਰਸਾਲਿਆਂ ਲਈ ਲਿਖਦਾ ਸਾਂ ਜਿਹੜੇ ਮੁਆਵਜ਼ਾ ਦੇਂਦੇ ਸਨ। ਸ਼ਹਿਰਾਂ ਦੀਆਂ ਲੋੜਾਂ ਥੋੜ੍ਹਾਂ ਪੂਰੀਆਂ ਕਰਨ ਲਈ ਸਾਰੇ ਟੱਬਰ ਨੂੰ ਕੰਮ ਕਰਨੇ ਪੈਂਦੇ ਨੇ। ਪਰ ਮੈਨੂੰ ਇਕੱਲੇ ਨੂੰ ਦੋ ਘਰ ਪਾਲਣੇ ਪਏ। ਇੱਕ ਆਪਣਾ ਸ਼ਹਿਰ ਵਿੱਚ ਤੇ ਦੂਜਾ ਬੇਵਾ ਭੈਣ ਦਾ ਪਿੰਡ ਵਿੱਚ।

? ਤੁਸੀਂ ਬੱਚਿਆਂ ਲਈ ਵੀ ਲਿਖਿਆ ਏ ?

— ਜੀ, ਮੈਂ ਬੱਚਿਆਂ ਲਈ ਵੀ ਲਿਖਿਆ ਏ। ਬੱਚਿਆਂ ਲਈ ਮੇਰੇ ਉਰਦੂ ਵਿੱਚ ਚਾਰ ਨਾਵਲ ਫਿਰੋਜ਼ ਸੰਜ਼ ਲਾਹੌਰ ਨੇ ਛਾਪੇ ਨੇ। ਇਹਨਾਂ ਤੋਂ ਇਲਾਵਾ ਸੌ ਤੋਂ ਵੱਧ ਕਹਾਣੀਆਂ ਬੱਚਿਆਂ ਲਈ ਲਿਖੀਆਂ। ਇਹਨਾਂ ਕਹਾਣੀਆਂ ਵਿੱਚੋਂ ਵੀ ਬਹੁਤੀਆਂ ਫਿਰੋਜ਼ ਸੰਜ਼ ਲਾਹੌਰ ਦੇ ਪਰਚੇ 'ਤਾਲੀਮ ਓ ਤਰਬੀਅਤ' ਵਿੱਚ ਈ ਛਪੀਆਂ। ਇਹਦੇ ਤੋਂ ਇਲਾਵਾ ਮਾਹਨਾਮਾ 'ਦੋਸਤ' ਇਸਲਾਮਾਬਾਦ ਤੇ ਮਾਹਨਾਮਾ 'ਫੂਲ' ਲਾਹੌਰ ਵਿੱਚ ਵੀ ਕਹਾਣੀਆਂ ਸ਼ਾਇਆ ਹੋਈਆਂ ਨੇ।

? ਅੱਛਾ ਅਸੀਂ ਵਾਪਸ ਬਾਲਗ ਅਦਬ ਵੱਲ ਜਾਨੇ ਆਂ। ਤੁਹਾਡੇ ਅਫ਼ਸਾਨਵੀ ਕਿਰਦਾਰਾਂ ਉੱਤੇ ਅਕਸਰ ਇਤਰਾਜ਼ ਕੀਤਾ ਜਾਂਦਾ ਏ । ਖ਼ਾਸ ਕਰਕੇ ਤੁਸੀਂ ਜਿਹੜੇ ਸਿੱਖ ਕਿਰਦਾਰ ਵਰਤਦੇ ਓ ਉਹ ਤੁਸੀਂ ਅਜਿਹੇ ਕਿਰਦਾਰ ਕਿਉਂ ਵਰਤਦੇ ਓ ਤੇ ਨਾਲੇ ਇਹਨਾਂ ਉੱਤੇ ਇਤਰਾਜ਼ ਉੱਤੇ ਤੁਹਾਡੇ ਕੋਲ ਕੀ ਜਵਾਬ ਏ ?



— ਅਸਲ ਗੱਲ ਇਹ ਏ ਕਿ ਮੇਰਾ ਬਚਪਨ ਮੇਰੀ ਲਿਖਤ ਵਿੱਚੋਂ ਕੱਢਣਾ ਔਖਾ ਏ। ਇਹ ਗੱਲ ਮੈਂ ਅੱਗੇ ਵੀ ਕੀਤੀ ਏ ਕਿ ਮੈਂ ਹਿੰਦੂ, ਸਿੱਖ ਤੇ ਮੁਸਲਮਾਨ ਸਾਂਝੇ ਮੁਆਸ਼ਰੇ ਵਿੱਚ ਜੰਮਿਆ ਤੇ ਪਲਿਆ । ਮੈਂ ਇਹਨਾਂ ਸਭ ਦੀਆਂ ਆਪਸ ਦੀਆਂ ਮੁਹੱਬਤਾਂ ਵੀ ਦੇਖੀਆਂ ਨੇ ਤੇ ਨਫ਼ਰਤਾਂ ਵੀ। ਤੇ ਜੋ ਕੁੱਝ ਮੈਂ ਅੱਖੀਂ ਦੇਖਿਆ ਉਹਨੂੰ ਬਿਆਨ ਕਰਨ ਵਿੱਚ ਆਖ਼ਰ ਹਰਜ਼ ਵੀ ਕੀ ਏ ? ਫੇਰ ਵੀ ਮੇਰੀਆਂ ਕਹਾਣੀਆਂ ਵਿੱਚ ਸਿੱਖ ਕਿਰਦਾਰ ਡੋਮੀਨੇਟ ਨਹੀਂ ਕਰਦੇ। ਜਦਕਿ ਮੇਰੀ ਤਰ੍ਹਾਂ ਦੇ ਮੇਰੇ ਅਹਿਦ ਦੇ ਲਿਖਾਰੀ ਅਫ਼ਜ਼ਲ ਅਹਿਸਨ ਰੰਧਾਵਾ ਨਾਲ ਵੀ ਇਹੋ ਸੂਰਤ ਏ, ਉਹਨਾਂ ਦੇ ਕਿਰਦਾਰ ਵੀ ਮੇਰੀ ਤਰ੍ਹਾਂ ਦੇ ਨੇ ਉਨ੍ਹਾਂ ਉੱਤੇ ਵੀ ਇਹੋ ਇਤਰਾਜ਼ ਏ ਲੇਕਿਨ ਉਹਨਾਂ ਦੀਆਂ ਕਹਾਣੀਆਂ ਵਿੱਚ ਇਹ ਡੋਮੀਨੇਟ ਕਰਦੇ ਨੇ। ਮੇਰੇ ਸਿੱਖ ਕਿਰਦਾਰਾਂ ਉੱਤੇ ਇਤਰਾਜ਼ ਕਰਨਾ ਅਜੀਬ ਵੀ ਏ ਤੇ ਏਸ ਗੱਲ ਦੀ ਦਲੀਲ ਕਿ ਜਿਹੜੇ ਲੋਕ ਅਜਿਹੀ ਗੱਲ ਕਰਦੇ ਨੇ ਉਹਨਾਂ ਮੇਰੀਆਂ ਲਿਖਤਾਂ ਪੜ੍ਹੇ ਬਗੈਰ ਜੋ ਜੀਅ ਵਿੱਚ ਆਇਆ ਆਖ ਦਿੱਤਾ ਏ। ਮੇਰੇ ਨਾਵਲ ਤੇ ਮੇਰੀਆਂ ਕਹਾਣੀਆਂ ਦੇ ਸਿੱਖ ਕਿਰਦਾਰ ਸਾਨਵੀ (ਸੈਕੰਡਰੀ) ਹੈਸੀਅਤ ਰੱਖਦੇ ਨੇ। ਮੇਰੀ ਫਿਕਸ਼ਨ ਦੀ ਸਰਦਾਰ ਰਹਿਤਲ ਮੁਸਲਮਾਨਾਂ ਦੀ ਹੁੰਦੀ ਏ, ਸਿੱਖਾਂ ਦੀ ਨਹੀਂ। ਮੇਰੇ ਨਾਵਲ ' ਰੁੱਤ ਤੇ ਰੀਤਾਂ ' ਦੀ ਸਰਦਾਰ ਰਹਿਤਲ ਸਿੱਖਾਂ ਦੀ ਏ ਪਰ ਏਸ ਨਾਵਲ ਦੇ ਪਾਤਰ ਮੁਸਲਮਾਨ ਨੇ ਤੇ ਪੱਜ ਪਾ ਕੇ ਸਿੱਖ ਬਣੇ ਹੋਏ ਨੇ ਤਾਂਜੇ ਹੀਣੇ ਸਿੱਖਾਂ ਦੀ ਮਦਦ ਕਰਨ।

? ਅੱਜ ਦੇ ਦਿਨਾਂ ਵਿੱਚ ਪੰਜਾਬੀ ਕਹਾਣੀ ਬਾਕੀ ਸਾਰੀਆਂ ਸਿਨਫ਼ਾਂ ਤੋਂ ਵੱਧ ਤਰੱਕੀ ਕਰ ਰਹੀ ਏ। ਤੁਸੀਂ ਪਾਕਿਸਤਾਨੀ ਕਹਾਣੀਕਾਰਾਂ ਦੀ ਅਹਿਮ ਤੇ ਮੂਹਰਲੀ ਸਫ਼ ਵਿੱਚ ਗਿਣੇ ਜਾਂਦੇ ਓ। ਕੀ ਇਹ ਦੱਸਣਾ ਪਸੰਦ ਕਰੋਗੇ ਕਿ ਆਲਮੀ ਅਫ਼ਸਾਨਵੀ ਅਦਬ ਤੇ ਪੰਜਾਬੀ ਕਹਾਣੀਕਾਰੀ ਦਾ ਕੀ ਸਾਂਗਾ ਏ। ਤੇ ਆਲਮੀ ਤਨਾਜ਼ਰ ਵਿੱਚ ਸਾਡੀ ਕਹਾਣੀ ਦਾ ਕੀ ਥਾਂ ਬਣਦਾ ਏ।

— ਆਲਮੀ ਅਫ਼ਸਾਨਵੀ ਅਦਬ ਦਾ ਖਿਲਾਰ ਤੇ ਉਸਾਰ ਬਹੁਤ ਜ਼ਿਆਦਾ ਏ। ਦੁਨੀਆ ਦੀਆਂ ਤਰੱਕੀਯਾਫ਼ਤਾ ਜ਼ੁਬਾਨਾਂ ਦਾ ਅਫ਼ਸਾਨਵੀ ਅਦਬ ਵੀ ਬਹੁਤ ਤਰੱਕੀਯਾਫ਼ਤਾ ਏ। ਅਫ਼ਸਾਨਵੀ ਅਦਬ ਵਿੱਚ ਅਫ਼ਸਾਨਾ, ਨਾਵਲ ਤੇ ਡਰਾਮਾ ਆਉਂਦੇ ਨੇ। ਡਰਾਮੇ ਲਈ ਅੰਗਰੇਜ਼ੀ ਅਦਬ ਬੇਮਿਸਾਲ ਏ ਯਾਅਨੀ ਸ਼ੈਕਸਪੀਅਰ ਨੇ ਕਮਾਲ ਕੀਤਾ। ਨਾਵਲ ਸਭ ਤੋਂ ਚੰਗੇ ਰੂਸੀ ਜ਼ੁਬਾਨ ਵਿੱਚ ਲਿਖੇ ਗਏ ਨੇ। ਏਥੇ ਗੋਰਕੀਂ ਤੇ ਟਾਲਸਟਾਏ ਦਾ ਜਵਾਬ ਨਹੀਂ। ਅਫ਼ਸਾਨੇ ਹਰ ਤਰੱਕੀਯਾਫ਼ਤਾ ਜ਼ੁਬਾਨ ਵਿੱਚ ਖ਼ੂਬਸੂਰਤ ਅੰਦਾਜ਼ ਵਿੱਚ ਲਿਖੇ ਗਏ ਨੇ। ਅਫ਼ਸਾਨਾਨਿਗਾਰੀ ਵਿੱਚ ਇੱਕ ਨਹੀਂ ਕਈ ਨਾਂਅ ਉੱਚੇ ਸੁੱਚੇ ਨੇ। ਮਸਲਨ ਫ਼ਰਾਂਸੀਸੀ ਵਿੱਚ ਮੋਪਾਸਾਂ ਤੇ ਹਿੰਦੀ ਵਿੱਚ ਪ੍ਰੇਮ ਚੰਦ ਨੇ ਨਾਂ ਕਮਾਇਆ ਏ। ਉਂਞ ਦੁਨੀਆ ਵਿੱਚ ਵੱਡੇ ਅਫ਼ਸਾਨਾਨਿਗਾਰ ਚਾਰ ਹੋਏ ਨੇ ਫ਼ਰਾਂਸੀਸੀ ਵਿੱਚ ਮੋਪਾਸਾਂ , ਅੰਗਰੇਜ਼ੀ ਵਿੱਚ ਓ ਹੈਨਰੀ, ਰੂਸੀ ਵਿੱਚ ਚੈਖ਼ੋਵ ਤੇ ਉਰਦੂ ਵਿੱਚ ਸਆਦਤ ਹਸਨ ਮੰਟੋ। ਏਥੇ ਇਹ ਗੱਲ ਦੱਸਣੀ ਜ਼ਰੂਰੀ ਏ ਕਿ ਉਰਦੂ ਜ਼ੁਬਾਨ ਵਿੱਚ ਵੀ ਬੜੀਆਂ ਆਲ੍ਹਾ ਤੇ ਵਧੀਆ ਕਹਾਣੀਆਂ ਲਿਖੀਆਂ ਗਈਆਂ ਨੇ ਜਿਨ੍ਹਾਂ ਨੂੰ ਆਲਮੀ ਅਦਬ ਆਲਾ ਵਿੱਚ ਮੋਤਬਰ ਥਾਂ ਮਿਲਦਾ ਏ। ਉਰਦੂ ਕਹਾਣੀਕਾਰਾਂ ਵਿੱਚ ਮੰਟੋ, ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਅਹਿਮਦ ਨਦੀਮ ਕਾਸਮੀ, ਇਸਮਤ ਚੁਗ਼ਤਾਈ, ਇੰਤਜ਼ਾਰ ਹੁਸੈਨ ਤੇ ਗ਼ੁਲਾਮ

ਅੱਬਾਸ ਦੇ ਨਾਂ ਸ਼ਾਮਲ ਨੇ। ਪੰਜਾਬੀ ਜ਼ੁਬਾਨ ਵਿੱਚ ਅੱਜ ਤੱਕ ਕੋਈ ਚੈਖ਼ੋਵ , ਓ ਹੈਨਰੀ ਜਾਂ ਸਆਦਤ ਹਸਨ ਮੰਟੋ ਨਹੀਂ ਜੰਮਿਆ।

ਅੰਮ੍ਰਿਤਾ ਪ੍ਰੀਤਮ, ਅਫ਼ਜ਼ਲ ਅਹਿਸਨ ਰੰਧਾਵਾ ਤੇ ਦੂਜਿਆਂ ਦਾ ਨਾਂ ਲਿਆ ਜਾਂਦਾ ਏ ਪਰ ਅੰਮ੍ਰਿਤਾ ਦੇ ਪਲਾਟ ਆਲਮੀ ਕਹਾਣੀ ਦੇ ਮੁਕਾਬਲੇ ਵਿੱਚ ਕੋਈ ਖ਼ਾਸ ਨਹੀਂ ਹੁੰਦੇ।ਅਫਜ਼ਲ ਅਹਿਸਨ ਰੰਧਾਵਾ ਦੀਆਂ ਕਹਾਣੀਆਂ ਜ਼ਿਆਦਾਤਰ ਸਾਡੀ ਪੇਂਡੂ ਰਹਿਤਲ ਬਾਰੇ ਨੇ ਤੇ ਉਨ੍ਹਾਂ ਦਾ ਬੁਨਿਆਦੀ ਮੌਜ਼ੂ ਵਾਇਲੈਂਸ ਏ। ਉਹਨਾਂ ਦਾ ਸਭ ਤੋਂ ਅੱਛਾ ਨਾਵਲਿਟ 'ਦੀਵਾ ਤੇ ਦਰਿਆ' ਏ। ਪਰ ਉਹ ਸਾਡੇ ਕਲਚਰ ਬਾਰੇ ਨਹੀਂ ਸਗੋਂ ਸਿੱਖਾਂ ਦੇ ਕਲਚਰ ਬਾਰੇ ਏ। ਜਿਹੜੀਆਂ ਕਹਾਣੀਆਂ ਉਹਨਾਂ ਸਿੱਖਾਂ ਬਾਰੇ ਲਿਖੀਆਂ ਨੇ ਉਹਨਾਂ ਨੂੰ ਇੰਡੀਆ ਵਿੱਚ ਬਾਅਦ ਨਕਾਦਾਂ ਨੇ ਨਾ ਪਸੰਦ ਕੀਤਾ ਏ ਕਿਉਂਕਿ ਉਹ ਅੱਜ ਦੇ ਸਿੱਖਾਂ ਬਾਰੇ ਨਹੀਂ। ਸੱਚੀ ਗੱਲ ਤੇ ਇਹ ਐ ਕਿ ਪਾਕਿਸਤਾਨ ਵਿੱਚ ਜਿਹੜੀ ਕਹਾਣੀ ਹੁਣ ਤੱਕ ਲਿਖੀ ਗਈ ਏ ਉਹ ਸਬ-ਸਟੈਂਡਿਡ ਏ। ਐਸੀ ਕਹਾਣੀ ਤੇ ਕੋਈ ਵੀ ਨਹੀਂ ਲਿਖੀ ਗਈ ਜਿਹੜੀ ਤਫ਼ਰੀਹ ਜਾਂ ਸੁਰਤ ਗਿਆਨ ਦੇ ਹਵਾਲੇ ਨਾਲ ਪੜ੍ਹਨ ਵਾਲੇ ਨੂੰ ਮੁਤਾਸਿਰ ਕਰੇ। ਪਾਕਿਸਤਾਨ ਵਿੱਚ ਕਈ ਪੰਜਾਬੀ ਰਸਾਲੇ ਛਪਦੇ ਨੇ ਮਸਲਨ 'ਪੰਜਾਬੀ ਅਦਬ','ਲਹਿਰਾਂ ', 'ਸਵੇਰ' ਤੇ 'ਪੰਚਮ' ਵਗੈਰਾ। ਇਹਨਾਂ ਵਿੱਚ ਕੰਮ ਦੀ ਕਹਾਣੀ ਲੱਭਣ ਲਈ ਬੜੀ ਖੇਚਲ ਕਰਨੀ ਪੈਂਦੀ ਏ। ਪੰਜਾਬੀ ਵਿੱਚ ਚੰਗੀ ਕਹਾਣੀ ਕਿਉਂ ਨਹੀਂ ਲਿਖੀ ਜਾਂਦੀ ? ਇਹਦੇ ਕਈ ਸਬੱਬ ਨੇ। ਪਹਿਲਾ ਇਹ ਕਿ ਕਹਾਣੀਕਾਰਾਂ ਨੂੰ ਇਖ਼ਲਾਕੀ ਜਾਂ ਮਾਦੀ ਕਿਸੇ ਵੀ ਤਰ੍ਹਾਂ ਸਿਲਾ ਨਹੀਂ ਮਿਲਦਾ। ਬੰਦਾ ਭਲਾ ਉਹ ਕੰਮ ਕਿਉਂ ਕਰੇ ਜੀਹਦਾ ਸਿਲਾ ਨਾ ਹੋਵੇ ? ਦੂਜਾ ਸਬੱਬ ਇਹ ਐ ਕਿ ਰਸਾਲਿਆਂ ਦੇ ਐਡੀਟਰ ਘੁਸ ਬੈਠੀਏ ਨੇ। ਬਸ ਏਧਰੋਂ ਓਧਰੋਂ ਮੁਆਦ ਕੱਠਾ ਕਰਕੇ ਬੇਥਵ੍ਹੀ ਨਾਲ ਛਾਪੀ ਜਾ ਰਹੇ ਨੇ। ਐਡੀਟਰ ਮਿਹਨਤ ਨਹੀਂ ਕਰਦੇ ਤੇ ਕਹਾਣੀਕਾਰਾਂ ਨੂੰ ਆਖ ਕੇ ਚੰਗੀ ਕਹਾਣੀ ਨਹੀਂ ਲਿਖਵਾਉਂਦੇ। ਅਜੇ ਤੱਕ ਸ਼ਿਫਾਰਸ਼ ਤੇ ਫਰਮਾਇਸ਼ੀ ਅਦਬ ਈ ਛਪੀ ਜਾ ਰਿਹਾ ਏ। ਤੀਜੀ ਵਜ੍ਹਾ ਇਹ ਐ ਕਿ ਪੰਜਾਬੀ ਆਪਣੀ ਜ਼ੁਬਾਨ ਨੂੰ ਜ਼ਿਆਦਾ ਅਹਿਮੀਅਤ ਨਹੀਂ ਦੇਂਦੇ । ਪੜ੍ਹਿਆ ਰੁਪਏ ਪੈਸੇ ਖਰਚ ਕੇ ਰਸਾਲੇ ਕਿਤਾਬਾਂ ਨਹੀਂ ਖ਼੍ਰੀਦਦਾ। ਚੌਥੀ ਵਜ੍ਹਾ ਇਹ ਐ ਕਿ ਪੰਜਾਬ ਤੇ ਪਾਕਿਸਤਾਨ ਦੀਆਂ ਸਰਕਾਰਾਂ ਪੰਜਾਬੀ ਦੀ ਬਜਾਏ ਦੂਜੀਆਂ ਜ਼ੁਬਾਨਾਂ ਦੀ ਸਰਪ੍ਰਸਤੀ ਕਰਦੀਆਂ ਨੇ। ਪੰਜਾਬੀ ਨਾਲ ਪਤਾ ਨਹੀਂ ਕਿਉਂ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਏ ? ਏਸ ਵਾਸਤੇ ਏਸ ਜ਼ੁਬਾਨ ਵੱਲ ਤਵੱਜੋ ਨਹੀਂ ਦਿੱਤੀ ਜਾਂਦੀ। ਪੰਜਵੀਂ ਵਜ੍ਹਾ ਇਹ ਐ ਕਿ ਜਿਹੜਿਆਂ ਸਕੂਲਾਂ ਜਾਂ ਕਾਲਜਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਏ ਉਹਨਾਂ ਦੇ ਉਸਤਾਦ ਏਸ ਜ਼ੁਬਾਨ ਤੇ ਅਦਬ ਦਾ ਸ਼ੌਕ ਪੈਦਾ ਕਰਨ ਵਿੱਚ ਨਾਕਾਮ ਰਹੇ ਨੇ। ਉਹ ਮਿਸ਼ਨਰੀ ਜਜ਼ਬੇ ਦੀ ਬਜਾਏ ਨੌਕਰੀਆਂ ਕਰਦੇ ਤੇ ਦੌਲਤ ਸਮੇਟਣ ਦੇ ਚਾਰੇ ਵਿੱਚ ਰਹਿੰਦੇ ਨੇ। ਜਿਵੇਂ ਪੰਜਾਬ ਯੂਨੀਵਰਸਿਟੀ ਦੇ ਚੇਅਰਮੈਨ ਡਾਕਟਰ ਇਸਮਤ ਉੱਲਾ ਜ਼ਾਹਿਦ ਨੂੰ ਈ ਦੇਖ ਲਵੋ ਕਿ ਉਹਦਾ ਪੰਜਾਬੀ ਜ਼ੁਬਾਨ ਤੇ ਅਦਬ ਨਾਲ ਕਿੰਨਾ ਕੁ ਤੁਅੱਲਕ ਏ ? ਛੇਵੀਂ ਵਜ੍ਹਾ ਇਹ ਐ ਕਿ ਪੰਜਾਬੀ ਜ਼ੁਬਾਨ ਦੇ ਟੀਚਰ ਤੇ ਪ੍ਰੋਫ਼ੈਸਰ ਪੜ੍ਹਦੇ ਘੱਟ ਨੇ ਤੇ ਗੱਲਾਂ ਬਹੁਤੀਆਂ ਕਰਦੇ ਨੇ। ਉਹ ਪੰਜਾਬੀ ਜ਼ੁਬਾਨ ਦੇ ਕੁਲਈ (ਸਮੁੱਚੇ) ਲਿਟਰੇਚਰ ਤੋਂ ਵੀ ਵਾਕਫ਼ ਨਹੀਂ। ਉਹ ਦੂਜੀਆਂ ਜ਼ੁਬਾਨਾਂ ਦੇ ਅਦਬ ਦਾ ਕੀ ਮੁਤਾਅਲਾ



ਕਰਨਗੇ ? ਸੱਤਵੀਂ ਗੱਲ ਇਹ ਕਿ ਸਾਡੇ ਲੋਕਾਂ ਵਿੱਚੋਂ ਜੀਹਦੇ ਕੋਲ ਚਾਰ ਪੈਸੇ ਆ ਜਾਂਦੇ ਨੇ ਉਹ ਪੰਜਾਬੀ ਭੁੱਲ ਜਾਂਦਾ ਨੇ ਤੇ ਦੂਜੀਆਂ ਜ਼ੁਬਾਨਾਂ ਬੋਲਣ ਨੂੰ ਵਡਿਆਈ ਸਮਝਣ ਲੱਗ ਪੈਂਦੇ ਨੇ । ਏਸੇ ਲਈ ਤਾਂ ਅਸੀਂ ਪੰਜਾਬੀ ਢੱਗੇ ਮਸ਼ਹੂਰ ਆਂ। ਅੱਠਵੀਂ ਵਜ੍ਹਾ ਇਹ ਐ ਕਿ ਪੰਜਾਬੀ ਲਿਖਣ ਵਾਲਿਆਂ ਨੂੰ ਰੇਡੀਓ, ਟੀ.ਵੀ ਤੇ ਅਖ਼ਬਾਰ ਨਾ ਤੇ ਕੁੱਝ ਅਹਿਮੀਅਤ ਦੇਂਦੇ ਨੇ ਤੇ ਨਾ ਈ ਮੁਆਵਜ਼ਾ। ਮੈਂ ਆਪ ਦੇਖਿਆ ਹੈ ਪਈ ਰੇਡੀਓ ਸਰਵਿਸ ਵਿੱਚ ਪੰਜਾਬੀ ਨੂੰ ਕਦੇ ਕਿਸੇ ਸਟੇਸ਼ਨ ਡਾਇਰੈਕਟਰ ਨੇ ਅਹਿਮੀਅਤ ਨਹੀਂ ਦਿੱਤੀ। ਮੈਂ ਲਾਹੌਰ, ਰਾਵਲਪਿੰਡੀ ਤੇ ਮੁਜ਼ੱਫਰਾਬਾਦ ਤੋਂ ਪੰਜਾਬੀ ਪ੍ਰੋਗਰਾਮ ਨਸ਼ਰ ਕੀਤੇ ਪਰ ਅਫ਼ਸਰ ਲੋਕਾਂ ਨੇ ਹਮੇਸ਼ਾ ਕੋਸ਼ਿਸ਼ ਕੀਤੀ ਕਿ ਇਹ ਜ਼ੁਬਾਨ ਲਿਖਣ ਤੇ ਬੋਲਣ ਵਾਲਿਆਂ ਨੂੰ ਪਿੱਛੇ ਤੋਂ ਪਿੱਛੇ ਰੱਖਿਆ ਜਾਏ ਤੇ ਘੱਟ ਤੋਂ ਘੱਟ ਅਦਾਇਗੀ ਕੀਤੀ ਜਾਏ। ਲਾਹੌਰ ਸਟੇਸ਼ਨ ਤੋਂ ਪੰਜਾਬੀ ਵਿੱਚ ਰਫ਼ੀ ਪੀਰਜ਼ਾਦਾ ਤੇ ਸਫ਼ਦਰ ਮੀਰ ਵੀ ਪ੍ਰੋਗਰਾਮ ਦੇ ਰਹੇ ਨੇ। ਇਹ ਉੱਚੇ ਨਾਂ ਨੇਂ ਪਰ ਮੁਆਵਜ਼ਾ ਇਹਨਾਂ ਨੂੰ ਵੀ ਘੱਟ ਈ ਦਿੱਤਾ ਜਾਂਦਾ ਏ। ਹਾਲਾਂਕਿ ਇਨ੍ਹਾਂ ਦੀਆਂ ਉਰਦੂ ਤਹਿਰੀਰਾਂ ਨੂੰ ਸਲਾਹਿਆ ਵੀ ਜਾਂਦਾ ਸੀ ਤੇ ਪੈਸੇ ਵੀ ਵੱਧ ਦਿੱਤੇ ਜਾਂਦੇ ਸਨ। ਸੋ ਈ ਹਿਸਾਬ ਸੂਫ਼ੀ ਗ਼ੁਲਾਮ ਮੁਸਤਫ਼ਾ ਤਬੱਸਮ ਤੇ ਏ, ਹਮੀਦ ਦਾ ਏ। ਨੌਂਵੀਂ ਵਜ੍ਹਾ ਇਹ ਐ ਕਿ ਸਰਕਾਰੀ ਮਹਿਕਮਿਆਂ ਵਿੱਚ ਖ਼ਵਾਹ ਉਹ ਇਤਲਾਅਤ ਦਾ ਮਹਿਕਮਾ ਏ ਯਾ ਤਾਲੀਮ ਦਾ , ਰੇਡੀਓ ਦੇ ਜਾਂ ਟੀ.ਵੀ ਦੇ ਅਜਿਹੇ ਸੂਝਵਾਨਾਂ ਦੀ ਕੋਈ ਕਦਰ ਨਹੀਂ ਹੁੰਦੀ ਜਿਨ੍ਹਾਂ ਨੇ ਪੰਜਾਬੀ ਵਿੱਚ ਐਮ.ਏ ਕੀਤਾ ਹੋਇਆ ਹੋਵੇ। ਲਾਹੌਰ ਸਟੇਸ਼ਨ ਤੇ ਦੋ ਪ੍ਰੋਡਿਊਸਰ ਸਨ। ਇੱਕ ਨਾਸਿਰ ਰਾਣਾ ਤੇ ਦੂਸਰੇ ਨਾਹੀਦ ਸ਼ਾਹਿਦ। ਦੋਵੇਂ ਰੇਡੀਓ ਦੀ ਨੌਕਰੀ ਛੱਡ ਕੇ ਮਹਿਕਮਾ ਤਾਲੀਮ ਵਿੱਚ ਚਲੇ ਗਏ। ਰੇਡੀਓ ਨਾਲੋਂ ਸ਼ੋਬਾ ਤਾਲੀਮ ਵਿੱਚ ਇਨ੍ਹਾਂ ਦੀ ਕਦਰੋ ਮੰਜ਼ਲਿਤ ਵੀ ਜ਼ਿਆਦਾ ਏ ਤੇ ਪੈਸੇ ਵੀ ਚਾਰ ਵੱਧ ਮਿਲਦੇ ਨੇ। ਏਹਦਾ ਮਤਲਬ ਇਹ ਹੋਇਆ ਕਿ ਜਿਹੜੇ ਜ਼ਹੀਨ ਤੇ ਲਾਇਕ ਬੰਦੇ ਨੇ ਉਹ ਪੰਜਾਬੀ ਜ਼ੁਬਾਨ ਓ ਅਦਬ ਦੀ ਆਲਾ ਤਾਲੀਮ ਵੱਲ ਨਹੀਂ ਆਉਂਦੇ ਤੇ ਜੇ ਆ ਵੀ ਜਾਣ ਤੇ ਆਪਣੇ ਲਈ ਮੁਨਾਸਬ ਥਾਂ ਟਿਕਾਣਾ ਬਣਾਉਣ ਲਈ ਪ੍ਰੇਸ਼ਾਨ ਰਹਿੰਦੇ ਨੇ। ਦਸਵੀਂ ਵਜ੍ਹਾ ਇਹ ਐ ਕਿ ਪੰਜਾਬੀ ਜ਼ੁਬਾਨ ਦੇ ਉਸਤਾਦ ਇਤਫ਼ਾਕ ਤੋਂ ਕੰਮ ਨਹੀਂ ਲੈਂਦੇ ਤੇ ਆਪਣੀ ਤੇ ਪੰਜਾਬੀ ਜ਼ੁਬਾਨ ਓ ਅਦਬ ਦੀ ਹਾਲਤ ਬਿਹਤਰ ਬਣਾਉਣ ਦੀ ਕੋਸ਼ਿਸ਼ ਨਹੀਂ ਕਰਦੇ । ਮਿਸਾਲ ਦੇ ਤੌਰ ਤੇ ਇਹਨਾਂ ਦੇ ਸਿਲੇਬਸ ਤੱਕ ਦੀਆਂ ਕਿਤਾਬਾਂ ਅਫਰਾ-ਤਫਰੀ ਵਿੱਚ ਬਣਾਈਆਂ ਗਈਆਂ ਨੇ। ਵੰਗਾਰਾਂ ਰਾਹੀਂ ਮਸੌਦੇ ਲਿਖਵਾਏ ਗਏ ਨੇ ਤੇ ਤਾਲਬ—ਇਲਮਾਂ ਨੂੰ ਗ਼ਲਤ ਮਾਲੂਮਾਤ ਦਿੱਤੀਆਂ ਜਾ ਰਹੀਆਂ ਹਨ। ਹੋਰ ਤੇ ਹੋਰ ਇਮਲਾ ਤੱਕ ਦਾ ਮਸਲਾ ਇਹਨਾਂ ਕੋਲੋਂ ਹੱਲ ਨਹੀਂ ਹੋ ਸਕਿਆ। ਪੰਜਾਬੀ ਜ਼ੁਬਾਨ ਤੇ ਅਦਬ ਨਾਲ ਪੰਜਾਬੀਆਂ ਦਾ ਆਪਣਾ ਈ ਰਵੱਈਆ ਗ਼ੈਰ—ਜ਼ਿੰਮੇਵਾਰੀ ਦਾ ਭਰਵਾਂ ਸਬੂਤ ਏ। ਪੰਜਾਬ ਦੀ ਹਕੂਮਤ ਭਾਵੇਂ ਹਨੀਫ਼ ਰਾਏ ਚਲਾ ਰਹੇ ਹੋਣ। ਸਾਦਿਕ ਕੁਰੈਸ਼ੀ , ਨਵਾਜ਼ ਸ਼ਰੀਫ, ਮੇਰਾਜ ਖ਼ਾਲਿਦ ਤੇ ਭਾਵੇਂ ਪਰਵੇਜ਼ ਇਲਾਹੀ । ਇਹਨਾਂ ਵਿੱਚੋਂ ਕਿਸੇ ਨੇ ਪੰਜਾਬੀ ਜ਼ੁਬਾਨ ਤੇ ਅਦਬ ਵੱਲ ਤਵੱਜੋ ਨਹੀਂ ਕੀਤੀ। ਫ਼ਖ਼ਰ ਜ਼ਮਾਨ ਸੈਨੇਟਰ ਵੀ ਰਹੇ ਤੇ ਅੱਠ ਅਦਬੀ ਅਦਾਰਿਆਂ ਦੇ ਚੇਅਰਮੈਨ ਤੇ ਵਫ਼ਾਕੀ (ਕੇਂਦਰੀ) ਵਜ਼ੀਰ ਵੀ । ਓਸ ਵੇਲੇ ਉਨ੍ਹਾਂ ਨੂੰ ਪੰਜਾਬੀ ਜ਼ੁਬਾਨ ਤੇ ਅਦਬ ਭੁੱਲ ਜਾਂਦਾ ਰਿਹਾ ਤੇ ਜਦੋਂ ਉਨ੍ਹਾਂ ਕੋਲ ਕੋਈ ਸਰਕਾਰੀ ਅਹੁਦਾ ਨਾ ਹੋਇਆ ਉਹ ਆਪਣੀ ਮਾਂ

ਬੋਲੀ ਦੇ ਛੱਪਰ ਹੇਠ ਵਾਪਸ ਆ ਜਾਂਦੇ ਰਹੇ। ਉਹਨਾਂ ਸਾਰੀ ਉਮਰ ਇਹੋ ਕੁੱਝ ਕੀਤਾ ਏ। ਹਨੀਫ਼ ਰਾਏ ਦਾਨਿਸ਼ਵਰ ਤੇ ਅਦਬੀ ਵਜ਼ੀਰੇ ਆਲਾ ਸਨ। ਉਹ ਪੰਜਾਬ ਅਸੈਂਬਲੀ ਦੇ ਸਪੀਕਰ ਵੀ ਰਹੇ । ਪਰ ਉਨ੍ਹਾਂ ਵੀ ਫ਼ਖ਼ਰ ਜ਼ਮਾਨ ਵਾਲਾ ਕੰਮ ਈ ਫੜੀ ਰੱਖਿਆ। ਸਰਕਾਰੀ ਸਤਹ ਉੱਤੇ ਏਸ ਜ਼ੁਬਾਨ ਦੀ ਸਰਪ੍ਰਸਤੀ ਕਿਸੇ ਨੇ ਆਪਣੇ ਜ਼ਿੰਮੇ ਨਾ ਲਈ। ਇਹ ਤੇ ਇਹਦਾ ਆਪਣਾ ਕਮਾਲ ਏ ਕਿ ਪਿਛਲੇ ਇੱਕ ਹਜ਼ਾਰ ਵਰ੍ਹੇ ਤੋਂ ਆਪਣੇ ਮਿਹਨਤ ਕਰਨ ਵਾਲਿਆਂ ਦੇ ਕਲਮਾਂ ਰਾਹੀਂ ਜ਼ਿੰਦਾ ਏ। ਕਿਸੇ ਵੀ ਜ਼ੁਬਾਨ ਵਿੱਚ ਤੇ ਕਿਸੇ ਵੀ ਸਿਨਫ਼ ਵਿੱਚ ਵਡਿਆਈ ਲਈ ਹਾਲਾਤ ਦਾ ਸਾਜ਼ਗਾਰ ਹੋਣਾ ਜ਼ਰੂਰੀ ਹੁੰਦਾ ਏ । ਪੰਜਾਬੀ ਕਹਾਣੀ ਦੀ ਤਰੱਕੀ ਦੀ ਰਾਹ ਵਿੱਚ ਇਹੋ ਗੱਲਾਂ ਰੁਕਾਵਟ ਰਹੀਆਂ ਨੇ।

? ਪੰਜਾਬੀ ਜ਼ੁਬਾਨ ਤੇ ਅਦਬ ਦੀ ਹਾਲਤ ਤੇ ਤਰੱਕੀ ਦੇ ਰਾਹ ਵਿੱਚ ਰੁਕਾਵਟਾਂ ਦਾ ਜ਼ਿਕਰ ਤੇ ਤੁਸੀਂ ਤਫ਼ਸੀਲ ਨਾਲ ਤੇ ਮੰਤਕੀ (ਸਿਧਾਂਤਕ) ਤੌਰ ਤੇ ਕਰ ਦਿੱਤਾ ਏ। ਕੀ ਤੁਹਾਡੀ ਨਜ਼ਰ ਵਿੱਚ ਪੰਜਾਬੀ ਨੂੰ ਜ਼ਰੀਆ–ਏ–ਤਾਲੀਮ ਬਣਾਉਣ ਲਈ ਹਾਲਾਤ ਕਦੀ ਸਾਜ਼ਗਾਰ ਨਹੀਂ ਹੋ ਸਕਦੇ।

— ਕਿਉਂ ਨਹੀਂ ਹੋ ਸਕਦੇ ? ਪਹਿਲੀ ਤੋਂ ਪੰਜਵੀਂ ਤੱਕ ਪੰਜਾਬ ਦੇ ਹਰ ਸਕੂਲ ਵਿਚ ਪੰਜਾਬੀ ਰਾਹੀਂ ਤਾਲੀਮ ਅੱਜ ਤੋਂ ਸ਼ੁਰੂ ਕਰ ਦੇਵੋ। ਏਸ ਮੁੱਢਲੀ ਤਾਲੀਮ ਦੇ ਬਾਅਦ ਤਾਲਬ ਇਲਮਾਂ ਨੂੰ ਇਜਾਜ਼ਤ ਹੋਵੇ ਕਿ ਉਹ ਅੱਗੇ ਉਰਦੂ ਪੜ੍ਹਨ ਜਾਂ ਅੰਗਰੇਜ਼ੀ। ਉਰਦੂ ਤੇ ਅੰਗਰੇਜ਼ੀ ਵਿੱਚੋਂ ਕੋਈ ਇੱਕ ਜ਼ੁਬਾਨ ਪੜ੍ਹੀ ਜਾਵੇ। ਜੇ ਕੋਈ ਪੰਜਾਬੀ ਈ ਜਾਰੀ ਰੱਖਣਾ ਚਾਹੁੰਦਾ ਏ ਤੇ ਬਿਸਮਿਲਾ। ਆਪਸ਼ਨ ਮਜ਼ਮੂਨ ਦੇ ਤੌਰ ਤੇ ਪੰਜਾਬੀ ਬੀ. ਏ., ਬੀ.ਐਸਸੀ. ਦੀ ਸਤਹ ਤੱਕ ਪੜ੍ਹਨ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਏ। ਜਦਕਿ ਆਲਾ ਤਾਲੀਮ ਵਿੱਚ ਸਾਇੰਸੀ ਜ਼ਰੂਰਤਾਂ ਨੂੰ ਮੁੱਖ ਰੱਖਿਆ ਜਾਏ ਤੇ ਬਿਹਤਰ ਏ। ਭਾਰਤ ਵਿੱਚ ਪੰਜਾਬੀ ਨੂੰ ਜ਼ਰੀਆ ਤਾਲੀਮ ਬਣਾਉਣ ਵਿੱਚ ਜਜ਼ਬਾਤੀਅਤ ਤੋਂ ਕੰਮ ਲਿਆ ਗਿਆ। ਜੀਹਦੇ ਕਾਰਨ ਉਥੇ ਇਹ ਅਮਲ ਨਾਕਾਮ ਹੋ ਗਿਆ ਏ। ਏਹਨੂੰ ਨਾਕਾਮੀ ਤੋਂ ਬਚਾਉਣ ਲਈ ਜ਼ਰੂਰੀ ਏ ਕਿ ਪੰਜਾਬੀ ਨੂੰ ਸਾਇੰਸੀ ਜ਼ੁਬਾਨ ਬਣਾਉਣ ਵਾਸਤੇ ਸਪੈਸ਼ਲ ਨਿਸਾਬ ਮੁਰੱਤਬ ਕੀਤਾ ਜਾਵੇ। ਏਸ ਮਕਸਦ ਲਈ ਮਾਹਿਰਾਂ ਦੀ ਕਮੇਟੀ ਬਣਾਉਣੀ ਜ਼ਰੂਰੀ ਏ। ਇਹ ਕਮੇਟੀ ਸਾਇੰਸੀ ਮੌਜ਼ੂ ਦੀਆਂ ਕਿਤਾਬਾਂ ਤਰਜ਼ਮਾ ਕਰੇ ਲਿਖੇ ਜਾਂ ਲਿਖਵਾਏ । ਇਹਦੇ ਉੱਤੇ ਇੱਕ ਇਸਤਨਾਦੀ ਬੋਰਡ ਯਾਨੀ (Standardisation Board, Certification Board) ਬਣਾ ਦਿੱਤਾ ਜਾਵੇ ਜਿਹੜਾ ਨਿਸਾਬਸਾਜ਼ੀ ਦਾ ਕੰਮ ਵੀ ਆਪਣੇ ਜ਼ਿੰਮੇ ਲਵੇ ਤਾਂ ਜੇ ਤਾਲੀਮੀ ਮਿਆਰ ਘਟਣ ਦੇ ਇਮਕਾਨ ਮੁੱਕ ਜਾਣ। ਹਕੂਮਤ ਪੰਜਾਬੀ ਜ਼ੁਬਾਨ ਦੇ ਅਖ਼ਬਾਰਾਂ ਤੇ ਰਸਾਲਿਆਂ ਨੂੰ ਇਸ਼ਤਿਹਾਰ ਦੇਵੇ ਤਾਂਜੇ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ ਤੇ ਰੀਡਰਸ਼ਿਪ ਵਧਾਉਣ ਵਾਸਤੇ ਕੁੱਝ ਕੁਰਬਾਨੀਆਂ ਦੇਣ ਜੋਗੇ ਹੋ ਸਕਣ।

? ਪੰਜਾਬੀ ਅਦਬ ਦੁਨੀਆ ਵਿੱਚ ਥਾਂ ਥਾਂ ਲਿਖਿਆ ਜਾ ਰਿਹਾ ਏ ਪਰ ਇਹਦਾ ਮਰਕਜ਼ ਜ਼ਾਹਿਰ ਏ ਪੰਜਾਬ ਦਾ ਇਲਾਕਾ ਏ। ਏਸ ਵੇਲੇ ਪਾਕਿਸਤਾਨ ਤੇ ਭਾਰਤ ਵਿੱਚ ਵੰਡਿਆ ਹੋਇਆ ਏ। ਕੀ ਏਸ ਜੁਗਰਾਫ਼ੀਆਈ ਤਕਸੀਮ ਨੇ ਅਦਬ ਦੇ ਮੌਜ਼ੂਆਤ ਤੇ ਮਿਆਰ ਉੱਤੇ ਕੋਈ ਅਸਰ ਪਾਇਆ ਏ।

— ਜ਼ਰੂਰ ਪਾਇਆ ਏ । ਇੰਡੀਆ ਦੀ ਤਕਸੀਮ ਦੀ ਵਜ੍ਹਾ ਕਰਕੇ ਪੰਜਾਬ ਵੀ



ਆਪਣੀ ਮੁਸਲਿਮ ਤੇ ਗ਼ੈਰ–ਮੁਸਲਿਮ ਆਬਾਦੀ ਦੀ ਬੁਨਿਆਦ ਉੱਤੇ ਤਕਸੀਮ ਹੋ ਗਿਆ । ਏਸੇ ਕਰਕੇ ਪੰਜਾਬੀ ਅਦਬ ਵੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ । ਇੱਕ ਪਾਕਿਸਤਾਨੀ ਪੰਜਾਬੀ ਅਦਬ ਤੇ ਦੂਜਾ ਭਾਰਤੀ ਪੰਜਾਬੀ ਅਦਬ। ਪਾਕਿਸਤਾਨੀ ਪੰਜਾਬੀ ਅਦਬ ਫ਼ਾਰਸੀ ਰਸਮੁਲ ਖ਼ਤ ਵਿੱਚ ਤੇ ਭਾਰਤੀ ਗੁਰਮੁਖੀ ਲਿੱਪੀ ਵਿੱਚ ਲਿਖਿਆ ਜਾ ਰਿਹਾ ਏ। ਇੱਕ ਤਕਸੀਮ ਤੇ ਰਸਮੁਲ ਖ਼ਤ ਦੀ ਹੋ ਗਈ, ਦੂਜੀ ਤਕਸੀਮ ਅਲਫਾਜ਼ ਦੀ ਏ। ਇੰਡੀਅਨ ਗੌਰਮਿੰਟ ਦੀ ਕੋਸ਼ਿਸ਼ ਏ ਗੁਰਮੁਖੀ ਵਿੱਚ ਜ਼ਿਆਦਾ ਤੋਂ ਜ਼ਿਆਦਾ ਸੰਸਕ੍ਰਿਤ ਤੇ ਹਿੰਦੀ ਦੇ ਲਫਜ਼ ਸ਼ਾਮਲ ਹੋਣ। ਏਸ ਵਾਸਤੇ ਉਹ ਗੁਰਮੁਖੀ ਦੇ ਤਾਲੀਮੀ ਅਦਾਰਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਮਾਲੀ ਮਦਦ ਦੇ ਰਹੀ ਏ। ਉਥੋਂ ਦੇ ਉਸਤਾਦਾਂ ਦੀਆਂ ਤਨਖ਼ਾਹਾਂ ਤੇ ਅਲਾਊਂਸ ਵੀ ਪਾਕਿਸਤਾਨੀ ਉਸਤਾਦਾਂ ਨਾਲੋਂ ਕਿਤੇ ਵੱਧ ਨੇ। ਉਥੇ ਪੰਜਾਬੀ ਉਸਤਾਦ ਲਈ ਨੌਕਰੀਆਂ ਦੇ ਦਰਵਾਜ਼ੇ ਵੀ ਖੁੱਲ੍ਹੇ ਨੇ। ਏਸ ਲਈ ਪੰਜਾਬੀ ਦੀ ਰੀਡਰਸ਼ਿਪ ਵੱਧ ਏ। ਇਹਦੇ ਇਲਾਵਾ ਇਹ ਜ਼ੁਬਾਨ ਸਿੱਖਾਂ ਦੀ ਕੌਮੀ ਤੇ ਮਜ਼ਹਬੀ ਜ਼ੁਬਾਨ ਦਾ ਦਰਜਾ ਵੀ ਰੱਖਦੀ ਏ ਲਿਹਾਜ਼ਾ ਉਨ੍ਹਾਂ ਦੀ ਤਵੱਜੋ ਏਸ ਪਾਸੇ ਹੋਣਾ ਬਿਲਕੁਲ ਫਿਤਰੀ ਏ। ਜਦਕਿ ਸਾਡੇ ਪਾਸੇ ਪੰਜਾਬੀ ਜ਼ੁਬਾਨ ਵੱਲ ਧਿਆਨ ਦੇਣ ਵਾਲੇ ਆਪਣੀ ਜ਼ਾਤੀ ਮਿਹਨਤ ਪਾਰੋਂ ਇੰਝ ਕਰ ਸਕਦੇ ਨੇ। ਏਥੇ ਅਜੇ ਤੱਕ ਨਾ ਤਾਂ ਇਹ ਪ੍ਰਾਈਮਰੀ ਤਾਲੀਮ ਦਾ ਜ਼ਰੀਆ ਬਣੀ ਏ ਨਾ ਛੇਵੀਂ ਤੋਂ ਦਸਵੀਂ ਤੱਕ ਪੰਜਾਬੀ ਆਪਸ਼ਨਲ ਪੜ੍ਹਾਉਣ ਲਈ ਮਾਹਿਰ ਮਜ਼ਮੂਨ ਮੌਜੂਦ ਨੇ ਤੇ ਨਾ ਹੀ ਆਲਾ ਤਾਲੀਮ ਲਈ ਮਿਆਰੀ ਨਿਸਾਬ । ਪੰਜਾਬੀ ਕਿਤਾਬਾਂ ਹਜ਼ਾਰਾਂ ਛੱਡ ਕੇ ਸੈਂਕੜਿਆਂ ਵਿੱਚ ਛਪਦੀਆਂ ਨੇ ਤੇ ਦੂਜਾ ਐਡੀਸ਼ਨ ਮੁਕੱਦਰਾਂ ਨਾਲ ਈ ਸਾਹਮਣੇ ਆਉਂਦਾ ਏ। ਗ਼ੈਰ–ਮਿਆਰੀ ਅਦੀਬ ਵੱਡੀਆਂ ਵੱਡੀਆਂ ਸਿਫ਼ਾਰਸ਼ਾਂ ਰਾਹੀਂ ਨਿਸਾਬ ਵਿੱਚ ਸ਼ਾਮਲ ਹੋ ਕੇ ਨਵੀਂ ਦੁਨੀਆ ਦੀ ਤਰੱਕੀ ਦੀ ਰਾਹ ਵਿੱਚ ਰੁਕਾਵਟ ਬਣ ਰਹੇ ਹਨ। ਇਹੋ ਵਜ੍ਹਾ ਏ ਕਿ ਸਾਡੇ ਪਾਸ ਇਤਰਾਜ਼ ਕਰਨ ਵਾਲਿਆਂ ਤੇ ਫੰਡ ਮੁਹੱਈਆ ਕਰਨ ਵਾਲਿਆਂ ਦੀ ਆਪਸ ਵਿੱਚ ਬਹੁਤੀ ਏ ਤੇ ਮਿਆਰੀ ਅਦਬ ਦੀਆਂ ਦਲੀਲਾਂ ਘੱਟ ਨੇ । ਏਸ ਤਰ੍ਹਾਂ ਏਸ ਪਾਸੇ ਪੰਜਾਬੀ ਦੀ ਬੇੜੀ ਵਿੱਚ ਕੁੱਝ ਆਪਣੇ ਈ ਵੱਟੇ ਪਾ ਰਹੇ ਨੇ। ਇਹ ਸਾਰੀ ਗੱਲ ਸਿਆਸੀ ਕਲਚਰ ਨਾਲ ਵਾਬਸਤਾ ਏ । ਜਦ ਤੱਕ ਮੌਜੂਦਾ ਸਿਆਸੀ ਕਲਚਰ ਕਾਇਮ ਏ ਹਾਲਾਤ ਇੰਝ ਈ ਰਹਿਣਗੇ। ਜ਼ਰੂਰਤ ਏ ਕਿ ਪੂਰਾ ਮੁਆਸ਼ਰਕੀ ਢਾਂਚਾ ਏਸ ਸਿਲਸਿਲੇ ਵਿੱਚ ਮਦਦਗਾਰ ਹੋਵੇ। ਪੰਜਾਬੀ ਉਦੋਂ ਈ ਤਰੱਕੀ ਕਰ ਸਕੇਗੀ ਜਦੋਂ ਜਾਗੀਰਦਾਰੀ ਤੇ ਸਰਮਾਇਆਦਾਰੀ ਨੁਮਾਇੰਦਿਆਂ ਦੀ ਥਾਂ ਥੱਲੜੇ ਤੇ ਸੰਜੀਦਾ ਤਬਕੇ ਦੇ ਲੋਕ ਹਕੂਮਤ ਸੰਭਾਲਣਗੇ।

? ਹੁਣੇ ਤੁਸੀਂ ਆਖ ਰਹੇ ਹੋ ਕਿ ਪਾਕਿਸਤਾਨ ਵਿੱਚ ਜੀਹਦੇ ਕੋਲ ਚਾਰ ਪੈਸੇ ਆ ਜਾਂਦੇ ਨੇ ਉਹੋ ਪੰਜਾਬੀ ਛੱਡ ਦੂਜੀਆਂ ਜ਼ੁਬਾਨਾਂ ਬੋਲਣ ਲੱਗ ਪੈਂਦਾ ਏ। ਕੀ ਸਰਕਾਰੀ ਅਹੁਦੇ ਆਉਣ ਨਾਲ ਇੰਝ ਨਹੀਂ ਹੋਵੇਗਾ ? ਤੇ ਹੁਕਮਰਾਨ ਬਣਕੇ ਥੱਲੜੇ ਤਬਕੇ ਦੇ ਤੇ ਦੂਜੇ ਲੋਕ ਆਪਣੀ ਚਾਲ ਨਹੀਂ ਭੁੱਲ ਜਾਣਗੇ।

— ਮੈਂ ਦਰਅਸਲ ਸਿਆਸੀ ਕਲਚਰ ਦੀ ਗੱਲ ਕੀਤੀ ਏ। ਜਿਹੜੇ ਲੋਕ ਚਾਰ ਪੈਸੇ ਆਉਣ ਨਾਲ ਆਪਣੇ ਘਰਾਂ ਵਿੱਚ ਪੰਜਾਬੀ ਛੱਡ ਕੇ ਉਰਦੂ ਜਾਂ ਅੰਗਰੇਜ਼ੀ ਬੋਲਣ ਲੱਗ ਪੈਂਦੇ ਨੇ ਉਹ ਨਫ਼ਸੀਆਤੀ ਤੌਰ ਤੇ ਅਹਿਸਾਸੇ ਕਮਤਰੀ ਦਾ ਸ਼ਿਕਾਰ ਨੇ। ਉਹ ਸ਼ੁਹਦੇ

ਘਰਾਂ ਦੇ ਪਰਵਰਦਾ ਨੇ। ਉਹਨਾਂ ਦੀ ਤਾਲੀਮ ਓ ਤਰਬੀਅਤ ਭਰਵੀਂ ਨਹੀਂ ਹੋਈ ਹੁੰਦੀ । ਜੇ ਪਾਕਿਸਤਾਨ ਜਾਂ ਪੰਜਾਬ ਦਾ ਸਿਆਸੀ ਕਲਚਰ ਸੱਚੀ ਮੁੱਚੀ ਤਬਦੀਲ ਹੋ ਜਾਏ ਤੇ ਪਾਕਿਸਤਾਨ ਯਾ ਪੰਜਾਬ ਵਿੱਚ ਅਸਲੀ ਜਮਹੂਰੀਅਤ ਆ ਜਾਏ ਤੇ ਫੇਰ ਕੋਈ ਚੰਗੜ ਜਾਂ ਓਡ ਵੀ ਗਵਰਨਰ ਜਾਂ ਵਜ਼ੀਰੇ ਆਲਾ ਬਣ ਸਕਦਾ ਜੋ ਇਸਲਾਮ ਦੀ ਅਸਲ ਰੂਹ ਏ ਕਿ ਸਾਰੇ ਇਨਸਾਨ ਬਰਾਬਰ ਨੇ। ਇਹੋ ਸੂਰਤ ਇੰਡੀਆ ਵਿੱਚ ਰਹੀ ਏ ਕਿ ਉਥੇ ਮੁਸਲਮਾਨ, ਸਿੱਖ ਤੇ ਹਿੰਦੂਆਂ ਵਿਚੋਂ ਸ਼ੂਦਰ ਤੱਕ ਸਦਾਰਤ ਦੇ ਅਹੁਦੇ ਤੱਕ ਅੱਪੜੇ ਨੇ। ਪਾਕਿਸਤਾਨ ਵਿੱਚ ਅਜੇ ਤੀਕ ਕੋਈ ਅੰਬੇਦਕਰ ਤੇ ਨਾਰਾਇਣ ਪੈਦਾ ਨਹੀਂ ਹੋਇਆ । ਸਾਡੇ ਪੰਜਾਬ ਵਿੱਚ ਜਾਗੀਰਦਾਰਾਂ ਤੇ ਵੱਡੇ ਜ਼ਿਮੀਂਦਾਰਾਂ ਦਾ ਜ਼ੋਰ ਏ। ਉਹ ਧੌਂਸ ਨਾਲ ਸਿਆਸਤ ਤੇ ਕਾਬਜ਼ ਨੇ ਤੇ ਸਿਆਸੀ ਫ਼ੈਸਲੇ ਕਰਦੇ ਨੇ। ਨਵਾਜ਼ ਸ਼ਰੀਫ਼ ਦੇ ਜ਼ਮਾਨੇ ਵਿੱਚ ਤਾਜਰ ਤਬਕੇ ਦਾ ਜ਼ੋਰ ਹੋ ਗਿਆ ਤੇ ਸਰਮਾਇਆਦਾਰਾਂ ਦੀ ਹਰ ਗੱਲ ਮੰਨੀ ਜਾਂਦੀ ਰਹੀ। ਜ਼ਿਮੀਂਦਾਰਾਂ ਦੀ ਨੁਮਾਇੰਦਾ ਬੇਨਜ਼ੀਰ ਭੁੱਟੋ ਹੋਏ ਜਾਂ ਤਾਜਰਾਂ ਦਾ ਆਗੂ ਨਵਾਜ਼ ਸ਼ਰੀਫ਼। ਪਾਕਿਸਤਾਨ ਵਿੱਚ ਅਸਲੀ ਜਮਹੂਰੀਅਤ ਪ੍ਰਵਾਨ ਨਹੀਂ ਚੜ੍ਹ ਸਕੀ। ਸਿਆਸਤਦਾਨਾਂ ਦੀ ਕੁਰੱਪਸ਼ਨ ਉਦੋਂ ਵਤਮ ਹੋ ਸਕੀ ਜਦੋਂ ਜਰਨੈਲ ਟੈਂਕ ਲੈ ਕੇ ਅਸੈਂਬਲੀਆਂ ਦੇ ਸਾਹਮਣੇ ਆਣ ਖਲੋਂਦੇ ਰਹੇ ਤੇ ਬਾਅਦ ਵਿੱਚ ਜਰਨੈਲਾਂ ਨੇ ਵੀ ਪਾਕਿਸਤਾਨ ਵਿੱਚ ਕੋਈ ਸਮਾਜੀ, ਤਾਲੀਮੀ, ਅਦਬੀ, ਮੁਆਸ਼ੀ ਯਾ ਲਿਸਾਨੀ ਇਨਕਲਾਬ ਨਹੀਂ ਲਿਆਂਦਾ । ਉਹੀਓ ਈ ਤੰਦ ਤੇ ਉਹੀਓ ਈ ਤੱਕਲਾ ਵਾਲਾ ਹਿਸਾਬ ਰਿਹਾ। ਏਸ ਲਈ ਜ਼ਰੂਰੀ ਏ ਕਿ ਏਥੇ ਸੱਚੀਂ ਮੁੱਚੀਂ ਦਾ ਸਿਆਸੀ ਇਨਕਲਾਬ ਆਏ ਤਾਂ ਜੇ ਪੰਜਾਬੀ ਵਰਗੀ ਮਜ਼ਲੂਮ ਜ਼ੁਬਾਨ ਦੀ ਵੀ ਸੁਣੀ ਜਾਏ।

? ਅਦਬੀ ਤਰੱਕੀ ਦਾ ਸਿਆਸੀ ਕਲਚਰ ਨਾਲ ਕੀ ਤੁਅੱਲਕ ਏ। ਕੀ ਅਦਬ ਦੀ ਤਰੱਕੀ ਲਈ ਸਿਆਸੀ ਜ਼ਮੀਨ ਦਾ ਜ਼ਰਖੇਜ਼ ਹੋਣਾ ਏ।

— ਇਹ ਅਮਲ ਬਿਲਕੁਲ ਜ਼ਰੂਰੀ ਏ । ਜ਼ੁਬਾਨ ਦੀ ਤਰੱਕੀ ਮੁਫ਼ਤ ਵਿੱਚ ਨਹੀਂ ਹੁੰਦੀ। ਇਹਦੇ ਵਾਸਤੇ ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ, ਰਸਾਲੇ , ਕੰਪਿਊਟਰ, ਤਾਲੀਮੀ ਅਦਾਰਿਆਂ ਤੇ ਉਹਨਾਂ ਨੂੰ ਚਲਾਉਣ ਲਈ ਮਿਸ਼ਨਰੀ ਜਜ਼ਬੇ ਦੇ ਲੋਕਾਂ ਦੀ ਲੋੜ ਹੁੰਦੀ ਏ। ਇਹ ਸਾਰਾ ਨਿਜ਼ਾਮ ਸਿਆਸੀ ਤੇ ਹਕੂਮਤੀ ਜ਼ਰੀਆਂ ਨਾਲ ਈ ਚਲਾਇਆ ਜਾ ਸਕਦਾ ਏ। ਤੁਸੀਂ ਹੁਕਮ ਦੇਂਦੇ ਓ , ਰਕਮ ਆਉਂਦੀ ਏ, ਮਨਸੂਬੇ ਬਣਦੇ ਨੇ, ਅਮਲ ਦਰਾਮਦ ਹੁੰਦਾ ਏ, ਨਤੀਜੇ ਸਾਹਮਣੇ ਆਉਂਦੇ ਨੇ। ਇਹ ਸਾਰਾ ਸਿਆਸੀ ਅਮਲ ਏ। ਤੁਹਾਡੇ ਕੋਲ ਅਖ਼ਤਿਆਰ ਹੋਏਗਾ ਤੇ ਇਹ ਸਾਰਾ ਕੁੱਝ ਹੋਏਗਾ ਵਰਨਾ ਨਹੀਂ। ਤੁਸੀਂ ਬੇਅਖ਼ਤਿਆਰ ਓ ਤੇ ਸਾਰੇ ਮਨਸੂਬੇ ਤੇ ਖ਼ਾਹਿਸ਼ਾਂ ਘੱਟਾ ਮਿੱਟੀ ਨੇ। ਅਖ਼ਤਿਆਰ ਨਹੀਂ ਤੇ ਜਿਹੜੀ ਰਕਮ ਤੁਸੀਂ ਕਾਲਜ ਬਣਾਉਣ ਲਈ ਵਰਤਣੀ ਏ ਉਹਦੇ ਨਾਲ ਕ੍ਰਿਕਟ ਗਰਾਊਂਡ ਬਣਾ ਦਿੱਤੀ ਜਾਂਦੀ ਹੈ ਜਾਂ ਨਾਈਟ ਕਲੱਬ।

ਇੱਕ ਗੱਲ ਹੋਰ ਏ। ਜਿਵੇਂ ਮੈਂ ਪਹਿਲੋਂ ਆਖਿਆ ਏ ਹੁਕਮਰਾਨਾਂ ਦਾ ਦਿਆਨਤਦਾਰ ਹੋਣਾ ਜ਼ਰੂਰੀ ਏ ਤਾਂ ਜੇ ਪੈਸਾ ਸਹੀ ਮਨਸੂਬੇ ਤੇ ਲੱਗੇ। ਇੰਞ ਅਦਬੀ ਅਦਾਰਿਆਂ ਦੀ ਫੰਡਿੰਗ ਦਾ ਮਸਲਾ ਉਦੋਂ ਈ ਹੱਲ ਹੋਵੇਗਾ ਜਦੋਂ ਇਹਨਾਂ ਦੀ ਅਹਿਮੀਅਤ ਸਮਝਣ ਵਾਲੇ ਹੁਕਮਰਾਨ ਮੌਜੂਦ ਹੋਣਗੇ।



? ਤੁਸੀਂ ਭਾਵੇਂ ਅੰਗਰੇਜ਼ੀ, ਉਰਦੂ ਤੇ ਪੰਜਾਬੀ ਤਿੰਨਾਂ ਜ਼ੁਬਾਨਾਂ ਵਿੱਚ ਲਿਖਿਆ ਏ ਤੇ ਲਿਖ ਵੀ ਰਹੇ ਓ। ਪਰ ਪੰਜਾਬੀ ਨਾਲ ਤੁਹਾਡੀ ਮੁਹੱਬਤ ਕਿਸੇ ਤੋਂ ਲੁਕੀ ਛਿਪੀ ਨਹੀਂ। ਤੁਸੀਂ ਜ਼ਾਤੀ ਤੌਰ ਤੇ ਇਹਦੀ ਤਰੱਕੀ ਲਈ ਕੀ ਕੰਮ ਕੀਤਾ ਏ ਤੇ ਕੀ ਕਰਨ ਦਾ ਇਰਾਦਾ ਰੱਖਦੇ ਓ।

— ਮੈਂ ਰੇਡੀਓ ਪਾਕਿਸਤਾਨ ਵਿੱਚ ਡਿਊਟੀ ਆਫ਼ੀਸਰ ਭਰਤੀ ਹੋਇਆ ਸਾਂ ਤੇ ਚੌਂਤੀ ਸਾਲ ਬਾਅਦ 1992 ਵਿੱਚ ਡਿਪਟੀ ਕੰਟਰੋਲਰ ਰਿਟਾਇਰ ਹੋਇਆ ਹਾਂ। ਇਹ ਸਾਰਾ ਅਰਸਾ ਮੈਂ ਮਾਤਹਿਤ ਵੀ ਰਿਹਾ ਤੇ ਅਫ਼ਸਰ ਇੰਚਾਰਜ ਵੀ। ਮੇਰੀਆਂ ਅੱਠ ਕਿਤਾਬਾਂ ਪੰਜਾਬੀ ਵਿੱਚ ਤੇ ਏਨੀਆਂ ਈ ਉਰਦੂ ਵਿੱਚ ਵੀ । ਇਹ ਕਿਤਾਬਾਂ ਇਨ੍ਹਾਂ ਜ਼ੁਬਾਨਾਂ ਨਾਲ ਮੁਹੱਬਤ ਦਾ ਇਜ਼ਹਾਰ ਨੇ । ਉਰਦੂ ਦੇ ਮੁਕਾਬਲੇ ਵਿੱਚ ਪੰਜਾਬੀ ਨੇ ਮੈਨੂੰ ਕੋਈ ਮਾਲੀ ਫ਼ਾਇਦਾ ਨਹੀਂ ਪਹੁੰਚਾਇਆ। ਇਹ ਸਿਰਫ਼ 'ਲੇਬਰ ਆਫ ਲਵ' ਸੀ ਵਰਨਾ ਮੇਰੇ ਲਈ ਅੰਗਰੇਜ਼ੀ ਤੇ ਉਰਦੂ ਵਿੱਚ ਛੱਪ ਕੇ ਚੋਖੇ ਪੈਸੇ ਕਮਾਉਣਾ ਸੌਖਾ ਸੀ । ਮੇਰੀ ਪੰਜਾਬੀ ਕਹਾਣੀ ਰੋਜ਼ਨਾਮਾ 'ਇਮਰੋਜ਼' ਵਿੱਚ ਛਪਦੀ ਸੀ ਤੇ ਪੰਦਰਾਂ ਰੁਪਏ ਮਿਲਦੇ ਸਨ ਜਦਕਿ ਉਰਦੂ ਕਹਾਣੀ ਮਾਹਨਾਮਾ 'ਤਾਲੀਮ ਓ ਤਰਬੀਅਤ' ਵਿੱਚ ਛਪਦੀ ਸੀ ਤੇ ਸਾਢੇ ਚਾਰ ਸੌ ਰੁਪਿਆ ਮਿਲਦਾ ਸੀ। ਅੰਗਰੇਜ਼ੀ ਵਿੱਚ ਆਰਟੀਕਲ ਛਪਦਾ ਸੀ ਤੇ ਇੱਕ ਹਜ਼ਾਰ ਰੁਪਿਆ ਮਿਲਦਾ ਸੀ। ਏਸੇ ਤੋਂ ਤੁਸੀਂ ਅੰਦਾਜ਼ਾ ਲਾ ਸਕਦੇ ਓ ਕਿ ਪੰਜਾਬੀ ਵਿੱਚ ਲਿਖਣਾ ਕਿੰਨਾ ਘਾਟੇ ਦਾ ਸੌਦਾ ਏ। ਪਰ ਮੈਂ ਆਪਣੀ ਮਾਂ ਬੋਲੀ ਨੂੰ ਭੁੱਲ ਨਹੀਂ ਸਾਂ ਸਕਦਾ ਤੇ ਨਾ ਈ ਅੱਜ ਏਹਨੂੰ ਨਜ਼ਰ ਅੰਦਾਜ਼ ਕਰਨ ਦੀ ਪੁਜ਼ੀਸ਼ਨ ਵਿੱਚ ਆਂ। ਮੈਂ ਪਹਿਲਾਂ ਵੀ ਲਿਖਦਾ ਰਿਹਾਂ ਤੇ ਅੱਜ ਵੀ ਪੰਜਾਬੀ ਵਿੱਚ ਮੇਰਾ ਕਲਮ ਉਸੇ ਤਰ੍ਹਾਂ ਰਵਾਂ ਏ।

? ਜੇ ਅੱਜ ਤੁਹਾਨੂੰ ਕਿਸੇ ਅਜਿਹੇ ਸਰਕਾਰੀ ਜਾਂ ਗ਼ੈਰ—ਸਰਕਾਰੀ ਅਦਾਰੇ ਦਾ ਸਰਬਰਾਹ ਬਣਾ ਦਿੱਤਾ ਜਾਵੇ ਜਿਹੜਾ ਪੰਜਾਬੀ ਇਲਮ ਤੇ ਅਦਬ ਲਈ ਕੰਮ ਕਰ ਸਕਦਾ ਹੋਵੇ ਤੇ ਕੀ ਕਰਨਾ ਚਾਹੋਗੇ ।

— ਮੈਂ ਫ਼ੌਰੀ ਤੌਰ ਤੇ ਪੰਜਾਬੀ ਜ਼ੁਬਾਨ ਦਾ ਇਨਸਾਈਕਲੋਪੀਡੀਆ ਛਪਵਾਉਣ ਦਾ ਵਿਚਾਰ ਕਰਾਂਗਾ ਤਾਂ ਜੇ ਦੁਨੀਆ ਏਸ ਅਮੀਰ ਤਰੀਨ ਜ਼ੁਬਾਨ ਤੋਂ ਵਾਕਫ਼ ਹੋ ਸਕੇ। ਇਹਦੇ ਬਾਅਦ ਮੈਂ ਚਾਹਵਾਂਗਾ ਕਿ ਇੱਕ ਅਜਿਹਾ ਮੈਗਜ਼ੀਨ ਸ਼ੁਰੂ ਹੋਵੇ ਜੀਹਦੇ ਵਿੱਚ ਐਸਾ ਅਦਬ ਸਾਹਮਣੇ ਆਵੇ ਜੀਹਨੂੰ ਆਲਮੀ ਅਦਬੀ ਮੁਕਾਬਲੇ ਵਿੱਚ ਪੇਸ਼ ਕੀਤਾ ਜਾ ਸਕੇ। ਪੰਜਾਬੀ ਦੇ ਅਦੀਬਾਂ ਨੂੰ ਉਹਨਾਂ ਦੀਆਂ ਲਿਖਤਾਂ ਦਾ ਇਖ਼ਲਾਕੀ ਦੇ ਨਾਲ ਨਾਲ ਮਾਲੀ ਮੁਆਵਜ਼ਾ ਦੇਣ ਦੀ ਰੀਤ ਪਾਵਾਂਗਾ।

? ਕੀ ਕਦੀ ਇਹ ਮਹਿਸੂਸ ਕੀਤਾ ਏ ਕਿ ਤੁਸੀਂ ਸ਼ੋਅਬਾ ਤਾਲੀਮ ਜਾਂ ਬਿਊਰੋਕਰੇਸੀ ਵਿੱਚ ਹੁੰਦੇ ਤਾਂ ਆਪਣੇ ਮਹਿਸੂਸੀਆਤ ਨੂੰ ਬਿਹਤਰ ਤੌਰ ਤੇ ਅਮਲੀ ਸੂਰਤ ਦੇ ਸਕਦੇ ਸੋ।

— ਪਹਿਲੀ ਗੱਲ ਤੇ ਇਹ ਕਿ ਜੇ ਮੈਂ ਓਧਰ ਹੁੰਦਾ ਤਾਂ ਮੈਨੂੰ ਤੁਸੀਂ ਅੱਜ ਇਕੱਤਰ ਸਾਲ ਦੀ ਉਮਰ ਵਿੱਚ ਇਹੋ ਜਿਹਾ । ਨਾ ਕਰਦੇ। ਮੈਂ ਪ੍ਰੋਫ਼ੈਸਰ ਹੁੰਦਾ ਜਾਂ ਬਿਊਰੋਕਰੇਟ ਤੇ ਅੱਜ ਤੋਂ ਚਾਲੀ ਪੰਜਾਹ ਸਾਲ ਪਹਿਲੋਂ ਮਹਿਫਲਾਂ ਦੀਆਂ ਸਦਾਰਤਾਂ ਕਰਦਾ ਫਿਰਦਾ। ਮੇਰੇ ਲਫ਼ਜ਼ਾਂ ਨੂੰ ਲੋਕੀਂ ਚੁੰਮ ਚੁੰਮ ਕੇ ਹਿੱਕ ਨਾਲ ਲਾਉਂਦੇ ਤੇ ਮੈਂ ਆਪ ਵੀ ਹੁਣ ਤੱਕ ਕਈ ਅਜਿਹੇ ਅਦਾਰੇ ਕਾਇਮ ਕਰਨ ਦਾ ਮੁਹੱਰਕ ਬਣਦਾ ਜਿਹੜੇ ਏਸ ਅਮੀਰ ਪਰ ਨਿਮਾਣੀ

ਜ਼ੁਬਾਨ ਦੇ ਵਾਧੇ ਲਈ ਮਦਦਗਾਰ ਹੁੰਦੇ। ਅੱਜ ਅਖੀਰਲੀ ਉਮਰ ਵਿੱਚ ਮੈਂ ਤੇ ਤੁਹਾਨੂੰ ਮਸ਼ਵਰਾ ਦਿਆਂਗਾ ਕਿ ਤੁਸੀਂ ਕੁੱਝ ਕਰੋ। ਅੱਗੇ ਵੱਧੋ ਤੇ ਜੋ ਕੁੱਝ ਵੀ ਕਰ ਸਕਦੇ ਓ ਕਰੋ।

? ਤੁਹਾਡੀ ਨਜ਼ਰ ਵਿੱਚ ਪੰਜਾਬੀ ਦਾ ਨੁਮਾਇੰਦਾ ਅਦਬ ਕਿਹੜਾ ਏ।

— ਪਹਿਲੋਂ ਅਸੀਂ ਨੁਮਾਇੰਦਾ ਅਦਬ ਦੀ ਗੱਲ ਕਰਨੇ ਆਂ। ਪੰਜਾਬੀ ਦਾ ਨੁਮਾਇੰਦਾ ਅਦਬ ਸ਼ਾਇਰੀ ਏ । ਵਾਰਸ ਸ਼ਾਹ ਦੀ ਤਸਨੀਫ 'ਹੀਰ' ਬਿਲਾ ਮੁਬਾਲਗ਼ਾ ਬੇਮਿਸਾਲ ਏ। ਮੈਂ ਥੋੜ੍ਹਾ ਬਹੁਤ ਕਸ਼ਮੀਰੀ ਅਦਬ ਦਾ ਮੁਤਾਅਲਾ ਕੀਤਾ ਹੈ। ਕਸ਼ਮੀਰੀ ਜ਼ੁਬਾਨ ਵਿੱਚ ਮਕਬੂਲ ਕਰਾਲਾ ਵਾਰੀ ਦੀ ਮਸਨਵੀ 'ਗੁਲਰੇਜ਼' ਵਾਂਙੂੰ 'ਹੀਰ' ਵਾਰਸ ਸ਼ਾਹ ਵੀ ਨਾਦਿਰ (ਦੁਰਲੱਭ) ਕਿਤਾਬ ਏ। ਕਾਦਰ ਯਾਰ ਦਾ ਕਿੱਸਾ 'ਪੂਰਨ ਭਗਤ ' ਖ਼ਵਾਜ਼ਾ ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਐਂਟੀ ਮੌਲਵੀ ਸ਼ਾਇਰ ਬੁੱਲੇ ਸ਼ਾਹ ਦਾ ਕਲਾਮ , ਸ਼ਿਵ ਕੁਮਾਰ ਬਟਾਲਵੀ ਦਾ ਕਿੱਸਾ 'ਲੂਣਾ ' ਤੇ ਮੁਨੀਰ ਨਿਆਜ਼ੀ ਦੀ ਨਜ਼ਮ ਉੱਚ ਪੱਧਰ ਦੇ ਅਦਬ ਵਿੱਚ ਗਿਣੇ ਜਾ ਸਕਦੇ ਨੇ। ਨਸਰ ਵੱਲ ਆਈਏ ਤੇ ਸਜਾਦ ਹੈਦਰ ਦੀ ਮੁਰੱਤਬ ਕੀਤੀ ਕਿਤਾਬ 'ਚੋਣਵੀਂ ਪੰਜਾਬੀ ਕਹਾਣੀ ' ਵਿੱਚ ਕੁੱਝ ਕਹਾਣੀਆਂ , ਨਿਸ਼ਾ ਯਾਦਵ ਦੀ ਆਟੋਬਾਇਓਗਰਾਫ਼ੀ, ਉਹਨਾਂ ਦਾ ਨਾਵਲ 'ਟਾਵਾਂ ਟਾਵਾਂ ਤਾਰਾ' ਅਫ਼ਜ਼ਲ ਅਹਿਸਨ ਦਾ 'ਦੀਵਾ ਅਤੇ ਦਰਿਆ' ਤੇ ਫ਼ਰਜ਼ੰਦ ਅਲੀ ਦਾ ' ਇੱਕ ਚੂੰਢੀ ਲੂਣ ਦੀ ' ਨਾ ਹੋਣ ਨਾਲ ਕੁੱਝ ਚੰਗੇ ਨੇ।

? ਤੁਸੀਂ ਆਉਣ ਵਾਲੇ ਵੇਲੇ ਦੇ ਪੰਜਾਬੀ ਅਦੀਬਾਂ ਨੂੰ ਕੀ ਮਸ਼ਵਰਾ ਦੇਵੋਗੇ ।

— ਮੁਤਾਅਲਾ ਬਹੁਤ ਜ਼ਰੂਰੀ ਏ। ਪੰਜਾਬੀ ਦਾ ਅਦੀਬ ਮੁਤਾਅਲੇ ਵੱਲੋਂ ਅਜੇ ਤੀਕ ਹੱਥ ਤੰਗ ਰਿਹਾ ਏ। ਆਉਣ ਵਾਲਿਆਂ ਨੂੰ ਏਸ ਪਾਸੋਂ ਘੱਟ ਨਹੀਂ ਹੋਣਾ ਚਾਹੀਦਾ। ਦੁਨੀਆ ਨੂੰ ਪੜ੍ਹਕੇ ਆਪਣੇ ਲਈ ਰਾਹਵਾਂ ਕੱਢਣਾ ਜ਼ਰੂਰੀ ਏ। ਨਹੀਂ ਤੇ ਪੰਜਾਬੀ ਅਦਬ ਦੀ ਪਗਡੰਡੀ ਲਿਖਾਰੀਆਂ ਨੂੰ ਬਾਕੀ ਦੁਨੀਆ ਤੋਂ ਬਹੁਤ ਦੂਰ ਲੈ ਜਾਏਗੀ।

---


**ਸ਼ਬਦ ਸਪਲੀਮੈਂਟ 20**

## ਖ਼ਾਲਿਦ ਫ਼ਰਹਾਦ ਧਾਰੀਵਾਲ

**ਵਿਸ਼ੇਸ਼ ਅੰਕ ਹੋਵੇਗਾ।**

**ਜਿਸ ਵਿੱਚ ਖ਼ਾਲਿਦ ਦੀਆਂ 7 ਚੋਣਵੀਆਂ ਕਹਾਣੀਆਂ, ਰੇਖਾ ਚਿੱਤਰ,**

**ਇੰਟਰਵਿਊ, ਖ਼ਤ ਅਤੇ ਵੱਖ-ਵੱਖ ਵਿਦਵਾਨਾਂ ਦੇ ਪੇਪਰ ਸ਼ਾਮਿਲ ਹੋਣਗੇ।**




ਸ਼ਬਦ ਚਿੱਤਰ

## ਸਲੀਮ ਖ਼ਾਨ ਗਿੱਮੀ : ਉੱਡਦੀ ਤਿੱਤਲੀ

**—ਕੰਵਲ ਮੁਸ਼ਤਾਕ**

ਇਕੱਠ ਭਾਵੇਂ ਰਾਇਵਿੰਡ ਵਿਚ ਧਾਰਮਿਕ ਹੋਵੇ ਯਾ ਟੋਭਾ ਟੇਕ ਸਿੰਘ ਵਿਚ ਕਿਸਾਨ ਮਜ਼ਦੂਰ ਤਹਿਰੀਕ ਦਾ। ਰਿਸਾਲਾ ਭਾਵੇਂ ਅਬਦੁੱਲਾ ਮਲਿਕ ਦਾ ਇਹਤਸਾਬ ਹੋਵੇ ਜਾਂ ਅਤਾਉਲ ਹੱਕ ਕਾਸਮੀ ਦਾ 'ਮੁਆਸਿਰ'।

ਜ਼ਬਾਨ ਭਾਵੇਂ ਬਲੋਚੀ, ਸਿੰਧੀ, ਪਸ਼ਤੋ, ਉਰਦੂ ਜਾਂ ਪੰਜਾਬੀ।

ਲਹਿਜ਼ਾ ਭਾਵੇਂ ਬ੍ਰੋਚੀ, ਪੋਠੋਹਾਰੀ, ਹਿੰਦਕੋ, ਗੋਜਰੀ, ਸਰਾਇਕੀ ਹੋਵੇ।

ਸਿਨਫ਼ ਭਾਵੇਂ ਨਾਵਲ, ਅਫ਼ਸਾਨਾ, ਡਰਾਮਾ, ਇਨਸ਼ਾਈਆ, ਸਫ਼ਰਨਾਮਾ ਜਾਂ ਕਾਲਮ ਨਿਗਾਰੀ।

ਵਿਸ਼ਾ ਭਾਵੇਂ ਅਦਬ, ਸਿਆਸਤ, ਫ਼ਿਲਮ, ਜਾਸੂਸ, ਤਿੱਥ, ਫ਼ਲਸਫਾ, ਮਨਤਕ ਹੋਵੇ।

ਇਲਮ ਭਾਵੇਂ ਨਜੂਮ ਹੋਵੇ, ਜਾਅਫਰ ਹੋਏ, ਕਾਲਾ ਹੋਵੇ ਜਾਂ ਚਿੱਟਾ।

ਫੰਕਸ਼ਨ ਭਾਵੇਂ ਇੰਟਰਕਾਟ ਵਿਚ ਹੋਵੇ ਯਾ ਚਾਚੇ ਫੁੱਫੇ ਤੇ ਤੰਦੂਰ ਤੇ।

ਅਦਾਰਾ ਭਾਵੇਂ ਸਰਕਾਰੀ ਗਰਾਂਟ ਨਾਲ ਚਲਦਾ ਹੋਵੇ ਯਾ ਪਬਲਿਕ ਚੰਦਿਆਂ ਨਾਲ- ਦੋ ਨਾਂ ਅਜੇਹੇ ਹਨ, ਜਿਨ੍ਹਾਂ ਤੋਂ ਬਿਨਾਂ ਇਹ ਸਾਰੇ ਪਿੜ ਖਾਲੀ ਨਹੀਂ ਰਹਿੰਦੇ। ਇਕ ਨਾਂ ਹੈ ਮਨਸੂਰ ਕੈਸਰ ਦਾ ਤੇ ਦੂਜਾ ਸਲੀਮ ਖ਼ਾਨ ਗਿੱਮੀ ਦਾ-।

ਸਲੀਮ ਖ਼ਾਨ ਗਿੱਮੀ ਦੇ ਨਾਂ ਤੋਂ ਮੈਂ ਹੈਰਾਨ ਹਾਂ। ਇਹ ਨਾਂ ਤੇ ਨਾ ਸ਼ਾਇਰਾਂ ਵਰਗਾ ਏ, ਨਾ ਅਦੀਬਾਂ ਦਾ। ਇਹ ਤੇ ਕਿਸੇ ਪਿੰਡ ਦੇ ਪਟਵਾਰੀ ਦਾ, ਨਹੀਂ ਤੇ ਕਾਨੂੰਗੋ ਦਾ ਹੋ ਸਕਦਾ ਏ।

ਫੇਰ ਜਦੋਂ ਮੈਨੂੰ ਪਤਾ ਲੱਗਾ ਕਿ ਇਹ ਤੇ ਰੇਡੀਓ ਦੇ ਇਕ ਅਫ਼ਸਰ ਦਾ ਨਾਂ ਏ, ਮੈਨੂੰ ਬੜੀ ਖੁਸ਼ੀ ਹੋਈ ਕਿ ਮੇਰਾ ਟੇਵਾ ਠੀਕ ਈ ਨਿਕਲਿਆ। ਕਿਉਂਜੋ ਮੈਨੂੰ ਤੇ ਪਹਿਲੇ ਹੀ ਏਸ ਨਾਂ ਵਿਚੋਂ ਅਫ਼ਸਰਸ਼ਾਹੀ ਦੀ ਬੋ ਆਂਵਦੀ ਸੀ।

ਜਦੋਂ ਸਲੀਮ ਖ਼ਾਨ ਗਿੱਮੀ ਮੁਜ਼ੱਫਰਾਬਾਦ ਤੋਂ ਲਾਹੌਰ ਆਏ ਤੇ ਲੋਕਾਂ ਤੋਂ ਸਲੀਮ ਖ਼ਾਨ ਦੀ ਸਿੱਕਸ਼ਾਹੀ ਤੇ ਧੱਕੇਸ਼ਾਹੀ ਦੀਆਂ ਗੱਲਾਂ ਸੁਣ ਸੁਣ ਕੇ ਮੇਰੇ ਕੰਨ ਪੱਕ ਗਏ। ਮੈਨੂੰ ਇਹਨਾਂ ਗੱਲਾਂ ਦਾ ਸੱਚ ਝੂਠ ਨਿਤਾਰਨ ਲਈ ਖੁਦ ਉਹਨਾਂ ਕੋਲ ਅੱਪੜਨਾ ਪਿਆ।

ਰੇਡੀਓ ਸਟੇਸ਼ਨ, ਲਾਹੌਰ ਦੇ ਗੇਟ 'ਤੇ ਮੈਂ ਧੁਆਂਖੇ ਹੋਏ ਇਕ ਬੰਦੇ ਤੋਂ ਪੁੱਛਿਆ, "ਮੈਂ ਖ਼ਾਨ ਸਾਹਿਬ ਨੂੰ ਮਿਲਣਾ ਏਂ ?"

ਉਹਨੇ ਪੁੱਛਿਆ-ਵੱਡੇ ਖ਼ਾਨ ਸਾਹਿਬ ਕਿ ਛੋਟੇ ਖ਼ਾਨ ਸਾਹਿਬ।

ਮੈਂ ਸਮਝ ਗਿਆ ਕਿ ਉਹਦਾ ਇਸ਼ਾਰਾ ਕਿਹੜੇ ਖ਼ਾਨ ਸਾਹਿਬ ਵੱਲ ਏ, ਪਰ ਮੈਂ ਉਹਨੂੰ ਪੂਰੇ ਭਰੋਸੇ ਨਾਲ ਨਹੀਂ ਸਾਂ ਕਹਿ ਸਕਦਾ ਕਿ ਉਹ ਅਸਲ ਸ਼ੱਕਰਗੜ੍ਹੀਆ ਪਠਾਣ ਏ। ਮੈਂ ਉਹਨੂੰ ਛੇੜਦਿਆਂ ਕਿਹਾ, "ਦਰਮਿਆਨੇ ਖ਼ਾਨ ਸਾਹਿਬ ਨੂੰ।"

ਉਹਨੇ ਧੌਣ ਅਕੜਾ ਕੇ ਅੱਖਾਂ ਟੱਡ ਕੇ ਪੁੱਛਿਆ, "ਦਰਮਿਆਨੇ ਕਿਹੜੇ ?"

"ਸਲੀਮ ਖ਼ਾਨ ਗਿੱਮੀ-।"

"ਉਹ ਤੇ ਸਾਡੇ ਮਾਈ ਬਾਪ ਨੇ। ਆਓ ਮੈਂ ਤੁਹਾਨੂੰ ਉਹਨਾਂ ਤੀਕ ਅਪੜਾ ਆਵਾਂ।" ਉਹਨੇ ਇਨਕੁਆਰੀ ਅਫ਼ਸਰ ਨੂੰ ਪਤਾ ਨਹੀਂ, ਮੇਰੇ ਬਾਰੇ ਕੀ ਦੱਸਿਆ, ਸਾਨੂੰ ਸਭ ਨੂੰ ਅੰਦਰ ਲੰਘਣ ਦੀ ਇਜਾਜ਼ਤ ਮਿਲ ਗਈ। ਅਸੀਂ ਦੋਵੇਂ ਅੰਦਰ ਵੜ ਗਏ। ਪ੍ਰੋਡਿਊਸਰਾਂ ਦੇ ਕਮਰਿਆਂ ਵਿਚ ਸਲੀਮ ਖ਼ਾਨ ਗਿੱਮੀ ਦੇ ਨਾਂ ਦੀ ਪਲੇਟ ਵਾਲੇ ਕਮਰੇ ਵਿਚ ਵੜ ਗਏ।

ਅੰਦਰ ਇਕ ਵੱਡੀ ਸਾਰੀ ਵਿਕਟੋਰੀਆ ਮੇਜ਼ ਦੇ ਪਿੱਛੇ, ਕੁਰਸੀ ਵਿਚ ਇੱਕ ਗੁੱਛੂ-ਮੁੱਛੂ ਹੋਇਆ ਬੰਦਾ, ਸਿਗਰਟ ਦੇ ਧੂੰਏਂ ਵਿਚ ਲੁਕਿਆ ਹੋਇਆ ਸੀ।

ਜਿਹੜਾ ਬੰਦਾ ਮੈਨੂੰ ਓਥੇ ਅਪੜਾਣਾ ਚਾਹੁੰਦਾ ਸੀ, ਅਸਲ ਵਿਚ ਉਹ ਆਪ ਏਥੇ ਅੱਪੜਣਾ ਚਾਹੁੰਦਾ ਸੀ। ਮੇਰੇ ਤੁਆਰੁਫ਼ ਤੋਂ ਪਹਿਲਾਂ ਓਸ ਬੰਦੇ ਆਪਣਾ ਤੁਆਰੁਫ਼ ਕਰਵਾਇਆ ਕਿ ਮਾਈ ਬਾਪ ਮੈਂ ਇਕ ਗਾਣ ਵਾਲਾ ਹਾਂ। ਮੈਂ ਬਹੁਤ ਵੱਡਾ ਲੋਕ ਫ਼ਨਕਾਰ ਹਾਂ। ਮੇਰੀ ਮਦਦ ਕਰੋ। ਇਹ ਦੇਖੋ ਮੈਂ ਤੁਹਾਡਾ ਪ੍ਰਾਹੁਣਾ ਲਿਆਂਦਾ ਏ।

"ਅੱਛਾ ਤੂੰ ਚੱਲ ਬਾਹਰ" ਧੂੰਏਂ ਵਿੱਚੋਂ ਇਕ ਆਵਾਜ਼ ਮੇਰੇ ਕੰਨਾਂ ਵਿਚ ਪਈ। ਉਹਦੀ ਰੁੱਖੀ ਆਵਾਜ਼ ਸੁਣਕੇ ਮੈਨੂੰ ਇੰਜ ਲੱਗਾ ਜਿਵੇਂ ਮੈਂ ਕਿਸੇ ਗਲਤ ਕਮਰੇ ਵਿਚ ਆ ਗਿਆ ਵਾਂ, ਪਰ ਬਾਹਰ ਟੰਗੀ ਸਲੀਮ ਖ਼ਾਨ ਗਿੱਮੀ ਦੇ ਨਾਂ ਦੀ ਪਲੇਟ ਨੇ ਮੈਨੂੰ ਉਹਦਾ ਪੂਰਾ ਜਾਇਜ਼ਾ ਲੈਣ ਤੇ ਮਜ਼ਬੂਰ ਕੀਤਾ।

ਮੈਂ ਚੁੱਪ ਚਾਪ ਖਲੋਤਾ ਰਿਹਾ। ਏਸ ਹਾਲਤ ਵਿਚ ਨਾ ਤਾਂ ਉਹ ਮੈਨੂੰ ਸ਼ੱਕਰਗੜ੍ਹੀਆ ਪਠਾਣ ਤੇ ਨਾ ਰੇਡੀਓ ਦਾ ਚੰਗਾ ਅਫ਼ਸਰ ਲੱਗਾ। ਓਸ ਪਲ ਤੇ ਉਹ ਮੈਨੂੰ ਕੁੜਕ ਬੈਠੀ ਕੁਕੜੀ ਵਾਂਗ ਇਕ ਅਵਾਜ਼ਾਰ ਜੇਹਾ ਖੁਦਗਰਜ਼ ਬੰਦਾ ਲੱਗਾ ਤੇ ਇਹ ਪ੍ਰਭਾਵ ਆਮ ਅਫ਼ਸਰ ਲੋਕਾਂ ਦਾ ਹੈ। ਅਤੇ ਇਹੋ ਕਹਿਣਾ-ਘੱਟ ਮੁਲਾਕਾਤਾਂ ਕਰਨ ਵਾਲਿਆਂ ਦਾ ਹੈ-ਅਧੂਰੀਆਂ ਮੁਲਾਕਾਤਾਂ ਦਾ-।

"ਜੀ ਬੈਠੋ-।"

ਮੈਂ ਬਹਿ ਗਿਆ। ਉਹ ਫੇਰ ਆਪਣੇ ਆਲੇ-ਦੁਆਲੇ ਧੂੰਆਂ ਛੱਡਣ ਲੱਗ ਪਿਆ। ਮੈਨੂੰ ਆਪਣੇ ਆਪ ਤੇ ਬੜੀ ਖਿੱਝ ਆਈ। 'ਸਾਂਝ' ਨਾਵਲ ਤੇ 'ਲਹੂ ਦੀ ਖੁਸ਼ਬੋ' ਵਰਗੀਆਂ ਕਹਾਣੀਆਂ ਲਿਖਣ ਵਾਲੇ ਦਾ ਲਹੂ ਐਨਾ ਚਿੱਟਾ ਹੋ ਸਕਦਾ ਏ। 'ਦੀਵਾ ਤੇ ਦਰਿਆ' ਪੜ੍ਹ ਕੇ ਜਿਹੜਾ ਕੱਦ ਬੁੱਤ ਮੈਂ ਅਫ਼ਜ਼ਲ ਅਹਿਸਨ ਰੰਧਾਵਾ ਦਾ ਬੁਣਿਆ ਸੀ ਜਦੋਂ ਉਹਨੂੰ ਮਿਲਿਆ ਤੇ ਉਹ ਨੌਂ-ਬਰ-ਨੌਂ ਉਂਜੇ ਈ ਸੀ। ਆਪਣੇ ਕੱਦ ਬੁੱਤ ਵੱਲੋਂ ਤੇ ਆਪਣੇ ਸੁਭਾਅ ਵੱਲੋਂ।

ਪਰ ਸਲੀਮ ਖ਼ਾਨ ਗਿੱਮੀ ਮੈਨੂੰ ਬੜਾ ਢਿੱਲਾ ਤੇ ਆਪਣੀ ਜ਼ਾਤ ਵਿਚ ਗੁੰਮ ਬੰਦਾ ਲੱਗਿਆ ਤੇ ਏਹੋ ਪ੍ਰਭਾਵ ਲੈ ਕੇ ਮੈਂ ਪਰਤ ਆਇਆ-ਤੇ ਲੋਕਾਂ ਦੀ ਹਾਂ ਵਿਚ ਹਾਂ ਮਿਲਾਣ ਲੱਗ ਪਿਆ। ਵਲਾਇਤ ਤੋਂ ਪਰਤਣ ਪਿੱਛੋਂ ਇਕ ਵਾਰ ਫੇਰ ਉਹਨਾਂ ਦੇ ਕਮਰੇ ਵਿਚ ਮੁਲਾਕਾਤ ਹੋਈ। ਉਹ ਉਂਜ ਈ ਇੱਕ ਵੱਡੀ ਮੇਜ਼ ਪਿੱਛੇ ਕੁਰਸੀ ਵਿਚ ਵੜਿਆ ਹੋਇਆ ਧੂੰਏਂ ਵਿਚ ਲੁਕਿਆ ਹੋਇਆ ਸੀ। ਮੈਂ ਉਹਨੂੰ ਟੋਹਣ ਲਈ ਕਿਹਾ, "ਤੁਸਾਂ 'ਲਹੂ ਦੀ ਖੁਸ਼ਬੋ' ਵਿਚ ਬੜੀਆ ਚੰਗੀਆਂ ਕਹਾਣੀਆਂ ਲਿਖੀਆਂ ਨੇ ਪਰ ਤੁਹਾਡੀ ਕਹਾਣੀ 'ਟੁਰਦੇ ਹੋਏ ਪੈਰ' ਪੰਜਾਬੀ ਦੀ ਬਹੁਤ ਵੱਡੀ ਕਹਾਣੀ ਏ। ਉਹ ਕੁਰਸੀ ਵਿਚੋਂ ਇੰਜ ਬਾਹਰ ਆਇਆ ਜਿਵੇਂ ਬੋਤਲ ਵਿਚੋਂ ਜਿੰਨ। ਫੇਰ ਪਲ ਪਲ ਉਹਦਾ ਕੱਦ ਈ ਨਹੀਂ ਵਧਿਆ ਬਲਕਿ ਉਹਦਾ



ਸੁਭਾਅ ਬੜਾ ਮਿੱਠਾ ਹੋ ਗਿਆ। ਉਹਨੇ ਆਪਣੀ ਮੁਹੱਬਤ ਤੇ ਚਾਹਤ ਦਾ ਅਜੇਹਾ ਜਿੰਨ ਜੱਫਾ ਪਾਇਆ ਕਿ ਮੈਨੂੰ ਆਪਣਾ ਆਪ ਛੁਡਾਣਾ ਔਖਾ ਹੋ ਗਿਆ।

"ਕੰਵਲ ਮੁਸ਼ਤਾਕ ਤੂੰ ਸ਼ਾਇਰ ਵੱਡਾ ਏਂ, ਪਰ ਕਹਾਣੀਕਾਰ ਬਹੁਤ ਵੱਡਾ-।"

ਮੈਂ ਚੁੱਪ ਦਾ ਚੁੱਪ ਹੀ ਰਿਹਾ-ਕਿਉਂਕਿ ਮੈਂ ਕਿਸੇ ਬੋਤਲ ਵਿਚ ਨਹੀਂ ਸੀ ਫਸਿਆ ਹੋਇਆ।

ਮੈਂ ਕਿਹਾ, "ਤੁਸੀਂ ਵੀ ਤੇ ਪੰਜਾਬੀ ਦੇ ਅਜ਼ੀਮ ਨਾਵਲ-ਨਿਗਾਰ ਓ।"

"ਤੈਨੂੰ ਕਿਵੇਂ ਪਤਾ ਲੱਗਾ- ?" ਉਹਨਾਂ ਦਾ ਸਵਾਲ ਸੀ।

"ਨਵਾਇ ਵਕਤ ਵਿਚ ਤੁਸਾਂ ਉਰਦੂ ਦੀਆਂ ਬੇ-ਸ਼ੁਮਾਰ ਕਿਤਾਬਾਂ ਦਾ ਹਵਾਲਾ ਦੇ ਕੇ ਪੰਜਾਬੀ ਦੇ ਅਜ਼ੀਮ ਨਾਵਲ-ਨਿਗਾਰ ਹੋਣ ਦਾ ਏਲਾਨ ਕੀਤਾ ਏ।"

ਗਿੱਮੀ ਬੜਾ ਖਿੜ ਖਿੜ ਕੇ ਹੱਸਿਆ। ਉਹਨੇ ਹਾਸੇ ਦੇ ਐਨੇ ਫੁੱਲ ਵਰ੍ਹਾਏ ਕਿ ਉਹਦੀ ਸਖ਼ਸੀਅਤ ਮੈਨੂੰ ਫੁੱਲਾਂ ਦਾ ਇਕ ਗੁਲਦਸਤਾ ਲੱਗੀ। ਉਹਨੇ ਕਿਹਾ, "ਉਹ ਤੇ ਐਵੇਂ ਇਕ ਸਿਆਸੀ ਬਿਆਨ ਸੀ। ਗਲਤ ਬੰਦਿਆਂ ਨੂੰ ਸਹੀ ਜਵਾਬ-।"

"ਤੁਸੀਂ ਬਹੁਤ ਮਸ਼ਰੂਫ਼ ਓਂ, ਇੰਜ ਤੁਹਾਡਾ ਵੇਲਾ ਨਹੀਂ ਜਾਇਆ ਹੁੰਦਾ ?" ਮੈਂ ਕਿਹਾ।

"ਸਾਡਾ ਵੇਲਾ ਜ਼ਾਇਆ ਹੁੰਦਾ ਏ, ਪਰ ਉਹਨਾਂ ਦਾ ਤੁੱਕਾ ਵੀ ਤੇ ਤੀਰ ਨਹੀਂ ਬਣਨ ਦੇਈਦਾ।"

"ਅਸੀਂ ਤੇ ਸੁੱਟਦੇ ਈ ਤੁੱਕੇ ਆਂ, ਪਰ ਪਿੱਛੋਂ ਪਤਾ ਲੱਗਦਾ ਏ, ਉਹ ਤੇ ਤੀਰ ਸੀ।"

ਉਹ ਸੂਟੇ ਤੇ ਸੂਟਾ ਲਾਈ ਜਾਂਦਾ ਸੀ ਤੇ ਗੱਲਾਂ ਕਰੀ ਜਾਂਦਾ ਸੀ।

ਮੈਂ ਕਿਹਾ, "ਵੈਸੇ ਉਂਜ ਵੀ ਤੁਸੀਂ ਬੜੀਆਂ ਦੁਸ਼ਮਣੀਆਂ ਪੈਦਾ ਕਰ ਲੈਂਦੇ ਓ।" ਉਹ ਅੱਗੋਂ ਬੋਲਿਆ "ਦੁਸ਼ਮਣੀਆਂ ਵਿਚੋਂ ਤੇ ਦੋਸਤੀਆਂ ਲੱਭਦੀਆਂ ਨੇ। ਏਸ ਲਈ ਮੈਂ ਇਹ ਖੇਡਾਂ ਖੇਡਦਾ ਰਹਿੰਦਾ ਹਾਂ।"

"ਖੇਡਾਂ ਵਿਚ ਜੇ ਐਂਪਾਇਰ ਜਾਨਬਦਾਰ ਹੋਣ ਤੇ ਫੇਰ ਕਿਵੇਂ ਪਤਾ ਲੱਗਦਾ ਏ ਪਈ ਜਿਹੜੀ ਬਾਜ਼ੀ ਤੁਸਾਂ ਜਿੱਤੀ ਏ, ਹਕੀਕਤ ਵਿਚ ਉਹ ਤੁਹਾਡੀ ਹਾਰ ਏ- ?"

ਖਿਡਾਰੀ ਲਈ ਹਾਰ ਜਿੱਤ ਫ਼ਾਲਤੂ ਸ਼ੈ ਹੁੰਦੀਆਂ ਨੇ। ਉਹਦੇ ਲਈ ਜਿਹੜੀ ਸਭ ਤੋਂ ਵੱਡੀ ਗੱਲ ਹੁੰਦੀ ਏ ਉਹ ਤਮਾਸ਼ਾਈਆਂ ਲਈ ਦਿਲਚਸਪੀ ਹੁੰਦੀ ਏ-ਉਹ ਆਪਣੇ ਵੱਲ ਉਹਨਾਂ ਦੀਆਂ ਨਜ਼ਰਾਂ ਕੀਲ ਦੇ ਰੱਖੇ।

"ਏਸ ਪੱਖੋਂ ਤੇ ਫੇਰ ਤੁਸੀਂ ਅਦਬ ਦੇ ਬਹੁਤ ਵੱਡੇ ਖਿਡਾਰੀ ਓ।" ਉਹ ਫੇਰ ਖਿੜ ਖਿੜ ਕੇ ਹੱਸਣ ਲੱਗ ਪਿਆ। ਹੁਣ ਉਹਦਾ ਹਾਸਾ ਫੁੱਲਾਂ ਵਰਗਾ ਨਹੀਂ ਸੀ, ਬਲਕਿ ਤਿੱਤਲੀਆਂ ਵਰਗਾ ਸੀ-ਰੰਗਾਂ ਨਾਲ ਭਰਿਆ ਹੋਇਆ, ਪਰ ਖ਼ੁਸ਼ਬੂ ਤੋਂ ਖ਼ਾਲੀ।

ਸਲੀਮ ਖ਼ਾਨ ਗਿੱਮੀ ਨਾਲ ਮੇਰੀਆਂ ਮੁਲਾਕਾਤਾਂ ਤੇ ਬਾਤਾਂ ਦਾ ਅਜੇਹਾ ਸਿਲਸਿਲਾ ਟੁਰਿਆ ਤੇ ਅਸੀਂ ਕਈ ਸਾਲ ਤੋਂ ਬਾਲੂ ਰੇਤ ਵਿਚ ਸੱਸੀ ਦੇ ਪੈਰਾਂ ਨਾਲ ਟੁਰ ਰਹੇ ਹਾਂ।

ਸਲੀਮ ਖ਼ਾਨ ਗਿੱਮੀ ਬਾਰੇ ਇਹ ਤੇ ਨਹੀਂ ਕਿ ਤੁਸੀਂ ਸੋਚ ਕੇ ਕਿਸੇ ਮੌਜ਼ੂਅ ਤੇ ਗੱਲ ਟੋਰੋ ਤੇ ਉਹ ਤੁਹਾਨੂੰ ਘੋਲ ਕੇ ਜਵਾਬ ਦੇਵੇ। ਤੁਸੀਂ ਉਹਦੇ ਨਾਲ ਕਿਸੇ ਵੀ ਮੌਜ਼ੂਅ ਤੇ ਗੱਲ ਕਰ ਸਕਦੇ ਓ। ਉਹ ਤੁਹਾਨੂੰ ਇਕ ਅਜੇਹੀ ਵਲਗਣ ਵਿਚ ਲੈ ਜਾਵੇਗਾ ਕਿ ਤੁਸੀਂ ਉਦੋਂ

ਤੀਕ ਬਾਹਰ ਨਹੀਂ ਨਿਕਲ ਸਕਦੇ ਜਦੋਂ ਤੀਕ ਉਹ ਆਪ ਤੁਹਾਨੂੰ ਬਾਹਰ ਨਿਕਲਣ ਦੀ ਰਾਹ ਨਾ ਦੱਸੇ।

ਇਕ ਵਾਰੀ ਮੇਰੇ ਨਾਲ ਇਕ ਪੰਜਾਬੀ ਦਾ ਕਹਾਣੀਕਾਰ ਸੀ। ਉਹਨੇ ਜਦੋਂ ਸਲੀਮ ਖ਼ਾਨ ਗਿੱਮੀ ਕੋਲੋਂ ਔਰਤਾਂ ਦੇ ਅਦਬ ਬਾਰੇ ਪੁੱਛਿਆ ਤੇ ਉਹਨਾਂ ਕਿਹਾ, "ਦਫ਼ਾ ਕਰੋ, ਔਰਤ ਤੇ ਅਦਬ ਦੋ ਵੱਖ ਵੱਖ ਸ਼ੈਆਂ ਦਾ ਨਾਂ ਏ।"

"ਔਰਤ ਅਦਬ ਨਹੀਂ ਲਿਖਦੀ। ਉਹ ਤੇ 'ਕਿੱਚਨ ਟਾਕ' ਕਰਦੀ ਏ। ਉਹ ਇੱਕ ਪਾਸੇ ਚੁੱਲ੍ਹੇ ਤੇ ਹਾਂਡੀ ਚਾੜ੍ਹ ਲੈਂਦੀ ਏ ਤੇ ਦੂਜੇ ਪਾਸੇ ਕਾਗਜ਼ 'ਤੇ ਕਲਮ ਫੜ ਲੈਂਦੀ ਏ। ਇੱਕ ਪਾਸੇ ਹਾਂਡੀ ਰਿੱਝਦੀ ਰਹਿੰਦੀ ਏ, ਦੂਜੇ ਪਾਸੇ ਹਾਂਡੀ ਦੇ ਪੱਕਣ ਦੇ ਨਾਲ ਨਾਲ ਨਾਵਲ ਵੀ ਤਿਆਰ ਹੋ ਜਾਂਦਾ ਏ। ਜਦੋਂ ਦੇ ਸਾਡੇ ਕੋਲ ਹਾਂਡੀ ਦੀ ਜਗ੍ਹਾ ਪ੍ਰੈਸ਼ਰ-ਕੁੱਕਰ ਆ ਗਏ ਨੇ, ਉਦੋਂ ਤੋਂ ਨਾਵਲਿਟ ਤੇ ਅਫ਼ਸਾਨੇ ਬਹੁਤੇ ਲਿਖੇ ਜਾਣ ਲੱਗ ਪਏ ਨੇ।"

ਓਸ ਲਿਖਾਰੀ ਦਾ ਇਹ ਕਹਿਣਾ ਸੀ- "ਗਿੱਮੀ ਬੜਾ ਸਿਹਤਮੰਦ ਅਦਬੀ ਤਨਜ਼ੀਆ ਪੇਸ਼ ਕਰਦਾ ਏ।"

ਅੱਠਵੇਂ ਦਿਨ, ਉਹ ਮੇਰੇ ਕੋਲ ਆਇਆ ਤੇ ਕਹਿਣ ਲੱਗਾ-"ਗਿੱਮੀ ਬੜਾ ਮੰਤਕੀ ਏ।" ਮੈਂ ਕਿਹਾ, "ਕੀ ਹੋਇਆ ?" ਉਹਨੇ ਕਿਹਾ, "ਔਰਤਾਂ ਦੇ ਵਰ੍ਹੇ ਵਾਲਾ ਮਜ਼ਮੂਨ ਪੜ੍ਹਿਆ ਈ।" ਮੈਂ ਪੁੱਛਿਆ, "ਕੀ ਲਿਖਿਆ ਏ ?" ਉਹਨੇ ਕਿਹਾ, "ਗਿੱਮੀ ਲਿਖਿਆ ਏ ਕਿ ਵੀਹਵੀਂ ਸਦੀ ਵਿਚ ਸਿਰਫ਼ ਔਰਤਾਂ ਨੇ ਅਦਬ ਪੈਦਾ ਕੀਤਾ ਏ। ਵੀਹਵੀਂ ਸਦੀ, ਔਰਤਾਂ ਦੀ ਏ।" "ਇਹਦੇ ਵਿਚ ਗ਼ਲਤ ਕੀ ਏ-ਪਰ ਉਹ ਹਾਂਡੀ ਵਾਲੀ ਗੱਲ-ਬੜਾ ਅਜੀਬ ਬੰਦਾ ਏ, ਦੱਸਦਾ ਕੀ ਏ ਤੇ ਲਿਖਦਾ ਕੀ ਏ।"

"ਪਿਆਰੇ, ਜੋ ਉਹ ਦੱਸਦਾ ਏ ਉਹ ਵੀ ਸੱਚ ਏ, ਜੋ ਲਿਖਦਾ ਏ, ਉਹ ਵੀ ਸੱਚ ਏ। ਜੇ ਤੇਰਾ ਦਿਲ ਕਹਿੰਦਾ ਏ, ਇਹ ਸਭ ਝੂਠ ਏ ਤੇ ਝੂਠ ਸਮਝ, ਜੇ ਸੱਚ ਕਹਿੰਦਾ ਏ ਤੇ ਸੱਚ ਮੰਨ।"

ਸਲੀਮ ਖ਼ਾਨ ਗਿੱਮੀ ਚੁਸਤ ਤੇ ਚਲਾਕ ਤਬੀਅਤ ਦਾ ਬੰਦਾ ਏ। ਪਾਰੇ ਵਾਂਗ ਥਿਰਕਦੀ ਤੇ ਤਿੱਤਲੀ ਵਾਂਗ ਨੱਚਦੀ ਉਹਦੀ ਸ਼ਖ਼ਸੀਅਤ ਦੀਆਂ ਬੜੀਆਂ ਪਰਤਾਂ ਨੇ, ਜਿਨ੍ਹਾਂ ਨੂੰ ਸਮਝਣਾ ਬੜਾ ਔਖਾ ਤੇ ਮੁਸ਼ਕਿਲ ਵੀ ਏ।

ਚਾਰੇ ਪਾਸੇ ਖਿਲਰੇ ਉਹਨਾਂ ਬਾਰੇ ਬਹੁਤਿਆਂ ਦੇ ਜਾਤੀ ਖ਼ਿਆਲ ਨਹੀਂ ਹੁੰਦੇ, ਏਸ ਲਈ ਉਹ ਇਕ ਅੱਧ ਫ਼ਿਕਰਾ ਘੜ ਕੇ ਟੁਰੇ ਫਿਰਦੇ ਨੇ।

ਸਲੀਮ ਖ਼ਾਨ ਗਿੱਮੀ ਦੇ ਅਦੀਬ ਹੋਣ ਦੇ ਇਲਾਵਾ ਮੈਂ ਉਹਦੇ ਕਈ ਨਾਂ ਸੁਣੇ ਨੇ। ਉਹ ਬੁਰਾ ਏ, ਧੜੇ-ਬਾਜ਼ ਏ, ਕਮੀਨਾ ਏ।

ਠੀਕ ਏ, ਉਹ ਇਹ ਸਭ ਹੈ ਵੇ। ਪਰ ਤੁਸੀਂ ਉਹਨੂੰ ਅਦੀਬ ਵੀ ਤੇ ਆਖਦੇ ਓ। ਚਲੋ, ਤੁਸੀਂ ਉਹਨੂੰ ਅਦੀਬ ਤੇ ਮੰਨਦੇ ਓ-ਪਰ ਉਹ ਅਦੀਬ ਨਹੀਂ ਜਿਹੜਾ ਜ਼ਿਹਨ ਨੂੰ ਸੂਲੀ ਚਾੜ੍ਹ ਕੇ ਲਿਖੇ ਘਰ ਵੇਚ ਕੇ ਛੱਪੇ ਤੇ ਝੂਠੀ ਸ਼ੁਹਰਤ ਲਈ ਮੁਫ਼ਤ ਵੰਡੇ ਤੇ ਵਾਹ ਵਾਹ ਲਵੇ। ਵਾਹ ਵਾਹ ਨਾਲ ਨਾ ਢਿੱਡ ਭਰਦਾ ਏ ਤੇ ਨਾ ਬਦਨ ਕੱਜਦਾ ਏ। ਏਹੋ ਜੇਹਿਆਂ ਭੁੱਖੇ ਢਿੱਡਾਂ ਤੇ ਨੰਗੇ ਪਿੰਡੇ ਵਾਲਿਆਂ ਨੂੰ ਉਹ ਭੜਭੂੰਜਾ ਕਵ੍ਹੇ ਤੇ ਉਹ ਬੁਰਾ, ਜੇ ਉਹ ਆਪਣੇ ਹੱਕ ਮੰਗਣ ਵਾਲੇ ਅਦੀਬ ਨੂੰ ਕਵ੍ਹੇ, "ਡਟਿਆ ਰਹੀਂ ਮੈਂ ਤੇਰੇ ਨਾਲ ਆਂ ਤੇ ਉਹ ਧੜੇਬਾਜ਼ ਤੇ ਜੇ



ਉਹ ਕਵ੍ਹੇ ਮੈਂ ਲਿਖੇ ਦਾ ਮੁਆਵਜ਼ਾ ਲੈਣਾ ਏ ਕਿਉਂ ਜੋ ਤੁਸੀਂ ਕਾਤਿਬ ਨੂੰ ਪੈਸੇ ਦੇ ਦੇਂਦੇ ਓ, ਕਾਗ਼ਜ਼ ਵਾਲੇ ਨੂੰ ਪੈਸੇ ਦੇਂਦੇ ਓ, ਛਾਪੇ ਵਾਲੇ ਨੂੰ ਪੈਸੇ ਦੇਂਦੇ ਓ ਤੇ ਮੈਨੂੰ ਕਿਉਂ ਨਹੀਂ ਪੈਸੇ ਦੇਂਦੇ ਤੇ ਉਹ ਕਮੀਨਾ।"


ਮੈਂ ਤੇ ਕਹਿਣਾ ਵਾਂ ਸਲੀਮ ਖ਼ਾਨ ਗਿੱਮੀ ਹੀਣੇ ਤੇ ਕਮਜ਼ੋਰ ਅਦੀਬਾਂ ਦੀ ਉਹ ਆਵਾਜ਼ ਏ ਜਿਹੜੀ ਹੋਕਾ ਬਣ ਕੇ ਅਦੀਬ ਦੇ ਅੰਦਰ ਨੂੰ ਤੋੜ ਭੰਨ ਦੇਂਦੀ ਏ, ਉਹ ਬੋਲ ਨਹੀਂ ਸਕਦਾ, ਪਰ ਏਹੋ ਜਿਹੀ ਆਵਾਜ਼ ਤੇ ਉਹ ਸਿਰ ਜ਼ਰੂਰ ਹਿਲਾਂਦਾ ਏ।

ਮੇਰਾ ਵੀ, ਜੀ ਕਰਦਾ ਏ ਕਿ ਮੈਂ ਵੀ ਲਿਖਾਂ ਤੇ ਆਪਣੇ ਲਿਖੇ ਦਾ ਪੂਰਾ ਪੂਰਾ ਮੁਆਵਜ਼ਾ ਹਾਸਿਲ ਕਰਾਂ ਤੇ ਏਹੋ ਗੀਤ ਏਥੇ ਲਾਗੂ ਕਰਾਂ :

ਗਿੱਮੀ ਬੋਲਦਾ ਏ, ਪੈਸੇ ਲੈਂਦਾ ਏ।
ਗਿੱਮੀ ਲਿਖਦਾ ਏ, ਪੈਸੇ ਲੈਂਦਾ ਏ।
ਗਿੱਮੀ ਛੱਪਦਾ ਏ, ਪੈਸੇ ਲੈਂਦਾ ਏ।

ਏਸ ਲਈ ਸਾਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ ਕਿ ਉਹ ਕੀ ਬੋਲਦਾ ਏ। ਕਾਹਦੇ ਵਿਚ ਲਿਖਦਾ ਏ, ਕਿੱਥੇ ਛੱਪਦਾ ਏ।

ਇਤਰਾਜ਼ ਕਰਨਾ ਵੱਡੇ ਵਾਲੀ ਗੱਲ ਏ-ਜੇ ਤੁਸੀਂ ਇਤਰਾਜ਼ ਕਰ ਕੇ ਫੱਡਾ ਪਾਓਗੇ ਤੇ ਉਹ ਆਪ ਬੜਾ ਵੱਡਾ ਫੱਡੇਬਾਜ਼ ਜੇ। ਤੁਹਾਡੇ ਕਹਿਣ ਮੁਜਿਬ; ਮੇਰੇ ਕਹਿਣ ਮੁਜਿਬ ਤੇ ਉਹ ਇਕ ਤਿੱਤਲੀ ਏ ਜਿਹੜੀ ਫੁੱਲ ਫੁੱਲ ਤੇ ਬੈਠਦੀ ਏ। ਉਹਦਾ ਰਸ ਨਹੀਂ ਚੂਸਦੀ ਬਲਕਿ ਉਹਨੂੰ ਹੋਰ ਸ਼ਿੰਗਾਰਦੀ ਏ-ਤੇ ਖ਼ੂਬਸੂਰਤੀ ਵਿਚ ਵਾਧਾ ਕਰਦੀ ਏ।




**ਸਾਂਝ**

(ਨਾਵਲ)

**ਸੁਲੇਖ ਪ੍ਰਕਾਸ਼ਨ, ਲਾਹੌਰ**

# ਪਾਣੀ ਦੇ ਪਹਾੜ

ਬੀਰਾਂ ਕੰਜਰੀ ਰੇਸ਼ਮੀ ਸਲਵਾਰ ਚੁੱਕ ਕੇ, ਗੋਰੀ ਪਿੰਨੀ ਤੇ ਖੁਰਕਿਆ ਤੇ ਫੇਰ ਬੁਰਾ ਜਿਹਾ ਮੂੰਹ ਬਣਾ ਕੇ ਸਾਰੰਗੀ ਨਿਵਾਜ਼ ਉਸਤਾਦ ਨੂੰ ਪੁੱਛਿਆ :

"ਵੇ ਉਸਤਾਦ, ਪਾਣੀ ਸਿਰ ਸਿਰ ਉਤਾਂਹ ਚੜ੍ਹਿਆ ਜਾ ਰਿਹਾ ਏ, ਥੱਲੇ ਕਦੋਂ ਉਤਰੇਗਾ ?"

ਉਸਤਾਦ ਰਹੀਮੂ ਨੇ ਠਾਹ ਡਿੱਗਦੀਆਂ ਮੁੱਛਾਂ ਨੂੰ ਥੁੱਕ ਲਾ ਕੇ ਉਤਾਂਹ ਖੜ੍ਹਾ ਕੀਤਾ ਤੇ ਬੋਲਿਆ, "ਜਿਊਂਦੀ ਰਹਵੇਂ ਲੋਕਾਂ ਨੂੰ ਠਾਂਹ ਤਾਂਹ ਲਾ ਕੇ ਠਾਂਹ ਜਾਵੇਗਾ ਨਾ।"

ਬੀਰਾਂ ਕੰਜਰੀ ਤੋਂ ਦੱਸ ਕਰਮਾਂ ਪਰਾਂਹ ਸੱਯਦ ਲਹਿਰੀ ਸ਼ਾਹ ਦਾ ਡੇਰਾ ਸੀ। ਇਕ ਸੂਈ ਦੇ ਨੱਕੇ ਵਿਚੋਂ ਵੀ ਲੰਘ ਜਾਣ ਵਾਲੇ ਮਾੜਚੂ ਜਿਹੇ ਮੁਰੀਦ ਨੇ ਹਰੀ ਸ਼ਾਹ ਬਾਦਸ਼ਾਹ ਦੇ ਪੈਰ ਘੁੱਟਦਿਆਂ ਹੋਇਆਂ ਬੜੀ ਤਮੀਜ਼ ਨਾਲ ਸਵਾਲ ਕੀਤਾ :

"ਸ਼ਾਹ ਜੀ, ਹੜ੍ਹ ਦਾ ਪਾਣੀ ਹੌਲੀ ਹੌਲੀ ਸਾਡੇ ਵੱਲ ਆ ਰਿਹਾ ਏ। ਏਹ ਹੌਲੀ ਹੌਲੀ ਪਰ੍ਹਾਂ ਕਿਉਂ ਨਹੀਂ ਜਾਂਦਾ ?"

ਸੱਯਦ ਲਹਿਰੀ ਸ਼ਾਹ ਬਾਦਸ਼ਾਹ ਨੇ ਅੱਖਾਂ ਪੱਟ ਕੇ ਦਰਿਆ ਵੱਲ ਨਜ਼ਰ ਮਾਰੀ "ਜੋ ਕਰੇ ਸੋ ਹੋ" ਦਾ ਨਾਅਰਾ ਮਾਰਿਆ ਤੇ ਬੋਲਿਆ :

"ਪਿਆਰਿਓ ਹੜ੍ਹ ਦੇ ਪਾਣੀ ਨੂੰ ਇਹੋ ਹੁਕਮ ਏ ਪਈ ਅੱਗੇ ਵੱਧੀ ਚੱਲ।" ਇਹ ਕਹਿ ਕੇ ਪੀਰ ਜੀ ਅੱਖਾਂ ਬੰਦ ਕਰ ਕੇ ਫੇਰ ਜੱਪ ਤੱਪ ਵਿਚ ਲੱਗ ਗਏ।

ਪੀਰ ਤੋਂ ਦੂਰ ਹਟਵਾਂ ਇੱਕ ਮੁਜ਼ਾਰਾ ਰੁਕਨ ਦੀਨ, ਚੌਧਰੀ ਕੁਦਰਤ ਅੱਲਾ ਦੇ ਪੈਰਾਂ ਦੀਆਂ ਉਂਗਲੀਆਂ ਦੇ ਕੜਾਕੇ ਕੱਢ ਰਿਹਾ ਸੀ ਤੇ ਦਾਣਾ ਖਾਂਦੀ ਘੋੜੀ ਨੂੰ ਤੱਕ ਰਿਹਾ ਸੀ। ਕੜਾਕੇ ਕੱਢ ਕੇ ਉਹ ਚੌਧਰੀ ਕੁਦਰਤ ਅੱਲਾ ਨੂੰ ਕਹਿਣ ਲੱਗਾ :

"ਚੌਧਰੀ ਜੀ, ਘੋੜੀ ਸੋਹਣੀ ਏ। ਪੰਜ ਸੌ ਦੀ ਸਸਤੀ ਏ, ਨਿੱਕਾ ਚੌਧਰੀ ਬਾਕੀ ਦੋ ਘੋੜੀਆਂ ਨਾਲੋਂ ਇਸ ਨੂੰ ਪਸੰਦ ਕਰੇਗਾ।"

"ਆਹੋ, ਇਹ ਗੱਲ ਤੇ ਤੇਰੀ ਠੀਕ ਏ ਪਰ ਘਰ ਅੱਪੜਨਾ ਮੁਸ਼ਕਲ ਨਜ਼ਰ ਆਉਂਦਾ ਏ। ਹੜ੍ਹ ਦਾ ਜ਼ੋਰ ਹੁੰਦਾ ਜਾ ਰਿਹਾ ਏ। ਮੈਨੂੰ ਤੇ ਏਹ ਸਮਝ ਆਉਂਦੀ ਏ ਪਈ ਉੱਤੇ ਪਹਾੜਾਂ ਵੱਲ ਬਹੁਤ ਬਾਰਸ਼ ਹੋਈ ਏ।"

ਬੀਰਾਂ ਕੰਜਰੀ ਸੱਜੀ ਪਿੰਨੀ ਖੁਰਕ ਕੇ ਹੁਣ ਖੱਬੀ ਪਿੰਨੀ ਖੁਰਕ ਰਹੀ ਸੀ ਤੇ ਉਹਦੇ ਚੜ੍ਹਦੇ ਪਾਸੇ ਬੈਠਾ ਹੋਇਆ ਇਕ ਪੇਂਡੂ ਮੁੰਡਾ ਬੜੇ ਗੌਰ ਨਾਲ ਤੱਕ ਰਿਹਾ ਸੀ। ਪੱਤਣ ਦਾ ਬੁੱਢਾ ਮਲਾਹ ਕੰਜਰੀ ਵੱਲ ਤੱਕ ਰਹੇ ਪੇਂਡੂ ਮੁੰਡੇ ਨੂੰ ਤੱਕ ਰਿਹਾ ਸੀ। ਮੁੰਡਾ ਬੋਲਿਆ :

"ਚਾਚਾ, ਮੇਰਾ ਵੱਸ ਚਲੇ ਤੇ ਮੈਂ ਇਸ ਕੰਜਰੀ ਨੂੰ ਸਣੇ ਉਸਤਾਦ ਦਰਿਆ ਵਿਚ ਸੁੱਟ ਦਿਆਂ। ਵੇਖ ਕਿੰਨੀ ਬੇਹਯਾਈ ਨਾਲ ਲੋਕਾਂ ਨੂੰ ਪਿੰਨੀਆਂ ਵਿਖਾ ਰਹੀ ਏ।"

"ਉਹ ਵਿਖਾ ਰਹੀ ਏ ਤੇ ਅਸੀਂ ਵੇਖ ਰਹੇ ਆਂ। ਕਿਆਮਤ ਦੀਆਂ ਨਿਸ਼ਾਨੀਆਂ ਨੇ, ਹੋਰ ਕੀ ਏ। ਪਾਣੀ ਦਾ ਹੋਰ ਰੁਕਮਾ ਆ ਗਿਆ ਤੇ ਇਹ ਸੁੱਕੀ ਜਗ੍ਹਾ ਵੀ ਤਰ-ਬ-ਤਰ ਹੋ ਜਾਏਗੀ, ਜਿੱਥੇ ਅਸੀਂ ਬੈਠੇ ਹਾਂ।"



ਉਹਨਾਂ ਦੇ ਸਿਰਾਂ ਉੱਤੇ ਚਾਰ ਚੁਫ਼ੇਰੇ ਬੱਦਲ ਈ ਬੱਦਲ ਸਨ ਤੇ ਅੱਗੇ ਪਿੱਛੇ ਪਾਣੀ ਈ ਪਾਣੀ। ਉਹ ਸਾਰੇ ਅੱਜ ਦੁਪਹਿਰ ਵੇਲੇ ਪਾਣੀ ਦਾ ਛਰਾ ਪਾਰ ਕਰਕੇ ਦਰਿਆ ਦੇ ਪੱਤਣ ਉਤੇ ਆਏ ਸਨ। ਸਾਵਣ ਦੇ ਦਿਨ ਸਨ ਤੇ ਪਹਾੜਾਂ ਉੱਤੇ ਗਹਿਰੇ ਬੱਦਲ ਵੱਸਦੇ ਜਾਪਦੇ ਸਨ। ਜਦੋਂ ਉਹ ਆਏ ਸਨ ਤੇ ਬੁੱਢੇ ਮਲਾਹ ਉਹਨਾਂ ਨੂੰ ਦੱਸਿਆ ਸੀ, ਪਈ ਦਰਿਆ ਲਾਂਘਾ ਨਹੀਂ ਦੇ ਰਿਹਾ। ਪਾਣੀ ਉਤਰ ਗਿਆ ਤੇ ਉਹ ਬੇੜੀ ਦਰਿਆ ਵਿਚ ਪਾ ਦੇਵੇਗਾ। ਪਰ ਜੇ ਪਾਣੀ ਚੜ੍ਹ ਗਿਆ ਤੇ ਫਿਰ ਦੂਜੇ ਦਿਨ ਸਵੇਰ ਨੂੰ ਦਰਿਆ ਲਾਂਘਾ ਦੇਵੇਗਾ। ਆਉਣ ਵਾਲਿਆਂ ਨੇ ਮਲਾਹ ਦੀ ਗੱਲ, ਸੁਣੀ ਅਣਸੁਣੀ ਕਰ ਦਿੱਤੀ ਤੇ ਪੱਤਣ ਦੀ ਸਿੱਲੀ ਰੇਤ ਉਤੇ ਚਾਦਰਾਂ, ਕੰਬਲ, ਖੇਸ ਤੇ ਫੁਲਕਾਰੀਆਂ ਵਿਛਾ ਕੇ ਬਹਿ ਗਏ। ਇਹਨਾਂ ਦਾ ਖਿਆਲ ਸੀ ਪਈ ਦਰਿਆ ਦਾ ਪਾਣੀ ਮਿੰਟ ਵਿਚ ਚੜ੍ਹਦਾ ਏ ਤੇ ਮਿੰਟ ਵਿਚ ਉਤਰ ਜਾਂਦਾ ਏ। ਜੇ ਹੁਣ ਪਾਣੀ ਚੜ੍ਹਿਆ ਏ ਤੇ ਘੜੀ ਕੁ ਨੂੰ ਉਤਰ ਜਾਵੇਗਾ। ਫ਼ਿਕਰ ਵਾਲੀ ਕਿਹੜੀ ਗੱਲ ਏ...ਪਰ ਪਾਣੀ ਉਤਰਨ ਦੀ ਬਜਾਏ ਹੌਲੀ ਹੌਲੀ ਚੜ੍ਹਦਾ ਰਿਹਾ ਤੇ ਹੁਣ ਸਾਰਿਆਂ ਨੂੰ ਇਸ ਸੋਚ ਨੇ ਘੇਰ ਲਿਆ, ਪਈ ਜੇ ਪਾਣੀ ਨਾ ਉਤਰਿਆ ਤਾਂ ਕੀ ਬਣੇਗਾ।

ਬੀਰਾਂ ਕੰਜਰੀ ਤੇ ਉਸਤਾਦ ਰਹੀਮ ਇਕ ਜੰਞ ਲੁੱਟ ਕੇ ਆਏ ਸਨ। ਉਹਨਾਂ ਦੇ ਬਾਕੀ ਸਾਥੀ ਇਕ ਦਿਨ ਪਹਿਲੇ ਦਰਿਆ ਟੱਪ ਕੇ ਆਪਣੇ ਸ਼ਹਿਰ ਚਲੇ ਗਏ ਸਨ। ਪਰ ਬੀਰਾਂ ਕੰਜਰੀ ਤੇ ਉਹਦੇ ਉਸਤਾਦ ਨੂੰ ਲਾੜੇ ਦੇ ਸ਼ੌਕੀਨ ਪਿਉ ਨੇ ਇਕ ਦਿਨ ਵਾਸਤੇ ਮਹਿਮਾਨ ਰੱਖ ਲਿਆ ਸੀ। ਉਹ ਬੀਰਾਂ ਨੂੰ ਆਪਣਾ ਮਹਿਮਾਨ ਨਾ ਰੱਖਦਾ ਪਰ ਦਰਜ਼ੀ ਨੇ ਬੀਰਾਂ ਦਾ ਰੇਸ਼ਮੀ ਸੂਟ ਵੇਲੇ ਸਿਰ ਸੀਂ ਕੇ ਨਹੀਂ ਸੀ ਦਿੱਤਾ। ਏਹ ਸੂਟ ਲਾੜੇ ਦੇ ਪਿਉ ਨੇ ਬੀਰਾਂ ਦੇ ਗੀਤਾਂ ਤੇ ਨਾਚ ਤੋਂ ਖੁਸ਼ ਹੋ ਕੇ ਦਿੱਤਾ ਸੀ।

"ਵੇ ਉਸਤਾਦ, ਸੂਟ ਤੇ ਸੋਹਣਾ ਏ ?" ਬੀਰਾਂ ਨੇ ਸੂਟ ਵੇਖਦਿਆਂ ਹੋਇਆਂ ਪੁੱਛਿਆ।

"ਬੀਬੀ ਤੂੰ ਪਾਣਾ ਏਂ।" ਉਸਤਾਦ ਰਹੀਮੂ ਸੁੱਕੇ ਸੁੱਕੇ ਮੂੰਹ ਨਾਲ ਆਖਿਆ। "ਤੂੰ ਵੀ ਤੇ ਲੱਖਾਂ ਵਿਚੋਂ ਇਕ ਏਂ ਬੀਬੀ, ਮੈਂ ਵੇਖਦਾ ਸਾਂ, ਜਦ ਤੂੰ ਪਹੁੰਚੇ ਉਤਾਂਹ ਕਰ ਕੇ ਨੱਚਦੀ ਸੈਂ, ਮੁੰਡੇ ਦਾ ਪਿਉ ਲਿਫ਼ ਲਿਫ਼ ਕੇ ਤੈਨੂੰ ਵੇਖਦਾ ਸੀ।"

"ਤੇ ਮੁੱਛਾਂ ਵੀ ਮਰੋੜਦਾ ਸੀ, ਉਸਤਾਦ।" ਬੀਬੀ ਅੱਖੀਆਂ ਨੱਚਾ ਕੇ ਬੋਲੀ ਤੇ ਉਸਤਾਦ ਹੱਸ ਪਿਆ।

"ਤੂੰ ਹੁਣ ਆਪ ਸਿਆਣੀ ਏਂ।"

"ਇਹੋ ਜਿਹਿਆਂ ਬੰਦਿਆਂ ਨੂੰ ਮੁੱਛਣਾ ਬੜਾ ਸੌਖਾ ਹੁੰਦਾ ਏ। ਬੱਸ ਅੱਖ ਦੇ ਇਸ਼ਾਰੇ ਤੇ ਜਾਨ ਦਿੰਦੇ ਨੇ।"

"ਤੇ ਨੋਟ ਵੀ।" ਉਸਤਾਦ ਨੇ ਲੁਕੱਮਾ ਦਿੱਤਾ।

ਦਰਿਆ ਦਾ ਹੜ੍ਹ ਪੈਰ-ਪੈਰ ਅੱਗੇ ਵੱਧ ਰਿਹਾ ਸੀ। ਲੰਮੇ ਚੌੜੇ ਦਰਿਆ ਵਿਚ ਘੁੰਮਣ ਘੇਰੀਆਂ ਤੇ ਛੱਲਾਂ ਪੈ ਰਹੀਆਂ ਸਨ। ਕੱਖ ਕਾਨ ਤੇ ਲੰਮੇ ਲੰਮੇ ਸ਼ਤੀਰ ਦਰਿਆ ਵਿਚ ਰੁੜ੍ਹਦੇ ਜਾਂਦੇ ਸਨ। ਕਿਸਮ ਕਿਸਮ ਦੇ ਮੱਛੀ-ਖ਼ੋਰ ਜਾਨਵਰ ਉੱਤੇ ਉਡਦੇ ਫਿਰਦੇ ਸਨ। ਦੂਰ ਗਿਰਝਾਂ ਪਈਆਂ ਬੋਲਦੀਆਂ ਸਨ। ਖੌਰੇ ਉਹਨਾਂ ਨੂੰ ਕੋਈ ਮੁਰਦਾ ਡੰਗਰ ਲੱਭ ਗਿਆ ਸੀ।

ਪੀਰ ਲਹਿਰੀ ਸ਼ਾਹ ਬਾਦਸ਼ਾਹ ਅੱਖਾਂ ਮੀਟ ਕੇ ਅੱਲਾ ਹੂ, ਅੱਲਾ ਹੂ ਕਰ ਰਿਹਾ ਸੀ। ਸੂਈ ਦੇ ਨੱਕੇ ਵਿਚੋਂ ਦੀ ਨਿਕਲ ਜਾਣ ਵਾਲਾ ਮਾੜਚੂ ਜਿਹਾ ਮੁਰੀਦ ਅੱਖਾਂ ਪਾੜ ਪਾੜ ਕੇ

ਹੜ੍ਹ ਵੱਲ ਵੇਖ ਰਿਹਾ ਸੀ। ਤੇ ਇਕ ਮੋਟਾ ਬਾਲਕਾ ਪੀਰ ਜੀ ਦੀਆਂ ਲੱਤਾਂ ਘੁੱਟ ਰਿਹਾ ਸੀ।

"ਸ਼ਾਹ ਜੀ, ਹੜ੍ਹ ਨੂੰ ਰੁਕ ਜਾਣਾ ਚਾਹੀਦਾ ਏ। ਤੁਸੀਂ ਫੂਕ ਹੀ ਮਾਰ ਦਿਓ।" ਮਾੜਚੂ ਮੁਰੀਦ ਬੋਲਿਆ।

"ਸਾਨੂੰ ਹਾਲੀਂ ਹੁਕਮ ਨਹੀਂ ਹੋਇਆ ਫੂਕ ਮਾਰਨ ਦਾ, ਜਦੋਂ ਹੋਵੇਗਾ ਫੂਕ ਮਾਰ ਕੇ ਹੜ੍ਹ ਰੋਕ ਦਿਆਂਗੇ।" ਪੀਰ ਜੀ ਇੰਜ ਡੂੰਘੀ ਆਵਾਜ਼ ਵਿਚ ਬੋਲੇ ਜਿਵੇਂ ਕੋਈ ਟੋਬ੍ਹਾ ਖੂਹ ਵਿਚ ਬੋਲ ਰਿਹਾ ਹੋਵੇ।

"ਤੇ ਫਿਰ ਦਰਿਆ ਵਿਚ ਗੋਡੇ ਗੋਡੇ ਪਾਣੀ ਹੋ ਜਾਏਗਾ ਸ਼ਾਹ ਜੀ?" ਮੁਰੀਦ ਨੇ ਪੁੱਛਿਆ–

"ਹਾਂ ਬੱਚੜਾ, ਫਿਰ ਦਰਿਆ ਲਾਂਘਾ ਦੇ ਦੇਵੇਗਾ। ਸਾਰੇ ਇਨਸਾਨ ਪਾਰ ਲੰਘ ਜਾਣਗੇ।"

"ਰੇਤ ਉੱਤੇ ਲੰਮੀ ਪਈ ਹੋਈ ਕੰਜਰੀ ਤੇ ਉਹਦੇ ਨਾਲ ਬੁੱਢਾ ਉਸਤਾਦ ਵੀ?"

"ਹਾਂ, ਉਹ ਵੀ ਪਾਰ ਲੰਘ ਜਾਣਗੇ। ਸਾਡੀ ਰਹਿਮਤ ਸਾਰਿਆਂ ਲਈ ਏ।" ਸ਼ਾਹ ਜੀ ਨੇ ਕਿਹਾ ਤੇ ਅੱਖਾਂ ਨੂਟ ਲਈਆਂ।

"ਕੁਰਬਾਨ ਸੱਚੀ ਸਰਕਾਰ ਦੇ" ਮੁਰੀਦ ਨੇ ਕਿਹਾ ਤੇ ਲੰਮੀ ਪਈ ਕੰਜਰੀ ਵੱਲ ਗੌਰ ਨਾਲ ਤੱਕਣ ਲੱਗ ਪਿਆ।

ਬਰਸਾਤੀ ਨਾਲਾ ਚੜ੍ਹ ਗਿਆ ਸੀ ਤੇ ਉਹਦੇ ਪਾਣੀ ਦੀ ਘੂਕਰ ਦਰਿਆ ਵਿਚ ਆਏ ਹੋਏ ਹੜ੍ਹ ਦੀ ਘੂਕਰ ਨਾਲ ਮਿਲ ਗਈ ਸੀ। ਬਰਸਾਤੀ ਨਾਲਾ ਦਰਿਆ ਵਿੱਚੋਂ ਨਿਕਲਦਾ ਸੀ ਤੇ ਦਰਿਆ ਵਿੱਚ ਈ ਅੱਗੇ ਜਾ ਕੇ ਪੈ ਜਾਂਦਾ ਸੀ। ਇਸ ਛੋਟੀ ਜਿਹੀ ਨਦੀ ਵਿਚ ਸਾਰਾ ਸਾਲ ਪਾਣੀ ਨਾ ਆਉਂਦਾ। ਬਸ ਜਦੋਂ ਸਾਵਣ ਭਾਦੋਂ ਨੂੰ ਪਾਣੀ ਦੇ ਦਰਿਆ ਵਿੱਚ ਹੁੜ੍ਹਲ ਆ ਜਾਂਦੇ ਤੇ ਇਸ ਨਦੀ ਵਿਚ ਨਾਲਾ ਆਪਣੇ ਥਾਂ ਇਕ ਛੋਟਾ ਜਿਹਾ ਦਰਿਆ ਬਣ ਜਾਂਦਾ, ਜੇ ਬਹੁਤ ਜ਼ਿਆਦਾ ਹੜ੍ਹ ਆਉਂਦਾ ਤੇ ਫੇਰ ਦਰਿਆ ਤੇ ਨਾਲਾ ਇਕਮਿਕ ਹੋ ਜਾਂਦੇ, ਨਾਲਾ ਆਪਣੀ ਹਸਤੀ ਗਵਾ ਕੇ ਦਰਿਆ ਵਿਚ ਮਿਲ ਜਾਂਦਾ, ਜੁਜ਼ਕਲ ਬਣ ਜਾਂਦਾ ਤੇ ਕੁਲ ਆਲੇ ਦੁਆਲੇ ਦੇ ਸਾਰੇ ਇਲਾਕੇ ਨੂੰ ਆਪਣੀ ਮੁੱਠੀ ਵਿਚ ਲੈ ਕੇ ਹਲੂਣ ਸੁੱਟਦਾ, ਤਬਾਹ ਕਰ ਦੇਂਦਾ। ਮਕਾਨ ਡਿੱਗ ਪੈਂਦੇ, ਹਵੇਲੀਆਂ ਤਬਾਹ ਹੋ ਜਾਂਦੀਆਂ। ਡੰਗਰ ਰੁੜ੍ਹ ਜਾਂਦੇ। ਲੋਕ ਦਰੱਖਤਾਂ ਉਤੇ ਚੜ੍ਹ ਕੇ ਆਪਣੀ ਜਾਨ ਬਚਾਉਂਦੇ। ਪਰ ਇਸ ਕਿਸਮ ਦਾ ਹੜ੍ਹ ਪੰਜ ਛੇ ਸਾਲ ਬਾਅਦ ਆਉਂਦਾ, ਪੰਜ ਛੇ ਸਾਲ ਬਾਅਦ ਪਾਣੀ ਦੇ ਪਹਾੜ ਦਰਿਆ ਦੇ ਕੰਢੇ ਵੱਸਣ ਵਾਲੇ ਲੋਕਾਂ ਨੂੰ ਤਬਾਹ ਕਰ ਕੇ ਕਿੱਤੇ ਗੁੰਮ ਹੋ ਜਾਂਦੇ।

ਮੁਜ਼ਾਰਾ ਰੁਕਨ ਦੀਨ ਨੇ ਘੋੜੀ ਵੱਲ ਧਿਆਨ ਮਾਰਿਆ। ਉਹਨੇ ਦਾਣਾ ਖਾਣਾ ਛੱਡ ਦਿੱਤਾ ਸੀ ਤੇ ਕੰਨ ਚੁੱਕ ਕੇ ਨਾਲੇ ਤੇ ਦਰਿਆ ਦੀ ਘੂਕਰ ਸੁਣ ਰਹੀ ਸੀ।

"ਚੌਧਰੀ, ਘੋੜੀ ਨੇ ਦਾਣਾ ਖਾਣਾ ਛੱਡ ਦਿੱਤਾ ਏ ਤੇ ਮੂੰਹ ਚੁੱਕ ਕੇ ਦਰਿਆ ਵੱਲ ਪਈ ਤੱਕਦੀ ਏ।" ਰੁਕਨਦੀਨ ਮੁਜ਼ਾਰਾ ਜਾਗੋਮੀਟੀ ਵਿਚ ਕੁਦਰਤ ਅੱਲਾ ਨੂੰ ਹਲੂਣਦਿਆਂ ਹੋਇਆ ਬੋਲਿਆ।

ਚੌਧਰੀ ਕੁਦਰਤ ਅੱਲਾ ਖੇਸ ਵਿਛਾ ਕੇ ਰੇਤ ਉੱਤੇ ਲੰਮਾ ਪਿਆ ਹੋਇਆ ਸੀ। ਛੇਤੀ ਨਾਲ ਉੱਠਿਆ, ਪੱਗੜੀ ਦੋਨਾਂ ਹੱਥਾਂ ਨਾਲ ਠੀਕ ਕੀਤੀ ਤੇ ਆਨੇ ਪਾੜ ਕੇ ਦਰਿਆ ਵੱਲ



ਵੇਖਦਿਆਂ ਹੋਇਆਂ ਬੋਲਿਆ :

"ਰੁਕਨਦੀਨ ਭਰਾਵਾ, ਏਹ ਤੂਫ਼ਾਨੀ ਹੜ੍ਹ ਜਾਪਦਾ ਏ। ਉੱਠ ਛੇਤੀ ਕਰ, ਵਾਪਸ ਚੱਲੀਏ।"

ਰੁਕਨਦੀਨ ਨੇ ਚੌਧਰੀ ਦੇ ਮੂੰਹੋਂ ਪਹਿਲੀ ਵਾਰੀ ਭਰਾ ਦਾ ਲਫ਼ਜ਼ ਸੁਣਿਆ, ਉਹਦੇ ਸੀਨੇ ਠੰਢ ਪੈ ਗਈ ਪਰ ਉਹ ਪੁਰਾਣੀ ਤਾਬਿਆਦਾਰੀ ਤੇ ਚਲਦਾ ਹੋਇਆ ਬੜੀ ਹਲੀਮੀ ਨਾਲ ਬੋਲਿਆ :

"ਚੌਧਰੀ ਜੀ, ਵਾਪਸ ਮੁੜਨਾ ਬੜਾ ਔਖਾ ਏ। ਨਾਲਾ ਬੁਥ ਬੁਥ ਹੋਇਆ ਪਿਆ ਏ। ਉਹਦੇ ਵਿਚੋਂ ਵੀ ਹੜ੍ਹ ਦਾ ਪਾਣੀ ਗੋਲੀ ਦੀ ਸੱਟ ਵਾਂਗੂ ਲੰਘ ਰਿਹਾ ਏ। ਕਿਸੇ ਵੀ ਇਨਸਾਨ ਹੈਵਾਨ ਦੇ ਪੈਰ ਨਹੀਂ ਜੰਮ ਸਕਦੇ।"

"ਤੂੰ ਉੱਠ ਤੇ ਸਹੀ, ਢੇਰੀ ਕਿਉਂ ਢਾਅ ਬੈਠਾ ਏਂ।" ਚੌਧਰੀ ਰੋਅਬ ਵਿਚ ਆ ਗਿਆ। ਰੁਕਨਦੀਨ ਨੇ ਚੌਧਰੀ ਦੀ ਜੁੱਤੀ ਚੁੱਕੀ, ਸਾਫ਼ ਕੀਤੀ ਤੇ ਕੱਛ ਵਿਚ ਮਾਰ ਲਈ। ਫੇਰ ਉਹ ਲਗਾਮ ਫੜ ਕੇ ਨਾਲੇ ਵੱਲ ਹੋ ਪਿਆ ਤੇ ਚੌਧਰੀ ਉਹਦੇ ਪਿੱਛੇ ਪਿੱਛੇ ਟੁਰ ਪਿਆ।

ਜਿਸ ਥਾਂ ਬੇੜੀ ਦਾ ਪੂਰ ਬੈਠਾ ਹੋਇਆ ਸੀ ਪਾਣੀ ਅੱਗੋਂ ਪਿੱਛੋਂ ਉਥੇ ਖਰਗੋਸ਼ ਦੀ ਚਾਲ ਨਾਲ ਚੱਲਿਆ ਆ ਰਿਹਾ ਸੀ। ਦੂਰ ਤੱਕ ਦਰਿਆ ਵਿਚ ਘੁੰਮਣ ਘੇਰੀਆਂ ਪੈ ਰਹੀਆਂ ਸਨ। ਛੱਲਾਂ ਦੀਆਂ ਪਹਾੜੀਆਂ ਚਾਰ ਚੁਫੇਰੇ ਉਸਰ ਰਹੀਆਂ ਸਨ ਤੇ ਬੇੜੀ ਦਾ ਪੂਰ ਇਹਨਾਂ ਪਹਾੜੀਆਂ ਦੇ ਵਿਚਕਾਰ ਇੰਜ ਬੈਠਾ ਸੀ ਜਿਵੇਂ ਕਿਸੇ ਵਾਦੀ ਵਿਚ ਬੈਠਾ ਹੋਵੇ। ਪੱਤਣ ਦੀ ਜਗ੍ਹਾ ਭਾਵੇਂ ਉੱਚੀ ਸੀ ਪਰ ਦਰਿਆ ਤੇ ਨਾਲੇ ਵਿਚ ਉੱਠਣ ਵਾਲੀਆਂ ਲਹਿਰਾਂ ਮੌਜਾਂ ਤੇ ਘੁੰਮਣ ਘੇਰੀਆਂ ਦੇ ਮੁਕਾਬਲੇ ਵਿਚ ਨੀਵਾਣ ਪਈ ਜਾਪਦੀ ਸੀ। ਅਸਮਾਨੀ ਬੱਦਲ ਹੋਰ ਗਹਿਰੇ ਤੇ ਭਾਰੇ ਹੋ ਗਏ ਸਨ। ਮੱਛੀ-ਖੋਰ ਜਾਨਵਰਾਂ ਦਾ ਰੌਲਾ ਹੋਰ ਵੱਧ ਗਿਆ ਸੀ ਤੇ ਬੇੜੀ ਦੇ ਪੂਰ ਦੇ ਦਿਲਾਂ ਵਿਚ ਏਹ ਸਵਾਲ ਨੇਜ਼ੇ ਦੀ ਅਨੀ ਵਾਂਗਰ ਖੁੱਭ ਗਿਆ ਸੀ ਪਈ ਉਹ ਬਚਣਗੇ ਜਾਂ ਰੁੜ੍ਹ ਜਾਣਗੇ।

ਬੀਰਾਂ ਕੰਜਰੀ ਨੰਗੇ ਪੈਰੀਂ, ਰੇਤ ਉੱਤੇ ਟਹਿਲ ਰਹੀ ਸੀ। ਉਹਦੇ ਸੂਟ ਵਿਚੋਂ ਅਤਰ ਫੁਲੇਲ ਦੇ ਭੱਭਾਕੇ ਹਵਾ ਰਾਹੀਂ ਪੇਂਡੂ ਮੁੰਡੇ ਤੇ ਬੁੱਢੇ ਮਲਾਹ ਤੱਕ ਅੱਪੜ ਰਹੇ ਸਨ। ਮਲਾਹ ਤੇ ਆਪਣੀਆਂ ਨਾਸ਼ਾਂ ਇੰਜ ਚੜ੍ਹਾ ਰਿਹਾ ਸੀ ਜਿਵੇਂ ਕੋਈ ਨਰਕ ਦੀ ਬਦਬੂ ਸੁੰਘ ਰਿਹਾ ਹੋਵੇ। ਪਰ ਪੇਂਡੂ ਜਵਾਨ ਆਪਣਾ ਲੋਟੇ ਵਰਗਾ ਮੂੰਹ ਖੋਲ੍ਹ ਕੇ ਇੰਜ ਲੰਮੇ-ਲੰਮੇ ਸਾਹੀਂ ਖੁਸ਼ਬੂ ਪੀ ਰਿਹਾ ਸੀ ਜਿਵੇਂ ਮਿੱਠੇ ਦੁੱਧ ਦਾ ਗਲਾਸ ਪੀ ਰਿਹਾ ਹੋਵੇ।

"ਬੜੀ ਧੱਕੜ ਜਵਾਨ ਏ।" ਪੇਂਡੂ ਮੁੰਡੇ ਨੇ ਬੀਰਾਂ ਦਾ ਕੱਦ ਕਾਠ ਅੱਖਾਂ ਵਿਚ ਵਿਉਂਤ ਕੇ ਆਖਿਆ।

"ਹਰਾਮ ਦੀ ਕਮਾਈ ਉੱਤੇ ਪਲੀ ਹੋਈ ਏ।" ਮਲਾਹ ਨੇ ਆਖਿਆ।

"ਏਹਦੇ ਨਾਲ ਦਾ ਬੁੱਢਾ ਤੇ ਕਬਰ ਦਾ ਮੁਰਦਾ ਜਾਪਦਾ ਏ।" ਜਵਾਨ ਮੁੰਡਾ ਬੋਲਿਆ।

"ਭੰਗ, ਚਰਸ, ਅਫ਼ੀਮ ਤੇ ਦੂਜੇ ਨਸ਼ੇ ਜ਼ਿਆਦਾ ਕਰਦਾ ਹੋਵੇਗਾ। ਵੇਖੇਂ ਨਾ ਅੱਖਾਂ ਇੰਜ ਮੀਟੀਆਂ ਹੋਈਆਂ ਨੇ ਜਿਵੇਂ ਕੁੱਕੜ ਨੂੰ ਮੋਹਰਕੀ ਤਾਪ ਚੜ੍ਹਿਆ ਹੋਵੇ।"

ਬੀਰਾਂ ਨੂੰ ਵਿਚੋਂ ਧੁੜਕੀ ਲੱਗੀ ਹੋਈ ਸੀ, ਉਹ ਹਰਨੀ ਸੀ ਜਿਹੜੀ ਦੋ ਪਾਣੀਆਂ ਦੀ ਕੈਦ ਵਿਚ ਫੱਸ ਗਈ ਸੀ। ਉਹ ਸੁਬਹਾਨ-ਅੱਲਾ ਕਹਿਣ ਵਾਲੀਆਂ ਅੱਖਾਂ ਤੇ ਕੁਰਬਾਨ

ਜਾਵਾਂ, ਬੋਲਣ ਵਾਲੇ ਹੋਠਾਂ ਤੋਂ ਦੂਰ ਪਾਣੀ ਦੇ ਪਹਾੜਾਂ ਵਿਚ ਜਾ ਡਿੱਗੀ ਸੀ। ਉਹ ਸਮਝ ਰਹੀ ਸੀ ਉਹਦਾ ਬਚਣਾ ਮੁਹਾਲ ਏ। ਕਠੋਰ ਦਿਲ ਹੜ੍ਹ ਉਹਦੀ ਸੁੰਦਰਤਾ ਦਾ ਜਾਣੂ ਨਹੀਂ। ਉਸ ਕਠੋਰ ਦਿਲ ਲਈ ਉਹਦੇ ਨਖ਼ਰੇ ਫਜ਼ੂਲ ਨੇ।

"ਵੇ ਉਸਤਾਦ ਉੱਠ, ਕੀ ਸੁਸਰੀ ਵਾਂਗ ਸੌਂ ਗਿਆ ਏਂ।" ਉਹ ਫ਼ਿਕਰਮੰਦੀ ਨਾਲ ਬੋਲੀ। ਉਸਤਾਦ ਬੀਰਾਂ ਦੀ ਫੁਲਕਾਰੀ ਉੱਤੇ ਮਜ਼ੇ ਨਾਲ ਮੂਧਾ ਪਿਆ ਰਿਹਾ।

ਉਹਨੇ ਅੱਗੇ ਵੱਧ ਕੇ ਹਲੂਣਿਆ, "ਓਏ ਉਸਤਾਦ, ਸਿਰ ਉੱਤੇ ਮੌਤ ਘੂਕ ਰਹੀ ਏ ਤੇ ਤੂੰ ਲੱਤਾਂ ਲੰਮੀਆਂ ਕਰਕੇ ਸੁੱਤਾ ਹੋਇਆ ਏਂ।"

"ਬੀਬੀ, ਕੱਠੀਆਂ ਕਰਕੇ ਸੌਂ ਜਾਣਾ ਵਾਂ।" ਉਸਤਾਦ ਬੋਲਿਆ।

"ਉੱਠ, ਨਹੀਂ ਤੇ ਦੁਹੱਥੜ ਮਾਰਾਂਗੀ। ਆਹੋ।" ਬੀਰਾਂ ਨੇ ਉਸਤਾਦ ਨੂੰ ਹੋਰ ਹਲੂਣਿਆ।

"ਦੁਹੱਥੜ ਨਾ ਮਾਰੀਂ ਬੀਬੀ, ਫੁੱਲਾਂ ਵਰਗੀਆਂ ਨਾਜ਼ਕ ਉਂਗਲੀਆਂ ਮਚਕੋੜੀਆਂ ਜਾਣਗੀਆਂ।"

ਗੁੱਸੇ ਵਿਚ ਆ ਕੇ, ਬੀਰਾਂ ਫੁਲਕਾਰੀ ਉੱਤੇ ਬਹਿ ਗਈ ਤੇ ਰੇਸ਼ਮੀ ਸਲਵਾਰ ਦਾ ਪਹੁੰਚਾ ਉਤਾਂਹ ਚੁੱਕ ਕੇ ਪਿੰਨੀ ਖੁਰਕਣ ਲੱਗ ਪਈ।

ਪੀਰ ਲਹਿਰੀ ਸ਼ਾਹ ਬਾਦਸ਼ਾਹ ਦੇ ਡੇਰੇ ਵਿਚ ਇਕ ਦੱਮ ਖਲਬਲੀ ਮੱਚ ਗਈ। ਉਹਦੇ ਮੁਰੀਦ ਤੇ ਬਾਲਕੇ ਰੌਲਾ ਤੇ ਖੱਪ ਪਾਉਂਦੇ ਪਿਛਵਾੜੇ ਨੱਸ ਪਏ। ਮਾੜਚੂ ਮੁਰੀਦ ਤੇ ਮੋਟੇ ਬਾਲਕੇ ਨੇ ਕੁਰਲਾਹਟ ਪਾ ਦਿੱਤਾ–

"ਸੱਪ ਓਏ... ਸੱਪ ਓਏ...।"

ਮਲਾਹ ਆਪਣਾ ਡੰਡਾ ਲੈ ਕੇ ਦੌੜਿਆ। ਉਹਦੇ ਨਾਲ ਪੇਂਡੂ ਮੁੰਡਾ ਵੀ ਨੱਸਿਆ। ਇਹਨਾਂ ਵੇਖਿਆ, ਸੱਪ ਮੁੰਡੀ ਚੁੱਕ ਕੇ ਖਲੋਤਾ ਹੋਇਆ ਏ। ਅੱਖਾਂ ਤਾੜੇ ਲੱਗੀਆਂ ਹੋਈਆਂ ਨੇ। ਮਲਾਹ ਨੇ ਡੰਡੇ ਦੇ ਇਕੋ ਵਾਰ ਨਾਲ ਉਸਨੂੰ ਲੰਮਾ ਪਾ ਦਿੱਤਾ।

"ਬੜਾ ਜ਼ਹਿਰੀ ਸੱਪ ਸੀ।" ਪੀਰ ਜੀ ਬੋਲੇ।

"ਨਹੀਂ ਜੀ ਮਿੱਠਾ ਸੱਪ ਸੀ ਪਾਣੀ ਦਾ। ਏਹ ਵੈਸੇ ਤਾਂ ਲੜਦਾ ਨਹੀਂ, ਪਰ ਜੇ ਲੜੇ ਵੀ ਤਾਂ ਇਹਦਾ ਅਸਰ ਕੋਈ ਨਹੀਂ ਹੁੰਦਾ।"

"ਇਹ ਜ਼ਹਿਰੀ ਸੱਪ ਨਹੀਂ ਸੀ।" ਮਲਾਹ ਨੇ ਸੱਪ ਨੂੰ ਡੰਡੇ ਤੇ ਲੰਮਾ ਪਾ ਕੇ ਪਰ੍ਹਾਂ ਪਾਣੀ ਵਿਚ ਸੁੱਟ ਦਿੱਤਾ।

ਪੀਰ ਜੀ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਪਈ ਮਲਾਹ ਨੇ ਇਹ ਕਹਿ ਕੇ ਉਹਦੀ ਬੇਇੱਜ਼ਤੀ ਕੀਤੀ ਏ ਪਈ ਸੱਪ ਜ਼ਹਿਰੀ ਨਹੀਂ ਸੀ।

ਮਾੜਚੂ ਮੁਰੀਦ ਬੋਲਿਆ, "ਇਸ ਮਲਾਹ ਨੂੰ ਕੀ ਪਤਾ ਜ਼ਹਿਰੀ ਸੱਪ ਕੀ ਹੁੰਦਾ ਏ ?"

ਸਾਰੇ ਬਾਲਕੇ ਤੇ ਮੁਰੀਦ ਬੋਲੇ, "ਆਹੋ ਇਸ ਬੁੱਢੇ ਨੂੰ ਕੀ ਪਤਾ ?"

ਪੀਰ ਜੀ ਘਰੋਂ ਸਾਲਾਨਾ ਦੌਰੇ ਤੇ ਨਿਕਲੇ ਸਨ। ਉਹ ਹਰ ਸਾਲ ਆਪਣੇ ਮਰੀਜ਼ਾਂ ਦੇ ਘਰੀਂ ਜਾਂਦੇ ਸਨ। ਨਿਆਜ਼ਾਂ ਵਸੂਲ ਕਰਦੇ ਤੇ ਤਾਵੀਜ਼ ਧਾਗੇ ਦਿੰਦੇ ਸਨ। ਨਜ਼ਰ ਨਿਆਜ਼ਾਂ ਦੇ ਛੇ ਸੱਤ ਹਜ਼ਾਰ ਰੁਪਏ ਕਾਬੂ ਕਰਨ ਦੇ ਬਾਅਦ ਉਹ ਆਪਣੇ ਗਰਾਂ ਆਉਂਦੇ ਸਨ ਤੇ ਮੇਲਾ ਲਵਾਉਂਦੇ ਸਨ। ਜਿਹਦੇ ਵਿਚ ਕੰਜਰੀਆਂ, ਨਾਚੇ, ਭੰਡ, ਭਗਤੀਏ ਤੇ ਰਾਸਧਾਰੀਏ



ਆਪਣੇ ਫ਼ਨ ਦਾ ਮੁਜ਼ਾਹਰਾ ਕਰਕੇ ਲੋਕਾਂ ਦੇ ਖੀਸੇ ਖਾਲੀ ਕਰਦੇ ਸਨ। ਮੇਲੇ ਉੱਤੇ ਫ਼ਸਾਦ ਵੀ ਹੁੰਦਾ ਸੀ ਤੇ ਚੋਰੀ ਚਕਾਰੀ ਵੀ ਤੇ ਅਗਵਾ ਦੀਆਂ ਵਾਰਦਾਤਾਂ ਜਿੰਨੀਆਂ ਜ਼ਿਆਦਾ ਹੁੰਦੀਆਂ ਸਨ, ਮੇਲੇ ਤੇ ਪੀਰ ਦੀ ਓਨੀ ਜ਼ਿਆਦਾ ਮਸ਼ਹੂਰੀ ਹੁੰਦੀ ਸੀ। ਸ਼ਾਹ ਜੀ ਦਾ ਉੱਨਾ ਜ਼ਿਆਦਾ ਜੀ ਖੁਸ਼ ਹੁੰਦਾ ਸੀ।

ਸ਼ਾਹ ਜੀ ਨਮਾਜ਼, ਰੋਜ਼ਾ, ਹੱਜ ਜ਼ਕਾਤ ਦੇ ਕਾਇਲ ਨਹੀਂ ਸਨ। ਉਹ ਕਹਿੰਦੇ ਸਨ, ਸ਼ਰੀਅਤ ਤੋਂ ਉੱਚੇ ਨੇ। ਉਹ ਤਰੀਕਤ ਤੇ ਮਾਰਫ਼ਤ ਉੱਤੇ ਚੱਲਦੇ ਨੇ। ਅਸਲ ਗੱਲ ਇਹ ਸੀ ਪਈ ਸ਼ਾਹ ਜੀ ਨੂੰ ਨਾ ਸ਼ਰੀਅਤ ਦਾ ਪਤਾ ਸੀ, ਨਾ ਤਰੀਕਤ ਦਾ ਤੇ ਨਾ ਈਂ ਮਾਰਫ਼ਤ ਦਾ। ਤਾਲੀਮੀ ਇਤਬਾਰ ਨਾਲ ਉਹ ਦੂਜੀ ਜਮਾਤ ਪਾਸ ਸਨ। ਉਹਨਾਂ ਅੱਕੜ ਬੱਕੜ ਕਿਸਮ ਦੀਆਂ ਚੀਜ਼ਾਂ ਯਾਦ ਕੀਤੀਆਂ ਹੋਈਆਂ ਸਨ ਜਿਹਨਾਂ ਨੂੰ ਉਹ ਤਾਪ ਤੋਂ ਲੈ ਕੇ ਜਾਦੂ ਟੂਣੇ ਤੱਕ ਵਰਤਦੇ ਸਨ। ਜੇ ਕਿਸੇ ਮੁਰੀਦ ਦੀ ਤੀਵੀਂ ਨੱਸ ਜਾਂਦੀ ਤੇ ਮੁਰੀਦ ਦੇ ਡੌਲੇ ਨਾਲ ਤਾਵੀਜ਼ ਬੱਝ ਜਾਂਦਾ ਪਈ ਤਾਵੀਜ਼ ਦੇ ਜ਼ੋਰ ਨਾਲ ਜ਼ਨਾਨੀ ਮੁੜ ਆਵੇਗੀ, ਪਰ ਨੱਸੀ ਹੋਈ ਜ਼ਨਾਨੀ ਤਾਵੀਜ਼ ਦੇ ਜ਼ੋਰ ਨਾਲ ਕਦੀ ਨਹੀਂ ਸੀ ਮੁੜਦੀ।

ਸ਼ਾਹ ਜੀ ਨੇ ਮਲਾਹ ਨੂੰ ਬੁਲਾਇਆ ਤੇ ਪੁੱਛਿਆ :

"ਹੁਣ ਕੀ ਬਣੇਗਾ ?"

"ਬਣਨਾ ਕੀ ਏ ?" ਉਹ ਬੋਲਿਆ, "ਮਾਲੂਮ ਤੇ ਇਹ ਹੁੰਦਾ ਏ ਪਈ ਪਾਣੀ ਸਾਡੇ ਸਿਰ ਤੋਂ ਵੀ ਲੰਘ ਜਾਏਗਾ।"

"ਭੈੜੇ ਬੋਲ ਮੂੰਹੋਂ ਨਹੀਂ ਕੱਢੀਦੇ ਬੁੱਢਿਆ।" ਸ਼ਾਹ ਜੀ ਜਲਾਲ ਵਿਚ ਆ ਗਏ। ਉਹਨਾਂ ਦੀ ਭੱਬਕ ਬੀਰਾਂ ਕੰਜਰੀ, ਉਸਤਾਦ ਰਹੀਮੂ, ਮੁਜ਼ਾਰਾ ਰੁਕਨਦੀਨ, ਜ਼ਿਮੀਦਾਰ ਕੁਦਰਤ ਅੱਲਾ ਤੇ ਪੇਂਡੂ ਮੁੰਡੇ ਨੇ ਸੁਣੀ ਤੇ ਸ਼ਾਹ ਜੀ ਦੇ ਕੋਲ ਆ ਗਏ। ਸ਼ਾਹ ਜੀ ਉਹਨਾਂ ਨੂੰ ਵੇਖ ਕੇ ਹੋਰ ਗੁੱਸੇ ਵਿਚ ਆ ਗਿਆ ਤੇ ਬੋਲਿਆ :

"ਜੇ ਅਸੀਂ ਚਾਹੀਏ ਤੇ ਸਾਰਾ ਦਰਿਆ ਖੁਸ਼ਕ ਕਰ ਦਈਏ।"

"ਏਹ ਹੋ ਜਾਏ ਤੇ ਹੋਰ ਕੀ ਚਾਹੀਦਾ ਏ, ਮਾਰੋ ਫੂਕ।"

"ਪਰ ਸਾਨੂੰ ਹੁਕਮ ਨਹੀਂ ਹੈਗਾ।"

ਬੀਰਾਂ ਅੱਕੀ ਹੋਈ ਬੋਲੀ, "ਬਕਵਾਸ ਏ।"

ਸ਼ਾਹ ਜੀ ਹੋਰ ਗੁੱਸੇ ਤੇ ਜਲਾਲ ਵਿਚ ਆ ਗਏ ਤੇ ਗੱਜੇ :

"ਨਾਪਾਕ ਵਜੂਦ ਵਾਲੀ ਔਰਤ, ਸਾਡੇ ਬੋਲਾਂ ਬਚਨਾਂ ਨੂੰ ਬਕਵਾਸ ਕਹਿਨੀ ਏਂ।"

ਕੰਜਰੀ ਗੁੱਸੇ ਵਿਚ ਆ ਗਈ। ਔਖੀ ਹੋ ਕੇ ਬੋਲੀ :

"ਝੂਠਿਆ ਪੀਰਾ, ਮੂੰਹ ਸੰਭਾਲ ਕੇ ਗੱਲ ਕਰ, ਤੇਰੇ ਵਰਗੇ ਪਾਕਿ ਸਾਫ਼ ਮੇਰੇ ਪਿੱਛੇ ਪਿੱਛੇ ਫਿਰਦੇ ਨੇ।"

ਸ਼ਾਹ ਜੀ ਨੇ ਆਪਣੇ ਮੁਰੀਦਾਂ, ਬਾਲਕਿਆਂ ਨੂੰ ਇਸ਼ਾਰਾ ਕੀਤਾ। ਉਹ ਕੁੱਦ ਕੇ ਬੀਰਾਂ ਵੱਲ ਵੱਧੇ ਪਰ ਮਲਾਹ ਦੇ ਪੇਂਡੂ ਮੁੰਡੇ ਰੁਕਨਦੀਨ ਤੇ ਕੁਦਰਤ ਅੱਲਾ ਨੇ ਰੋਕ ਲਏ। ਉਸਤਾਦ ਰਹੀਮੂ ਨੇ ਸਾਰੰਗੀ ਦਾ ਗਜ਼ ਮਾੜਚੂ ਮੁਰੀਦ ਦੇ ਸਿਰ ਵਿਚ ਮਾਰਿਆ। ਚੌਧਰੀ ਕੁਦਰਤ ਅੱਲਾ ਬੀਰਾਂ ਨੂੰ ਸਮਝਾ ਕੇ ਪੀਰ ਤੋਂ ਪਰ੍ਹਾਂ ਨੂੰ ਲੈ ਗਿਆ।

ਹੁਣ ਹੜ੍ਹ ਦੇ ਪਾਣੀ ਕੋਲੋਂ ਕਨਾਲ ਕੁ ਰੇਤ ਬੱਚੀ ਹੋਈ ਸੀ। ਪਾਣੀ ਬਰਾਬਰ ਉੱਧਰ

ਈ ਵੱਧ ਰਿਹਾ ਸੀ। ਨਾਲੇ ਦੀ ਕੋਈ ਜਗ੍ਹਾ ਨਹੀਂ ਸੀ ਨਜ਼ਰ ਆਉਂਦੀ। ਗਿਰਝਾਂ, ਬੱਗਲੇ, ਟਟੋਲੀਆਂ ਤੇ ਦੂਜੇ ਜਨੌਰ ਮੁਚਰਾਂ, ਭਡਰਾਂ, ਡੱਡੀਆਂ ਤੇ ਦੂਜਾ ਮੁਰਦਾਰ ਖਾ ਰਹੇ ਸਨ ਤੇ ਚੀਕਾਂ ਮਾਰ ਰਹੇ ਸਨ। ਸਾਰੇ ਮੁਸਾਫ਼ਰ ਸੋਚ ਰਹੇ ਸਨ, ਪਾਣੀ ਦੀ ਲਹਿਰ ਆਈ ਕਿ ਆਈ ਤੇ ਉਹ ਰੁੜ੍ਹੇ ਕੇ ਰੁੜ੍ਹੇ।

ਜੀ ਭਿਆਣਾ ਹੋ ਕੇ ਚੌਧਰੀ ਕੁਦਰਤ ਅੱਲਾ ਨੇ ਮਲਾਹ ਨੂੰ ਪੁੱਛਿਆ ਪਈ ਉਹਦੀ ਬੇੜੀ ਕਿਸੇ ਕੰਮ ਨਹੀਂ ਆ ਸਕਦੀ ?

ਮਲਾਹ ਬੋਲਿਆ, "ਚੌਧਰੀ, ਦਰਿਆ ਵਿਚ ਬੇੜੀ ਪਾਉਣਾ ਕਮ-ਅਕਲਾਂ ਦਾ ਕੰਮ ਏ।"

"ਨਹੀਂ ਚੌਧਰੀ, ਦਰਿਆ ਵਿਚ ਬੇੜੀ ਪਾਉਣਾ ਬਹਾਦਰਾਂ ਤੇ ਦਲੇਰਾਂ ਦਾ ਕੰਮ ਏ। ਕਮ ਅਕਲਾਂ ਦਾ ਨਹੀਂ।" ਰੁਕਨਦੀਨ ਬੋਲਿਆ।

"ਮੈਨੂੰ ਕਿਸੇ ਨਾ ਕਿਸੇ ਤਰ੍ਹਾਂ ਸੁੱਕੇ ਤੇ ਲਾਹ ਦੇ, ਮੈਂ ਤੈਨੂੰ ਪੰਜਾਹ ਰੁਪਏ ਦੇਵਾਂਗਾ।" ਚੌਧਰੀ ਕੁਦਰਤ ਅੱਲਾ ਬੋਲਿਆ।

"ਤੁਸੀਂ ਚੌਧਰੀ ਜੀ ਮੈਨੂੰ ਇਕ ਸੌ ਰੁਪਏ ਦਿਉ ਤਾਂ ਵੀ ਮੈਂ ਬੇੜੀ ਦਰਿਆ ਵਿਚ ਨਾ ਪਾਵਾਂ।"

"ਚੱਲ ਮੈਂ ਤੈਨੂੰ ਇਕ ਸੌ ਰੁਪਏ ਦਿੰਨਾਂ ਵਾਂ ਮੈਨੂੰ ਪਾਰ ਲੰਘਾ ਦੇ।" ਚੌਧਰੀ ਨੇ ਹਿੰਮਤ ਕਰਦਿਆਂ ਹੋਇਆਂ ਆਖਿਆ।

"ਤੇ ਮੈਂ ਚੌਧਰੀ ਜੀ ?" ਰੁਕਨਦੀਨ ਮੁਜਾਰੇ ਪੁੱਛਿਆ।

"ਤੇਰਾ ਕੀ ਏ, ਤੂੰ ਤਰ ਕੇ ਪਾਰ ਲੰਘ ਜਾਵੇਂਗਾ।" ਚੌਧਰੀ ਲਾਪਰਵਾਹੀ ਨਾਲ ਆਖਿਆ।

"ਤੇ ਮੈਂ ਜੇ ਤਰਦਿਆਂ ਹੋਇਆਂ ਮਰ ਗਿਆ ਤੇ ਫੇਰ ?" ਰੁਕਨਦੀਨ ਪੁੱਛਿਆ।

"ਮੈਂ ਤੇਰੀ ਘਰ ਵਾਲੀ ਤੇ ਨਿਆਣਿਆਂ ਨੂੰ ਭੁੱਖਿਆਂ ਨਹੀਂ ਮਰਨ ਦਿੰਦਾ। ਬਹੁਤ ਜ਼ਮੀਨ ਏ ਮੇਰੀ।"

ਮਲਾਹ ਨੇ ਸੌ ਰੁਪਏ ਲੈ ਕੇ ਚੌਧਰੀ ਕੁਦਰਤ ਅੱਲਾ ਨੂੰ ਬੇੜੀ ਵਿਚ ਬਿਠਾਇਆ ਤੇ ਰੁਕਨਦੀਨ ਤੇ ਪੇਂਡੂ ਮੁੰਡੇ ਨੂੰ ਬੇੜੀ ਦਾ ਰੱਸਾ ਫੜਾ ਕੇ ਆਖਿਆ ਪਈ ਧਰੂ ਕੇ ਨਾਲੇ ਵਾਲੇ ਪਾਸੇ ਲੈ ਚੱਲੋ। ਉਹ ਆਪ ਵੰਝ ਫੜ ਕੇ ਬੇੜੀ ਵਿਚ ਖਲੋ ਗਿਆ। ਜਦ ਬੀਰਾਂ ਕੰਜਰੀ, ਉਸਤਾਦ ਰਹੀਮੂ, ਪੀਰ ਲਹਿਰੀ ਸ਼ਾਹ ਬਾਦਸ਼ਾਹ ਤੇ ਉਹਦੇ ਮੁਰੀਦਾਂ ਤੇ ਬਾਲਕਿਆਂ ਇਹ ਕੁਝ ਵੇਖਿਆ ਤੇ ਉਹ ਵੀ ਬੇੜੀ ਵੱਲ ਨੱਸੇ। ਪੀਰ ਜੀ ਬੇੜੀ ਤੱਕ ਨੱਸਣ ਦੇ ਦੌਰਾਨ ਤਿੰਨ ਵਾਰੀ ਤੇ ਬੀਰਾਂ ਕੰਜਰੀ ਦੋ ਵਾਰੀ ਡਿੱਗੇ, ਪਰ ਜਦ ਉਹ ਬੇੜੀ ਦੇ ਨੇੜੇ ਪਹੁੰਚੇ ਤੇ ਮਲਾਹ ਵੰਝ ਸਿਰੋਂ ਉਤਾਂਹ ਚੁੱਕ ਕੇ ਉਹਨਾਂ ਨੂੰ ਉਗਾਰਦਿਆਂ ਹੋਇਆਂ ਆਖਿਆ :

"ਫੀ ਸਵਾਰੀ ਸੌ ਰੁਪਿਆ, ਜੇ ਮੰਜ਼ੂਰ ਏ ਤੇ ਬਹਿ ਜਾਓ, ਨਹੀਂ ਤੇ ਪੈਰਾਂ ਤੇ ਖਲੋਤੇ ਰਹਵੋ।"

ਸ਼ਾਹ ਜੀ ਨੇ ਡੱਬ ਵਿਚੋਂ ਸੌ ਰੁਪਏ ਦਾ ਨੋਟ ਕੱਢਿਆ ਤੇ ਬੋਲਿਆ :

"ਲੈ ਭਈ ਮਲਾਹਾ ਸੌ ਰੁਪਏ ਮੈਨੂੰ ਬਹਿਣ ਦੇ ਬੇੜੀ ਵਿਚ।"

ਜਦ ਉਹਨੇ ਪੈਰ ਪੁੱਟਿਆ ਤੇ ਉਹਦੇ ਸਾਰੇ ਮੁਰੀਦ ਬਾਲਕੇ ਜਿਹੜੇ ਤਾਦਾਦ ਵਿਚ



ਨੌਂ ਸਨ ਉਹਨੂੰ ਚੰਬੜ ਗਏ ਤੇ ਲੱਗੇ ਰੌਲਾ ਪਾਉਣ।

"ਮੈਨੂੰ ਵੀ ਲੈ ਚੱਲ, ਮੈਨੂੰ ਵੀ ਲੈ ਚੱਲ ਸ਼ਾਹ ਜੀ ਬਾਦਸ਼ਾਹ।"

ਮੋਟੇ ਬਾਲਕੇ ਨੇ ਹੱਥ ਮਾਰ ਕੇ ਪੀਰ ਦੀ ਡੱਬ ਵਿਚੋਂ ਸਾਰੇ ਨੋਟ ਕੱਢ ਕੇ ਨੌਂ ਗਿਣ ਕੇ ਮਲਾਹ ਨੂੰ ਦਿੱਤੇ ਤੇ ਬਾਕੀ ਆਪਣੇ ਲੰਮੇ ਚੋਗੇ ਦੀ ਜੇਬ ਵਿਚ ਪਾ ਲਏ। ਪੀਰ, ਮੁਰੀਦਾਂ ਤੇ ਬਾਲਕਿਆਂ ਨੂੰ ਗਾਲ੍ਹੀਆਂ ਦਿੰਦਾ ਬੇੜੀ ਵਿਚ ਬਹਿ ਗਿਆ ਤੇ ਉਹਦੇ ਨਾਲ ਉਹਦੇ ਸੰਗੀ ਸਾਥੀ ਵੀ।

ਜਿਸ ਵੇਲੇ ਬੀਰਾਂ ਨੇ ਦੋ ਸੌ ਰੁਪਏ ਮਲਾਹ ਨੂੰ ਫੜਾਏ ਤੇ ਪੀਰ ਲਹਿਰੀ ਸ਼ਾਹ ਉੱਚੀ ਆਵਾਜ਼ ਨਾਲ ਬੋਲਿਆ,

"ਬੁੱਢਿਆ! ਇਸ ਨਾਪਾਕ ਔਰਤ ਨੂੰ ਬੇੜੀ ਵਿਚ ਨਾ ਬਿਠਾ, ਬੇੜੀ ਇਹਦੇ ਵਜੂਦ ਨਾਲ ਗਰਕ ਹੋ ਜਾਏਗੀ।"

ਮਲਾਹ ਬੋਲਿਆ, "ਪਾਕ ਨਾਪਾਕ ਦਾ ਫ਼ੈਸਲਾ ਅੱਲਾ ਦੇ ਹੱਥ ਏ ਸ਼ਾਹ ਜੀ।"

ਏਹ ਕਹਿ ਕੇ ਓਸ ਪੇਂਡੂ ਜਵਾਨ ਨੇ ਰੁਕਨਦੀਨ ਮੁਜ਼ਾਰੇ ਨੂੰ ਇਸ਼ਾਰਾ ਕੀਤਾ, ਉਹ ਪੱਟ ਪੱਟ ਪਾਣੀ ਵਿਚੋਂ ਦੀ ਬੇੜੀ ਧਰੂ ਕੇ ਨਾਲੇ ਵੱਲ ਲੈ ਟੁਰੇ।

ਜਿੱਥੇ ਪਹਿਲਾਂ ਮੁਸਾਫ਼ਿਰ ਖਲੋਤੇ ਸਨ। ਦੋ ਮਿੰਟਾਂ ਵਿਚ ਉਥੇ ਵੀ ਹੜ੍ਹ ਦਾ ਪਾਣੀ ਚੜ੍ਹ ਆਇਆ। ਨਾਲੇ ਵਿਚ ਪਾਣੀ ਬਹੁਤ ਤੇਜ਼ ਸੀ ਤੇ ਉੱਚੀਆਂ ਉੱਚੀਆਂ ਘੁੰਮਣ ਘੇਰੀਆਂ ਪੈ ਰਹੀਆਂ ਸਨ। ਮਲਾਹ ਦੇ ਇਸ਼ਾਰੇ ਉੱਤੇ ਪੇਂਡੂ ਜਵਾਨ ਤੇ ਰੁਕਨਦੀਨ ਛਾਲਾਂ ਮਾਰ ਕੇ ਬੇੜੀ ਵਿਚ ਬਹਿ ਗਏ। ਤੇ ਮਲਾਹ ਵੰਝ ਦੇ ਆਸਰੇ ਬੇੜੀ ਪਾਣੀ ਵਿਚ ਲੈ ਟੁਰਿਆ। ਉਹ ਬੇੜੀ ਲੈ ਕੇ ਹਾਲੀਂ ਥੋੜ੍ਹੀ ਦੂਰ ਈ ਗਿਆ ਸੀ ਕਿ ਪਾਣੀ ਦੀ ਛੱਲ ਬੇੜੀ ਨਾਲ ਵੱਜੀ ਤੇ ਸਾਰਾ ਪੂਰ ਨਹਾਤਾ ਗਿਆ। ਬੀਰਾਂ ਦੇ ਰੇਸ਼ਮੀ ਕੱਪੜੇ ਜਿਸਮ ਨਾਲ ਚਿਪਕ ਗਏ ਤੇ ਉਹਦਾ ਸੋਨੇ ਵਰਗਾ ਸਰੀਰ ਸਾਰਿਆਂ ਦੀਆਂ ਅੱਖਾਂ ਵਿਚ ਖੁੱਭ ਗਿਆ। ਮਲਾਹ ਘਬਰਾ ਕੇ ਬੋਲਿਆ :

"ਅੱਲਾ ਨੂੰ ਯਾਦ ਕਰੋ ਅੱਲਾ ਨੂੰ, ਉਹ ਬੇੜੀ ਬੰਨੇ ਲਾਉਣ ਵਾਲਾ ਏ।"

ਚੌਧਰੀ ਨੇ ਆਪਣਾ ਖੇਸ ਚੁੱਕਿਆ ਤੇ ਬੀਰਾਂ ਦੇ ਆਲੇ ਦੁਆਲੇ ਲਪੇਟ ਦਿੱਤਾ।

ਵੰਝ ਬੇਫ਼ਾਇਦਾ ਹੋ ਗਿਆ ਸੀ ਤੇ ਬੇੜੀ ਡੱਕੇ-ਡੋਲੇ ਖਾਂਦੀ ਪਾਣੀ ਵਿਚੋਂ ਦੀ ਸ਼ੂਟ ਨੱਸੀ ਜਾਂਦੀ ਸੀ। ਪੀਰ ਤੇ ਪੀਰ ਦੇ ਬਾਲਕੇ ਤੇ ਮੁਰੀਦ ਉੱਚੀ ਉੱਚੀ ਰੋ ਰਹੇ ਸਨ। ਤਰਕਾਲਾਂ ਦੇ ਹਨ੍ਹੇਰੇ ਵਿਚ ਉਨ੍ਹਾਂ ਦਾ ਰੋਣਾ ਖੌਫ਼ਨਾਕ ਜਾਪਦਾ ਸੀ।

ਦੂਜੇ ਦਿਨ ਸਵੇਰੇ ਦਰਿਆ ਦੇ ਲਾਗੇ-ਸ਼ਾਗੇ ਦੇ ਪਿੰਡਾਂ ਵਿਚ ਇਹ ਖ਼ਬਰ ਪਹੁੰਚੀ ਪਈ ਰਾਤ ਨਾਲੇ ਵਿਚ ਇਕ ਬੇੜੀ ਮੂਧੀ ਹੋਈ ਏ। ਬਾਕੀ ਸਾਰੇ ਬੱਚ ਗਏ ਨੇ ਪਰ ਨਰਵਾਲ ਦਾ ਪੀਰ, ਸਿਆਲਕੋਟ ਦੀ ਕੰਜਰੀ ਤੇ ਰਹਿਮਤਪੁਰ ਦਾ ਚੌਧਰੀ ਡੁੱਬ ਕੇ ਮਰ ਗਏ ਨੇ। ਚੌਧਰੀ ਦੀ ਲਾਸ਼ ਲਾਪਤਾ ਏ ਪਰ ਪੀਰ ਤੇ ਕੰਜਰੀ ਦੀਆਂ ਲਾਸ਼ਾਂ ਮਿਲ ਗਈਆਂ ਨੇ। ਉਹਨਾਂ ਦੀਆਂ ਲਾਸ਼ਾਂ ਕਮਾਦ ਵਿਚ ਲੁਕੀਆਂ ਹੋਈਆਂ ਸਨ ਤੇ ਦੋਹਾਂ ਨੇ ਜੱਫੀ ਪਾਈ ਹੋਈ ਸੀ।

# ਤੁਰਦੇ ਹੋਏ ਪੈਰ

"ਲੰਡਨ ਤੋਂ ਮਿਡਲੈਂਡ ਵੱਲ ਹੋ ਜਾਵੋ ਤੇ ਰਾਹ ਵਿਚ ਅਪਸ਼ਮ ਆਂਵਦਾ ਏ। ਏਥੇ ਡਰਬੀ ਰੇਸ ਵੀ ਹੁੰਦੀ ਏ।" ਲਿੱਲੀ ਨੇ ਸਿਗਰਟ ਦਾ ਸੂਟਾ ਜੋਮੋਸੀਵਾ ਦੇ ਮੂੰਹ ਉੱਤੇ ਰੱਖੀਲੇ ਵਾਂਗ ਮਾਰ ਕੇ ਆਖਿਆ।

"ਹੋਰ ਪਿਆ ਸਿਗਰਟਾਂ ਲਿੱਲੀ ਨੂੰ।" ਮੈਂ ਹੱਸ ਕੇ ਬੰਦ ਅੱਖੀਆਂ ਵਾਲੇ ਜੋ ਨੂੰ ਤਨਜ਼ਾ ਕੇ ਆਖਿਆ। ਉਸ ਨੇ ਅੱਖਾਂ ਖੋਲ੍ਹੀਆਂ ਤੇ ਪਲੇਟਫ਼ਾਰਮ ਦੇ ਚੋਬੀ (ਲਕੜੀ) ਦੇ ਬੈਂਚ ਤੋਂ ਉੱਠ ਕੇ ਡੱਬੇ ਵੱਲ ਤੁਰਿਆ। ਮੈਂ ਉਹਦੇ ਮਗਰ ਮਗਰ ਸਾਂ।

ਅੰਦਰ ਵੜ ਕੇ ਅਸੀਂ ਬਰਾਬਰ ਬਰਾਬਰ ਲੱਗੀਆਂ ਸੀਟਾਂ ਵਿਚ ਧੱਸ ਗਏ। ਜੋ ਸਿਗਰਟ ਨੂੰ ਅੱਗ ਵਖਾਂਵਦਾ ਹੋਇਆ ਬੋਲਿਆ, "ਲਿੱਲੀ ਬੜੀ ਸ਼ਰਾਰਤਨ ਏ। ਪਰ ਉਸ ਨੂੰ ਪਸੰਦ ਕਰਨਾ ਵਾਂ।" ਅੱਗ ਬੁੱਝ ਗਈ ਸੀ। ਉਸ ਨੇ ਦੀਵਾ-ਸਲਾਈ ਬਾਲ ਕੇ ਫੇਰ ਸਿਗਰਟ ਬਾਲੀ ਤੇ ਸੂਟਾ ਲਾਇਆ।

"ਮੈਨੂੰ ਤੇ ਲੰਡਨ ਸ਼ਹਿਰ ਇਨਸਾਨਾਂ ਦਾ ਜੰਗਲ ਲੱਗਦਾ ਏ ਜੋਨੇ।" ਮੈਂ ਆਖਿਆ।

"ਤੇਰੀ ਗੱਲ ਠੀਕ ਏ ਇਨਸਾਨਾਂ ਦੇ ਏਸ ਜੰਗਲ ਵਿਚ ਲਿੱਲੀ ਗੁਲਾਬ ਦਾ ਬੂਟਾ ਏ।"

"ਮੇਰੇ ਦੇਸ਼ ਮਲਾਵੀ ਵਿਚ ਵੀ ਬਹੁਤ ਜੰਗਲ ਨੇ, ਪਰ ਉਹ ਦਰੱਖ਼ਤਾਂ ਤੇ ਬਿਰਖ਼ਾਂ ਦੇ ਜੰਗਲ ਨੇ। ਇਨਸਾਨਾਂ ਦੇ ਜੰਗਲ ਨਹੀਂ। ਪਤਾ ਏ, ਮੈਨੂੰ ਕਿੰਨੀਆਂ ਕੁੜੀਆਂ ਪਿਆਰ ਕਰਦੀਆਂ ਨੇ?" ਜੋ ਦਰੱਖ਼ਤਾਂ ਤੋਂ ਕੁੜੀਆਂ 'ਤੇ ਆ ਗਿਆ ਸੀ।

"ਚਾਰ, ਤੂੰ ਇਕ ਵਾਰੀ ਮੈਨੂੰ ਦੱਸਿਆ ਸੀ ਕਿ ਤੈਨੂੰ ਚਾਰ ਕੁੜੀਆਂ ਪਿਆਰ ਕਰਦੀਆਂ ਨੇ।"

"ਹਾਂ! ਮੈਨੂੰ ਚਾਰ ਕੁੜੀਆਂ ਪਿਆਰ ਕਰਦੀਆਂ ਨੇ। ਏਸੇ ਕਰਕੇ ਮੈਂ ਖੱਬੀ ਵੀਣੀ ਵਿਚ ਚਾਰ ਕੜੇ ਪਾਏ ਹੋਏ ਨੇ। ਲੋਹੇ ਦੇ। ਮੇਰੇ ਦੇਸ਼ ਮਲਾਵੀ ਵਿਚ ਇਹ ਰਿਵਾਜ਼ ਏ। ਤੇਰੇ ਦੇਸ਼ ਵਿਚ ਵੀ ਇਸ ਤਰ੍ਹਾਂ ਦਾ ਕੋਈ ਰਿਵਾਜ਼ ਹੈ ਵੇ?" ਉਸ ਸਿਗਰਟ ਦਾ ਧੂੰਆਂ ਡੱਬੇ ਦੀ ਛੱਤ ਵੱਲ ਕਾਲ਼ੇ ਬੁੱਲ੍ਹ ਮੀਟ ਕੇ ਮਾਰਿਆ। ਧੂੰਏਂ ਦੀ ਕਾਲੀ ਤੰਦੀਰੀ ਛੱਤ ਵੱਲ ਸੱਟ ਮਾਰ ਕੇ ਵੱਧੀ। ਗੱਡੀ ਨੇ ਚੀਕ ਮਾਰੀ ਤੇ ਮੈਂ ਬਾਹਰ ਵੱਲ ਵੇਖਿਆ।

"ਲਿੱਲੀ ਖਲੋ ਗਈ ਏ ਤੇ ਹੱਥ ਹਿਲਾ ਰਹੀ ਏ ਤੇਰੇ ਲਈ।" ਮੈਂ ਉਸ ਨੂੰ ਦੱਸਿਆ।

"ਮੈਂ ਨਹੀਂ ਵੇਖਣਾ ਲਿੱਲੀ ਵੱਲ। ਬਕਵਾਸ ਏ, ਮੈਨੂੰ ਜ਼ਰਾ ਪਸੰਦ ਨਹੀਂ। ਮੇਰਾ ਅੱਧਾ ਵਜੀਫ਼ਾ ਖਾ ਜਾਂਦੀ ਏ ਤੇ ਮੈਨੂੰ ਤਰਲੇ ਲੈਣੇ ਪੈਂਦੇ ਨੇ। ਇਹ ਵਲਾਇਤੀ ਕੁੜੀਆਂ ਮੈਨੂੰ ਜ਼ਹਿਰ ਲੱਗਦੀਆਂ ਨੇ।"

"ਠੀਕ, ਪਰ ਹੁਣ ਤੂੰ ਬਕਵਾਸ ਕਰ ਰਿਹਾ ਸੈਂ ਕਿ ਲਿੱਲੀ ਬਹੁਤ ਵਧੀਆ ਲੱਗਦੀ ਏ ਤੈਨੂੰ।"

"ਹੁਣ ਗੱਡੀ ਟੁਰ ਪਈ ਏ। ਮੈਂ ਇਨਸਾਨਾਂ ਦੇ ਜੰਗਲ ਵਿਚੋਂ ਨਿਕਲ ਕੇ ਵਾਕਈ ਅਸਲ ਦਰੱਖ਼ਤਾਂ ਦੇ ਜੰਗਲ ਵੱਲ ਜਾ ਰਿਹਾ ਵਾਂ। ਮੈਨੂੰ ਹੁਣ ਲਿੱਲੀ ਦੀ ਲੋੜ ਨਹੀਂ। ਹਰੇ ਕਚੂਰ ਜੰਗਲ ਜਾਂ ਦਰੱਖ਼ਤ ਦੀ ਲੋੜ ਏ। ਐਪਸ਼ਮ ਬਹੁਤ ਦਰੱਖ਼ਤ ਨੇ। ਐਲਮ ਦੇ ਤੇ ਦੂਜੇ ਵੀ।"



"ਮੇਰੇ ਦੇਸ਼ ਪਾਕਿਸਤਾਨ ਵਿਚ ਕੜੇ ਨਹੀਂ ਪਾਂਵਦੇ।"

"ਉਹੋ, ਮੈਂ ਤੇ ਆਪਣਾ ਸਵਾਲ ਪੁੱਛ ਕੇ ਜਵਾਬ ਲੈਣਾ ਭੁੱਲ ਗਿਆ ਸਾਂ। ਮੁਹੱਬਤ ਦੀ ਨਿਸ਼ਾਨੀ ਕੀ ਹੁੰਦੀ ਏ ਤੁਹਾਡੇ ਦੇਸ਼ ਵਿਚ?"

"ਬੱਚਾ ਜਾਂ ਗੰਡਾਸਾ।" ਮੈਂ ਉਸ ਨੂੰ ਦੱਸਿਆ।

ਗੱਡੀ ਸਰਪਟ ਦੌੜ ਪਈ ਸੀ। ਜਿਵੇਂ ਚੋਰ ਪਿੱਛੇ ਸਿਪਾਹੀ ਪੈ ਗਿਆ ਹੋਵੇ।

"ਮੈਂ ਨਹੀਂ ਸਮਝਿਆ।" ਸਿਗਰਟ ਬਾਰੀ 'ਚੋਂ ਬਾਹਰ ਸੁੱਟ ਕੇ ਤੇ ਆਪਣੇ ਕਾਲੇ ਕੁਸੈਲੇ ਬੁੱਲ੍ਹਾਂ ਉੱਤੇ ਕਾਲੀ ਜੀਭ ਫੇਰ ਕੇ ਜੋਮੋਸੀਵਾ ਨੇ ਕਿਹਾ।

"ਵਿਆਹ ਹੋ ਜਾਵੇ ਤੇ ਬੱਚਾ। ਨਾ ਹੋਵੇ ਤੇ ਕਤਲ। ਗੰਡਾਸਾ ਕਤਲ ਕਰਨ ਦਾ ਤੇਜ਼ ਤਿੱਖਾ ਹਥਿਆਰ ਏ। ਇਕ ਵਾਰੀ ਮਾਰੋ ਤੇ ਝੱਟਕਾ।"

"ਮਾਈ ਗਾਡ! ਮਲਾਵੀ ਵਿਚ ਇੰਜ ਨਹੀਂ ਹੁੰਦਾ। ਪਿਆਰ ਦੀ ਨਿਸ਼ਾਨੀ ਕੜਾ, ਨੱਚੋ, ਗਾਵੋ, ਫਿਰੋ, ਤੁਰੋ, ਕੋਈ ਨਹੀਂ ਪੁੱਛਦਾ। ਜੀ ਚਾਹਵੇ ਵਿਆਹ ਕਰ ਲਓ, ਨਾ ਚਾਹੇ ਨਾ ਕਰੋ, ਬੱਚੇ ਤੇ ਦੀ ਗੰਡਾਸੇ ਦੀ ਲੋੜ ਨਹੀਂ ਪੈਂਦੀ।"

"ਸਾਨੂੰ ਲੋੜ ਏ। ਸਾਡੇ ਲੋਕ ਗ਼ੈਰਤ ਵਾਲੇ ਤੇ ਲੱਜ ਪਾਲ ਨੇ।"

"ਗ਼ੈਰਤ ਤੇ ਲੱਜ ਦੋਨੋਂ ਚੰਗੇ ਵਸਫ਼ (ਸਿਫ਼ਤ) ਨੇ, ਪਰ ਪਤਾ ਨਹੀਂ ਸਾਡੇ ਦੇਸ਼ ਅੰਦਰ ਇਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ।"

ਫੇਰ ਅਸੀਂ ਦੋਵੇਂ ਚੁੱਪ ਹੋ ਕੇ ਗੱਡੀ ਦੀ ਛੱਕ ਛੱਕ ਸੁਣਨ ਲੱਗ ਪਏ ਤੇ ਪਿਛਾਂਹ ਦੌੜਨ ਵਾਲੇ ਦਰੱਖ਼ਤਾਂ ਨੂੰ ਬਿੱਟ ਬਿੱਟ ਤੱਕਣ ਲੱਗ ਪਏ। ਮਗਰ ਇਸੀ ਕਤਾਰ ਅੰਦਰ ਕਤਾਰ ਇਨਸਾਨ ਸਿਰਾਂ ਉੱਤੇ ਹਰੀਆਂ ਕਚੂਰ ਲਗਰਾਂ ਰੱਖ ਕੇ ਪਿਛਾਂਹ ਦੌੜ ਰਹੇ ਨੇ। ਰੇਲਵੇ ਸਟੇਸ਼ਨ ਤੋਂ ਇਕ ਬੱਸ ਸਾਨੂੰ ਵੁੱਡ ਨਾਰਟਨ ਲੈ ਗਈ।ਵੁੱਡ ਨਾਰਟਨ ਯਾਨੀ ਨਾਰਟਨ ਦਾ ਜੰਗਲ। ਏਸ ਜੰਗਲ ਅੰਦਰ ਇਕ ਹੋਸਟਲ ਸੀ ਤੇ ਏਸ ਹੋਸਟਲ ਦੇ ਇਕ ਕਮਰੇ ਵਿਚ ਅਸਾਂ ਦੋਵਾਂ ਨੇ ਆਪਣਾ ਆਪਣਾ ਬੈਂਗ ਰੱਖਿਆ ਤੇ ਬਾਹਰ ਨਿਕਲ ਆਏ। ਜੋਰਜ, ਮਿਸ਼ਰਾ, ਅਬਰਾਹਮ, ਕਾਸੋ, ਫੋਨੋ ਤੇ ਡਾਕਟਰ ਨਜ਼ਾਨੇ ਵੀ ਸਾਡੇ ਨਾਲ ਈ ਹੋਸਟਲ ਵੜੇ ਸਨ, ਪਰ ਬਾਹਰ ਨਹੀਂ ਸੀ ਆਏ।

ਜੰਗਲ, ਪੱਕੀ ਸੜਕ ਤੋਂ ਸ਼ੁਰੂ ਹੁੰਦਾ ਸੀ ਤੇ ਉਹਦੇ ਸਿਰੇ ਉੱਤੇ ਇਹ ਹੋਸਟਲ ਸੀ। ਹੋਸਟਲ ਤੋਂ ਫ਼ਰਲਾਂਗ ਦੂਰ ਅਸੀਂ ਰੇਡੀਓ ਤੇ ਟੈਲੀਵਿਜ਼ਨ ਸੈਂਟਰ ਦੀ ਇਕ ਮਹਿਲਨੁਮਾ ਹਵੇਲੀ ਅੰਦਰ ਟ੍ਰੇਨਿੰਗ ਲੈਣ ਆਏ ਸਾਂ। ਇਸ ਹਵੇਲੀ ਤੋਂ ਦਸ ਕਰਮਾਂ ਪਰ੍ਹਾਂ ਨੀਵੀਂ ਥਾਂ ਹਮਾ ਕਲੱਬ ਸੀ, ਜਿਸ ਦੇ ਦਰਵਾਜ਼ੇ ਉੱਤੇ ਪੱਥਰ ਦਾ ਹਮਾ ਬਣਾ ਕੇ ਚਮੋੜਿਆ ਹੋਇਆ ਸੀ। ਮੈਂ ਪੱਕੀ ਸੜਕ ਦੇ ਨਾਲ ਨਾਲ ਵਿਛੇ ਹੋਏ ਖੇਤਰਾਂ 'ਚੋਂ ਦੀ ਹੁੰਦਾ ਹੋਇਆ ਨੌਂਲਨੀ ਤੇ ਚਲਾ ਗਿਆ, ਜਿੱਥੇ ਦੋ ਤਿੰਨ ਬੁੱਢੇ ਮੱਛੀਆਂ ਫੜਨ ਲਈ ਕੁੰਡੀਆਂ ਸੁੱਟ ਕੇ ਇੰਜ ਬੈਠੇ ਸਨ, ਜਿਵੇਂ ਗੌਤਮ ਬੁੱਧ ਇਬਾਦਤ ਕਰ ਰਿਹਾ ਹੋਵੇ। ਜੋਮੋ ਜੰਗਲ ਵਿਚ ਗੁੰਮ ਹੋ ਗਿਆ ਸੀ। ਜਦੋਂ ਸ਼ਾਮ ਅਸੀਂ ਦੋਵੇਂ ਇਕੱਠੇ ਹੋਏ ਤਾਂ ਉਹਦਾ ਸੂਟ ਮਿੱਟੀ ਘੱਟੇ ਵਿਚ ਲਿਬੜਿਆ ਹੋਇਆ ਸੀ।

"ਆਇਆ ਪਸੰਦ ਜੰਗਲ?" ਮੈਂ ਪੁੱਛਿਆ।

"ਆਹਾ! ਬੜਾ ਸ਼ਾਨਦਾਰ ਜੰਗਲ ਏ। ਐਲਮ ਦੇ ਦਰੱਖ਼ਤ ਤੇ ਦੂਜੇ ਕਈ, ਜਿਨ੍ਹਾਂ ਨੂੰ ਮੈਂ ਪਛਾਣ ਨਹੀਂ ਸਕਦਾ। ਮੇਰੇ ਦੇਸ਼ ਦੇ ਜੰਗਲਾਂ ਵਿਚ ਅਜਿਹੇ ਦਰੱਖ਼ਤ ਨਹੀਂ ਹੁੰਦੇ। ਪਰ ਕੀ ਫ਼ਰਕ ਪੈਂਦਾ ਏ? ਜੰਗਲਾਂ ਦੇ ਦਰੱਖ਼ਤਾਂ ਦੀ ਤਬੀਅਤ ਤੇ ਮਜ਼ਾਜ ਇਕੋ ਜਿਹਾ ਈ ਹੁੰਦਾ ਏ, ਖੁੱਲ੍ਹਾ ਡੁੱਲ੍ਹਾ ਮਾਸੂਮ। ਜੰਗਲ ਨੇਕੀ ਏ, ਹਿਦਾਇਤ ਦਾ ਸਿੰਬਲ ਨੇ। ਮੈਂ ਚੋਬੀ ਜੰਗਲਾਂ ਦੀ

ਗੱਲ ਕਰ ਰਿਹਾ ਵਾਂ। ਇਨਸਾਨੀ ਜੰਗਲ ਤੇ ਨਿਰੀ ਸ਼ਰਾਰਤ ਹੁੰਦੇ ਨੇ। ਕਿਉਂ ਠੀਕ ਏ ਨਾ ?"

"ਠੀਕ ਏ, ਪਰ ਮੈਨੂੰ ਤੇ ਵੱਗਦਾ ਪਾਣੀ ਚੰਗਾ ਲੱਗਦਾ ਏ। ਪਾਣੀ ਨਾ ਹੋਵੇ ਤਾਂ ਬੀ ਨਾ ਉੱਗੇ, ਬੀ ਨਾ ਉੱਗੇ ਤਾਂ ਦਰੱਖ਼ਤ ਨਾ ਉੱਗਣ, ਦਰੱਖ਼ਤ ਇਕੱਠੇ ਉੱਗਣ ਤੇ ਜੰਗਲ। ਜੰਗਲ ਤੇ ਪਾਣੀ ਦਾ ਬਹੁਤ ਯਾਰਾਨਾ ਏ।"

"ਹੋਰ ਕੀ ਵੇਖਿਆ, ਜੰਗਲ ਅੰਦਰ ਜੋ ?" ਮੈਂ ਪੁੱਛਿਆ।

"ਹਵਾ, ਹਵਾ ਨਾਲ ਗੱਲਾਂ ਹੋਈਆਂ। ਹਵਾ ਦੇ ਪੈਰ ਹੁੰਦੇ ਨੇ ਤੇ ਇਹ ਪੈਰ ਸਦਾ ਤੁਰਦੇ ਨੇ। ਏਸ ਜੰਗਲ ਦੀ ਤੁਰਦੀ ਹਵਾ ਨਾਲ ਮੈਂ ਵੀ ਟੁਰਦਾ ਰਿਹਾ ਤੇ ਫੇਰ ਥੱਕ ਕੇ ਪਰਤ ਆਇਆ।"

ਜਦ ਅਸੀਂ ਕਲੱਬ ਅੰਦਰ ਵੜੇ ਤੇ ਉਹ ਸਾਰੇ ਸ਼ਰਾਬ ਤੇ ਬੀਅਰ ਪੀ ਪੀ ਕੇ ਗੁੱਟ ਹੋਏ ਪਏ ਸਨ। ਸਾਨੂੰ ਵੇਖ ਕੇ ਉਨ੍ਹਾਂ ਨਾਅਰੇ ਮਾਰੇ ਤੇ ਮਖ਼ੌਲ ਕੀਤੇ।

"ਸਾਰੇ ਪਾਗ਼ਲ ਨੇ।" ਜੋ ਬੋਲਿਆ।

"ਮੈਨੂੰ ਤੇਰੇ ਨਾਲ ਇਤਫ਼ਾਕ ਏ।" ਮੈਂ ਆਖਿਆ ਤੇ ਅਸੀਂ ਦੋਵੇਂ ਜੂਆ ਖੇਡਣ ਵਾਲੀ ਮਸ਼ੀਨ ਕੋਲ ਜਾ ਖਲੋਤੇ। ਜੋ ਨੇ ਮਸ਼ੀਨ ਵਿਚ ਪੰਜਾਹ ਪੈਨੀ ਦਾ ਸਿੱਕਾ ਸੁੱਟਿਆ ਤੇ ਉਹਦੀ ਹੱਥੀ ਘੁਮਾਈ।

ਦੂਜੇ ਦਿਨ ਢਾਈ ਵਜੇ ਕਲਾਸ ਖ਼ਤਮ ਹੋਈ ਤੇ ਅਸੀਂ ਸਾਰੇ ਕੰਟੀਨ ਵੱਲ ਗਏ ਟੁੱਕਰ ਖਾਵਣ ਵਾਸਤੇ, ਪਰ ਜੋ ਜੰਗਲ ਵਿਚ ਜਾ ਵੜਿਆ। ਅਸੀਂ ਸਾਰੇ ਹੋਸਟਲ ਆ ਕੇ ਆਪਣੇ ਆਪਣੇ ਕਮਰੇ ਵਿਚ ਵੜ ਗਏ ਤੇ ਸ਼ਾਮ ਤੀਕਰ ਬਾਹਰ ਨਾ ਨਿਕਲੇ। ਜਦ ਸ਼ਾਮ ਨੂੰ ਅਸੀਂ ਕਲੱਬ ਵੱਲ ਗਏ ਤਾਂ ਮੈਨੂੰ ਜੋ ਰਾਹ ਵਿਚ ਮਿਲ ਪਿਆ।

"ਕਿੱਧਰੋਂ ਆਇਆ ਏਂ ?" ਮੈਂ ਉਸ ਨੂੰ ਪੁੱਛਿਆ।

"ਮੂੰਗਫ਼ਲੀ ਦਾ ਪਾਈਆ ਚੱਬ ਕੇ ਤੇ ਕਾਫ਼ੀ ਦੇ ਦੋ ਹਾੜੇ ਪੀ ਕੇ ਦੱਸਾਂਗਾ।"

ਉਹ ਛੇਤੀ ਛੇਤੀ ਪੈਰ ਪੁੱਟਦਾ ਕੰਟੀਨ ਵਿਚ ਵੜ ਗਿਆ। ਮੇਰੇ ਅਪੜਨ ਤੀਕ ਉਹ ਮੂੰਗਫ਼ਲੀ ਤੇ ਕਾਫ਼ੀ ਲੈ ਕੇ ਮੇਜ਼ ਉੱਤੇ ਬੈਠਾ ਹੋਇਆ ਸੀ।

"ਅੱਜ ਫੇਰ ਹਵਾ ਨਾਲ ਗੱਲਾਂ ਹੋਈਆਂ। ਹਵਾ ਨੇ ਆਖਿਆ-ਮੈਂ ਤੇਰੇ ਨਾਲ ਪਿਆਰ ਕਰਨਾ ਆਂ। ਮੇਰਾ ਕੋਈ ਰੰਗ ਤੇ ਨਸਲ ਨਹੀਂ, ਮੇਰਾ ਮਜ਼੍ਹਬ, ਧਰਮ ਤੇ ਪੰਥ ਨਹੀਂ, ਮੈਂ ਕਿਸੇ ਰੰਗ, ਨਸਲ, ਮਜ਼੍ਹਬ ਤੇ ਧਰਮ ਨੂੰ ਨਹੀਂ ਸਿਆਣਦੀ। ਕਾਲਾ, ਗੋਰਾ ਸਭ ਬਰਾਬਰ।" ਮੈਂ ਤਨਜ਼ੀਆ ਆਖਿਆ।

"ਬੜੀ ਫ਼ੈਲਸੂਫ਼ ਹਵਾ ਸੀ।" ਨਿੱਕਾ ਜਿਹਾ ਡਕਾਰ ਮਾਰ ਕੇ ਜੋ ਬੋਲਿਆ।

"ਪਾਣੀ ਦੀ ਸੁਣਾ, ਹੋਈ ਉਹਦੇ ਨਾਲ ਗੱਲ ਬਾਤ ?"

"ਨਹੀਂ ਯਾਰ, ਅੰਗਰੇਜ਼ ਮਾਛੀਆਂ ਨੇ ਮੱਛਲੀਆਂ ਨੂੰ ਵਖ਼ਤ ਪਾਇਆ ਹੋਇਆ ਸੀ ਤੇ ਮੱਛਲੀਆਂ ਦੀ ਮੁਸੀਬਤ ਪਾਰੋਂ ਪਾਣੀ ਵੀ ਗ਼ਮਗੀਨ ਸੀ।"

"ਪਾਣੀ ਦਾ ਰੰਗ ਕਿਸ ਤਰ੍ਹਾਂ ਦਾ ਏ ?"

"ਪਾਣੀ ਦਾ ਰੰਗ ਪਾਣੀ ਵਰਗਾ ਏ, ਮਿੱਟੀ ਰੰਗਾ। ਘਸਮੈਲਾ।"

"ਸਾਡੇ ਦਰਿਆਵਾਂ ਵਿਚ ਵੀ ਘਸਮੈਲਾ ਈ ਪਾਣੀ ਹੁੰਦਾ ਏ।"

"ਸਾਡੇ ਦਰਿਆਵਾਂ ਵਿਚ ਰੱਤਾ ਰੰਗ ਵੀ ਹੁੰਦਾ ਏ। ਗੇਰੂਆ ਰੰਗ ਵੀ। ਮਸਲਨ ਝਨਾਂ ਦਾ ਪਾਣੀ ਰੱਤਾ ਏ, ਰਾਵੀ ਦਾ ਪਾਣੀ ਘਸਮੈਲਾ ਏ, ਦਰਿਆ ਸਿੰਧ ਦੇ ਪਾਣੀ ਦੀਆਂ ਅੱਖਾਂ ਬਿੱਲੀਆਂ



ਨੇ।"

"ਤੇਰਾ ਦੇਸ਼ ਖ਼ੁਸ਼ਕਿਸਮਤ ਏ। ਜਿੱਥੇ ਰੰਗਾ ਰੰਗ ਪਾਣੀ ਮਿਲਦੇ ਨੇ। ਆ ਦੇਸ਼ਾਂ ਦਾ ਵਟਾਂਦਰਾ ਕਰ ਲਈਏ।"

"ਨਹੀਂ, ਮੈਨੂੰ ਮਨਜ਼ੂਰ ਨਹੀਂ।"

"ਕਿਉਂ ?" ਉਸ ਕਾਫ਼ੀ ਦਾ ਕਸੈਲਾ ਘੁੱਟ ਹਲਕ ਅੰਦਰ ਸੁੱਟ ਕੇ ਪੁੱਛਿਆ। "ਮੈਨੂੰ ਦੇਸ਼ ਪਿਆਰਾ ਯਾਰ ਉੱਤੋਂ।"

"ਸੋਹਣੀ ਗੱਲ ਏ। ਪਰ ਤੂੰ ਵਾਪਿਸ ਪਾਕਿਸਤਾਨ ਜਾ ਕੇ ਰੱਤਾ ਤੇ ਬਿੱਲਾ ਪਾਣੀ ਜ਼ਰੂਰ ਭੇਜੀਂ, ਭੇਜੇਂਗਾ ਨਾ ?"

ਮੇਰੇ ਜਵਾਬ ਦੇਣ ਤੋਂ ਪਹਿਲਾਂ ਅਬਰਾਹੀਮ ਮੇਰੇ ਵੱਲ ਵਧਿਆ, "ਮੈਂ ਦੱਸ ਪੌਂਡ ਹਾਰ ਗਿਆ ਆਂ।" ਉਹ ਬੋਲਿਆ। ਜੋ ਜ਼ੋਰ ਨਾਲ ਹੱਸਿਆ ਤੇ ਉਸ ਨੂੰ ਉਥੂ ਲੱਗ ਗਿਆ। ਅਬਰਾਹੀਮ ਮੂੰਹ ਬਣਾ ਕੇ ਮਸ਼ੀਨ ਵੱਲ ਪਰਤ ਗਿਆ। ਮਸ਼ੀਨ ਨੂੰ ਮਿਸ਼ਰਾ ਚੰਬੜਿਆ ਹੋਇਆ ਸੀ। ਇੰਜ ਜਿੰਜ ਤਈਏ ਦਾ ਤਾਪ ਕਿਸੇ ਕਾਣੀ ਨੂੰ ਚੰਬੜਿਆ ਹੋਵੇ।

ਤੀਜੇ ਦਿਨ ਸਵੇਰੇ ਅੱਠ ਵੱਜੇ ਜਦ ਅਸੀਂ ਸਾਰੇ ਨਾਸ਼ਤਾ ਕਰਕੇ ਕੰਟੀਨ ਵਿਚੋਂ ਨਿਕਲ ਰਹੇ ਸਾਂ, ਜੋ ਕੰਟੀਨ ਵਿਚ ਵੜ ਰਿਹਾ ਸੀ। ਉਹ ਬੜੀ ਛੇਤੀ ਵਿਚ ਸੀ ਤੇ ਉਹਦੇ ਮੂੰਹ ਵਿਚੋਂ ਹਾਸਾ ਇੰਜ ਨਿਕਲ ਰਿਹਾ ਸੀ, ਜਿਵੇਂ ਚੁੰਬੇ ਵਿਚੋਂ ਪੱਛਾਂ ਦੀ ਅੱਗ ਦਾ ਧੂੰਆਂ ਨਿਕਲਦਾ ਏ। ਮੈਂ ਉਹਦੇ ਨਾਲ ਫੇਰ ਕੰਟੀਨ ਵਿਚ ਜਾ ਵੜਿਆ। ਉਹਨੇ ਛੇਤੀ ਨਾਲ ਆਪਣੀ ਟਰੇ ਚੁੱਕੀ। ਵੱਡੇ, ਨਿੱਕੇ ਟਮਾਟਰਾਂ ਨਾਲ ਭਰਿਆ ਹੋਇਆ ਬੰਦ ਚੁੱਕਿਆ। ਫੇਰ ਪਨੀਰ ਦੀ ਇਕ ਡਲੀ ਚੁੱਕ ਕੇ ਅੱਖ ਦੇ ਇਸ਼ਾਰੇ ਨਾਲ ਕਾਫ਼ੀ ਵੱਲ ਇਸ਼ਾਰਾ ਕੀਤਾ। ਜਦ ਜੋਜ਼ੀਫਾਈਨ ਨੇ ਕਾਫ਼ੀ ਦਾ ਮਗ ਭਰ ਦਿੱਤਾ ਤੇ ਉਸ ਨੇ ਮੰਗ ਚੁੱਕ ਲਿਆ ਤੇ ਸਾਰੀਆਂ ਚੀਜ਼ਾਂ ਟਰੇ ਵਿਚ ਰੱਖ ਕੇ ਇਕ ਮੇਜ਼ ਉੱਤੇ ਉਸ ਨੂੰ ਰੱਖਿਆ ਤੇ ਆਪ ਡਿੱਗਣ ਦੇ ਅੰਦਾਜ਼ ਵਿਚ ਕੁਰਸੀ ਵਿਚ ਬਹਿ ਕੇ ਬੋਲਿਆ, "ਹਵਾ ਨਾਲ ਗੱਲਾਂ ਕਰਦਿਆਂ ਦੇਰ ਹੋ ਗਈ। ਤੂੰ ਜਾਹ, ਮੈਂ ਆ ਜਾਵਾਂਗਾ। ਮੇਰੀ ਵੱਲੋਂ ਦੱਸ ਮਿੰਟ ਦੀ ਛੁੱਟੀ ਮੰਗ ਲੈਣਾ। ਟ੍ਰੇਨਰ ਬੜਾ ਸਖ਼ਤ ਏ। ਇੰਜੀਨੀਅਰ ਸਖ਼ਤ ਈ ਹੁੰਦੇ ਨੇ।"

ਮੈਂ ਟੁਰਦਿਆਂ ਹੋਇਆਂ ਵੇਖਿਆ, ਉਹ ਬਘਿਆੜ ਬਣ ਕੇ ਬੰਦ ਨੂੰ ਚੱਕ ਮਾਰ ਰਿਹਾ ਸੀ।

ਉਸ ਦਿਨ ਉਹ ਅੱਧੀ ਰਾਤ ਨੂੰ ਹੋਸਟਲ ਪਰਤਿਆ। ਮੈਂ ਉਸ ਦਿਨ ਨੋਮਨੀ ਤੇ ਗਿਆ ਸਾਂ। ਉਥੇ ਮੈਨੂੰ ਇਕ ਅੰਗਰੇਜ਼ ਕੁੜੀ ਤਾਨੀਆ ਮਿਲੀ, ਜਿਹੜੀ ਸ਼ੌਕੀਆ ਮਛੇਰਨ ਸੀ। ਉਸ ਦਾ ਪਿਓ ਬੜਾ ਵੱਡਾ ਰੇਸੀਆ ਸੀ ਤੇ ਘੋੜਿਆਂ 'ਤੇ ਸ਼ਰਤ ਲਾ ਕੇ ਜਿਹੜੀ ਰਕਮ ਕਮਾਂਵਦਾ ਸੀ। ਉਹ ਮੁੜ ਰੇਸ ਵਿਚ ਹਾਰ ਜਾਂਦਾ ਸੀ। ਤਾਨੀਆ ਭੂਰੇ ਛੱਤਰੇ ਹਿਲਾ ਹਿਲਾ ਕੇ ਗੱਪਾਂ ਲਾਉਂਦੀ ਰਹੀ ਸੀ ਤੇ ਜਦੋਂ ਸ਼ਾਮ ਦਾ ਹਨੇਰਾ ਡੂੰਘਾ ਹੋਇਆ ਤਾਂ ਨੋਮਨੀ ਦੇ ਪਾਣੀ ਵਿਚ ਨਫ਼ਰਤ ਨਾਲ ਥੁੱਕ ਕੇ ਘਰ ਨੂੰ ਟੁਰ ਪਈ ਸੀ। ਉਹ ਸਾਰਾ ਦਿਨ ਖੱਪ ਗਈ ਸੀ, ਇਕ ਵੀ ਮੱਛੀ ਨਹੀਂ ਸੀ ਕਾਬੂ ਆਈ।

"ਤਾਨੀਆ ਵਾਂਗ ਲਿੱਲੀ ਵੀ ਕਮੀਨ ਕੁੜੀ ਏ।" ਜੋ ਨੇ ਮੇਰੀ ਗੱਲ ਸੁਣ ਕੇ ਆਖਿਆ। ਉਹਦੀ ਆਵਾਜ਼ ਵਿਚ ਨਾ ਗੁੱਸਾ ਸੀ, ਨਾ ਨਫ਼ਰਤ। ਉਹਦਾ ਲਹਿਜਾ ਇੰਜ ਸੀ, ਜਿੰਜ ਕੋਈ ਫ਼ਿਲਾਸਫ਼ਰ ਕਾਇਨਾਤੀ ਅਸੂਲ ਬਿਆਨ ਕਰ ਰਿਹਾ ਹੋਵੇ।

"ਮੈਂ ਤਾਂ ਅੱਜ ਹਵਾ ਨਾਲ ਪੈਰ ਮਿਲਾ ਕੇ ਤੁਰਦਾ ਰਿਹਾ ਵਾਂ। ਬਹੁਤ ਗੱਲਾਂ ਹੋਈਆਂ।

ਅੱਜ ਦੀ ਹਵਾ ਸਕਾਟਲੈਂਡ ਤੋਂ ਆਈ ਸੀ। ਜੰਗਲ ਦੀ ਹਵਾ ਹਮੇਸ਼ਾ ਤਾਜ਼ਾ ਹੁੰਦੀ ਏ। ਤਾਨੀਆ ਤੇ ਲਿੱਲੀ ਵਾਂਗ ਰੋਜ਼ਾਨਾ ਉਹੋ ਚਿਹਰਾ ਲੈ ਕੇ ਨਹੀਂ ਆ ਜਾਂਦੀ।"

ਫੇਰ ਉਸ ਨੇ ਮੈਲੇ ਤੌਲੀਏ ਨਾਲ ਆਪਣੇ ਕਾਲੇ ਧੂਤ ਪੈਰ ਪੂੰਝੇ ਤੇ ਬਿਸਤਰ ਉੱਤੇ ਸੁਹਾਗਾ ਬਣ ਕੇ ਡਿੱਗ ਪਿਆ।

ਇਕ ਹਫ਼ਤੇ ਦੀ ਟ੍ਰੇਨਿੰਗ ਪੰਜ ਦਿਨਾਂ ਵਿਚ ਮੁੱਕ ਗਈ। ਵਲਾਇਤ ਅੰਦਰ ਕੰਮ ਕਾਰ ਲਈ ਹਫ਼ਤਾ ਪੰਜ ਦਿਨਾਂ ਦਾ ਹੁੰਦਾ ਏ। ਸ਼ਨੀਵਾਰ ਤੇ ਐਤਵਾਰ ਨੂੰ ਅੰਗਰੇਜ਼ ਆਰਾਮ ਕਰਦੇ ਨੇ। ਰੇਸ ਖੇਡਦੇ ਨੇ। ਫੁੱਟਬਾਲ ਵੇਖਦੇ ਨੇ। ਡਰੰਮਾਂ ਦੇ ਡਰੰਮ ਸ਼ਰਾਬ ਤੇ ਬੀਅਰ ਪੀਂਦੇ ਨੇ।

ਤਰਕਾਲਾਂ ਪਈਆਂ ਤੇ ਜੋਮੋਸ਼ੀਵਾ ਮੈਨੂੰ ਵੀ ਨਾਲ ਲੈ ਟੁਰਿਆ। ਜੰਗਲ ਦੇ ਰਾਹ ਉਹਦੇ ਜਾਣੂ ਤੇ ਪਛਾਣੂ ਸਨ। ਲੱਗਦਾ ਸੀ ਕਿ ਉਹ ਜੋ ਦੀ ਪੇਸ਼ ਕਦਮੀ ਲਈ ਅੱਗੇ ਵੱਧੇ ਸਨ। ਅਸੀਂ ਦੋਵੇਂ ਪਾਗ਼ਲਾਂ ਵਾਂਗ ਆਵਾਰਗੌਣ ਜੰਗਲ ਵਿਚ ਪੈਰ ਨਾਲ ਪੈਰ ਮਿਲਾ ਕੇ ਟੁਰਦੇ ਰਹੇ। ਐਲਮ ਦੇ ਦਰੱਖ਼ਤਾਂ ਦੀਆਂ ਟਹਿਣੀਆਂ ਉੱਤੇ ਸੰਧ ਦੀਆਂ ਫੁੱਟੀਆਂ ਖਿਲਰੀਆਂ ਹੋਈਆਂ ਸਨ। ਇਹ ਬਰਫ਼ ਸੀ। ਜਿੱਥੇ ਦਰੱਖ਼ਤਾਂ ਦੀਆਂ ਲੱਗਰਾਂ ਡਿੱਗਦੀ ਬਰਫ਼ ਨੂੰ ਬੋਚਣ ਵਿਚ ਹਫ਼ ਗਈਆਂ ਸਨ, ਉਥੇ ਬਰਫ਼ ਧਰਤ ਉੱਤੇ ਡਿੱਗ ਪਈ ਸੀ। ਉਹ ਪੈਰਾਂ ਥੱਲੇ ਆ ਕੇ ਚਰਮਰ ਕਰਦੀ ਤੇ ਲੱਗਦਾ, ਹੱਸ ਰਹੀ ਏ। ਜਦ ਮੇਰੇ ਪੈਰ ਤੁਰ ਤੁਰ ਕੇ ਹੰਭ ਗਏ, ਠੰਢੇ ਠਾਰ ਹੋ ਗਏ, ਕਿਸੇ ਪਾਸਿਓਂ ਗਿਟਾਰ ਦੇ ਸੁਰ ਤੁਰ ਕੇ ਮੇਰੇ ਕੰਨਾਂ ਵਿਚ ਪਏ।

"ਇਹ ਗਿਟਾਰ ਵੱਜ ਰਹੀ ਏ ?" ਮੈਂ ਪੁੱਛਿਆ।

"ਹਾਂ, ਇਹ ਗਿਟਾਰ ਵੱਜ ਰਹੀ ਏ।"

"ਕੌਣ ਵਜਾ ਰਿਹਾ ਏ ?"

"ਹਵਾ ਵਜਾ ਰਹੀ ਏ। ਕਿਉਂ ਹਵਾ ਗਿਟਾਰ ਨਹੀਂ ਵਜਾ ਸਕਦੀ ?"

"ਹਵਾ ਦੀ ਸ਼ੂਕਰ ਹੁੰਦੀ ਏ। ਉਹ ਸ਼ਾਂ ਸ਼ਾਂ ਕਰਦੀ ਏ ਜਾਂ ਲੁੱਟੀਆਂ ਮਾਰਦੀ ਏ। ਗਿਟਾਰ ਨਹੀਂ ਵਜਾਉਂਦੀ।" ਮੈਂ ਬੋਲਿਆ।

"ਮਿਹਰਬਾਨ ਹਵਾ ਗਿਟਾਰ ਵਜਾ ਸਕਦੀ ਏ।"

ਫੇਰ ਉਹ ਮੇਰਾ ਬਾਜੂ ਫੜ ਕੇ ਇਕ ਪਾਸੇ ਟੁਰ ਪਿਆ। ਜਿਵੇਂ ਜਿਵੇਂ ਸਾਡੇ ਟੁਰਦੇ ਪੈਰ ਅਗਾਂਹ ਵੱਧਦੇ ਗਏ, ਗਿਟਾਰ ਦੀ ਆਵਾਜ਼ ਉੱਚੀ ਹੁੰਦੀ ਗਈ। ਜਿੱਥੇ ਜੰਗਲ ਮੁੱਕਿਆ ਉਥੇ ਰੇਤ ਤੇ ਪੱਥਰਾਂ ਦਾ ਇਕ ਕੋਠਾ ਸੀ ਤੇ ਕੋਠੇ ਅੰਦਰ ਚਾਨਣ ਸੀ। ਚਾਨਣ ਖਿੰਡ ਕੇ ਕੋਠੇ ਦੀਆਂ ਰਤੀਲੀਆਂ ਕੰਧਾਂ ਨੂੰ ਉਨਾਬੀ ਰੰਗ ਅਤਾ ਕਰ ਰਿਹਾ ਸੀ।

ਜਦ ਅਸੀਂ ਇਕ ਬੁੱਢੇ ਗੋਰੇ ਕਿਸਾਨ ਦੇ ਨਾਲ ਅੰਦਰ ਗਏ ਤਾਂ ਕਮਰਾ ਗਰਮ ਸੀ। ਇਕ ਪਾਸੇ ਮੱਚ ਬੱਲ ਰਿਹਾ ਸੀ ਤੇ ਮੱਚ ਵਿਚ ਐਲਮ ਦੇ ਸੁੱਕੇ ਦਰੱਖ਼ਤਾਂ ਦੇ ਮੋਛੇ ਸਨ। ਬਿਜਲੀ ਦੇ ਚੁੱਲ੍ਹੇ ਉੱਤੇ ਕੇਤਲੀ ਰੱਖੀ ਹੋਈ ਸੀ ਤੇ ਉਹਦੇ ਵਿਚੋਂ ਕਾਫ਼ੀ ਦੀ ਖ਼ੁਸ਼ਬੋ ਆ ਰਹੀ ਸੀ।

ਮੱਚ ਅੱਗੇ ਕੁਸ਼ਨ ਉੱਤੇ ਇਕ ਮੁਟਿਆਰ ਬੈਠੀ, ਦੁਨੀਆ ਤੋਂ ਮੁੱਖ ਮੋੜ ਕੇ ਗਿਟਾਰ ਵਜਾ ਰਹੀ ਸੀ।

ਜੋਮੋਸ਼ੀਵਾ ਨੇ ਮੇਰੇ ਵੱਲ ਵੇਖਿਆ। ਉਹਦੀਆਂ ਅੱਖਾਂ ਚਮਕ ਰਹੀਆਂ ਸਨ।

"ਹਵਾ।"

ਉਹ ਹੌਲੀ ਨਾਲ ਬੋਲਿਆ ਤੇ ਫੇਰ ਉਸਨੇ ਖੱਬੀ ਵੀਣੀ ਮੇਰੇ ਵੱਲ ਵਧਾਈ, ਉਹਦੇ ਵਿਚ ਪੰਜ ਕੜੇ ਸਨ।



## ਸ਼ਰੀਫ਼ਜ਼ਾਦੀ

ਚੌਧਰੀ ਨੱਥੂ ਖ਼ਾਨ ਆਪਣੀ ਦੁਕਾਨ ਦੇ ਥੜ੍ਹੇ 'ਤੇ ਪਈ ਕੁਰਸੀ 'ਤੇ ਬੈਠਾ ਹੁੱਕਾ ਪੀ ਰਿਹਾ ਸੀ ਕਿ ਉਸ ਨੂੰ ਖਾਦੂ ਆਉਂਦਾ ਹੋਇਆ ਦਿੱਸਿਆ। ਉਹ ਹਲਵਾਈ ਦੀ ਦੁਕਾਨ ਦਾ ਚੱਕਰ ਲਾ ਕੇ ਮੁਹੱਲੇ 'ਚ ਵੜਿਆ ਸੀ। ਉਸੇ ਮੁਹੱਲੇ 'ਚ ਚੌਧਰੀ ਨੱਥੂ ਖ਼ਾਨ ਦੀ ਜੁੱਤੀਆਂ ਬਣਾਉਣ ਦੀ ਦੁਕਾਨ ਸੀ ਜਿਸ 'ਤੇ 'ਚੌਧਰੀ ਲੈਦਰ ਵਰਕਸ' ਦਾ ਉਰਦੂ ਤੇ ਅੰਗਰੇਜ਼ੀ 'ਚ ਲਿਖਿਆ ਹੋਇਆ ਬੋਰਡ ਲੱਗਾ ਹੋਇਆ ਸੀ। ਚੌਧਰੀ ਇਸ ਦੁਕਾਨ ਨੂੰ ਕਾਰਖ਼ਾਨਾ ਕਹਿੰਦਾ ਸੀ। ਚੌਧਰੀ ਨੇ ਹੁੱਕੇ ਦਾ ਵੱਡਾ ਸਾਰਾ ਕਸ਼ ਖਿੱਚਿਆ ਤੇ ਨਾਸਾਂ ਦੇ ਵਾਲਾਂ 'ਚੋਂ ਧੂੰਆਂ ਛੱਡਦਾ ਹੋਇਆ, ਮੁਹੱਲੇ 'ਚ ਦੇਖਣ ਲੱਗਾ। ਖਾਦੂ ਮੁਹੱਲੇ ਦੇ ਫਰਸ਼ ਨੂੰ ਮਾਪਦਾ ਹੋਇਆ ਹੌਲੀ-ਹੌਲੀ ਤੁਰਿਆ ਆ ਰਿਹਾ ਸੀ। ਉਸ ਦਾ ਸਿਰ ਝੁਕਿਆ ਹੋਇਆ ਸੀ ਤੇ ਥੱਕਿਆ ਲੱਗਦਾ ਸੀ। ਇਉਂ ਜਿਵੇਂ ਕਿਸੇ ਡੂੰਘੀ ਸੋਚ 'ਚ ਗੁੰਮ ਹੋਵੇ। ਚੌਧਰੀ ਨੱਥੂ ਨੇ ਸੋਚਿਆ ਜ਼ਰੂਰ ਕੋਈ ਪੈਗ਼ਾਮ ਲਿਆਇਆ ਹੈ।

ਚੌਧਰੀ ਨੱਥੂ ਖ਼ਾਨ ਕੁਝ ਸਾਲ ਪਹਿਲਾਂ ਮੋਚੀ ਸੀ, ਪਰ ਹੁਣ ਕਾਰੋਬਾਰੀ ਸੂਝ-ਬੂਝ ਨਾਲ 'ਚੌਧਰੀ ਲੈਦਰ ਵਰਕਸ' ਦਾ ਮਾਲਕ ਬਣ ਗਿਆ ਸੀ। ਉਸ ਨੇ ਇੱਕ ਦਰਜਨ ਕਾਰੀਗਰ ਤਨਖ਼ਾਹ 'ਤੇ ਰੱਖੇ ਹੋਏ ਸਨ, ਜਿਹੜੇ ਉਸ ਲਈ ਜੁੱਤੀਆਂ ਬਣਾਉਂਦੇ ਤੇ ਚੌਧਰੀ ਇਨ੍ਹਾਂ ਜੁੱਤੀਆਂ ਨੂੰ ਛੋਟੇ-ਛੋਟੇ ਦੁਕਾਨਦਾਰਾਂ ਨੂੰ ਵੇਚ ਕੇ ਢੇਰ ਸਾਰਾ ਮੁਨਾਫ਼ਾ ਕਮਾਉਂਦਾ। ਇਸ ਕਮਾਈ ਨਾਲ ਉਸ ਨੇ ਕਈ ਪਲਾਟ ਖ਼ਰੀਦ ਕੇ ਛੇ ਛੋਟੇ-ਛੋਟੇ ਮਕਾਨ ਬਣਾਏ ਸਨ। ਹਰੇਕ ਮਕਾਨ ਦਾ ਉਸ ਨੂੰ ਪੰਜ ਸੌ ਰੁਪਿਆ ਕਿਰਾਇਆ ਮਿਲਦਾ ਸੀ। ਆਪਣੀ ਵਰਤੋਂ ਲਈ ਉਸ ਕੋਲ ਇੱਕ ਟਾਂਗਾ ਸੀ, ਜਿਸ ਨੂੰ ਬਲੋਚੀ ਘੋੜੀ ਖਿੱਚਦੀ ਸੀ ਤੇ ਜਿਸ 'ਤੇ ਬੈਠ ਕੇ ਉਹ ਰੁਖ਼ਸਤ ਜਾਨ ਕੋਲ ਜਾਂਦਾ ਸੀ।

ਖਾਦੂ ਨੇ ਮੱਥੇ 'ਤੇ ਹੱਥ ਲੈ ਕੇ ਜਾ ਕੇ ਅਫ਼ੀਮਚੀਆਂ ਵਰਗੇ ਅੰਦਾਜ਼ 'ਚ ਚੌਧਰੀ ਨੂੰ ਸਲਾਮ ਕੀਤਾ ਤੇ ਖੜ੍ਹਾ ਹੋ ਗਿਆ। ਉਸ ਦੇ ਚਿਹਰੇ 'ਤੇ ਬੇਜ਼ਾਰੀ ਦਾ ਗਿਲਾਫ਼ ਚੜ੍ਹਿਆ ਹੋਇਆ ਸੀ।

"ਖ਼ਾਦਿਮ ਹੁਸੈਨ! ਕਿੱਦਾਂ ਆਇਆਂ ?" ਚੌਧਰੀ ਨੇ ਨਾਸਾਂ 'ਚੋਂ ਧੂੰਆਂ ਕੱਢਦਿਆਂ ਹੋਇਆਂ ਰੋਬਦਾਰ ਅੰਦਾਜ਼ 'ਚ ਪੁੱਛਿਆ।

"ਹਜ਼ੂਰ ਦੀ ਖ਼ੈਰ! ਬੀਬੀ ਜੀ ਪੁੱਛ ਰਹੇ ਨੇ ਕਿ ਹੁਣ ਹਜ਼ੂਰ ਸਾਡੇ ਗ਼ਰੀਬਖ਼ਾਨੇ 'ਤੇ ਕਿਉਂ ਨ੍ਹੀਂ ਆਉਂਦੇ ?" ਖਾਦੂ ਨੇ ਕੁਝ ਆਪਣੇ ਹਿੱਸੇ ਦੀ ਤੇ ਕੁਝ ਰੁਖ਼ਸਤ ਜਾਨ ਦੇ ਹਿੱਸੇ ਦੀ ਨਰਮੀ ਲਹਿਜੇ 'ਚ ਘੋਲਦਿਆਂ ਹੋਇਆਂ ਕਿਹਾ।

"ਖ਼ਾਦਿਮ ਹੁਸੈਨ! ਗੱਲ ਅਸਲ 'ਚ ਇਹ ਆ ਕਿ ਹੁਣ ਰੁਖ਼ਸਤ ਖ਼ਾਨ ਕੋਲ ਜਾਂਦਿਆਂ ਹੋਇਆਂ ਡਰ ਜਿਹਾ ਲੱਗਦਾ ਏ ਕਿਉਂ ਜੁ ਪੁਲਿਸ ਵਾਲੇ ਹੁਣ ਰੋਹਬ-ਲਿਹਾਜ਼ 'ਚ ਨ੍ਹੀਂ ਰਹੇ। ਆਪਣੀ ਮਰਜੀ ਕਰਦੇ ਨੇ।"

"ਹਜ਼ੂਰ ਦੀ ਖ਼ੈਰ! ਬੀਬੀ ਜੀ ਨੇ ਕਿਹਾ ਸੀ ਕਿ ਜੇ ਤੁਸੀਂ ਇਹ ਫ਼ਰਮਾਉ ਕਿ ਡਰ ਲੱਗਦਾ ਏ, ਤਾਂ ਮੈਂ ਬੀਬੀ ਜੀ ਵੱਲੋਂ ਅਰਜ਼ ਕਰੂੰ ਕਿ ਡਰਨ ਦੀ ਅਜੇ ਕੋਈ ਗੱਲ ਨ੍ਹੀਂ, ਕਿਉਂ ਜੁ ਅਜੇ ਇਹ ਕਾਨੂੰਨ ਲਾਗੂ ਨ੍ਹੀਂ ਹੋਇਆ।"

ਚੌਧਰੀ ਹੱਸ ਪਿਆ। ਉਸ ਦੀ ਵੱਡੀ ਸਾਰੀ ਗੋਗੜ, ਲੰਬੀਆਂ ਮੁੱਛਾਂ ਤੇ ਮਟਿਆਲੀ

ਟੋਪੀ 'ਤੇ ਜ਼ਰਾ ਦੇਰ ਲਈ ਥਰਥਰਾਹਟ ਉਮੜੀ ਤੇ ਫੇਰ ਸਕੂਨ 'ਚ ਬਦਲ ਗਈ। "ਖਾਦੂ! ਕਾਨੂੰਨ ਵਾਕਿਆ ਅਜੇ ਲਾਗੂ ਨ੍ਹੀਂ ਹੋਇਆ, ਪਰ ਅਕਲਮੰਦੀ ਇਸੇ 'ਚ ਆ ਕੇ ਇਹਤਿਆਤ ਵਰਤੀ ਜਾਵੇ। ਸ਼ਹਿਰ 'ਚ ਥੋੜ੍ਹੀ ਬਹੁਤ ਇੱਜ਼ਤ ਏ, ਵਰਨਾ ਉਹ ਵੀ ਮਿੱਟੀ 'ਚ ਮਿਲ ਜਾਊਗੀ।"

"ਹਜੂਰ ਦੀ ਖ਼ੈਰ! ਗੱਲ ਤਾਂ ਠੀਕ ਏ, ਪਰ ਬੀਬੀ ਜੀ ਜ਼ਰਾ ਘਬਰਾਏ ਹੋਏ ਆ ਤੇ ਉਨ੍ਹਾਂ ਦੀ ਘਬਰਾਹਟ ਨੇ ਮੈਨੂੰ ਵੀ ਫ਼ਿਕਰਾਂ 'ਚ ਪਾ ਦਿੱਤਾ ਏ," ਖਾਦੂ ਨੇ ਅਰਜ਼ ਕੀਤੀ।

ਚੌਧਰੀ ਨੱਥੂ ਖ਼ਾਨ ਸੰਜੀਦਗੀ ਨਾਲ ਬੋਲਿਆ, "ਮੈਂ ਉਸ ਦੀ ਘਬਰਾਹਟ ਦੂਰ ਨ੍ਹੀਂ ਕਰ ਸਕਦਾ ਤੇ ਫੇਰ ਉਹ ਇਕੱਲੀ ਨ੍ਹੀਂ ਏ। ਉਸ ਵਰਗੀਆਂ ਸੈਂਕੜੇ ਔਰਤਾਂ ਨੇ। ਉਸ ਨੂੰ ਕਹਿਣਾ, ਆਪਣੇ ਆਪ 'ਤੇ ਭਰੋਸਾ ਰੱਖੇ, ਤੇ ਹੁਣ ਤੂੰ ਜਾ।"

ਫੇਰ ਚੌਧਰੀ ਨੇ ਫਤੂਹੀ ਦੀ ਜੇਬ 'ਚੋਂ ਬੜੀ ਸਾਵਧਾਨੀ ਨਾਲ ਪੰਜਾਹਾਂ ਦਾ ਨੋਟ ਕੱਢਿਆ ਤੇ ਖਾਦੂ ਨੂੰ ਦਿੱਤਾ। ਖਾਦੂ ਨੇ ਨੋਟ ਫੜਿਆ। ਥੋੜ੍ਹਾ ਕੁ ਝੁਕਿਆ ਤੇ ਨੋਟ ਵਾਲੇ ਹੱਥ ਨੂੰ ਮੱਥੇ 'ਤੇ ਲੈ ਜਾ ਕੇ ਸਲਾਮ ਕੀਤੀ ਤੇ ਮੂੰਹ ਮੋੜ ਕੇ ਗਲੀ 'ਚ ਗੁੰਮ ਹੋ ਗਿਆ।

-o-o-o-

ਖਾਦੂ ਰੁਖ਼ਸਤ ਜਾਨ ਦਾ ਨੌਕਰ ਸੀ ਤੇ ਹਰ ਵੇਲੇ ਰੁਖ਼ਸਤ ਜਾਨ ਕੋਲ ਰਹਿੰਦਾ ਸੀ। ਉਹ ਰੁਖ਼ਸਤ ਜਾਨ ਤੋਂ ਇਲਾਵਾ ਉਸ ਦੇ ਗ੍ਰਾਹਕਾਂ ਦੀ ਆਓ-ਭਗਤ ਕਰਦਾ ਸੀ ਤੇ ਮੁਆਵਜ਼ੇ 'ਚ ਕੁਝ ਰੁਪਈਏ ਰੋਜ਼ ਕਮਾ ਲੈਂਦਾ ਸੀ। ਸ਼ਕਲੋ-ਸੂਰਤ ਤੋਂ ਉਹ ਤੀਹ-ਪੈਂਤੀ ਸਾਲਾਂ ਦਾ ਚੰਗਾ ਬੰਦਾ ਨਜ਼ਰ ਆਉਂਦਾ ਸੀ, ਪਰ ਇਕ ਅਰਸੇ ਤੱਕ ਜਰਾਇਮਪੇਸ਼ਾ ਆਦਮੀਆਂ ਨਾਲ ਘੁਲ-ਮਿਲ ਕੇ ਰਹਿਣ ਦੀ ਵਜ੍ਹਾ ਨਾਲ ਕਾਫ਼ੀ ਐਕਸਪਰਟ ਹੋ ਗਿਆ ਸੀ। ਉਹ ਸ਼ਕਲ ਦੇਖ ਕੇ ਪਛਾਣ ਲੈਂਦਾ ਸੀ ਕਿ ਉਹ ਕਿਸ ਤਰ੍ਹਾਂ ਦਾ ਤੇ ਕਿਸ ਕਿਸਮ ਦਾ ਗ੍ਰਾਹਕ ਹੈ। ਮੁਸ਼ਕਿਲ ਸਮੇਂ 'ਚ ਉਹ ਅਫ਼ੀਮਚੀ ਦੇ ਖੋਲ 'ਚੋਂ ਨਿਕਲ ਕੇ ਸੁਲਗਦੀਆਂ ਅੱਖਾਂ ਵਾਲਾ ਕਾਤਿਲ ਵੀ ਬਣ ਸਕਦਾ ਸੀ।

ਉਸ ਤੋਂ ਉਲਟ ਰੁਖ਼ਸਤ ਜਾਨ ਸੁਭਾਉ ਪੱਖੋਂ ਰਹਿਮ ਦਿੱਲ ਵਾਲੀ ਔਰਤ ਸੀ, ਜਿਸ ਦੀ ਸੱਭ ਤੋਂ ਵੱਡੀ ਖ਼ੂਬੀ ਉਸ ਦਾ ਭੋਲਾ-ਭਾਲਾ ਤੇ ਮਾਸੂਮ ਚਿਹਰਾ ਤੇ ਤਨਿਆ ਹੋਇਆ ਖ਼ਸਤਾ ਜਿਸਮ ਤੇ ਲੋੜਾਂ ਸਮਝਣ ਵਾਲਾ ਨੌਕਰ...ਇਨ੍ਹਾਂ ਤਿੰਨਾਂ ਗੱਲਾਂ ਨੇ ਮਿਲ ਕੇ ਚੌਧਰੀ ਨੱਥੂ ਖ਼ਾਨ ਨੂੰ ਰੁਖ਼ਸਤ ਜਾਨ ਦਾ ਗ੍ਰਾਹਕ ਬਣਾ ਦਿੱਤਾ ਸੀ ਪਰ ਹੁਣ ਅਜਿਹੀਆਂ ਔਰਤਾਂ ਵਿਰੁੱਧ ਕਾਨੂੰਨ ਲਾਗੂ ਹੋਣ ਵਾਲਾ ਸੀ ਤੇ ਨੱਥੂ ਖ਼ਾਨ ਜਿਹੇ ਸਨਮਾਨਿਤ, ਪਰ ਚਲਾਕ ਗ੍ਰਾਹਕ ਸੁਚੇਤ ਹੋ ਗਏ ਸਨ। ਇਸੇ ਕਾਰਨ ਪੇਸ਼ਾ ਕਰਨ ਵਾਲੀਆਂ ਔਰਤਾਂ ਦੀ ਕਮਾਈ ਘੱਟ ਗਈ ਸੀ ਤੇ ਉਨ੍ਹਾਂ 'ਚ ਘਬਰਾਹਟ ਫ਼ੈਲ ਰਹੀ ਸੀ। ਇਨ੍ਹਾਂ ਔਰਤਾਂ 'ਚੋਂ ਰੁਖ਼ਸਤ ਜਾਨ ਵੀ ਇੱਕ ਸੀ ਜਿਸ ਦਾ ਨੌਕਰ ਖਾਦੂ ਨੱਥੂ ਖ਼ਾਨ ਕੋਲੋਂ ਹੁਣੇ-ਹੁਣੇ ਨਿਰਾਸ਼ ਮੁੜਿਆ ਸੀ।

ਦੂਜੇ ਦਿਨ ਜਿਸਮ-ਫਰੋਸ਼ ਔਰਤਾਂ ਖ਼ਿਲਾਫ਼ ਆਰਡੀਨੈਂਸ ਲਾਗੂ ਹੋ ਗਿਆ। ਆਰਡੀਨੈਂਸ ਲਾਗੂ ਹੋਣ ਦੇ ਤੀਜੇ ਦਿਨ ਖਾਦੂ ਚੌਧਰੀ ਨੱਥੂ ਖ਼ਾਨ ਦੀ ਦੁਕਾਨ 'ਤੇ ਆਇਆ ਸੀ। ਉਹ ਬੇਹੱਦ ਪ੍ਰੇਸ਼ਾਨ ਸੀ। ਉਸ ਨੇ ਝੁਕ ਕੇ ਚੌਧਰੀ ਨੂੰ ਸਲਾਮ ਕੀਤੀ ਤੇ ਪ੍ਰੇਸ਼ਾਨੀ ਦੀ ਹਾਲਤ 'ਚ ਚੌਧਰੀ ਦੇ ਮੂੰਹ ਨੂੰ ਤੱਕਣ ਲੱਗਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਚੌਧਰੀ ਸਾਹਿਬ ਨਾਲ ਕਿਵੇਂ ਗੱਲ ਸ਼ੁਰੂ ਕਰੇ।

"ਖ਼ਾਦਿਮ ਹੁਸੈਨ, ਬੋਲ ਕੀ ਗੱਲ ਏ? ਕੁਝ ਘਬਰਾਇਆ ਹੋਇਆ ਲੱਗਦਾਂ?"



"ਹਜੂਰ! ਕੀ ਅਰਜ਼ ਕਰਾਂ, ਬੀਬੀ ਜੀ ਨੇ ਮੈਨੂੰ ਹੁਕਮ ਦਿੱਤਾ ਏ ਕਿ ਕੋਈ ਅਜਿਹਾ ਆਦਮੀ ਲੱਭਾਂ, ਜਿਸ ਨਾਲ ਉਹ ਵਿਆਹ ਕਰ ਸਕੇ।"

ਚੌਧਰੀ ਕੁਰਸੀ ਤੋਂ ਉੱਛਲ ਪਿਆ।

"ਸੱਚੀਂ? ਸੱਚੀਂ ਰੁਖ਼ਸਤ ਜਾਨ ਵਿਆਹ ਕਰਵਾਏਗੀ।"

"ਜੀ ਹਜੂਰ। ਉਹ ਕਹਿੰਦੇ ਨੇ, ਹੁਣ ਕੋਈ ਹੋਰ ਚਾਰਾ ਨ੍ਹੀਂ। ਉਹ ਛੋਟੇ ਜਿਹੇ ਸਨ ਕਿ ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ ਤੇ ਫੇਰ ਉਹ ਪੇਸ਼ਾਵਰ ਤੋਂ ਕਰਾਚੀ ਤੱਕ ਵਿੱਕਦੇ ਰਹੇ। ਹੁਣ ਨਾ ਤਾਂ ਉਨ੍ਹਾਂ ਦਾ ਮਾਂ-ਬਾਪ ਏ ਤੇ ਨਾ ਹੀ ਕੋਈ ਭੈਣ ਭਰਾ। ਉਹ ਪੜ੍ਹੇ ਲਿਖੇ ਵੀ ਨ੍ਹੀਂ। ਪਿੱਛਲੇ ਛੱਬੀ-ਸਤਾਈਆਂ ਸਾਲਾਂ ਤੋਂ ਕੱਖ ਭੰਨ ਕੇ ਨ੍ਹੀਂ ਦੇਖਿਆ। ਸੋ ਕਿਸੇ ਘਰ 'ਚ ਕੰਮ ਕਰਕੇ ਪੇਟ ਪਾਲਣ ਤੋਂ ਰਹੇ। ਹੁਣ ਸਿਰਫ਼ ਇੱਕ ਸੂਰਤ ਏ ਕਿ ਉਨ੍ਹਾਂ ਦਾ ਕਿਸੇ ਭਲੇ ਆਦਮੀ ਨਾਲ ਵਿਆਹ ਹੋ ਜਾਵੇ।"

"ਖ਼ਾਦਿਮ ਹੁਸੈਨ, ਜੇ ਰੁਖ਼ਸਤ ਜਾਨ ਦਾ ਵਿਆਹ ਹੋ ਗਿਆ ਤਾਂ ਤੂੰ ਕਿੱਥੇ ਜਾਵੇਂਗਾ?" ਚੌਧਰੀ ਨੇ ਖਾਦੂ ਦੀ ਪ੍ਰਤੀਕ੍ਰਿਆ ਜਾਣਨੀ ਚਾਹੀ।

"ਅੱਲ੍ਹਾ ਕਾਰਸਾਜ ਏ। ਮੈਂ ਇਕੱਲਾ ਹਾਂ। ਕਿਸੇ ਤੁਹਾਡੇ ਵਰਗੇ ਅਮੀਰ ਦੀ ਚਿੱਲਮ ਭਰ ਕੇ ਆਪਣਾ ਢਿੱਡ ਤਾਂ ਭਰ ਲਿਆ ਕਰਾਂਗਾ।"

"ਤਾਂ ਤੈਨੂੰ ਆਪਣੀ ਜਾਤ ਨਾਲੋਂ ਬੀਬੀ ਜੀ ਦਾ ਜ਼ਿਆਦਾ ਫ਼ਿਕਰ ਏ? ਹੈ ਨਾ?"

"ਜੀ ਹਜੂਰ। ਮੈਂ ਪੰਜ ਸਾਲਾਂ ਤੱਕ ਉਨ੍ਹਾਂ ਦਾ ਨਮਕ ਖਾਧਾ ਏ। ਹੁਣ ਉਨ੍ਹਾਂ 'ਤੇ ਮੁਸੀਬਤ ਆਈ ਏ। ਜੇ ਮੈਂ ਸਾਥ ਛੱਡ ਦਵਾਂ, ਤਾਂ ਮੈਂ ਸਾਰੀ ਉਮਰ ਆਪਣੇ ਆਪ ਤੋਂ ਸ਼ਰਮਿੰਦਾ ਰਹੂੰਗਾ। ਜੋ ਵੀ ਮਿਲੂ, ਕਹੇਗਾ, ਮਰਦ ਦਾ ਬੱਚਾ ਨ੍ਹੀਂ ਸੀ।"

"ਠੀਕ ਏ...ਠੀਕ ਏ...।" ਚੌਧਰੀ ਨੱਥੂ ਖ਼ਾਨ ਨੇ ਖਾਦੂ ਦੀ ਗੱਲ ਕੱਟਦਿਆਂ ਹੋਇਆਂ ਛੇਤੀ ਦੇਣੀ ਕਿਹਾ। ਉਹ ਖਾਦੂ ਤੋਂ ਜਾਨ ਛੁਡਾਉਣਾ ਚਾਹੁੰਦਾ ਸੀ। ਉਸ ਨੂੰ ਡਰ ਸੀ ਕਿ ਕੋਈ ਖਾਦੂ ਨੂੰ ਪਛਾਣ ਨਾ ਲਵੇ ਤੇ ਉਹ ਨਾ ਕਹੇ ਕਿ ਇਹ ਰੰਡੀ ਦਾ ਨੌਕਰ ਚੌਧਰੀ ਨੱਥੂ ਖ਼ਾਨ ਨਾਲ ਗੱਲ ਕਰ ਰਿਹਾ ਸੀ ਤੇ ਪਤਾ ਨਹੀਂ ਕੀ ਗੱਲਾਂ ਕਰ ਰਿਹਾ ਸੀ।

"ਪਰ ਤੂੰ ਇਹ ਤਾਂ ਦੱਸਿਆ ਹੀ ਨ੍ਹੀਂ, ਖਾਦਿਮ ਹੁਸੈਨ ਕਿ ਕੋਈ ਆਦਮੀ ਤਿਆਰ ਵੀ ਹੋਇਆ ਏ ਤੁਹਾਡੀ ਬੀਬੀ ਜੀ ਨਾਲ ਵਿਆਹ ਕਰਨ ਲਈ? ਹੋਇਆ ਕੋਈ?"

"ਜੀ ਕਿਉਂ ਨ੍ਹੀਂ?" ਖਾਦੂ ਨੇ ਮਾਣ ਨਾਲ ਧੌਣ ਉਤਾਂਹ ਚੁੱਕੀ ਤੇ ਕਿਹਾ, "ਇੱਕ ਸਾਹਿਬ ਆਏ ਸੀ। ਉਮਰ ਕੋਈ ਚਾਲੀ ਸਾਲ ਸੀ। ਕਾਰ ਵਾਲੇ ਸਨ। ਯਾਨੀ ਕਿ ਪੈਸੇ ਵਾਲੇ ਸਨ, ਪਰ ਬੀਜੀ ਜੀ ਨੇ ਉਨ੍ਹਾਂ ਨੂੰ ਪਸੰਦ ਨ੍ਹੀਂ ਕੀਤਾ।"

"ਪਸੰਦ ਨ੍ਹੀਂ ਕੀਤਾ? ਕੀ ਕਿਹਾ ਤੂੰ? ਪਸੰਦ ਨ੍ਹੀਂ ਕੀਤਾ?" ਚੌਧਰੀ ਨੇ ਗੁੱਸਾ ਦਬਾਉਂਦਿਆਂ ਹੋਇਆਂ ਕਿਹਾ।

"ਹਜੂਰ ਬੀਬੀ ਜੀ ਨੇ ਕਿਹਾ ਕਿ ਇਹ ਆਦਮੀ ਬਦਸ਼ਕਲ ਏ, ਮੈਂ ਇਸ ਨਾਲ ਵਿਆਹ ਨ੍ਹੀਂ ਕਰੂੰਗੀ। ਵਿਆਹ ਕੀਤਾ ਤਾਂ ਕਿਸੇ ਚੰਗੀ ਸ਼ਕਲ ਵਾਲੇ ਨਾਲ ਹੀ ਕਰੂੰਗੀ।"

"ਬੇਵਕੂਫ਼ ਔਰਤ।" ਚੌਧਰੀ ਗੁੱਸੇ ਨਾਲ ਬੋਲਿਆ।

"ਇੱਕ ਦੂਜੇ ਸਾਹਿਬ ਆਏ ਸਨ। ਜੁਆਨ ਸਨ। ਸ਼ਕਲ-ਸੂਰਤ ਫਸਟ ਕਲਾਸ ਸੀ। ਬੀਬੀ ਜੀ ਨੇ ਉਸ ਨੂੰ ਪਸੰਦ ਵੀ ਕੀਤਾ ਪਰ ਉਹ ਸਾਹਿਬ ਗ਼ਰੀਬ ਸਨ। ਬੀਬੀ ਜੀ ਨੇ ਕਿਹਾ ਕਿ ਮੈਂ ਤਾਂ ਹੁਣ ਤੱਕ ਐਸ਼ ਕੀਤੀ ਏ। ਹੁਣ ਗਰੀਬੀ 'ਚ ਗੁਜ਼ਾਰਾ ਨ੍ਹੀਂ ਹੋਵੇਗਾ।"

"ਬੱਸ ਦੋ ਹੀ ਆਏ ਜਾਂ ਕੋਈ ਤੀਜਾ ਵੀ ਆਇਆ ?"

"ਜੀ, ਇੱਕ ਤੀਜਾ ਸਾਹਿਬ ਵੀ ਆਇਆ। ਉਸ ਦੀ ਸ਼ਕਲ ਵੀ ਚੰਗੀ ਸੀ ਤੇ ਜ਼ਮੀਨਾਂ ਦਾ ਮਾਲਕ ਵੀ ਸੀ। ਜ਼ਿਮੀਂਦਾਰ ਕਿਸਮ ਦਾ ਆਦਮੀ ਸੀ।"

"ਤਾਂ ਫੇਰ ਉਸ ਨਾਲ ਵਿਆਹ ਤੈਅ ਹੋ ਗਿਆ ?"

"ਨ੍ਹੀਂ ਹਜ਼ੂਰ! ਪਤਾ ਲੱਗਾ ਕਿ ਉਹ ਕਿਸੇ ਕਤਲ ਦੇ ਮੁਕੱਦਮੇ 'ਚ ਸਜ਼ਾ ਕੱਟ ਚੁੱਕਿਆ ਏ।"

"ਤੇਰੀ ਬੀਬੀ ਨੇ, ਜਿਸ ਦਾ ਨਾਂ ਰੁਖਸਤ ਜਾਨ ਏ, ਉਸ ਨੂੰ ਵੀ ਦੁਰਕਾਰ ਦਿੱਤਾ। ਪਹਿਲੇ ਦਰਜੇ ਦੀ ਬੇਵਕੂਫ਼ ਏ ਉਹ। ਕਾਰੋਬਾਰੀ ਇਤਬਾਰ ਨਾਲ ਬਿਲਕੁਲ ਨ੍ਹੀਂ ਸੋਚਦੀ। ਉਹ ਦਿਮਾਗ਼ ਤੋਂ ਨ੍ਹੀਂ, ਦਿਲ ਤੋਂ ਸੋਚਦੀ ਏ। ਦੱਸ, ਹੁਣ ਮੈਂ ਤੁਹਾਡੇ ਲਈ ਕੀ ਕਰਾਂ ?" ਚੌਧਰੀ ਲਾਲ-ਪੀਲਾ ਹੋ ਕੇ ਬੋਲਿਆ। ਉਸ ਨੂੰ ਗੁੱਸਾ ਇਸ ਗੱਲ 'ਤੇ ਆ ਗਿਆ ਸੀ ਕਿ ਖਾਦੂ ਗੱਲ ਖ਼ਤਮ ਕਰਕੇ ਜਾਂਦਾ ਕਿਉਂ ਨਹੀਂ ?

"ਹਜ਼ੂਰ ਤੁਸੀਂ ਕੀ ਕਰ ਸਕਦੇ ਹੋ ? ਬਸ ਦੁਆ ਕਰੋ, ਬੀਬੀ ਜੀ ਨੂੰ ਉਨ੍ਹਾਂ ਦੇ ਪਸੰਦ ਦਾ ਸ਼ੌਹਰ ਮਿਲ ਜਾਵੇ।"

ਚੌਧਰੀ ਨੇ ਜੇਬ ਵਿਚੋਂ ਪੰਜਾਹਾਂ ਦਾ ਨੋਟ ਕੱਢ ਕੇ ਖਾਦੂ ਦੇ ਹਵਾਲੇ ਕਰਦਿਆਂ ਹੋਇਆਂ ਗੁੱਸੇ ਨਾਲ ਕਿਹਾ, "ਮੇਰੀ ਦੁਆ ਨਾਲ ਕੁਝ ਨ੍ਹੀਂ ਹੋਣਾ। ਮੈਂ ਵੱਲੀ ਅੱਲ੍ਹਾ ਨ੍ਹੀਂ ਕਿ ਮੇਰੀ ਦੁਆ ਕਬੂਲ ਹੋਵੇ। ਤੂੰ ਖ਼ੁਦ ਕੋਸ਼ਿਸ਼ ਕਰ। ਕੋਈ ਉਪਾਅ ਕਰ।" ਇਹ ਕਹਿ ਕੇ ਉਹ ਦੁਕਾਨ ਦੇ ਅੰਦਰ ਚਲਾ ਗਿਆ।

-o-o-o-

ਅਗਲੇ ਦਿਨ ਖਾਦੂ ਫੇਰ ਚੌਧਰੀ ਨੱਥੂ ਖ਼ਾਨ ਦੀ ਦੁਕਾਨ ਅੱਗੇ ਖੜ੍ਹਾ ਸੀ। ਉਹ ਬੇਹੱਦ ਖ਼ੁਸ਼ ਸੀ। ਉਸ ਨੇ ਸਾਫ਼-ਸੁਥਰੇ ਕੱਪੜੇ ਪਾਏ ਹੋਏ ਸਨ। ਸਿਰ ਦੇ ਵਾਲਾਂ ਨੂੰ ਤੇਲ ਲਗਾਇਆ ਹੋਇਆ ਸੀ ਤੇ ਮੂੰਹ 'ਚ ਪਾਨ ਪਾਇਆ ਹੋਇਆ ਸੀ, ਜਿਸ ਨੂੰ ਉਹ ਹੌਲੀ-ਹੌਲੀ ਚਬਾ ਰਿਹਾ ਸੀ।

ਚੌਧਰੀ ਦੁਕਾਨ ਤੋਂ ਬਾਹਰ ਆਇਆ ਤੇ ਥੜ੍ਹੇ 'ਤੇ ਆ ਖੜੋਇਆ।

"ਖਾਦਿਮ ਹੁਸੈਨ! ਕਿੱਦਾਂ ਆਇਆਂ ? ਅੱਜ ਤੂੰ ਬੜਾ ਖ਼ੁਸ਼ ਨਜ਼ਰ ਆ ਰਿਹਾਂ ?"

"ਹਜ਼ੂਰ! ਮੈਂ ਖ਼ੁਸ਼ਖ਼ਬਰੀ ਲਿਆਇਆ ਹਾਂ ਤੁਹਾਡੇ ਲਈ। ਬੀਬੀ ਜੀ ਨੂੰ ਉਨ੍ਹਾਂ ਦੇ ਪਸੰਦ ਦਾ ਸ਼ੌਹਰ ਮਿਲ ਗਿਆ।"

"ਮੁਬਾਰਕ ਹੋਵੇ। ਤੇਰੀ ਮਿਹਨਤ ਬੇਕਾਰ ਨ੍ਹੀਂ ਗਈ ਤੇ ਤੇਰੀ ਬੀਬੀ ਜੀ ਨੂੰ ਵੀ ਮੁਬਾਰਕ ਹੋਵੇ ਕਿ ਇਹ ਸ਼ਰੀਫ਼ਜ਼ਾਦੀ ਬਣ ਕੇ ਜ਼ਿੰਦਗੀ ਗੁਜ਼ਾਰੂਗੀ।"

"ਹਜ਼ੂਰ! ਇਹ ਤਾਂ ਠੀਕ ਏ ਕਿ ਸ਼ਰੀਫ਼ਜ਼ਾਦੀ ਬਣ ਗਈ ਏ, ਪਰ ਹੁਣ ਰਹੇਗੀ ਕਿੱਥੇ ?"

"ਆਪਣੇ ਮੀਏਂ ਕੋਲ ?"

"ਹਜ਼ੂਰ ਉਸ ਦੇ ਮੀਏਂ ਕੋਲ ਮਕਾਨ ਨ੍ਹੀਂ ਏ।"

"ਤਾਂ ਫੇਰ ਉਹ ਕੋਈ ਮਕਾਨ ਕਿਰਾਏ 'ਤੇ ਲੈ ਲੈਣ।"

"ਜੀ, ਹਜ਼ੂਰ ਇਸੇ ਲਈ ਤਾਂ ਹਾਜ਼ਿਰ ਹੋਇਆ ਹਾਂ। ਸੁਣਿਆ ਏ, ਤੁਹਾਡੇ ਕੋਲ ਕਿਰਾਏ ਦੇ ਮਕਾਨ ਨੇ ਤੇ ਉਨ੍ਹਾਂ 'ਚੋਂ ਕੋਈ ਕਮਰਾ ਖਾਲੀ ਏ।"



"ਤੈਨੂੰ ਕਿੱਦਾਂ ਪਤਾ ਲੱਗਾ ਕਿ ਮੇਰੇ ਕੋਲ ਕਿਰਾਏ ਲਈ ਕੋਈ ਖਾਲੀ ਮਕਾਨ ਏ ?"

"ਹਜ਼ੂਰ, ਮੈਂ ਆਪ ਦੇਖ ਕੇ ਆਇਆ ਹਾਂ," ਇਹ ਕਹਿੰਦਿਆਂ ਹੋਇਆਂ ਖਾਦੂ ਹੱਸ ਪਿਆ।

"ਬਹੁਤ ਬਦਮਾਸ਼ ਹੈਂ ਫੇਰ ਤਾਂ," ਚੌਧਰੀ ਹੱਸ ਕੇ ਬੋਲਿਆ, "ਮਕਾਨ ਦਾ ਕਿਰਾਇਆ ਤਿੰਨ ਸੌ ਰੁਪਈਏ ਹੋਊਗਾ। ਨਾ ਘੱਟ, ਨਾ ਜ਼ਿਆਦਾ।"

"ਹਜ਼ੂਰ, ਮੰਜ਼ੂਰ ਏ। ਮਹੀਨੇ ਦਾ ਕਿਰਾਇਆ ਤਿੰਨ ਸੌ ਰੁਪਈਏ ਮੰਜ਼ੂਰ ਏ," ਖਾਦੂ ਗਲੀ 'ਚ ਨੱਚਦਿਆਂ ਹੋਇਆਂ ਬੋਲਿਆ।

"ਪਰ ਖਾਦਿਮ ਹੁਸੈਨ। ਤੂੰ ਇਹ ਤਾਂ ਦੱਸਿਆ ਹੀ ਨ੍ਹੀਂ ਕਿ ਰੁਖਸਤ ਜਾਨ ਦਾ ਮੀਆਂ ਕੌਣ ਏ, ਕਿਤੇ ਕੋਈ ਦਫ਼ਤਰ ਦਾ ਬਾਬੂ ਤਾਂ ਨ੍ਹੀਂ ਏ ?"

"ਨ੍ਹੀਂ ਹਜ਼ੂਰ, ਦਫ਼ਤਰ ਦਾ ਬਾਬੂ ਨ੍ਹੀਂ ਏ। ਕਾਰੋਬਾਰੀ ਬੰਦਾ ਏ।"

"ਵੈਰੀ ਗੁੱਡ। ਅਸੀਂ ਵੀ ਕਾਰੋਬਾਰੀ ਆਦਮੀ ਤੇ ਸਾਡੀ ਰੁਖਸਤ ਜਾਨ ਦਾ ਮੀਆਂ ਵੀ ਕਾਰੋਬਾਰੀ ਆਦਮੀ। ਖਾਦਿਮ ਹੁਸੈਨ! ਮੈਨੂੰ ਬੇਹੱਦ ਖ਼ੁਸ਼ੀ ਹੋਈ ਕਿ ਰੁਖਸਤ ਜਾਨ ਸ਼ਰੀਫ਼ਜ਼ਾਦੀ ਬਣ ਗਈ ਏ ਪਰ ਉਸ ਦਾ ਮੀਆਂ ਹੈ ਕੌਣ ? ਮੈਂ ਇਸ ਸ਼ਹਿਰ ਦਾ ਰਹਿਣ ਵਾਲਾ ਹਾਂ, ਸ਼ਾਇਦ ਉਹ ਮੇਰਾ ਥੋੜ੍ਹਾ-ਬਹੁਤਾ ਵਾਕਿਫ਼ ਨਿਕਲੇ।"

ਖਾਦੂ ਨੇ ਪੀਕ ਨਾਲੀ 'ਚ ਥੁੱਕ ਕੇ ਮੈਲੇ ਜਿਹੇ ਰੁਮਾਲ ਨਾਲ ਮੂੰਹ ਸਾਫ਼ ਕੀਤਾ ਤੇ ਸਿਰ ਝੁਕਾ ਕੇ ਬੋਲਿਆ, "ਹਜ਼ੂਰ! ਤੁਹਾਡੇ ਇਸ ਖਾਦਿਮ ਨੇ ਬੀਬੀ ਜੀ ਨਾਲ ਵਿਆਹ ਕੀਤਾ ਏ।"

ਚੌਧਰੀ ਨੱਥੂ ਖ਼ਾਨ ਕੁਝ ਚਿਰ ਥੜ੍ਹੇ 'ਤੇ ਗੁੰਮਸੁੰਮ ਖੜ੍ਹਾ ਰਿਹਾ। ਫੇਰ ਉਹ ਹੇਠਾਂ ਉੱਤਰਿਆ ਤੇ ਖਾਦੂ ਦੇ ਸਾਹਮਣੇ ਖੜ੍ਹ ਗਿਆ।

"ਕੀ ਤੂੰ ਸੱਚ ਕਹਿੰਦਾ ਏਂ ?"

"ਹਜ਼ੂਰ ਦੀ ਖ਼ੈਰ। ਬਿਲਕੁਲ ਸੱਚ ਕਹਿੰਦਾ ਹਾਂ। ਵਿਆਹ ਦੇ ਕਾਗਜ਼ 'ਤੇ ਮੈਂ ਆਪਣਾ ਨਾਂ ਲਿਖਾ ਦਿੱਤਾ ਏ।" ਫੇਰ ਉਹ ਸਾਜ਼ਿਸ਼ੀ ਅੰਦਾਜ਼ ਨਾਲ ਬੋਲਿਆ, "ਤੁਹਾਡੇ ਤੋਂ ਕਾਹਦਾ ਪਰਦਾ ? ਕਾਰੋਬਾਰ ਉਹੀ ਰਹੇਗਾ ਜੋ ਹੁਣ ਤੱਕ ਰਿਹਾ। ਮੇਰੀ ਹੈਸੀਅਤ ਵੀ ਉਹੀ ਰਹੂਗੀ ਜੋ ਹੁਣ ਤੱਕ ਰਹੀ ਏ। ਬਸ, ਜ਼ਰਾ ਦੁਕਾਨ ਬਦਲ ਜਾਵੇਗੀ। ਤੁਹਾਨੂੰ ਪਸੰਦ ਹੋਵੇ, ਤਾਂ ਮਕਾਨ ਦੇ ਦਿਓ। ਨ੍ਹੀਂ ਹਾਂ ਮੈਂ ਕੋਈ ਹੋਰ ਮਕਾਨ ਲੱਭਦਾ ਹਾਂ।"

ਚੌਧਰੀ ਨੱਥੂ ਖ਼ਾਨ ਨੇ ਆਪਣਾ ਹੱਥ ਖਾਦੂ ਦੇ ਮੋਢਿਆਂ 'ਤੇ ਰੱਖਿਆ ਤੇ ਹੌਲੀ ਜਿਹੇ ਬੋਲਿਆ, "ਮੈਂ ਕਾਰੋਬਾਰੀ ਬੰਦਾ ਹਾਂ। ਮੈਨੂੰ ਤੇਰੀ ਤਰਕੀਬ ਤੇ ਚਾਲ ਪਸੰਦ ਆਈ ਏ। ਮਕਾਨ ਅੱਜ ਤੋਂ ਤੇਰਾ, ਪਰ ਇਕ ਗੱਲ ਏ ਕਿਰਾਇਆ ਪੰਜ ਸੌ ਲਵਾਂਗਾ। ਬੋਲ, ਮੰਜ਼ੂਰ ਏ ?"

"ਹਜ਼ੂਰ, ਮੈਨੂੰ ਮੰਜ਼ੂਰ ਏ।" ਖਾਦਿਮ ਹੁਸੈਨ ਨੇ ਉੱਚੀ ਆਵਾਜ਼ 'ਚ ਕਿਹਾ ਤੇ ਬਾਗੋਬਾਗ ਹੋ ਗਿਆ। ਚੌਧਰੀ ਨੇ ਜੇਬ 'ਚੋਂ ਚਾਬੀਆਂ ਦਾ ਗੁੱਛਾ ਕੱਢਿਆ ਤੇ ਉਸ ਨੂੰ ਖਾਦੂ ਦੀਆਂ ਅੱਖਾਂ ਦੇ ਸਾਹਮਣੇ ਕਿਸੇ ਜਾਦੂਗਰ ਵਾਂਗੂੰ ਲਹਿਰਾਇਆ ਤੇ ਪੁੱਛਿਆ, "ਖਾਦਿਮ ਹੁਸੈਨ! ਸਾਡੇ 'ਤੇ ਕੋਈ ਪਾਬੰਦੀ ਤਾਂ ਨ੍ਹੀਂ ਹੋਊਗੀ ?"

"ਹਜ਼ੂਰ! ਤੁਸੀਂ ਕਿਉਂ ਸ਼ਰਮਿੰਦਾ ਕਰਦੇ ਹੋ। ਇਹ ਸਭ ਕੁਝ ਤਾਂ ਤੁਹਾਡੇ ਆਰਾਮ ਤੇ ਸਹੂਲਤ ਲਈ ਹੀ ਤਾਂ ਕੀਤਾ ਏ।"

ਤੇ ਦੋਵੇਂ ਜ਼ੋਰ-ਜ਼ੋਰ ਨਾਲ ਹੱਸਣ ਲੱਗੇ।

# ਮੰਗਲ ਬੁੱਧ

ਅੰਗਰੇਜ਼ੀ ਮਹੀਨੇ ਦੀ ਸਭ ਤੋਂ ਵੱਡੀ ਗੱਲ ਕੀ ਏ ? ਤੁਹਾਨੂੰ ਨਹੀਂ ਪਤਾ, ਮੈਨੂੰ ਪਤਾ ਏ। ਏਸ ਮਹੀਨੇ ਵਿਚ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਗਿੱਟੇ-ਗਿੱਟੇ ਰਹਿ ਜਾਂਦਾ ਏ। ਰਾਵੀ ਇਕ ਦਰਿਆ ਏ। ਏਸ ਵਾਸਤੇ ਜਨਵਰੀ ਦੇ ਮਹੀਨੇ, ਏਹਦੇ ਵਿਚ ਵੀ ਪਾਣੀ ਗਿੱਟੇ-ਗਿੱਟੇ ਹੋ ਜਾਂਦਾ ਏ। ਤੁਸੀਂ ਹੱਸ ਰਹੇ ਹੋਵੋਗੇ ਪਈ ਕਿਹੜੀ ਨਿਰਾਲੀ ਤੇ ਖ਼ਾਸ ਗੱਲ ਦੱਸੀ ਏ ? ਹੋ ਸਕਦਾ ਏ, ਤੁਹਾਡੇ ਮੁਹਾਂਦਰੇ ਤੇ ਗੁੱਸੇ ਦਾ ਹਨ੍ਹੇਰਾ ਵੀ ਖਿੱਲਰਿਆ ਹੋਵੇ। ਪਰ ਸੁਣੋਂ, ਜਨਵਰੀ ਵਿਚ ਰਸ ਭਰੇ ਸੰਤਰੇ ਹੁੰਦੇ ਨੇ। ਖ਼ਾਸ ਤੌਰ 'ਤੇ ਫੈਸਲਾਬਾਦ, ਝੰਗ ਤੇ ਸਰਗੋਧੇ ਵੱਲ। ਏਸ ਮਹੀਨੇ ਵਿਚ ਨਰਗਿਸ ਦੇ ਫੁੱਲ ਹੁੰਦੇ ਨੇ, ਖ਼ਾਸ ਤੌਰ ਤੇ ਲਾਹੌਰ ਦੇ ਬਾਗ਼ਾਂ ਵਿਚ। ਏਸ ਮਹੀਨੇ ਪਤਲੀਆਂ-ਪਤੰਗ਼, ਸੁਝਵਾਨ, ਕੁੜੀਆਂ-ਚਿੱੜੀਆਂ, ਓਵਰਕੋਟ ਤੇ ਪੁਲਓਵਰ ਪਾ ਕੇ ਮੋਟੀਆਂ ਤੇ ਗੋਲ-ਮਟੋਲ ਨਜ਼ਰ ਆਉਂਦੀਆਂ ਨੇ। ਖ਼ਾਸ ਤੌਰ ਤੇ ਉਹ, ਜਿਹੜੀਆਂ ਕਰਾਚੀ ਵਿਚ ਜੰਮੀਆਂ, ਤੇ ਹੁਣ ਫੈਸਲਾਬਾਦ ਵਿਚ ਜਵਾਨ ਹੋ ਰਹੀਆਂ ਨੇ। ਪਰ ਮੈਂ ਤੇ ਗੱਲ ਕਰ ਰਿਹਾ ਵਾਂ ਸ਼ੱਕਰਗੜ੍ਹ ਦੀ, ਜਿੱਥੇ ਰਾਵੀ ਵਿਚ ਪਾਣੀ ਹੁੰਦਾ ਏ, ਗਿੱਟੇ-ਗਿੱਟੇ, ਜਨਵਰੀ ਦੇ ਮਹੀਨੇ ਵਿਚ।

ਸ਼ੱਕਰਗੜ੍ਹ ਨੂੰ ਤੁਸਾਂ ਨਹੀਂ ਵੇਖਿਆ ਹੋਵੇਗਾ। ਮੈਂ ਤੇ ਪਿੱਛਲੇ ਤੀਹ ਸਾਲਾਂ ਤੋਂ ਵੇਖਦਾ ਆ ਰਿਹਾ ਵਾਂ। ਮੈਂ ਤੇ ਉਦੋਂ ਵੀ ਸ਼ੱਕਰਗੜ੍ਹ ਨੂੰ ਵੇਖਿਆ ਸੀ, ਜਦੋਂ ਜਰਨਲ ਯਾਹੀਆ ਖ਼ਾਨ ਸਾਡੇ ਪ੍ਰਧਾਨ ਸਨ ਤੇ ਅਸਾਂ ਹਿੰਦੁਸਤਾਨ ਨਾਲ ਯੁੱਧ ਕੀਤਾ ਸੀ। ਤੇ, ਸਾਡੇ 284 ਪਿੰਡ ਹਿੰਦੁਸਤਾਨ ਦੇ ਕਬਜ਼ੇ ਵਿਚ ਚਲੇ ਗਏ ਸਨ। ਤਹਿਸੀਲ ਸ਼ੱਕਰਗੜ੍ਹ, ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਏ। 1947 ਤੋਂ ਪਹਿਲਾਂ, ਏਹ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸੀ। ਹੁਣ ਜਦੋਂ ਹਿੰਦੁਸਤਾਨ ਨਾਲ ਲੜਨੇ ਆਂ, ਜਾਂ ਹਿੰਦੁਸਤਾਨ ਸਾਡੇ ਨਾਲ ਲੜਦਾ ਏ, ਤਹਿਸੀਲ ਸ਼ੱਕਰਗੜ੍ਹ ਦੀ ਸ਼ਾਮਤ ਆ ਜਾਂਦੀ ਏ।

ਰਾਵੀ ਦਰਿਆ, ਤਹਿਸੀਲ ਸ਼ੱਕਰਗੜ੍ਹ ਤੇ ਹਿੰਦੁਸਤਾਨ ਦੇ ਵਿਚਕਾਰ ਸਰਹੱਦੀ ਲਕੀਰ ਦਾ ਕੰਮ ਦੇਂਦਾ ਏ। ਉੱਧਰ ਹਿੰਦੁਸਤਾਨ, ਏਧਰ ਪਾਕਿਸਤਾਨ, ਮਤਲਬ ਤਹਿਸੀਲ ਸ਼ੱਕਰਗੜ੍ਹ, 'ਰਾਵੀ' ਵਿਚਕਾਰ! ਇੰਝ ਸਮਝੋ, ਜ਼ਲਾਲਾ-ਸ਼ਰੀਫ਼ ਤੋਂ ਲੈ ਕੇ ਜੱਸੜ ਤੀਕਰ ਦਰਿਆ ਰਾਵੀ ਦੋਹਾਂ ਦੇਸ਼ਾਂ ਨੂੰ ਅੱਡ-ਅੱਡ ਕਰਦਾ ਏ। ਥਾਣਾ ਕੋਟ ਨੈਣਾ, ਤਹਿਸੀਲ ਸ਼ੱਕਰਗੜ੍ਹ ਦਾ ਸਰਹੱਦੀ ਥਾਣਾ ਏ। ਸੁਨੀਲਾ ਤੇ ਰੋਸ਼ਨ ਨੂੰ ਮੈਂ ਥਾਣੇ ਅੰਦਰ ਵੇਖਿਆ ਸੀ। ਏਹੀ, ਜਨਵਰੀ ਦਾ ਅਖ਼ੀਰਲਾ ਹਫ਼ਤਾ ਸੀ। ਲਾਇਲਪੁਰ ਵਿਚ ਰਸ ਭਰੇ ਸੰਤਰੇ ਵਿੱਕ ਰਹੇ ਸਨ। ਲਾਹੌਰ ਦੇ ਬਾਗ਼ਾਂ ਦੇ ਅੰਦਰ ਨਰਗਿਸ ਦੇ ਪੀਲੇ ਫੁੱਲ, ਨਰਮ ਮੁਲਾਇਮ ਵਾਸ਼ਨਾ ਤੇ ਉਦਾਸ ਰੰਗ ਖਿਲਾਰ ਰਹੇ ਸਨ। ਕਰਾਚੀ ਵਿਚ ਜੰਮਣ ਵਾਲੀਆਂ ਸੋਹਣੀਆਂ ਮੁਟਿਆਰਾਂ, ਇਸਲਾਮਾਬਾਦ ਜੁਆਨ ਹੋ ਰਹੀਆਂ ਸਨ। ਤੇ ਜ਼ਲਾਲਾ-ਸ਼ਰੀਫ਼ ਦੇ ਆਲੇ-ਦੁਆਲੇ ਹਰੇ ਕਚੂਰ, ਸਰ੍ਹੋਆਂ ਦੇ ਖੇਤਾਂ ਅੰਦਰ ਪੰਜਾਬ ਦੀ ਰਹਿਤਲ ਤੇ ਵਾਤਾਵਰਣ ਦਾ ਪੀਲਾ ਰੰਗ ਉੱਛਲ ਰਿਹਾ ਸੀ।

ਸੁਨੀਲਾ, ਜਦੋਂ ਮੈਂ ਥਾਣਾ ਕੋਟ ਨੈਣਾ ਦੇ ਵੇਹੜੇ ਅੰਦਰ ਵੜਿਆ ਸਾਂ, ਮੈਨੂੰ ਡਿਉੜ੍ਹੀ ਵਿਚ ਬੈਠੀ ਨਜ਼ਰ ਆਈ ਸੀ ਤੇ ਰੋਸ਼ਨ ਹਵਾਲਾਤ ਅੰਦਰ ਬੈਠਾ ਸੀ। ਸੁਨੀਲਾ ਦੇ ਸੋਹਣੇ



ਮੁਲਾਇਮ ਤੇ ਕਣਕਵੰਨੇ ਰੰਗ, ਮੁਖੜੇ ਉੱਤੇ ਸਫ਼ਰ ਦੀ ਧੂੜ ਵੱਸ ਰਹੀ ਸੀ। ਰੋਸ਼ਨ, ਗੋਡਿਆਂ ਵਿਚ ਸਿਰ ਦੇ ਕੇ ਚੁੱਪ-ਚਾਪ ਬੈਠਾ ਸੀ। ਮੈਂ ਥਾਣੇ ਦੇ ਵੇਹੜੇ ਅੰਦਰ ਵੜਦਿਆਂ ਹੋਇਆਂ ਆਪਣੀ ਪਤਲੂਨ ਦੀ ਹਿੱਪ-ਪਾਕਟ ਨੂੰ ਟੋਹ ਕੇ ਵੇਖਿਆ ਉਹਦੇ ਅੰਦਰ ਸੌ-ਸੌ ਦੇ ਪੰਜ ਨੋਟ ਸਨ। ਜਿਹੜੇ ਥੱਦੀ ਬਣਕੇ ਪਾਕਟ ਅੰਦਰ ਆਰਾਮ ਕਰ ਰਹੇ ਸਨ। ਦੋ ਨੋਟ, ਥਾਣੇਦਾਰ ਦੇ ਸਨ, ਜਿਹੜੇ ਉਸਨੂੰ ਰਿਸ਼ਵਤ ਵਿਚ ਦੇਣ ਵਾਸਤੇ ਲਿਆਇਆ ਸਾਂ।

ਜ਼ਲਾਲਾ-ਸ਼ਰੀਫ਼ ਵਿਚ ਮੇਰੀ ਵਿਧਵਾ ਭੈਣ ਦੀ ਵੀਹ ਘੁੱਮਾਂ ਜ਼ਮੀਨ ਸੀ। ਉਹਦਾ ਮੁਜ਼ਾਰਾ ਇਕ ਸਿੱਧ-ਪੱਧਰਾ ਆਦਮੀ, ਅਮਾਨਤ ਅਲੀ ਸੀ। ਉਹ ਜ਼ਮੀਨ ਦੀ ਵੰਡਾਈ-ਵੱਟੀ ਇਮਾਨਦਾਰੀ ਨਾਲ ਮੇਰੀ ਭੈਣ ਨੂੰ ਦੇ ਦਿੰਦਾ ਸੀ। ਉਹਨੇ ਏਸ ਤਰ੍ਹਾਂ ਕਣਕ ਤੇ ਮੱਕਈ ਦੀਆਂ ਕਈ ਫ਼ਸਲਾਂ ਮੇਰੀ ਭੈਣ ਨੂੰ ਦਿੱਤੀਆਂ। ਫੇਰ, ਇਕ ਦਿਨ ਉਹਦੇ ਉੱਤੇ ਅਗਵਾ ਦਾ ਝੂਠਾ ਮੁਕੱਦਮਾ ਬਣ ਗਿਆ ਤੇ ਉਸ ਨੂੰ ਦੋ ਸਾਲ ਦੀ ਸਜ਼ਾ ਹੋ ਗਈ। ਜਦੋਂ ਉਹ ਜੇਲ੍ਹ-ਯਾਤਰਾ ਕਰਕੇ ਪਰਤਿਆ ਤੇ ਉਹ ਬਦਮਾਸ਼ ਬਣ ਚੁੱਕਾ ਸੀ। ਹੁਣ ਵੰਡਾਈ ਲੈਣ ਵਾਸਤੇ ਮੈਨੂੰ ਹਰ ਸਾਲ ਦੋ ਵਾਰ ਥਾਣੇ ਜਾਣਾ ਪੈਂਦਾ ਸੀ। ਥਾਣੇਦਾਰ, ਅਮਾਨਤ ਅਲੀ ਨੂੰ ਬੁਲਾਉਂਦਾ, ਓਸ ਨੂੰ ਦਬਕਾ ਮਾਰਦਾ, ਤੇ ਇੰਜ ਮੇਰੀ ਵਿਧਵਾ ਭੈਣ ਨੂੰ ਵੰਡਾਈ ਮਿਲ ਜਾਂਦੀ।

ਐਤਕਾਂ ਮੈਂ ਥਾਣੇ ਅੰਦਰ ਵੜਿਆ ਤੇ ਮੇਰੀ ਨਜ਼ਰ ਸਭ ਤੋਂ ਪਹਿਲਾਂ ਇਕ ਮੁੱਖੜੇ ਤੇ ਪਈ ਜਿਹੜਾ ਨਰਮ ਸੀ ਤੇ ਸੋਹਣਾ ਸੀ। ਜੀਹਦੇ ਉੱਤੇ ਸਫ਼ਰ ਦੀ ਧੂੜ ਜੰਮੀ ਹੋਈ ਸੀ। ਇਹ ਸੁਨੀਲਾ ਦਾ ਮੁਖੜਾ ਸੀ ਤੇ ਸਾਹਮਣੇ ਹਵਾਲਾਤ ਵਿਚ ਰੋਸ਼ਨ ਡੱਕਿਆ ਹੋਇਆ ਸੀ। ਤੇ, ਉਹ ਚੁੱਪ-ਚਾਪ ਸੀ।

"ਅਸਲਾਮ-ਅਲ-ਏਕਮ, ਥਾਣੇਦਾਰ ਸਾਹਿਬ!" ਮੈਂ ਉੱਚੀ ਆਵਾਜ਼ ਨਾਲ ਆਖਿਆ। ਪੁਰਾਣੀ ਕਿਸਮ ਦੇ ਕਮਰੇ ਵਿਚ ਬੈਠੇ ਹੋਏ ਥਾਣੇਦਾਰ, ਹੇਠਲੇ ਮੁਨਸ਼ੀ ਤੇ ਸਿਪਾਹੀ ਨੇ ਚੌਕੰਨਾ ਹੋ ਕੇ ਮੇਰੇ ਵੱਲ ਵੇਖਿਆ ਤੇ ਫੇਰ ਮੈਨੂੰ ਬੜੀ ਬੇਪਰਵਾਹੀ ਨਾਲ ਆਪਣੀਆਂ ਨਿਗਾਹਾਂ ਵਿਚ ਤੋਲਦੇ ਹੋਏ ਆਖਿਆ, "ਵਾ-ਲੇਕਮ!"

"ਮੈਂ ਸ਼ਰੀਫ਼ ਤੋਂ ਆਇਆ ਵਾਂ। ਤੁਹਾਡੇ ਨਾਲ ਕੰਮ ਏ ?" ਇਹ ਗੱਲ ਮੈਂ ਖਲੋਤੇ-ਖਲੋਤੇ ਆਖੀ। ਮੈਂ ਜਾਚਿਆ ਥਾਣੇਦਾਰ ਅਜੇ ਤੀਕਰ ਮੈਨੂੰ ਮੁਸਤਫ਼ਾ ਆਦਮੀ ਸਮਝਦਾ ਏ। ਉਹ ਹਾਲਾਂ ਆਪਣੀਆਂ ਨਜ਼ਰਾਂ ਵਿਚ ਮੈਨੂੰ ਤੋਲ ਰਿਹਾ ਸੀ। ਉਹ ਦਰਅਸਲ ਨਵਾਂ ਥਾਣੇਦਾਰ ਸੀ, ਮੇਰਾ ਪੁਰਾਣਾ ਜਾਣੂੰ ਨਹੀਂ ਸੀ।

"ਜ਼ਲਾਲਾ-ਸ਼ਰੀਫ਼ ਵਿਚ ਪਤਲੂਨ ਵਾਲੇ ਬਾਬੂ ਨਹੀਂ ਰਹਿੰਦੇ ? ਤੁਸੀਂ ਕਿੱਥੋਂ ਆਏ ਓ ?" ਉਹ ਕੁਰਸੀ ਤੋਂ ਉੱਠ ਕੇ ਬੋਲਿਆ।

"ਮੈਂ ਅਸਲ ਵਿਚ ਇਸਲਾਮਾਬਾਦ ਤੋਂ ਆਇਆ ਵਾਂ, ਉੱਥੇ ਨੌਕਰ ਵਾਂ", ਮੈਂ ਦੱਸਿਆ।

"ਉੱਥੇ ਕਿਸ ਮਹਿਕਮੇ ਵਿਚ ਓ ?" ਉਹਨੇ ਫੇਰ ਪੁੱਛਿਆ।

"ਮੈਂ ਉੱਥੇ ਫ਼ੈਡਰਲ ਸੈਕਟਰੀਏਟ ਵਿਚ ਨੌਕਰ ਵਾਂ।" ਥਾਣੇਦਾਰ ਨੇ ਮੈਨੂੰ ਕੁਰਸੀ ਉੱਤੇ ਬੈਠਣ ਲਈ ਇਸ਼ਾਰਾ ਕੀਤਾ ਤੇ ਅੱਗੇ ਵੱਧ ਕੇ ਮੇਰੇ ਨਾਲ ਹੱਥ ਮਿਲਾਇਆ।

"ਤੁਹਾਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ, ਇਸਲਾਮਾਬਾਦ ਵਿਚ ਸਾਡੀ 'ਵੱਡੀ ਸਰਕਾਰ' ਦੇ ਦਫ਼ਤਰ ਨੇ ਤੇ ਇਸ ਦੇ ਨਾਂ ਦਾ ਕਰਮਚਾਰੀਆਂ ਉੱਤੇ ਡਾਢਾ ਰੋਅਬ ਪੈਂਦਾ ਏ।"

"ਮੈਂ ਸਮਝ ਗਿਆ ਵਾਂ ਤੁਸੀਂ ਕਿਉਂ ਆਏ ਓ ?" ਥਾਣੇਦਾਰ ਬੋਲਿਆ।

"ਦੱਸੋ ਮੈਂ ਕਿਵੇਂ ਆਇਆ ਵਾਂ ?"

"ਤੁਸੀਂ ਸੁਨੀਲਾ ਤੇ ਰੋਸ਼ਨ ਵਾਸਤੇ ਆਏ ਓ !"

"ਮਾਸ਼ਾ-ਅੱਲਾ, ਤੁਸੀਂ ਤੇ ਬੜੇ ਜ਼ਹੀਨ ਆਦਮੀ ਓ! ਦਿਹਾਤੀ ਥਾਵਾਂ ਵਿਚ ਜ਼ਹਿਨੀਅਤ ਦੀ ਲੋੜ ਨਹੀਂ, ਡੰਡੇ ਦੀ ਲੋੜ ਹੁੰਦੀ ਏ।" ਮੈਂ ਉਸ ਨੂੰ ਖ਼ੁਸ਼ ਕਰਨ ਵਾਸਤੇ ਆਖਿਆ।

"ਜਨਾਬ! ਹੁਣ ਤੇ ਪਿੰਡਾਂ ਵਿਚ ਡੰਡਾ-ਨੀਤੀ ਨਹੀਂ ਚੱਲਦੀ, ਸ਼ਹਿਰਾਂ ਦੀ ਲੋਅ ਪਿੰਡਾਂ ਵਿਚ ਆ ਗਈ ਏ। ਪਹਿਲੇ ਥਾਣੇਦਾਰਾਂ ਵਾਸਤੇ ਪਿੰਡਾਂ ਵਿੱਚੋਂ ਘੋੜੀਆਂ ਤੇ ਘਿਉ ਦੇ ਪੀਪੇ ਆਉਂਦੇ ਸਨ, ਹੁਣ ਸਿਆਸੀ ਲੀਡਰ ਤੇ ਕਾਮੇ ਆਉਂਦੇ ਨੇ ਤੇ ਰੋਅਬ ਪਾਉਂਦੇ ਨੇ।" ਥਾਣੇਦਾਰ ਕੋਈ ਭਲਾ ਆਦਮੀ ਸੀ ਜਿਹੜਾ ਗ਼ਿਲਾ ਕਰ ਰਿਹਾ ਸੀ।

"ਤੁਸੀਂ ਫੇਰ ਵੀ ਸ਼ਹਿਰੀ ਥਾਣੇਦਾਰਾਂ ਨਾਲੋਂ ਚੰਗੇ ਓ। ਸ਼ਹਿਰਾਂ ਵਿਚ ਤੇ ਹੁਣ ਸਿਰਫ਼ ਅਫ਼ਸਰਾਂ ਦੇ ਖ਼ਿਲਾਫ਼ ਸ਼ਿਕਾਇਤ ਕਰਨ ਵਾਲੇ ਈ ਰਹਿ ਗਏ ਨੇ। ਸ਼ਹਿਰ ਦੇ ਵਸਨੀਕਾਂ ਕੋਲ ਤਾਰੀਫ਼ ਤੇ ਸ਼ੋਭਾ ਲਈ ਨਾ ਵਿਹਲ ਏ, ਨਾ ਮੌਕਾ ਤੇ ਦਿਮਾਗ਼।" ਮੈਂ ਉਸ ਨੂੰ ਤਸੱਲੀ ਦੇਂਦਿਆ ਹੋਇਆਂ ਆਖਿਆ।

ਥਾਣੇਦਾਰ ਖ਼ੁਸ਼ ਹੋ ਕੇ ਮੇਰੇ ਵੱਲ ਤੱਕਿਆ, ਫੇਰ ਉਸ ਇਕ ਸਿਪਾਹੀ ਵੱਲ ਤੱਕਿਆ ਤੇ ਬੋਲਿਆ, "ਸੁਜਾਨ! ਜਾਉ, ਜਾਕੇ ਚਾਹ ਤਿਆਰ ਕਰਵਾਓ ਤੇ ਜਦੋਂ ਤੀਕ ਚਾਹ ਤਿਆਰ ਹੁੰਦੀ ਏ ਤੁਸੀਂ ਰੋਸ਼ਨ ਨਾਲ ਮਿਲ ਲਓ, ਔਹ! ਸਾਮ੍ਹਣੇ ਹਵਾਲਾਤ ਵਿਚ, ਅੰਦਰ ਏ। ਤੁਸੀਂ ਮਿਲਣੀ ਕਰ ਲਉ, ਤੁਹਾਡਾ ਮਨ ਚਾਹੇ ਸੁਨੀਲਾ ਨੂੰ ਵੀ ਡਿਉੜ੍ਹੀ ਵਿੱਚੋਂ ਉਠਾ ਕੇ ਹਵਾਲਾਤ ਕੋਲ ਲੈ ਜਾਉ।"

ਮੈਂ ਸੁਨੀਲਾ ਨੂੰ ਨਾਲ ਲਿਆ ਕੇ ਹਵਾਲਾਤ ਅੱਗੇ ਜਾ ਕੇ ਬਹਿ ਗਿਆ। ਉਹ ਲੰਮੇ ਕੱਦ ਵਾਲੀ ਮੁਟਿਆਰ ਸੀ। ਮੇਰੇ ਤੇ ਰੋਸ਼ਨ ਵਿਚਕਾਰ ਬੂਹੇ ਦੀਆਂ ਸੀਖਾਂ ਸਨ। ਸੁਨੀਲਾ ਹਵਾਲਾਤ ਦੀ ਕੰਧ ਨਾਲ ਢਾਸਣਾ ਲਾ ਕੇ ਬਹਿ ਗਈ। ਮੈਂ ਰੋਸ਼ਨ ਦੇ ਸਾਹਮਣੇ ਚੌਂਕੜੀ ਮਾਰ ਕੇ ਬਹਿ ਗਿਆ। ਮੈਂ ਸਿਗਰਟ ਬਾਲਿਆ ਤੇ ਮੂੰਹ ਭਰ ਕੇ ਧੂੰਆਂ ਸੀਖਾਂ ਦੇ ਪਰਲੇ ਪਾਸੇ ਕੋਠੜੀ ਵਿਚ ਸੁੱਟਿਆ। ਰੋਸ਼ਨ ਨੂੰ ਵੇਖ ਕੇ ਮੇਰੇ ਮੂੰਹ-ਮੁਹਾਂਦਰੇ ਉੱਤੇ ਮੁਸਕਾਨ ਆ ਗਈ। ਮੈਂ ਓਸ ਨੂੰ ਪੁੱਛਿਆ, "ਕਦੋਂ ਦਾ ਅੰਦਰ ਏਂ ?" ਮੇਰੇ ਸਵਾਲ ਕਰਨ ਦਾ ਢੰਗ ਬੇ-ਤਕਲਫ਼ਾਨਾ ਸੀ। ਮੈਂ ਉਸ ਨੂੰ ਇੰਝ ਪੁੱਛਿਆ ਸੀ, ਜਿੰਝ ਮੈਂ ਉਸ ਨੂੰ ਇਕ ਮੁੱਦਤ ਤੋਂ ਜਾਣਨਾ ਹਾਂ। ਅਸਲ ਗੱਲ ਇਹ ਸੀ, ਪਈ ਮੈਂ ਓਸ ਨੂੰ ਏਸ ਤੋਂ ਪਹਿਲੇ ਕਦੀ ਨਹੀਂ ਸੀ ਵੇਖਿਆ। ਉਹ ਮੱਧਰੇ ਕੱਦ-ਕਾਠ ਦਾ ਆਮ ਜਿਹਾ ਗੱਭਰੂ ਸੀ। ਉਹਦੇ ਸਿਰ ਦੇ ਵਾਲ ਲੰਮੇ ਸਨ, ਮੁੱਛਾਂ ਮੋਟੀਆਂ-ਮੋਟੀਆਂ ਸਨ। ਮੱਥਾ ਚੌੜਾ ਸੀ, ਕੰਨ ਵੱਡੇ ਸਨ। ਅੱਖਾਂ ਮੋਟੀਆਂ ਸਨ, ਨੱਕ ਵੀ ਮੋਟਾ ਸੀ। ਹੱਥ ਪੈਰ ਮਜ਼ਬੂਤ ਤੇ ਕਰੜੇ ਸਨ। ਗਲੇ ਵਿਚ ਚੈੱਕ ਦੀ ਕਮੀਜ਼ ਉੱਤੇ ਨਸਵਾਰੀ ਰੰਗ ਦਾ ਸਵੈਟਰ ਸੀ। ਸਵੈਟਰ ਉੱਤੇ ਦੀ ਕੋਟ ਪਾਇਆ ਹੋਇਆ ਸੀ। ਏਹ ਕੋਟ ਪੁਰਾਣਾ ਸੀ, ਕਿਸੇ ਲੰਡੇ-ਬਜ਼ਾਰ ਵਿਚੋਂ ਖਰੀਦਿਆ ਗਿਆ ਜਾਪਦਾ ਸੀ। ਉਹਨੇ ਤੇੜ ਸੁੱਥਣ ਪਾਈ ਹੋਈ ਸੀ, ਤੇ ਉਮਰ ਪੰਝੀ ਸਾਲ ਦੇ ਲਗਭਗ ਸੀ।

"ਕੱਲ੍ਹ ਤਰਕਾਲਾਂ ਵੇਲੇ ਤੋਂ।" ਉਹ ਹੌਲੀ ਜਿਹੀ ਬੋਲਿਆ। ਉਹਦੇ ਬੋਲਣ ਵਿਚ



ਉਦਾਸੀ ਤੇ ਗ਼ਮ ਲੁੱਕਿਆ ਹੋਇਆ ਸੀ।

"ਸੁਨੀਲਾ ਤੇਰੀ ਕੀ ਲੱਗਦੀ ਏ ?" ਮੈਂ ਦੂਜਾ ਸਵਾਲ ਕੀਤਾ।

"ਮੇਰੀ ਘਰ ਵਾਲੀ ਏ।" ਉਹ ਉਦਾਸ ਹੋ ਕੇ ਬੋਲਿਆ।

"ਪੁਲਿਸ ਵਾਲਿਆਂ ਤੈਨੂੰ ਕਿਹੜੇ ਜੁਰਮ ਵਿਚ ਫੜਿਆ ਏ ?"

"ਅਗਵਾਹ ਵਿਚ।"

"ਘਰ ਵਾਲੀ ਦਾ ਅਗਵਾਹ! ਕੋਈ ਆਪਣੀ ਧਰਮ ਪਤਨੀ ਨੂੰ ਕਿਵੇਂ ਕੱਢ ਕੇ ਲੈ ਜਾ ਸਕਦਾ ਏ ?"

"ਉਹ ਮੰਨਦੇ ਈ ਨਹੀਂ, ਪਈ ਸੁਨੀਲਾ ਮੇਰੀ ਘਰ ਵਾਲੀ ਏ।"

"ਤੁਸੀਂ ਕਿੱਥੇ ਦੇ ਰਹਿਣ ਵਾਲੇ ਓ ?"

"ਮੈਂ ਗੁਜ਼ਰਾਂਵਾਲੇ ਦਾ ਰਹਿਣ ਵਾਲਾ ਵਾਂ। ਤੁਸੀਂ ਕਿੱਥੇ ਰਹਿੰਦੇ ਓ ?"

"ਮੈਂ ਏਸ ਇਲਾਕੇ ਦਾ ਰਹਿਣ ਵਾਲਾ ਵਾਂ। ਇਸਲਾਮਾਬਾਦ 'ਚ ਮੇਰੀ ਨਿੱਕੀ ਜਿਹੀ ਦੁਕਾਨ ਏ।" ਰੋਸ਼ਨ ਨੂੰ ਮੈਂ ਸੱਚੀ ਗੱਲ ਦੱਸੀ। ਥਾਣੇਦਾਰ ਨੂੰ ਇਹ ਝੂਠ ਬੋਲਿਆ ਸੀ, ਪਈ ਇਸਲਾਮਾਬਾਦ ਸੈਕਟਰੀਏਟ ਵਿਚ ਨੌਕਰ ਆਂ।

"ਤੁਹਾਨੂੰ ਸਾਡੀ ਗ੍ਰਿਫ਼ਤਾਰੀ ਦਾ ਕਿਵੇਂ ਪਤਾ ਚੱਲਿਆ ਤੇ ਤੁਸੀਂ ਸਾਡੇ ਵਾਸਤੇ ਏਥੇ ਕਿਵੇਂ ਆਏ ?" ਉਹਨੇ ਖ਼ਾਸ ਤੌਰ 'ਤੇ ਦੋ ਸਵਾਲ ਕੀਤੇ।

"ਮੈਨੂੰ ਤੇਰੀ ਗ੍ਰਿਫ਼ਤਾਰੀ ਦਾ ਪਤਾ, ਏਸੇ ਥਾਣੇ ਦੇ ਵੇਹੜੇ ਅੰਦਰ ਆ ਕੇ ਚੱਲਿਆ। ਮੈਨੂੰ ਪਹਿਲੇ ਤੁਹਾਡਾ ਕੋਈ ਪਤਾ ਨਹੀਂ ਸੀ। ਉਹ ਤੇ ਥਾਣੇਦਾਰ ਸਮਝਿਆ, ਪਈ ਮੈਂ ਤੁਹਾਨੂੰ ਛੁਡਾਉਣ ਵਾਸਤੇ ਸ਼ਿਫ਼ਾਰਸ਼ੀ ਬਣ ਕੇ ਆਇਆ ਵਾਂ। ਉਸੇ ਨੇ ਮੈਨੂੰ ਤੇਰਾ ਤੇ ਸੁਨੀਲਾ ਦਾ ਨਾਂ ਦੱਸਿਆ।"

"ਤੁਹਾਡੀ ਮੇਹਰਬਾਨੀ ਏ, ਤੁਸੀਂ ਸਾਡੇ ਵਿਚ ਦਿਲਚਸਪੀ ਲਈ।"

"ਰੋਸ਼ਨ ਅਸਲ ਕਿੱਸਾ ਕੀ ਏ ?"

"ਕਿੱਸਾ ਏਹ ਵੇ, ਪਈ ਮੈਂ ਤੇ ਮੇਰੀ ਟੱਬਰੀ ਕੱਲ੍ਹ ਦਰਿਆ ਰਾਵੀ ਟੱਪ ਕੇ ਗੁਰਦਾਸਪੁਰ ਜਾਣ ਵਾਲੇ ਸਾਂ, ਤੇ ਰਾਹ ਵਿਚ ਫੜੇ ਗਏ ।"

"ਤੁਸੀਂ ਗੁਰਦਾਸਪੁਰ ਕੀ ਕਰਨ ਜਾ ਰਹੇ ਸੀ ?"

"ਮੇਰਾ ਸੌਹਰਾ, ਮਤਲਬ ਮੇਰੀ ਟੱਬਰੀ ਦਾ ਬਾਪੂ ਉੱਥੇ ਮਰ ਗਿਆ ਏ।" ਉਹ ਬੋਲਿਆ।

"ਕੀ ਨਾਂ ਸੀ ਤੇਰੇ ਸੌਹਰੇ ਦਾ ?"

"ਤਾਇਆ ਮੰਗਲ ਸਿੰਘ।"

"ਤੇ ਕੀ ਤੂੰ ਸਿੱਖ ਏਂ ?" ਮੈਂ ਹੈਰਾਨ ਹੋ ਕੇ ਛੇਤੀ ਨਾਲ ਪੁੱਛਿਆ।

"ਨਹੀਂ, ਮੁਸਲਮਾਨ ਆਂ, ਸੁਨੀਲਾ ਪਹਿਲੇ ਸਿੱਖਣੀ ਸੀ ਹੁਣ ਮੁਸਲਮਾਨਣੀ ਏ। ਇਹਦਾ ਪਹਿਲਾ ਨਾਂ, ਸੰਤ ਕੌਰ ਸੀ।" ਉਹ ਬੋਲਿਆ ਤੇ ਫੇਰ ਛੇਤੀ-ਛੇਤੀ ਸਿਗਰਟ ਦੇ ਸੂਟੇ ਮਾਰਨ ਲੱਗ ਪਿਆ। ਮੇਰੀ ਸਮਝ ਵਿਚ ਕੁਝ ਨਾ ਆਇਆ। ਮੈਂ ਸੁਨੀਲਾ ਵੱਲ ਵੇਖਿਆ। ਉਹ ਕੰਧ ਦੇ ਆਸਰੇ ਨਾਲ ਸੌਂ ਗਈ ਸੀ! ਵਿਚਾਰੀ!!!

"ਮੇਰੀ ਸਮਝ ਵਿਚ ਤੇਰੀ ਕੋਈ ਗੱਲ ਨਹੀਂ ਆਈ।" ਮੈਂ ਰੋਸ਼ਨ ਨੂੰ ਆਖਿਆ। ਰੋਸ਼ਨ ਨੇ ਸਿਗਰਟ ਬੁਝਾ ਦਿੱਤੀ ਤੇ ਸਰੀਰ ਨੂੰ ਇੰਝ ਛੰਡਿਆ ਜਿੰਝ ਉਹ ਸੁਸਤੀ ਨੂੰ ਸਰੀਰ ਉੱਤੋਂ

ਛੰਡ ਰਿਹਾ ਹੋਵੇ। ਉਹਨੇ ਨੀਝ ਲਾ ਕੇ ਮੈਨੂੰ ਵੇਖਿਆ ਤੇ ਬੋਲਿਆ–

"ਪਾਕਿਸਤਾਨ ਬਣਨ ਤੋਂ ਪਹਿਲੇ, ਗੁਰਦਾਸਪੁਰ ਸ਼ਹਿਰ ਅੰਦਰ ਦੋ ਭਰਾ ਰਹਿੰਦੇ ਸਨ। ਦੋਵੇਂ ਸਿੱਖ ਸਨ, ਵੱਡੇ ਦਾ ਨਾਂ ਮੰਗਲ ਸਿੰਘ ਤੇ ਨਿੱਕੇ ਦਾ ਨਾਂ ਬੁੱਧ ਸਿੰਘ ਸੀ। ਵੱਡਾ ਵਿਆਹਿਆ ਹੋਇਆ ਤੇ ਟਰੱਕ ਡਰਾਈਵਰ ਸੀ। ਛੋਟਾ ਵੇਹਲਾ। ਭਰਾ ਤੇ ਭਰਜਾਈ ਦੇ ਸਿਰ ਤੇ ਐਸ਼ ਕਰਦਾ ਸੀ। ਉਹ ਦੋਵੇਂ ਭਰਾਵਾਂ ਵਾਂਗਰ ਘੱਟ ਤੇ ਯਾਰਾਂ-ਬੇਲੀਆਂ ਵਾਂਗਰ ਜ਼ਿਆਦਾ ਰਹਿੰਦੇ ਸਨ। ਕੁਝ ਚਿਰ ਬਾਅਦ ਮੰਗਲ ਨੇ ਬੁੱਧ ਨੂੰ ਕਰਿਆਨੇ ਦੀ ਨਿੱਕੀ ਜਿਹੀ ਦੁਕਾਨ ਪਾ ਦਿੱਤੀ ਤੇ ਉਹ ਵੀ ਘਰ ਦੀ ਆਮਦਨ ਵਿਚ ਵਾਧਾ ਕਰਨ ਲੱਗ ਪਿਆ। ਦੋਵੇਂ ਮਜ਼ੇ ਨਾਲ ਇੱਕੋ ਘਰ ਵਿਚ ਰਹਿੰਦੇ ਸਨ ਤੇ ਕਦੇ ਕਿਸੇ ਨੇ, ਉਹਨਾਂ ਨੂੰ ਲੜਦਿਆਂ ਜਾਂ ਝਗੜਦਿਆਂ ਨਾ ਵੇਖਿਆ ਤੇ ਨਾ ਸੁਣਿਆ। ਜਦ ਕੋਈ ਹੱਸ ਕੇ ਪੁੱਛਦਾ ਪਈ, "ਤੁਸੀਂ ਲੜਦੇ ਕਿਉਂ ਨਹੀਂ ?" ਮੰਗਲ ਸਿੰਘ ਅੱਗੋਂ ਹੱਸ ਕੇ ਬੋਲਦਾ, "ਭਰਾ ਸ਼ਰੀਕ ਹੁੰਦੇ ਨੇ, ਪਰ ਅਸੀਂ ਇਕ ਦੂਜੇ ਦੇ ਮਿੱਤਰ ਆਂ, ਮਿੱਤਰ ਸ਼ਰੀਕ ਨਹੀਂ ਹੁੰਦੇ ਫੇਰ ਸਾਡੇ ਵਿਚ ਰੱਟਾ ਕਿਉਂ ਪਵੇ ?"

ਪਰ ਜਦੋਂ ਰੱਟਾ ਪਿਆ, ਡ੍ਹਾਢਾ ਪਿਆ। ਬੁੱਧ ਸਿੰਘ ਨੂੰ ਇਕ ਮੁਸਲਮਾਨ ਅਰਾਈਂ ਕੁੜੀ, ਬਸ਼ੀਰਾਂ ਨਾਲ ਪਿਆਰ ਹੋ ਗਿਆ। ਪਿਆਰ ਤੇ ਕਸਤੂਰੀ ਛਿਪੇ-ਲੁਕੇ ਨਹੀਂ ਰਹਿੰਦੇ!

ਬਸ਼ੀਰਾਂ ਦੇ ਪਿਉ ਅੱਲਾ ਦਿੱਤੇ ਨੂੰ ਪਤਾ ਲੱਗ ਗਿਆ। ਉਹ ਨੇਕ, ਪਰਹੇਜ਼ਕਾਰ ਤੇ ਪੰਜ ਵੇਲੇ ਦਾ ਨਿਮਾਜ਼ੀ ਸੀ। ਬਸ਼ੀਰਾਂ ਉਹਦੀ ਇਕੱਲੀ-ਇਕੱਲੀ ਧੀ ਸੀ। ਉਹ ਬਹਾਦਰ ਤੇ ਦਲੇਰ ਆਦਮੀ ਸੀ ਤੇ ਜਦ ਉਸ ਨੂੰ ਪਤਾ ਚੱਲਿਆ ਪਈ, ਬੁੱਧ ਸਿੰਘ ਉਹਦੀ ਧੀ ਨਾਲ ਪਿਆਰ ਕਰਦਾ ਏ, ਉਹਨੇ ਬੁੱਧ ਸਿੰਘ ਨੂੰ ਬੁਲਾਇਆ ਤੇ ਆਖਿਆ, "ਕਾਕਾ! ਜੇ ਤੇਰੇ ਮਨ ਅੰਦਰ ਖੋਟ ਨਹੀਂ ਤੇ ਬਸ਼ੀਰਾਂ ਨਾਲ ਸੱਚੇ ਦਿਲੋਂ ਪਿਆਰ ਕਰਨਾ ਏਂ ਤੇ ਫੇਰ ਮੁਸਲਮਾਨ ਹੋ ਜਾ, ਮੈਂ ਤੇਰਾ ਵਿਆਹ ਬਸ਼ੀਰਾਂ ਨਾਲ ਕਰ ਦੇਵਾਂਗਾ।" ਬੁੱਧ ਸਿੰਘ ਨੇ ਕੇਸ ਕਟਵਾ ਦਿੱਤੇ, ਕੜਾ ਲਾਹ ਕੇ ਸੁੱਟ ਦਿੱਤਾ। ਮਸੀਤੇ ਜਾ ਕੇ ਇਕ ਮੌਲਵੀ ਦੇ ਹੱਥੋਂ ਮੁਸਲਮਾਨ ਹੋ ਗਿਆ। ਉਹਨੇ ਦੁਕਾਨ ਵੇਚ ਦਿੱਤੀ ਤੇ ਮੰਗਲ ਸਿੰਘ ਦੇ ਘਰ ਜਾਣਾ ਛੱਡ ਦਿੱਤਾ। ਅੱਲਾ ਦਿੱਤੇ ਨੇ ਇਕ ਜੁਮੇ, ਗਲੀ-ਮੁਹੱਲੇ ਦੇ ਲੋਕਾਂ ਨੂੰ ਬੁਲਾਇਆ ਤੇ ਬੜੀ ਸਾਦਗੀ ਨਾਲ 'ਅਲੀ ਅਹਿਮਦ' ਤੇ ਬਸ਼ੀਰਾਂ ਦਾ ਨਿਕਾਹ ਪੜ੍ਹਵਾ ਦਿੱਤਾ। ਅਲੀ ਅਹਿਮਦ ਬੁੱਧ ਸਿੰਘ ਦਾ ਨਵਾਂ ਨਾਂ ਸੀ, ਮੇਰੀ ਮਾਂ ਦਾ ਨਾਂ ਬਸ਼ੀਰਾਂ, ਤੇ ਅੱਲਾ ਦਿੱਤਾ ਮੇਰਾ ਨਾਨਾ ਸੀ।

ਮੰਗਲ ਸਿੰਘ ਦਸ ਦਿਨ ਬਾਅਦ ਦਿੱਲੀ ਦਾ ਫੇਰਾ ਲਾ ਕੇ ਘਰ ਆਇਆ ਤੇ ਉਸ ਨੂੰ ਸਾਰੀ ਗੱਲ ਦਾ ਪਤਾ ਚੱਲਿਆ। ਉਹ ਡਾਢੇ ਗੁੱਸੇ ਵਿਚ ਆਪਣੇ ਸੰਗੀ ਸਾਥੀਆਂ ਨੂੰ ਨਾਲ ਲੈ ਕੇ ਅੱਲਾ ਦਿੱਤੇ ਦੇ ਘਰ ਆਇਆ। ਮੰਗਲ ਸਿੰਘ ਤੇ ਉਹਦੇ ਬੰਦਿਆਂ ਨੇ ਢੇਰ ਸਾਰੀ ਸ਼ਰਾਬ ਪੀਤੀ ਹੋਈ ਸੀ। ਹੱਥਾਂ ਵਿਚ ਨੰਗੀਆਂ ਕਿਰਪਾਨਾਂ ਸਨ ਤੇ ਉਹ ਮਰਨ-ਮਾਰਨ ਤੇ ਉੱਤਰੇ ਹੋਏ ਸਨ। ਉਹਨਾਂ ਦਾ ਰੌਲਾ-ਗੌਲਾ ਸੁਣ ਕੇ, ਮੇਰਾ ਪਿਉ, ਮਤਲਬ ਅਲੀ ਅਹਿਮਦ, ਘਰੋਂ ਬਾਹਰ ਆਇਆ। ਉਸ ਨੂੰ ਵੇਖਕੇ ਮੰਗਲ ਸਿੰਘ ਨੇ ਤਲਵਾਰ ਸਿਰੋਂ ਉਤਾਂਹ ਉਲਾਰੀ ਤੇ ਉਹਨੂੰ ਕਤਲ ਕਰਨ ਵਾਸਤੇ ਵਾਰ ਕੀਤਾ, ਪਰ ਸਿਰ ਲਾਗੇ ਆ ਕੇ ਹੱਥ ਰੋਕ ਲਿਆ।

"ਕਤਲ ਕਰਨ ਆਏ ਹੋ ਤੇ ਕਤਲ ਕਰ ਕੇ ਜਾਉ!" ਮੇਰੇ ਪਿਉ ਨੇ ਆਪਣੇ ਭਰਾ ਨੂੰ ਆਖਿਆ।



"ਮੈਂ ਭਰਾ ਨੂੰ ਕਤਲ ਕਰਨ ਆਇਆ ਸਾਂ, ਯਾਰ ਬੇਲੀ ਨੂੰ ਨਹੀਂ। ਤੂੰ ਮੇਰਾ ਭਰਾ ਨਹੀਂ ਮਿੱਤਰ ਸੈਂ, ਮੈਂ ਮਿੱਤਰ ਨੂੰ ਕਿਸੇ ਤਰ੍ਹਾਂ ਨਹੀਂ ਮਾਰ ਸਕਦਾ।" ਮੇਰਾ ਤਾਇਆ ਮੰਗਲ ਸਿੰਘ ਬੋਲਿਆ।

ਮੇਰੀ ਮਾਂ ਵੀ ਉਸੇ ਵੇਲੇ ਸੁਹਾਗ ਦੇ ਲਾਲ ਸੂਹੇ ਜੋੜੇ ਵਿਚ ਉੱਥੇ ਆ ਗਈ। ਮੰਗਲ ਸਿੰਘ ਨੇ ਉਸ ਨੂੰ ਵੇਖਿਆ, ਉਹਦੇ ਸਿਰ ਤੇ ਪਿਆਰ ਨਾਲ ਹੱਥ ਫੇਰਿਆ ਤੇ ਦਸ ਰੁਪਏ ਸ਼ਗਨ ਦੇ ਦਿੱਤੇ। ਜਿਹੜੇ ਉਸ ਸਮੇਂ ਦੋ ਸੌ ਦੇ ਬਰਾਬਰ ਸਨ। ਫੇਰ ਉਹ ਆਪਣੇ ਸੰਗੀਆਂ-ਸਾਥੀਆਂ ਨੂੰ ਨਾਲ ਲੈ ਕੇ ਪਰਤ ਗਿਆ। ਤਾਇਆ ਮੰਗਲ ਸਿੰਘ ਤੇ ਉਹਦੇ ਬੇਲੀ ਰਾਤ ਨੂੰ ਫੇਰ ਆ ਗਏ। ਉਹਨਾਂ ਨਾਲ ਕੋਈ ਨੱਚਣ ਵਾਲੀ ਸੀ। ਘਰ ਦੇ ਸਾਹਮਣੇ ਮੁਜ਼ਰਾ ਹੋਇਆ। ਤਾਇਆ ਤੇ ਉਹਦੇ ਯਾਰ-ਬੇਲੀ, ਸਾਰੀ ਰਾਤ ਸ਼ਰਾਬ ਪੀਂਦੇ ਰਹੇ, ਤੇ ਕੰਜਰੀ ਨੂੰ ਵੇਲਾਂ ਦੇਂਦੇ ਰਹੇ। ਮੇਰੇ ਨਾਨਾ ਉਹਨਾਂ ਦਾ ਕੁਝ ਨਾ ਵਿਗਾੜ ਸਕੇ ਤੇ ਨਾਨੇ ਨੇ ਸਾਰੀ ਰਾਤ ਘਰੋਂ ਬਾਹਰ ਮਸੀਤੇ ਗੁਜ਼ਾਰੀ।

ਘਰ ਨੂੰ ਪਰਤ ਜਾਣ ਤੋਂ ਪਹਿਲਾਂ ਤਾਇਆ ਮੰਗਲ ਸਿੰਘ ਨੇ ਮੇਰੇ ਪਿਉ ਨੂੰ ਬੁਲਾਇਆ ਤੇ ਆਖਿਆ, "ਤੂੰ ਮੁਸਲਮਾਨ ਤੇ ਮੈਂ ਸਿੱਖ! ਮੇਰਾ-ਤੇਰਾ ਹੁਣ ਭਰਾਵਾਂ ਵਾਲਾ ਨਾਤਾ ਨਹੀਂ, ਸਾਡੇ ਮਜ਼੍ਹਬ ਅੱਡੋ-ਅੱਡ ਨੇ। ਪਰ ਇਕ ਮਜ਼੍ਹਬ ਹੋਰ ਵੀ ਏ, ਉਹ ਏ 'ਮਿੱਤਰਾਂ ਦਾ ਮਜ਼੍ਹਬ'। ਤੂੰ ਸਾਰੀ ਜ਼ਿੰਦਗੀ ਮੇਰਾ ਮਿੱਤਰ ਹੋਵੇਂਗਾ।"

"ਮੈਨੂੰ ਕੀ ਇਤਰਾਜ਼ ਹੋ ਸਕਦਾ ਏ।" ਮੇਰਾ ਪਿਉ ਬੋਲਿਆ।

"ਸਾਡੀ ਦੋਸਤੀ ਇੰਝ ਜਿਉਂਦੀ ਜਾਗਦੀ ਰਹੇਗੀ, ਜਿੰਝ ਪਾਣੀ ਵਿਚ ਕੰਮੀਆਂ ਦੇ ਫੁੱਲ। ਜੇ ਸਤਿਗੁਰ ਨੇ ਮੈਨੂੰ ਧੀ ਤੇ ਤੈਨੂੰ ਪੁੱਤਰ ਦਿੱਤਾ ਤੇ ਦੋਹਾਂ ਦਾ ਵਿਆਹ, ਸਾਡੀ ਦੋਸਤੀ ਦਾ ਨਿਸ਼ਾਨ ਹੋਵੇਗਾ। ਏਹਦੇ ਉਲਟ ਜੇ ਅੱਲਾ ਨੇ ਤੈਨੂੰ ਧੀ ਤੇ ਮੈਨੂੰ ਪੁੱਤ ਦਿੱਤਾ, ਫੇਰ ਵੀ ਅਸੀਂ ਉਹਨਾਂ ਦਾ ਵਿਆਹ ਕਰਾਂਗੇ।"

"ਠੀਕ ਏ!" ਮੇਰੇ ਪਿਉ ਨੇ ਆਖਿਆ ਤੇ ਹਰ ਪਾਸੇ ਤਾੜੀਆਂ ਦਾ ਸ਼ੋਰ ਖਿੱਲਰ ਗਿਆ।

ਵਿਆਹ ਤੋਂ ਦੋ ਸਾਲ ਬਾਅਦ ਮੈਂ ਜੰਮਿਆਂ ਤੇ ਮੇਰੇ ਦੋ ਸਾਲ ਬਾਅਦ ਸੰਤੋ। ਤਾਇਆ ਤੇ ਅੱਬਾ ਆਪੀਂ ਵਿਚ ਮਿਲਦੇ ਰਹੇ। ਤਾਇਆ ਕਦੀ-ਕਦਾਈਂ ਸਾਡੇ ਘਰ ਆਉਂਦਾ ਤੇ ਜਦੋਂ ਵੀ ਆਉਂਦਾ ਮੇਰੇ ਵਾਸਤੇ ਫ਼ਲ ਤੇ ਮਿਠਿਆਈ ਲਿਆਉਂਦਾ। ਮੇਰੀ ਮਾਂ ਨੂੰ ਦਸ ਰੁਪਏ ਦੇ ਕੇ ਜਾਂਦਾ। ਮੈਂ ਪੰਜ ਸਾਲ ਦਾ ਹੋਇਆ ਤੇ ਮੇਰਾ ਨਾਨਾ, ਅੱਲਾ ਦਿੱਤਾ ਮਰ ਗਿਆ। ਉਹਦੇ ਮਰਨ ਦੇ ਇਕ ਸਾਲ ਬਾਅਦ ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ।

ਮੇਰੇ ਅੱਬਾ ਨੇ ਫ਼ੈਸਲਾ ਕੀਤਾ, ਪਈ ਉਹ ਪਾਕਿਸਤਾਨ ਨਹੀਂ ਜਾਏਗਾ, ਗੁਰਦਾਸਪੁਰ ਹੀ ਰਹੇਗਾ। ਪਰ ਇਹ ਗੱਲ ਕੁਝ ਜਨੂੰਨੀਆਂ ਨੂੰ ਪਸੰਦ ਨਾ ਆਈ। ਉਹ ਸਾਨੂੰ ਕਤਲ ਕਰਨ ਤੇ ਸਾਡੇ ਘਰ-ਬਾਰ ਨੂੰ ਲੁੱਟਣ ਤੇ ਤਿਆਰ ਹੋ ਗਏ। ਅਸੀਂ ਮਾਰੇ ਜਾਂਦੇ, ਪਰ ਤਾਇਆ ਇਕ ਰਾਤ ਨੂੰ, ਹਮਲੇ ਤੋਂ ਅੱਧਾ ਘੰਟਾ ਪਹਿਲੇ, ਸਾਨੂੰ ਆਪਣੇ ਘਰ ਲੈ ਗਿਆ ਤੇ ਸਾਨੂੰ ਲੁਕਾ ਦਿੱਤਾ। ਉੱਥੇ ਮੈਂ ਸੁਨੀਲਾ ਨੂੰ ਪਹਿਲੀ ਵਾਰੀ ਦੇਖਿਆ।

ਬਦਮਾਸ਼ਾਂ ਨੂੰ ਸਾਡਾ ਪਤਾ ਚੱਲ ਗਿਆ, ਉਹ ਤਾਏ ਦੇ ਘਰ ਆਵਣ ਲੱਗ ਪਏ, ਉਸ ਨੂੰ ਬੇ-ਗ਼ੈਰਤਾ ਤੇ ਬੇ-ਇੱਜ਼ਤਾ ਕਹਿਣ ਲੱਗ ਪਏ। ਉਹਨਾਂ ਮੁਤਾਲਬਾ ਕੀਤਾ ਕਿ,

'ਅਲੀ ਅਹਿਮਦ ਤੇ ਉਹਦੇ ਸਾਰੇ ਟੱਬਰ ਨੂੰ ਉਹਨਾਂ ਦੇ ਹਵਾਲੇ ਕੀਤਾ ਜਾਵੇ।' ਜਦ ਤਾਇਆ ਨਾ ਮੰਨਿਆ ਤੇ ਉਹਨਾਂ ਤਾਏ ਨੂੰ ਕਤਲ ਕਰਨ ਦਾ ਮਨਸੂਬਾ ਬਣਾਇਆ। ਆਖ਼ਰ ਤਾਏ ਨੇ ਜਿੱਚ ਹੋ ਕੇ ਸਾਨੂੰ ਆਪਣੇ ਟਰੱਕ ਵਿਚ ਬਿਠਾਇਆ ਤੇ ਰਾਵੀ ਪੱਤਣ ਲੈ ਆਇਆ, ਤਾਂ ਜੇ ਅਸੀਂ ਦਰਿਆ ਟੱਪ ਕੇ ਪਾਕਿਸਤਾਨ ਚਲੇ ਜਾਈਏ। ਮੇਰੇ ਅੱਬੇ ਨੇ ਰਾਵੀ ਪਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਹ ਤਿੰਨ ਦਿਨ ਤੋਂ ਖਾਣਾ-ਪੀਣਾ ਛੱਡ ਚੁੱਕੇ ਸੀ, ਦੁੱਖ ਤੇ ਗ਼ਮ ਨਾਲ ਉਹ ਬੇਹੋਸ਼ ਹੋ ਗਏ। ਏਹ ਗ਼ਮ ਦਰਅਸਲ ਭਰਾ ਛੱਡਣ ਦਾ ਸੀ। ਤਾਏ ਨੂੰ ਵੱਡੀ ਪਰੇਸ਼ਾਨੀ ਹੋਈ। ਉਹਨਾਂ ਇੱਕ ਨਾਈ ਲੱਭਿਆ, ਉਹਦੇ ਕੋਲੋਂ ਕੇਸ ਕਟਵਾਏ ਤੇ ਦਾੜ੍ਹੀ ਮੁਸਲਮਾਨਾਂ ਵਰਗੀ ਬਣਵਾਈ ਤੇ ਸਾਨੂੰ ਬੇੜੀ ਵਿਚ ਬਿਠਾ ਕੇ ਪਾਕਿਸਤਾਨ ਲੈ ਆਏ। ਉਹਨਾਂ ਮੁਸਲਮਾਨ ਮਲਾਹ ਨੂੰ ਆਪਣੇ ਕੋਲੋਂ ਤਿੰਨ ਸੌ ਰੁਪਏ ਦਿੱਤੇ, ਜਿਹੜੇ ਅੱਜ ਛੇ ਹਜ਼ਾਰ ਦੇ ਬਰਾਬਰ ਨੇ। ਦੂਜੇ ਦਿਨ ਉਹ ਸਾਨੂੰ ਗੁਜ਼ਰਾਂਵਾਲੇ ਛੱਡ ਕੇ ਚਲੇ ਗਏ।

ਸਾਨੂੰ ਇਕ ਸਾਲ ਤੀਕਰ ਉਹਨਾਂ ਦਾ ਨਾ ਕੋਈ ਖ਼ਤ ਮਿਲਿਆ, ਨਾ ਕੋਈ ਸੰਦੇਸ਼ਾ। ਸਾਲ ਬਾਅਦ ਜਿਹੜਾ ਖ਼ਤ ਮਿਲਿਆ, ਉਹਦੇ ਵਿਚ ਲਿਖਿਆ ਸੀ, ਪਈ ਵਾਪਸੀ ਤੇ ਉਹ ਬਾਮੁਸ਼ਕਲ ਇਕ ਧਾੜਵੀ ਦੀ ਕਿਰਪਾਨ ਕੋਲੋਂ ਬਚਿਆ ਤੇ ਗੁਰਦਾਸਪੁਰ ਜਾ ਕੇ ਦਸ ਦਿਨ ਤੀਕਰ ਗੁਰਦਵਾਰੇ ਵਿਚ ਲੁਕਿਆ ਰਿਹਾ। ਕਿਉਂ ਜੇ, ਗਿਆਨੀ ਧਰਮ ਸਿੰਘ ਉਹਨਾਂ ਨੂੰ ਜਾਣਦਾ ਸੀ ਤੇ ਗ਼ਲੀ ਮੁਹੱਲੇ ਵਾਲਿਆਂ ਨੂੰ ਬਾਅਦ ਵਿਚ ਗਿਆਨੀ ਨੇ ਸਮਝਾਇਆ ਤੇ ਉਹ ਆਪਣੇ ਘਰ ਗਏ।

ਗੁਜ਼ਰਾਂਵਾਲਾ ਵਿਚ ਮੇਰਾ ਅੱਬਾ, ਪਰਚੂਨ-ਫ਼ਰੋਸ਼ ਸੀ। ਉਸ ਨੇ ਵਾਹਵਾ ਰੁਪਿਆ ਕਮਾਇਆ ਤੇ ਫੇਰ ਹੱਜ ਕਰਨ ਚਲਾ ਗਿਆ। ਜਦੋਂ ਉਹ ਪਰਤ ਕੇ ਆਇਆ ਉਹ 'ਹਾਜ਼ੀ ਅਲੀ ਅਹਿਮਦ' ਬਣ ਚੁੱਕਾ ਸੀ। ਹੁਣ ਸਾਡੇ ਪਰਿਵਾਰ ਦੀ ਹਯਾਤੀ ਸਿੱਧ-ਪੱਧਰੇ ਢੰਗ ਨਾਲ ਚੱਲ ਰਹੀ ਸੀ। ਦੁਕਾਨਦਾਰੀ ਸੀ, ਮੈਂ ਪੜ੍ਹ ਰਿਹਾ ਸਾਂ, ਮੇਰੀ ਮਾਂ ਘਰ ਦਾ ਕੰਮ ਕਰਦੀ ਸੀ ਤੇ ਤਾਇਆ ਜੀ ਦਾ ਖ਼ਤ ਕਦੇ-ਕਦਾਈਂ ਆ ਜਾਂਦਾ ਸੀ। ਇਕ ਦਿਨ ਇਕ ਖ਼ਤ ਰਾਹੀਂ ਸਾਨੂੰ ਇਤਲਾਹ ਮਿਲੀ ਪਈ ਉਹ ਸਾਨੂੰ ਮਿਲਣ ਪਾਕਿਸਤਾਨ ਆ ਰਹੇ ਨੇ। ਅੱਬਾ ਜੀ ਬਜ਼ਾਹਿਰ ਖੁਸ਼ ਸਨ, ਅੰਮੀ ਜੀ ਦਿਲੋਂ ਖੁਸ਼ ਸਨ। ਸੁਆਣੀਆਂ ਸੁਖਾਂਤ ਛੁਪਾਵਣ ਵਿਚ ਮਾਹਰ ਹੁੰਦੀਆਂ ਨੇ, ਏਹੀਓ ਹਾਲ ਦੁਖਾਂਤ ਦਾ ਏ। ਮੈਂ ਦੋਹਾਂ ਨਾਲੋਂ ਜ਼ਿਆਦਾ ਖੁਸ਼ ਸਾਂ, ਪਈ, ਮੇਰੇ ਤਾਇਆ ਜੀ ਆ ਰਹੇ ਨੇ।

ਤਾਇਆ ਜੀ ਆਏ, ਬਹੁਤ ਸਾਰੀ ਮਿਠਿਆਈ ਤੇ ਢੇਰ ਸਾਰੇ ਫ਼ਲ ਲੈ ਕੇ ਆਏ। ਏਹ ਸਰਦੀਆਂ ਦੇ ਦਿਨ ਸਨ। ਅੰਮੀ ਜੀ ਨੇ ਸਬਜ਼ੀ-ਤਰਕਾਰੀ ਵੀ ਪਕਾਈ ਸੀ ਤੇ ਬੱਕਰੇ ਦਾ ਮਾਸ ਵੀ। ਓਸ ਨੂੰ ਤਾਇਆ ਜਾਨ, ਮਾਂਹ-ਪ੍ਰਸਾਦ ਆਖਦੇ ਸਨ। ਹਲਵਾ ਵੀ ਸੀ। ਤਾਇਆ ਜੀ ਪਹਿਲਾਂ ਨਾਲੋਂ ਜ਼ਰਾ ਮੋਟੇ ਹੋ ਗਏ ਸਨ, ਉੱਚਾ ਸੁਣਦੇ ਤੇ ਜ਼ਰਾ ਬੁੱਢੇ ਜਾਪਦੇ ਸਨ। ਪਰ ਉਹ ਚੁਸਤ-ਚਲਾਕ ਸਨ (ਮੈਂ ਕਿਸੇ ਟਰੱਕ ਡਰਾਈਵਰ ਨੂੰ ਲਿੱਸਾ ਤੇ ਕਮਜ਼ੋਰ ਕਦੀ ਨਹੀਂ ਤੱਕਿਆ)। ਉਹ ਜ਼ਰਾ ਹੋਰ ਅਮੀਰ ਹੋ ਗਏ ਸਨ ਤੇ ਉਹਨਾਂ ਕੋਲ ਹੁਣ ਤਿੰਨ ਟਰੱਕ ਸਨ। ਪਰ ਉਹ ਹੁਣ ਵੀ ਬਕਾਇਦਾ ਡਰਾਇਵਰੀ ਕਰਦੇ ਤੇ ਪਹਿਲੇ ਵਾਂਗ ਮਿਹਨਤੀ ਸਨ। ਟੁੱਕਰ ਖਾਣ ਤੋਂ ਪਹਿਲੇ ਤਾਇਆ ਜੀ ਤੇ ਅੱਬਾ ਜੀ ਆਪੀ ਵਿਚ ਝਗੜ ਪਏ। ਤਾਇਆ ਜੀ ਸ਼ਰਾਬ ਮੰਗ ਰਹੇ ਸਨ।



"ਏਹ ਚੀਜ਼ ਹਰਾਮ ਏ।" ਅੱਬਾ ਜੀ ਨੇ ਆਖਿਆ।

"ਤੇਰੇ ਵਾਸਤੇ ਹਰਾਮ ਹੋਵੇਗੀ, ਮੇਰੇ ਵਾਸਤੇ ਨਹੀਂ।" ਤਾਇਆ ਜੀ ਨੇ ਆਖਿਆ।

"ਸਿੱਖ ਪੰਥ ਵਿਚ ਸ਼ਰਾਬ ਹਰਾਮ ਏ। 'ਬਾਬਾ ਗੁਰੂ ਨਾਨਕ ਜੀ' ਵੀ ਹਰਾਮ ਸਮਝਦੇ ਸਨ।" ਅੱਬਾ ਜੀ ਨੇ ਤਾਇਆ ਜੀ ਨੂੰ ਦੱਸਿਆ।

"ਮੈਂ ਬੁਰਾ ਨਹੀਂ ਸਮਝਦਾ, ਮੈਨੂੰ ਇਕ ਬੋਤਲ ਲਿਆ ਦੇ।" ਤਾਏ ਨੇ ਜ਼ੋਰ ਦਿੱਤਾ।

"ਏਹ ਨਹੀਂ ਹੋਵੇਗਾ! ਕਦੀ ਨਹੀਂ ਹੋਵੇਗਾ।" ਹਾਜ਼ੀ ਅਲੀ ਅਹਿਮਦ ਨੇ ਦੱਸਿਆ।

"ਏਹ ਨਹੀਂ ਹੋਵੇਗਾ ਤੇ ਫੇਰ ਮੈਂ ਟੁੱਕਰ ਨਹੀਂ ਖਾਵਾਂਗਾ, ਭੁੱਖਾ ਰਵ੍ਹਾਂਗਾ।"

ਅੱਬਾ ਜੀ ਗੁੱਸੇ ਵਿਚ ਆ ਗਏ। "ਤੂੰ ਕਮੀਨਾ ਏਂ, ਜ਼ਲੀਲ ਏਂ, ਹਰਾਮ ਚੀਜ਼ ਪੀਂਦਾ ਏਂ।"

"ਮੈਨੂੰ ਹਰਾਮ-ਹਲਾਲ ਦਾ ਪਤਾ ਨਹੀਂ! ਮੈਨੂੰ ਸ਼ਰਾਬ ਲਿਆ ਕੇ ਦੇਹ, ਨਹੀਂ ਤੇ ਮੈਂ ਏਥੋਂ ਪਰਤ ਜਾਵਾਂਗਾ।" ਤਾਇਆ ਗੁੱਸੇ ਵਿਚ ਬੋਲਿਆ।

ਅੰਮੀ ਜੀ ਨੇ ਅੱਬਾ ਜੀ ਦੇ ਹੱਥ ਵਿਚ ਪੈਸੇ ਦੇ ਦਿੱਤੇ ਤੇ ਅੱਬਾ ਜੀ ਖੇਸ ਦੀ ਬੁੱਕਲ ਮਾਰ ਕੇ ਘਰੋਂ ਬਾਹਰ ਨਿਕਲ ਗਏ। ਇਕ ਘੰਟੇ ਬਾਅਦ ਉਹ ਸ਼ਰਾਬ ਦੀ ਬੋਤਲ ਲੈ ਕੇ ਆ ਗਏ। ਦੋਵੇਂ ਭਰਾ, ਦੋਵੇਂ ਦੋਸਤ, ਮਕਾਨ ਦੇ ਅਖ਼ੀਰਲੇ ਕਮਰੇ ਵਿਚ ਬਹਿ ਗਏ। ਤਾਇਆ ਸ਼ਰਾਬ ਪੀਂਦਾ ਰਿਹਾ ਤੇ ਅੱਬਾ ਜੀ ਉਸਨੂੰ ਵੇਖਦੇ ਰਹੇ ਤੇ ਗੱਲਾਂ ਕਰਦੇ ਰਹੇ। ਤੀਜੇ ਦਿਨ ਤਾਇਆ ਵਾਪਸ ਇੰਡੀਆ ਚਲਾ ਗਿਆ।

ਤਿੰਨ ਸਾਲ ਇੰਝ ਈ ਲੰਘ ਗਏ। ਫੇਰ ਅੱਬਾ ਜੀ ਤੇ ਅੰਮੀ ਜੀ ਨੇ ਮੇਰੇ ਵਾਸਤੇ ਰਿਸ਼ਤਾ ਲੱਭਿਆ ਤੇ ਵਿਆਹ ਦੀ ਤਰੀਕ ਮੁਕੱਰਰ ਕਰ ਦਿੱਤੀ। ਉਹਨਾਂ ਤਾਇਆ ਜੀ ਨੂੰ ਰਸਮੀ ਜਿਹਾ ਖ਼ਤ ਲਿਖਿਆ, ਪਈ, 'ਉਹ ਕਾਕੇ ਰੋਸ਼ਨ ਦੇ ਵਿਆਹ ਉੱਤੇ ਫਲਾਂ ਤਰੀਕ ਨੂੰ ਆਵੇ।' ਤਾਇਆ ਵਿਆਹ ਦੀ ਤਰੀਕ ਤੋਂ ਦੋ ਦਿਨ ਪਹਿਲੇ ਈ ਸੰਤੋ ਨੂੰ ਨਾਲ ਲੈ ਕੇ ਸਾਡੇ ਕੋਲ ਆ ਗਿਆ।

ਸੰਤ ਕੌਰ ਜਵਾਨ ਹੋ ਗਈ ਸੀ। ਉਹਦਾ ਕੱਦ ਲੰਮਾ ਸੀ। ਸਰੀਰ ਵੀ ਢੁੱਲਝੜੀਆਂ ਸਨ। ਮੁੱਖ ਮੁਲਾਇਮ ਤੇ ਅੱਖਾਂ ਵਿਚ ਉੱਭਰਦੇ, ਡੋਲਦੇ ਨਸ਼ੇ ਦੀ ਲੋਅ ਸੀ। ਪਲਕਾਂ ਲੰਮੀਆਂ ਸਨ, ਵਾਲ ਵਰਖਾ ਰੁੱਤ ਦੇ ਬੱਦਲਾਂ ਵਾਂਗ ਤੇ ਲੱਗਦਾ ਸੀ ਪਈ ਉਹਨਾਂ ਵਿਚ ਸੁਰ-ਸਾਵਣ, ਮੇਘ-ਮਲਹਾਰ ਗਾ ਰਿਹਾ ਏ। ਉਹ ਸਿਰ ਨੂੰ ਹਲੂਣਾ ਦਿੰਦੀ ਤਾਂ ਜਾਪਦਾ ਕਾਲੇ ਤਾਰਾਂ ਵਿਚ ਸੂਰਜ ਦੀਆਂ ਰਿਸ਼ਮਾਂ ਨੱਚ ਰਹੀਆਂ ਨੇ, ਬਿਜਲੀਆਂ ਇੱਕ ਦੂਜੇ ਨਾਲ ਟੱਕਰਾ ਰਹੀਆਂ ਨੇ। ਉਹਦੇ ਹਾਸਿਆਂ ਵਿਚ ਹਯਾਤੀ ਰਸ ਸੀ।

ਪਹਿਲੀ ਰਾਤ ਹੀ ਤਾਇਆ ਜਾਨ ਤੇ ਅੱਬਾ ਜਾਨ ਦਾ ਝਗੜਾ ਹੋ ਗਿਆ।

"ਤੂੰ ਕਮੀਨਾ ਏਂ, ਜ਼ਲੀਲ ਏਂ, ਹਰਾਮੀ ਏਂ।" ਤਾਇਆ ਜਾਨ ਅੱਬਾ ਜਾਨ ਨੂੰ ਗਾਲ੍ਹਾਂ ਦੇ ਰਹੇ ਸਨ। ਅਸਾਂ ਏਹ ਗਾਲ੍ਹਾਂ ਸੁਣੀਆਂ ਤੇ ਸਹਿਮ ਗਏ।

"ਯਾਦ ਕਰੋ ਆਪਣਾ ਵਾਅਦਾ।" ਤਾਇਆ ਜਾਨ ਨੇ ਅੱਬਾ ਜੀ ਨੂੰ ਆਖਿਆ।

"ਯਾਦ ਏ ਮੈਨੂੰ!" ਅੱਬਾ ਜੀ ਬੋਲੇ।

"ਜਾਂ ਆਪਣਾ ਵਾਅਦਾ ਪੂਰਾ ਕਰ ਜਾਂ ਮੇਰਾ ਥੁੱਕਿਆ ਚੱਟ ਜਾਹ!" ਤਾਏ ਨੇ ਗੁੱਸੇ ਵਿਚ ਜ਼ਮੀਨ ਤੇ ਥੁੱਕਿਆ।

"ਕਿੱਸਾ ਕੀ ਏ, ਮੈਨੂੰ ਵੀ ਤੇ ਪਤਾ ਲੱਗੇ?" ਅੰਮੀ ਜੀ ਨੇ ਵਿਚ ਪੈ ਕੇ ਪੁੱਛਿਆ।

"ਐਹ ਗੱਲ ਹੋਈ ਸੀ, ਪਈ ਜੇ ਅੱਲਾ-ਤਾਲਾ ਨੇ ਮੈਨੂੰ ਪੁੱਤਰ ਦਿੱਤਾ ਤੇ ਮੰਗਲ ਸਿੰਘ ਨੂੰ ਧੀ ਤੇ ਦੋਹਾਂ ਦਾ ਵਿਆਹ ਹੋਵੇਗਾ।" ਅੱਬਾ ਜੀ ਨੇ ਅੰਮੀ ਨੂੰ ਦੱਸਿਆ।

"ਮੈਂ ਸਮਝ ਗਈ ਆਂ, ਏਹ ਤੁਹਾਡੇ ਦੋਹਾਂ ਭਰਾਵਾਂ ਦਾ ਮਾਮਲਾ ਏ।" ਅੰਮੀ ਭਰਾਵਾਂ ਦੇ ਝਗੜੇ ਤੋਂ ਅਲੱਗ ਹੋ ਗਈ।

"ਜੇ ਮੈਂ ਰੋਸ਼ਨ ਦਾ ਵਿਆਹ ਸੰਤੋ ਨਾਲ ਨਾ ਕਰਾਂ ਫ਼ੇਰ ?" ਅੱਬਾ ਜੀ ਨੇ ਆਖਿਆ।

"ਮੈਂ ਰੋਸ਼ਨ ਤੇ ਸੰਤੋ ਨੂੰ ਕਤਲ ਕਰ ਦਿਆਂਗਾ ਤੇ ਆਪ ਫ਼ਾਂਸੀ ਲੱਗ ਜਾਵਾਂਗਾ।" ਤਾਏ ਨੇ ਸਹਿਜ ਸੁਭਾ ਲਫਜ਼ 'ਫਾਂਸੀ' ਉੱਤੇ ਜ਼ੋਰ ਦੇ ਆਖਿਆ।

ਤੀਜੇ ਦਿਨ ਮੇਰਾ ਤੇ ਸੰਤੋ ਦਾ ਵਿਆਹ ਹੋ ਗਿਆ ਤੇ ਤਾਇਆ ਵਾਪਸ ਇੰਡੀਆ ਚਲਾ ਗਿਆ। ਸੰਤੋ ਹੁਣ ਸੁਨੀਲਾ ਬਣ ਗਈ ਸੀ, ਏਹ 'ਨਾਂ' ਮੈਂ ਪਸੰਦ ਕੀਤਾ ਸੀ।

ਫੇਰ ਪਾਕਿਸਤਾਨ ਤੇ ਹਿੰਦੁਸਤਾਨ ਦੇ ਸਿਆਸੀ ਤੁਅੱਲਕਾਤ ਖ਼ਰਾਬ ਹੋ ਗਏ, ਨਾ ਤਾਇਆ ਜਾਨ ਆਏ ਤੇ ਨਾ ਉਹਨਾਂ ਦੇ ਖ਼ਤ ਆਏ। ਅੱਬਾ ਬੀਮਾਰ ਰਹਿਣ ਲੱਗ ਪਿਆ। ਉਹਨਾਂ ਨੂੰ ਦਿਲ ਦੇ ਦੌਰੇ ਪੈਂਦੇ ਸਨ। ਹਕੀਮਾਂ, ਵੈਦਾਂ ਤੇ ਡਾਕਟਰਾਂ ਕੋਲੋਂ ਇਲਾਜ ਕਰਵਾਇਆ ਪਰ ਕੋਈ ਫ਼ਰਕ ਨਾ ਪਿਆ। ਫੇਰ ਇਕ ਦਿਨ ਅੱਬੇ ਨੇ ਅੰਮੀ ਨੂੰ, ਮੈਨੂੰ ਤੇ ਸੁਨੀਲਾ ਨੂੰ ਬੁਲਾ ਕੇ ਆਖਿਆ, "ਜਦੋਂ ਤੀਕ ਮੇਰਾ ਭਰਾ ਤੇ ਦੋਸਤ ਮੰਗਲ ਸਿੰਘ ਨਾ ਆਵੇ ਤੁਸਾਂ ਮੈਨੂੰ ਦਫ਼ਨ ਨਾ ਕਰਨਾ।"

ਦੋ ਦਿਨ ਦੇ ਅੰਦਰ-ਅੰਦਰ ਅੱਬਾ ਨੇ ਦਮ ਦੇ ਦਿੱਤੇ। ਮੈਂ ਲੰਡਨ ਰਾਹੀਂ, ਤਾਏ ਨੂੰ ਅੱਬੇ ਦੀ ਮੌਤ ਦੀ ਇਤਲਾਹ ਦਿੱਤੀ ਤੇ ਉਸ ਨੂੰ ਉਡੀਕਣ ਲੱਗ ਪਿਆ। ਏਹ ਗਰਮੀਆਂ ਸਨ। ਮੈਂ ਅੱਬੇ ਦੀ ਲੋਥ ਬਰਫ਼ ਵਿਚ ਲਾ ਦਿੱਤੀ। ਅਸਾਂ ਦੋ ਦਿਨ ਉਡੀਕਿਆ ਪਰ ਤਾਇਆ ਨਾ ਆਇਆ। ਮੈਂ ਫ਼ੈਸਲਾ ਕੀਤਾ ਕਿ ਅੱਬੇ ਨੂੰ ਦਫ਼ਨਾ ਦਿੱਤਾ ਜਾਏ। ਪਰ ਅੰਮੀ ਮੇਰੇ ਨਾਲ ਸਹਿਮਤ ਨਾ ਹੋਈ। ਉਸ ਆਖਿਆ, "ਮੇਰੇ ਸਰਤਾਜ ਦੀ ਆਖ਼ਰੀ ਖ਼ਾਹਿਸ਼ ਜ਼ਰੂਰ ਪੂਰੀ ਹੋਣੀ ਚਾਹੀਦੀ ਏ"।

ਤੀਜੇ ਦਿਨ ਐਤਵਾਰ ਨੂੰ ਤਾਇਆ ਆ ਗਿਆ। ਉਹ ਪਾਸਪੋਰਟ ਦੇ ਬਗ਼ੈਰ ਸਰਹੱਦ ਟੱਪ ਕੇ ਆਇਆ ਸੀ ਤੇ ਕਫ਼ਨ ਨਾਲ ਲਿਆਇਆ ਸੀ। ਉਹ ਅੱਬਾ ਜੀ ਦੀ ਮਈਅਤ ਤੇ ਬਹੁਤ ਰੋਇਆ। ਉਹਨੇ ਆਪ ਕਬਰ ਕੱਢੀ, ਤੇ ਅੱਬਾ ਜੀ ਨੂੰ ਦਫ਼ਨਾਇਆ ਤੇ ਦੂਜੇ ਦਿਨ ਤਰਕਾਲਾਂ ਵੇਲੇ ਪਰਤ ਗਿਆ।

ਤਾਇਆ ਪਾਕਿਸਤਾਨੀ ਸਰਹੱਦ ਤੇ ਟੱਪ ਗਿਆ ਪਰ ਹਿੰਦੁਸਤਾਨ ਵਾਲੇ ਪਾਸੇ ਫੜਿਆ ਗਿਆ। ਪਰ, ਉਹ ਮਫ਼ਰੂਰ ਹੋਣ ਵਿਚ ਕਾਮਯਾਬ ਰਿਹਾ। ਦੌੜ ਭੱਜ ਵਿਚ ਉਹਨਾਂ ਦੀ ਲੱਤ ਉੱਤੇ ਜ਼ਖ਼ਮ ਆ ਗਿਆ। ਏਹ ਜ਼ਖ਼ਮ ਖ਼ਰਾਬ ਹੋ ਗਿਆ ਤੇ ਫਿਰ ਨਾਸੂਰ ਬਣ ਗਿਆ। ਸਾਲ ਦੇ ਅੰਦਰ-ਅੰਦਰ ਤਾਏ ਦੇ ਸਾਰੇ ਸਰੀਰ ਵਿਚ ਜ਼ਹਿਰ ਖਿੱਲਰ ਗਿਆ। ਅਖ਼ੀਰ ਪਰਸੋਂ ਉਹ ਪਰਲੋਕ ਸਿਧਾਰ ਗਿਆ।

ਸਾਨੂੰ ਇਤਲਾਹ ਮਿਲੀ ਤੇ ਅਸਾਂ ਮਿੱਥਿਆ ਕਿ ਸਾਨੂੰ ਹਿੰਦੁਸਤਾਨ ਜਾਣਾ ਚਾਹੀਦਾ ਏ। ਨਾ ਵੀਜ਼ਾ ਮਿਲਣਾ ਸੀ, ਜੇ ਮਿਲਦਾ ਵੀ ਅਸਾਂ ਏਸ ਰੱਟੇ ਵਿਚ ਨਹੀਂ ਸੀ ਪੈਣਾ, ਕਿਉਂ ਜੇ ਵਕਤ ਘੱਟ ਸੀ। ਅਸਾਂ ਫ਼ੈਸਲਾ ਕੀਤਾ, ਪਈ ਕੋਟ ਨੈਣਾ ਦੇ ਸਾਹਮਣੇ ਦਰਿਆ ਰਾਵੀ



ਟੱਪ ਜਾਈਏ। ਸਰਦੀਆਂ ਵਿਚ ਪਾਣੀ ਵੀ ਗਿੱਟੇ-ਗਿੱਟੇ, ਗੋਡੇ-ਗੋਡੇ ਈ ਹੁੰਦਾ ਏ। ਕੱਲ੍ਹ ਇਹੋ ਯਤਨ ਅਸੀਂ ਕਰ ਰਹੇ ਸਾਂ ਕਿ ਫੜੇ ਗਏ।"

ਰੋਸ਼ਨ ਨੇ ਆਪਣੀ ਗੱਲ ਮੁਕਾਈ, ਸੰਤੋ ਉਰਫ਼ ਸੁਨੀਲਾ ਵੱਲ ਤੱਕਿਆ, ਉਹ ਮਜ਼ੇ ਨਾਲ ਸੌਂ ਰਹੀ ਸੀ।

"ਕਾਨੂੰਨ ਦੀ ਮੁਖ਼ਾਲਫ਼ਤ ਨਹੀਂ ਕਰਨੀ ਚਾਹੀਦੀ।" ਮੈਂ ਉਸ ਨੂੰ ਆਖਿਆ।


"ਸੁਨੀਲਾ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਕਿਸੇ ਸੱਧਰ ਨੂੰ ਜ਼ਾਹਰ ਕੀਤਾ ਸੀ, ਮੈਂ ਸੋਚਿਆ ਇਹਦੀ ਸੱਧਰ ਪੂਰੀ ਹੋਣੀ ਚਾਹੀਦੀ ਏ।" ਰੋਸ਼ਨ ਉਦਾਸ ਹੋ ਕੇ ਬੋਲਿਆ।

ਜਦੋਂ ਮੈਂ ਦੂਜੀ ਵਾਰ ਥਾਣੇਦਾਰ ਦੇ ਕਮਰੇ ਵਿਚ ਗਿਆ, ਉਹ ਮੈਨੂੰ ਉਡੀਕ ਰਿਹਾ ਸੀ ਤੇ ਚਾਹ ਠੰਢੀ ਹੋ ਚੁੱਕੀ ਸੀ। ਮੈਂ ਉਸ ਨੂੰ ਦੋ ਸੌ ਰੁਪਿਆ, ਮਿਠਿਆਈਆਂ ਤੇ ਫ਼ਲਾਂ ਵਾਸਤੇ ਦਿੱਤਾ ਤੇ ਰੋਸ਼ਨ ਤੇ ਸੁਨੀਲਾ ਨੂੰ ਥਾਣਿਓਂ ਬਾਹਰ ਲੈ ਕੇ ਆ ਗਿਆ। ਸ਼ਾਮ ਹੋ ਗਈ ਸੀ।

ਤੇ ਥਾਣਿਓਂ ਬਾਹਰ ਇਕ ਟਾਹਲੀ ਦੀ ਲਗ਼ਰ ਤੇ ਦੋ ਘੁੱਗੀਆਂ ਬੈਠੀਆਂ ਹੋਈਆਂ ਸਨ। ਇੰਝ, ਜਿੰਝ, ਸ਼ਿਕਾਰੀ ਕੋਲੋਂ ਡਰ ਗਈਆਂ ਹੋਣ। ਅਸਾਂ ਕੋਟ ਨੈਣਾ ਜਾ ਕੇ, ਰੱਜ ਕੇ ਪਕੌੜੇ ਖਾਧੇ ਤੇ ਜੀਅ ਭਰ ਕੇ ਗਰਮਾ-ਗਰਮ ਚਾਹ ਪੀਤੀ ਤੇ ਫੇਰ ਅਲੱਗ ਹੋ ਗਏ।

ਰੋਸ਼ਨ ਤੇ ਸੁਨੀਲਾ ਉਸੇ ਰਾਤ ਰਾਵੀ ਟੱਪ ਗਏ ਤੇ ਅੱਜ ਤੀਕਰ ਨਹੀਂ ਪਰਤੇ........?

---




**ਲਹੂ ਦੀ ਖ਼ੁਸ਼ਬੋ**

(ਕਹਾਣੀ ਸੰਗ੍ਰਹਿ)

**ਸੁਲੇਖ ਪ੍ਰਕਾਸ਼ਨ, ਲਾਹੌਰ**

# ਨਾਵਲ : ਸਾਂਝ ਦਾ ਇੱਕ ਕਾਂਡ

## ਮੇਲੇ ਮਸ਼ਾਹਦੇ/ ਸਲੀਮ ਖ਼ਾਨ ਗਿੱਮੀ

### ਲਿਪੀਅੰਤਰ : ਖ਼ਾਲਿਦ ਫ਼ਰਹਾਦ ਧਾਰੀਵਾਲ

ਮੁਰਾਦ ਖ਼ਾਨ ਆਪਣੀ ਹਵੇਲੀ ਵਿਚ ਮੰਜੇ 'ਤੇ ਬੈਠਾ ਧੁੱਪ ਸੇਕ ਰਿਹਾ ਸੀ। ਹੌਲੀ ਹੌਲੀ ਹੁੱਕੇ ਦੇ ਸੂਟੇ ਮਾਰ ਰਿਹਾ ਸੀ। ਦੋ ਮੱਝਾਂ ਤੇ ਇਕ ਘੋੜੀ ਬੜੀ ਪ੍ਰੀਤ ਨਾਲ ਵੰਡ ਤੇ ਪੱਠੇ ਖਾ ਰਹੀਆਂ ਸਨ। ਸ਼ੁਰੂ ਮੱਘਰ ਦਿਆਂ ਦਿਨਾਂ, ਪਰ ਉਂਜ ਵੀ ਸਰੀਰਠੰਢ ਮੰਨਦਾ ਏ। ਸੂਰਜ ਦੀਆਂ ਰਿਸ਼ਮਾਂ ਦੀ ਮੱਠੀ ਮੱਠੀ ਗਰਮੀ ਨਾਲ ਜੁੱਸੇ ਦਾ ਖ਼ੂਨ ਸਰਕਣ ਲੱਗ ਪੈਂਦਾ ਏ। ਮੁਰਾਦ ਖ਼ਾਨ ਨੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ। ਸਿਰ 'ਤੇ ਘੁੱਟ ਕੇ ਸਾਫ਼ਾ ਬੰਨ੍ਹਿਆ ਹੋਇਆ ਸੀ। ਪੈਰ ਲੱਠੇ ਦੇ ਤਹਿਮਤ ਵਿਚ ਲੁਕਾਏ ਹੋਏ ਸਨ। ਉਹਦੀਆਂ ਚੰਗਿਆੜਿਆਂ ਵਰਗੀਆਂ ਅੱਖਾਂ ਵਿਚ ਸੋਚ ਸੀ। ਤੀਰ ਵਰਗੀਆਂ ਮੁੱਛਾਂ ਤ੍ਰਿਖੀਆਂ ਹੋਣ ਦੀ ਥਾਂ ਕੁਝ ਢਈਆਂ ਹੋਈਆਂ ਸਨ। ਫ਼ਰੀਦਪੁਰ ਦਾ ਖ਼ਾਨ ਸਾਹਿਬ ਮੁਰਾਦ ਖ਼ਾਨ ਛੇ ਦਿਨ ਬਾਅਦ ਆਉਣ ਵਾਲੇ ਸ਼ਾਹ ਸਕੰਦਰ ਦੇ ਮੇਲੇ ਬਾਰੇ ਸੋਚ-ਵਿਚਾਰ ਕਰ ਰਿਹਾ ਸੀ। ਜੇ ਮੇਲਾ ਚੰਗਾ ਹੋ ਗਿਆ ਤਾਂ ਫ਼ਰੀਦਪੁਰ ਪਠਾਣਾਂ ਤੇ ਸਿੱਖਾਂ ਦੀ ਗੁੱਡੀ ਚੜ੍ਹ ਜਾਏਗੀ। ਜੇ ਜ਼ਰਾ ਫਿੱਕਾ ਰਿਹਾ ਤਾਂ ਨਾਲ ਦੇ ਪਠਾਣਾਂ ਸਿੱਖਾਂ ਤੇ ਜੱਟਾਂ ਦੇ ਪਿੰਡਾਂ ਮਸ਼ਖ਼ਰੀਆਂ ਕਰਨਗੇ। ਸ਼ਾਹ ਸਕੰਦਰ ਦੇ ਮੇਲੇ ਦੀ ਕਾਮਯਾਬੀ ਪਿੰਡ ਦੇ ਅੰਦਰ-ਭਾ ਵਿਚ ਵਾਧੇ ਦਾ ਮੂਜਬ ਸੀ।

ਇਕਦਮ ਘੋੜੀ ਨੇ ਟੀਟਣਾ ਮਾਰਿਆ। ਕੰਨ ਖੜ੍ਹੇ ਕਰ ਲਏ। ਮੁਰਾਦ ਖ਼ਾਨ ਨੇ ਧੌਣ ਉਤਾਂਹ ਚੁੱਕ ਕੇ ਘੋੜੀ ਵੱਲ ਵੇਖਿਆ। ਘੋੜੀ ਨੇ ਪੱਠੇ ਛੱਡ ਕੇ ਆਪਣੀ ਥੂਥਨੀ ਉਤਾਂਹ ਚੁੱਕ ਲਈ ਸੀ। ਕੰਨ ਹਵੇਲੀ ਦੀ ਕੰਧ ਦੇ ਉੱਤੋਂ ਦੀ ਮੁੰਡਿਆਂ ਦੀਆਂ ਆਵਾਜ਼ਾਂ 'ਤੇ ਲਾਏ ਹੋਏ ਸਨ। ਫੇਰ ਮੁਰਾਦ ਖ਼ਾਨ ਨੇ ਕੰਧੋਂ ਪਾਰ ਪੈਲੀਆਂ ਵਿਚ ਦੂਜੀ ਘੋੜੀ ਦੇ ਹਿਣਕਣ ਦੀ ਆਵਾਜ਼ ਸੁਣੀ। ਏਸ ਆਵਾਜ਼ ਵਿਚ ਗੁੱਸਾ ਸੀ।

ਮੁਰਾਦ ਖ਼ਾਨ ਮੰਜੇ ਤੋਂ ਉੱਠਿਆ। ਕੰਬਲ ਸੰਭਾਲਿਆ। ਹਵੇਲੀ ਦੇ ਵੱਡੇ ਸਾਰੇ ਬੂਹੇ ਵੱਲ ਵਧਿਆ। ਜਦੋਂ ਉਸ ਬੂਹਾ ਖੋਲ੍ਹ ਕੇ ਬਾਹਰ ਖੇਤਾਂ ਵੱਲ ਧਿਆਨ ਮਾਰਿਆ। ਕੀ ਵੇਖਦਾ ਏ ਸਰਦਾਰ ਹਰਨਾਮ ਸਿੰਘ ਘੋੜੀ 'ਤੇ ਸਵਾਰ ਏ। ਪਿੰਡ ਦੇ ਨਿੱਕੇ ਨਿੱਕੇ ਮੁੰਡੇ ਇਕ ਪਾਸੇ ਹੋ ਕੇ ਖਲੋਤੇ ਨੇ। ਖੱਪ ਪਾ ਰਹੇ ਨੇ। ਸਰਦਾਰ ਹਰਨਾਮ ਸਿੰਘ ਘੋੜੀ ਨੂੰ ਅੱਡੀ ਲਾਂਦਾ ਹੈ। ਰਾਸਾਂ ਖਿੱਚਦਾ ਤੇ ਧਰੱਕੇ ਮਾਰਦਾ ਏ। ਪਰ ਘੋੜੀ ਨੇ ਅੜੀ ਬੰਨ੍ਹੀ ਹੋਈ ਏ। ਉਹ ਅਗਲੇ ਪੌੜ ਤੇ ਧੌਣ ਉਤਾਂਹ ਚੁੱਕਦੀ ਏ। ਹਿਣਕਦੀ ਏ। ਫੇਰ ਪਿਛਲੇ ਖੁਰਾਂ 'ਤੇ ਖਲੋ ਜਾਂਦੀ ਏ। ਪਿੰਡ ਦੇ ਨਿੱਕੇ ਨਿੱਕੇ ਮੁੰਡੇ ਇਹ ਤਮਾਸ਼ਾ ਵੇਖਦੇ ਨੇ। ਪਠਾਣਾਂ ਦੇ ਮੁੰਡੇ ਘੋੜੀ ਨੂੰ ਹੱਲਾਸ਼ੇਰੀ ਦੇਂਦੇ ਨੇ। ਸਿੱਖ ਬਾਲ ਸਰਦਾਰ ਹਰਨਾਮ ਸਿੰਘ ਨੂੰ ਸ਼ਾਬਾਸ਼ੀ ਦੇ ਰਹੇ ਨੇ। ਪਠਾਣਾਂ ਦੇ ਮੁੰਡਿਆਂ ਦਾ ਮੁਹਰੀ ਫ਼ੌਜੀ ਰੁਸਤਮ ਖ਼ਾਨ ਦਾ ਪੁੱਤਰ ਸ਼ੀਮੂੰ ਏ। ਸਿੱਖ ਮੁੰਡਿਆਂ ਦਾ ਸਰਗਰੋਹ ਚਰਨ ਸਿੰਘ ਦਾ ਮੁੰਡਾ ਰੂਪਾ ਏ।

ਮੁਰਾਦ ਖ਼ਾਨ ਕੁਝ ਚਿਰ ਤਾਂ ਇਹ ਨਜ਼ਾਰਾ ਵਿੰਹਦਾ ਰਿਹਾ। ਫੇਰ ਛੇਤੀ ਛੇਤੀ ਪੈਰ ਪੁੱਟਦਾ ਖੇਤਰ ਵੱਲ ਤੁਰ ਪਿਆ। ਜਦ ਉਹ ਕੋਲ ਪੁੱਜਾ ਤਾਂ ਮੁੰਡਿਆਂ ਨੇ ਦਬੱਲ ਰੌਲਾ ਪਾ ਦਿੱਤਾ। ਘੋੜੀ ਵੀ ਗੁੱਸੇ ਵਿਚ ਸੀ। ਸਰਦਾਰ ਹਰਨਾਮ ਸਿੰਘ ਵੀ ਗੁੱਸੇ ਵਿਚ ਸੀ। ਉਹਦੀ



ਪਗੜੀ ਹਲੂਣਿਆਂ ਨਾਲ ਢਿੱਲੀ ਹੋ ਗਈ ਸੀ। ਕੁਝ ਕੇਸ ਗਲ ਵਿਚ ਆ ਡਿੱਗੇ ਸਨ। ਉਹਦਾ ਸਾਰਾ ਜੁੱਸਾ ਮੁੜ੍ਹਕੇ ਵਿਚ ਭਿੱਜ ਗਿਆ ਸੀ।

"ਹਰਨਾਮ ਸਿਆਂ ! ਨਾ ਮਾਰ ਘੋੜੀ ਨੂੰ। ਖਲੋ ਜਾ।" ਮੁਰਾਦ ਖ਼ਾਨ ਨੇ ਜੋਸ਼ ਨਾਲ ਕਿਹਾ।

ਹਰਨਾਮ ਸਿੰਘ ਨੇ ਅੱਖ ਚੁੱਕ ਕੇ ਮੁਰਾਦ ਖ਼ਾਨ ਵੱਲ ਵੇਖਿਆ। ਉਹਦੀਆਂ ਅੱਖਾਂ ਲਾਲ ਸੁਰਖ਼ ਸਨ।

"ਥੱਲੇ ਉੱਤਰ ਆ। ਘੋੜੀ ਬੜੀ ਅੜ੍ਹਭ ਏ।" ਮੁਰਾਦ ਖ਼ਾਨ ਨੇ ਸਮਝਾਂਦਿਆਂ ਹੋਇਆਂ ਕਿਹਾ।

"ਮੈਂ ਵੀ ਘੱਟ ਅੜ੍ਹਬ ਨ੍ਹੀਂ।" ਹਰਨਾਮ ਸਿੰਘ ਦੀ ਆਵਾਜ਼ ਵਿਚ ਗੁੱਸਾ ਸੀ।

"ਉਹ ਤੇ ਠੀਕ ਏ, ਪਰ ਤੂੰ ਹੇਠਾਂ ਆ ਜਾ। ਇਹਨੂੰ ਮੈਂ ਠੀਕ ਕਰਨਾ।"

ਹਰਨਾਮ ਸਿੰਘ ਹੇਠਾਂ ਉੱਤਰ ਆਇਆ। ਮੁਰਾਦ ਖ਼ਾਨ ਤਹਿਮਤ ਕੱਸ ਕੇ ਘੋੜੀ 'ਤੇ ਬਹਿ ਗਿਆ।

"ਚਲ ਭਾਗਾਂ ਵਾਲੀਏ !" ਕਹਿ ਕੇ ਮੁਰਾਦ ਖ਼ਾਨ ਨੇ ਅੱਡੀ ਲਾਈ। ਘੋੜੀ ਬਿਲਕੁਲ ਨਾ ਬਿਰਕੀ।

"ਮੁਰਾਦ ਖ਼ਾਨ ! ਇਹ ਬੜੀ ਕਮਜ਼ਾਤ ਘੋੜੀ ਆ।" ਹਰਨਾਮ ਸਿੰਘ ਨੇ ਮੁੜ੍ਹਕਾ ਪੂੰਝਦਿਆਂ ਤੇ ਪੱਗ ਬੰਨ੍ਹਦਿਆਂ ਆਖਿਆ।

"ਹੁਣੇ ਵੇਖ ਲੈਂਦੇ ਆਂ ਹਰਨਾਮ ਸਿਆਂ। ਇਹ ਕਮਜ਼ਾਤ ਏ ਜਾਂ ਅਸੀਂ ਕਮਜ਼ਾਤ ਆਂ।" ਮੁੰਡੇ ਜਿਹੜੇ ਚੁੱਪ ਹੋ ਗਏ ਸਨ, ਖਿੜ ਖਿੜ ਹੱਸਣ ਲੱਗ ਪਏ।

ਮੁਰਾਦ ਖ਼ਾਨ ਨੇ ਸ਼ੀਮੂੰ ਕੋਲੋਂ ਦਾਤਰੀ ਲਈ। ਸਰੀਰ ਕੱਠਾ ਮੁੱਠਾ ਕੀਤਾ। ਗੋਡੇ ਘੋੜੀ ਦੇ ਅਗਲੇ ਬਹੂਆਂ ਵਿਚ ਤੁੰਨੇ। ਰਾਸਾਂ ਖਿੱਚੀਆਂ ਤੇ ਧੜੱਕਾ ਮਾਰਿਆ।

ਘੋੜੀ ਕੁਰਬਲਾ ਕੇ ਹਵੇਲੀ ਵੱਲ ਨੱਠੀ। ਪਠਾਣ ਮੁੰਡਿਆਂ ਨੇ ਰੌਲਾ ਪਾ ਦਿੱਤਾ। ਹੁਣ ਤੀਕ ਪਿੰਡ ਦੇ ਬੰਦੇ ਤੇ ਬੁੱਢੀਆਂ ਵੀ ਪਿੰਡ ਦੀਆਂ ਕੰਧਾਂ ਕੋਠਿਆਂ ਉੱਤੇ ਆ ਖਲੋਤੇ ਸਨ। ਮੁੰਡਿਆਂ ਦੇ ਰੌਲੇ ਗੌਲੇ ਵਿਚ ਉਹ ਵੀ ਸ਼ਾਮਲ ਹੋ ਗਏ।

ਘੋੜੀ ਤੇਜ਼ ਨੱਠਦੀ ਹੋਈ ਹਵੇਲੀ ਵਿਚ ਆ ਖਲੋਤੀ। ਥੋੜ੍ਹੇ ਚਿਰ ਪਿੱਛੋਂ ਸਰਦਾਰ ਹਰਨਾਮ ਸਿੰਘ ਤੇ ਮੁੰਡੇ ਵੀ ਹਵੇਲੀ ਵਿਚ ਆ ਗਏ। ਮੁਰਾਦ ਖ਼ਾਨ ਨੇ ਘੋੜੀ ਪਰ੍ਹੇ ਕੰਧ ਨਾਲ ਬੰਨ੍ਹੀ। ਦਾਤਰੀ ਸ਼ੀਮੂੰ ਨੂੰ ਦੇ ਕੇ ਬੋਲਿਆ, "ਸ਼ਤੂੰਗੜਿਓ ! ਜੇ ਤੁਸੀਂ ਰੌਲਾ ਨਾ ਪਾਂਦੇ ਤੇ ਘੋੜੀ ਨੇ ਜ਼ਿੱਦ ਨ੍ਹੀਂ ਸੀ ਕਰਨੀ। ਜਾਊ ਦਫ਼ਾ ਹੋ ਜਾਓ। ਕਿੱਕਰਾਂ ਨਾਲੋਂ ਗੂੰਦ ਲਾਹ ਕੇ ਤੀਰ ਤੇ ਗੁਲੇਲਾਂ ਬਣਾਉਂਦੇ ਫਿਰੋ।" ਮੁੰਡਿਆਂ ਨੇ ਮੁਰਾਦ ਖ਼ਾਂ ਦੇ ਗੁੱਸੇ ਤੋਂ ਡਰ ਕੇ ਖਿਸਕਣ ਦੀ ਕੀਤੀ।

"ਮੁਰਾਦ ਖ਼ਾਨ ! ਮੈਨੂੰ ਇਹ ਘੋੜੀ ਨ੍ਹੀਂ ਚਾਹੀਦੀ। ਤੂੰ ਮੇਰੇ ਨਾਲ ਵਟਾਂਦਰਾ ਕਰ ਲੈ। ਆਪਣੀ ਘੋੜੀ ਮੈਨੂੰ ਦੇ ਦੇ। ਇਹ ਤੂੰ ਲੈ ਲੈ।" ਹਰਨਾਮ ਸਿੰਘ ਨੇ ਤਜਵੀਜ਼ ਪੇਸ਼ ਕੀਤੀ।

"ਹਰਨਾਮ ਸਿਹਾਂ ! ਮੇਰੀ ਘੋੜੀ ਨਾਲੋਂ ਤੇਰੀ ਘੋੜੀ ਚੰਗੀ ਏ। ਬਲੋਚੀ ਘੋੜੀਆਂ ਜ਼ਰਾ ਗੁੱਸੇ ਵਾਲੀਆਂ ਹੁੰਦੀਆਂ ਨੇ। ਨਾਲੇ ਅਜੇ ਤੀਕ ਇਹਦੇ ਤੇ ਮਰਾਸੀ ਵੀ ਨ੍ਹੀਂ ਬੈਠਾ।"

"ਮਰਾਸੀ ਤੂੰ ਬਿਠਾਉਂਦਾ ਫਿਰੀਂ। ਬਸ ਤੂੰ ਮੈਨੂੰ ਆਪਣੇ ਵਾਲੀ ਘੋੜੀ ਦੇ ਦੇ। ਹੋਰ ਕੁਝ ਨ੍ਹੀਂ ਤੇ ਅਸਲ ਤੇ ਹੈ ਨਾ।"

"ਮੈਂ ਆਪਣੇ ਵਾਲੀ ਘੋੜੀ ਆਪਣੇ ਤੋਂ ਵੱਖ ਨ੍ਹੀਂ ਕਰਨਾ ਚਾਹੁੰਦਾ। ਇੰਜ ਕਰਨੇ ਆਂ ਪਈ ਤੂੰ ਆਪਣੇ ਵਾਲੀ ਘੋੜੀ ਕਾਦੂ ਨੂੰ ਦੇ ਦੇ। ਉਹਦੀ ਟੈਰ ਤੂੰ ਲੈ ਲੈ।" ਮੁਰਾਦ ਖ਼ਾਨ ਨੇ ਤਜਵੀਜ਼ ਪੇਸ਼ ਕੀਤੀ।

"ਗੱਲ ਤੇ ਤੇਰੀ ਠੀਕ ਏ ਮੁਰਾਦ ਖ਼ਾਨ, ਪਰ ਮੇਰੀ ਘੋੜੀ ਬਹੁਤੇ ਮੁੱਲ ਦੀ ਏ।" ਹਰਨਾਮ ਸਿੰਘ ਬੋਲਿਆ।

"ਬਹੁਤੇ ਮੁੱਲ ਦੀ ਏ ਤਾਂ ਕਾਦੂ ਨਾਲ ਕੁਝ ਪੈਸੇ ਤੈਨੂੰ ਦੇ ਦਏਗਾ।"

"ਪਰ ਕਾਦੂ ਮੰਨ ਜਾਏਗਾ ?" ਹਰਨਾਮ ਸਿੰਘ ਨੂੰ ਸ਼ੱਕ ਸੀ ਪਈ ਕਾਦੂ ਨਹੀਂ ਮੰਨੇਗਾ।

"ਕਿਉਂ ਨ੍ਹੀਂ ਮੰਨੇਗਾ ? ਇਕ ਤੇ ਸਾਡੇ ਯਾਰ ਦਾ ਪੁੱਤਰ ਏ। ਦੂਜੇ ਉਹ ਮੇਰਾ ਨੌਕਰ ਏ।" ਮੁਰਾਦ ਖ਼ਾਨ ਨੇ ਬੜੇ ਮਾਣ-ਤਰਾਣ ਨਾਲ ਆਖਿਆ।

"ਯਾਰ ਦਾ ਪੁੱਤਰ ਹੋਣ ਵਾਲੀ ਗੱਲ ਤੇ ਠੀਕ ਏ ਪਰ ਉਹ ਆਪਣੇ ਆਪ ਨੂੰ ਤੇਰਾ ਨੌਕਰ ਘੱਟ ਈ ਸਮਝਦਾ ਏ।" ਹਰਨਾਮ ਸਿੰਘ ਨੇ ਬਿਲਕੁਲ ਸੱਚੀ ਗੱਲ ਕੀਤੀ।

"ਮੈਂ ਕਦੋਂ ਉਹਨੂੰ ਆਪਣਾ ਨੌਕਰ ਸਮਝਨਾ ਵਾਂ ? ਮੈਂ ਤੇ ਉਸ ਨੂੰ ਆਪਣਾ ਪੁੱਤਰ ਸਮਝਨਾਂ ਵਾਂ, ਖਾਏ ਪਏ, ਮੌਜ ਉਡਾਏ। ਧੀ ਸੁੱਗੀ ਦਾ ਭਰਾ ਕੋਈ ਨ੍ਹੀਂ ਹੈਗਾ। ਅੱਲਾਹ ਮੀਆਂ ਨੇ ਉਸ ਨੂੰ ਸ਼ਹਿਰ ਵਰਗਾ ਜਵਾਨ ਭਰਾ ਦੇ ਦਿੱਤਾ ਏ। ਬੂਟੇ ਖ਼ਾਨ ਸਾਰੀ ਜ਼ਮੀਨ ਮੁਕੱਦਮਿਆਂ 'ਤੇ ਵੇਚ ਕੇ ਲਾ ਗਿਆ ਤੇ ਕਾਦੂ ਵਿਚਾਰਾ ਬੇ-ਮਿਲਪਾ ਤੇ ਬੇ-ਜ਼ਮੀਨਾ ਹੋ ਗਿਆ। ਜੇ ਅੱਜ ਬੂਟੇ ਖ਼ਾਨ ਦੀ ਭੋਇੰ ਹੁੰਦੀ ਤੇ ਕਾਦੂ ਅੱਜ ਮੇਰੀ ਨੌਕਰੀ ਨਾ ਕਰਦਾ। ਮੇਰਾ ਸ਼ਰੀਕ ਹੁੰਦਾ।"

"ਗੱਲ ਤੇਰੇ ਵਾਲੀ ਬਿਲਕੁਲ ਠੀਕ ਏ, ਪਰ ਇਕ ਤਰ੍ਹਾਂ ਸੋਚਿਆ ਜਾਏ ਤੇ ਬੂਟੇ ਖ਼ਾਨ ਨੇ ਬਿਲਕੁਲ ਠੀਕ ਕੀਤਾ ਏ।"

"ਉਹ ਕਿਸ ਤਰ੍ਹਾਂ ?"

"ਕਾਦੂ ਦੇ ਪਿਉ ਨੇ ਪਿੰਡ ਦੀ ਆਨ ਪਿੱਛੇ ਸੰਤੋਖ ਸਿੰਘ ਨੂੰ ਕਤਲ ਕੀਤਾ। ਉਹਦੇ 'ਤੇ ਮੁਕੱਦਮਾ ਬਣਿਆ। ਮੁਕੱਦਮਾ ਜਿੱਤਣ ਵਾਸਤੇ ਉਸ ਨੇ ਜ਼ਮੀਨ ਵੇਚੀ। ਨਾ ਵੇਚਦਾ ਤੇ ਕਤਲ ਦਾ ਮੁਕੱਦਮਾ ਕਿਵੇਂ ਲੜਦਾ ?"

"ਪਰ ਫ਼ਾਇਦਾ ਕੀ ਹੋਇਆ ? ਜ਼ਮੀਨ ਵੀ ਵਿਕ ਗਈ। ਮੁਕੱਦਮਾ ਵੀ ਹਰ ਗਿਆ। ਉਮਰ ਕੈਦ ਦੀ ਸਜ਼ਾ ਹੋਈ। ਜੇਲ੍ਹ 'ਚ ਹੀ ਮਰ ਗਿਆ। ਮੁਰਾਦ ਖ਼ਾਨ ਦੇ ਲਹਿਜ਼ੇ ਵਿਚ ਦੁੱਖ ਤੇ ਅਫ਼ਸੋਸ ਸੀ।

"ਯਾਰ ਮੁਰਾਦ ਖ਼ਾਨ ! ਬੂਟੇ ਖ਼ਾਨ ਲੋਹੇ ਵਰਗਾ ਪੱਕਾ ਬੰਦਾ ਸੀ। ਜਿਥੇ ਖਲੋ ਗਿਆ ਬਸ ਖਲੋ ਗਿਆ। ਜੀਹਦਾ ਸਾਥ ਦਿੱਤਾ ਪੂਰਾ ਦਿੱਤਾ। ਜਿਨੂੰ ਯਾਰ ਕਿਹਾ ਉਹਦੇ ਵਾਸਤੇ ਆਪਣੀ ਜਾਨ ਵੀ ਦਾਅ 'ਤੇ ਲਾ ਦਿੱਤੀ। ਜਦੋਂ ਵਿਸਾਖੀ 'ਤੇ ਲੜਾਈ ਹੋਈ ਸੀ। ਸੰਤੋਖ ਸਿੰਘ ਬੂਟੇ ਖ਼ਾਨ ਦੇ ਹੱਥੋਂ ਕਤਲ ਹੋਇਆ ਸੀ, ਉਦੋਂ ਮੈਂ, ਤੂੰ, ਰੱਖਾ ਤੇਲੀ, ਚਰਨ ਸਿੰਘ, ਹੰਮੇਂ ਖ਼ਾਨ ਤੇ ਦੂਜੇ ਦਿਲ ਛੱਡ ਬੈਠੇ ਸਾਂ ਪਰ ਉਹ 'ਕੱਲਾ ਜਵਾਨ ਓਗਰੇ ਦੇ ਲੁਬਾਣਿਆਂ ਦੀਆਂ ਡਾਂਗਾਂ ਤੇ ਖੂੰਡ ਆਪਣੀਆਂ ਬਾਹਵਾਂ 'ਤੇ ਝੱਲਦਾ ਰਿਹਾ। ਅਖ਼ੀਰ ਉਸ ਸੰਤੋਖ ਸਿੰਘ ਨੂੰ ਪਿੜ 'ਚ ਸੁੱਟ ਲਿਆ ਤੇ ਬਾਕੀ ਲੁਬਾਣੇ ਦੌੜ ਗਏ।"

"ਹਰਨਾਮ ਸਿਹਾਂ ! ਛੱਡ ਇਨ੍ਹਾਂ ਗੱਲਾਂ ਨੂੰ। ਇਹ ਦੁੱਖ ਦੀਆਂ ਗੱਲਾਂ ਨੇ। ਬੂਟੇ ਖ਼ਾਨ ਵਰਗੇ ਪੁੱਤਰ ਮਾਵਾਂ ਕਦੇ ਕਦਾਈਂ ਜੰਮਦੀਆਂ ਨੇ। ਬੂਟੇ ਵਰਗੇ ਦਿਲ ਵਾਲੇ ਬੰਦੇ ਹਾਰੀ ਸਾਰੀ ਨ੍ਹੀਂ ਮਿਲਦੇ।"



ਉਹ ਦੋਵੇਂ ਘੋੜੀ ਦੇ ਖੁੰਢ ਕੋਲ ਖਲੋਤੇ ਗੱਲਾਂ ਪਏ ਕਰਦੇ ਸਨ। ਬੂਟੇ ਖ਼ਾਨ ਦੇ ਜ਼ਿਕਰ ਨੇ ਉਨ੍ਹਾਂ ਨੂੰ ਉਥੋਂ ਹਟਣ 'ਤੇ ਮਜਬੂਰ ਕਰ ਦਿੱਤਾ। ਉਹ ਦੋਵੇਂ ਚੁੱਪ ਚੁਪੀਤੇ ਸੋਚਦੇ ਹੋਏ ਆਪਣੇ ਜਵਾਨੀ ਦੇ ਦਿਨ ਯਾਦ ਕਰਦੇ ਮੰਜੇ 'ਤੇ ਆ ਬੈਠੇ। ਉਨ੍ਹਾਂ ਮਹਿਸੂਸ ਕੀਤਾ ਕਿ ਉਹ ਇਕਦਮ ਬੁੱਢੇ ਹੋ ਗਏ ਨੇ।

ਕੁਝ ਚਿਰ ਚੁੱਪ ਰਹਿਣ ਮਗਰੋਂ ਹਰਨਾਮ ਸਿੰਘ ਬੋਲਿਆ, "ਸ਼ਾਹ ਸਕੰਦਰ ਦੇ ਮੇਲੇ ਦੀਆਂ ਤਿਆਰੀਆਂ ਦਾ ਕੀ ਹਾਲ ਏ ?"

"ਮੈਨੂੰ ਕੀ ਪਤਾ। ਤੈਨੂੰ ਪਤਾ ਹੋਣਾ ਚਾਹੀਦਾ ਏ ਹਰਨਾਮ ਸਿਹਾਂ।" ਮੁਰਾਦ ਖ਼ਾਨ ਨੇ ਹਰਨਾਮ ਸਿੰਘ ਵੱਲ ਇੰਜ ਵੇਖਿਆ ਜਿਵੇਂ ਉਹਨੂੰ ਹਰਨਾਮ ਸਿੰਘ ਦਾ ਸਵਾਲ ਸੁਣ ਕੇ ਦੁੱਖ ਹੋਇਆ ਹੋਵੇ।

"ਮੇਰੇ ਜ਼ੁੰਮੇ ਆਟੇ ਦਾਲ ਦੀ ਉਗਰਾਹੀ ਸੀ। ਮੈਂ ਉਹ ਉਗਰਾਹ ਕੇ ਖ਼ਾਨਗਾਹ 'ਤੇ ਪੁਚਾ ਦਿੱਤੇ ਨੇ।"

"ਬਾਲਣ ਦਾ ਕੀ ਹਾਲ ਏ ?"

"ਬਾਲਣ ਬਹੁਤ, ਭਾਵੇਂ ਪੰਦਰ੍ਹਾਂ ਮੱਚ ਬਲਣ, ਲੱਕੜੀ ਨ੍ਹੀਂ ਮੁੱਕਣ ਲੱਗੀ। ਮਲੰਗ ਐਸ਼ ਨਾਲ ਅੱਗ ਸੇਕਣਗੇ।"

"ਆਟਾ ਦਾਲ ਤੇ ਬਾਲਣ ਹੋ ਗਿਆ। ਥੱਲੇ ਵਛਾਉਣ ਨੂੰ ਕੀ ਹੋਵੇਗਾ ? ਅਖ਼ੀਰ ਮੇਲਾ ਵੇਖਣ ਵਾਲਿਆਂ ਤੇ ਮਲੰਗਾਂ ਨੇ ਕਾਸੇ 'ਤੇ ਸੌਣਾ ਬਹਿਣਾ ਵੀ ਏ ?"

"ਦੋ ਗੱਡੇ ਕਸੀਰ ਦੇ ਤੇ ਦੋ ਗੱਡੇ ਡੋਈ ਦੇ 'ਕੱਠੇ ਹੋ ਗਏ ਨੇ। ਅਲੀ ਮਾਛੀ ਪੰਦਰ੍ਹਾਂ ਫੂਹੜੀਆਂ ਤੇ ਸਫਾਂ ਬਣਾ ਚੁੱਕਾ ਏ। ਮੇਰੇ ਖ਼ਿਆਲ 'ਚ ਇਹ ਕੁਝ ਬਹੁਤ ਏ।"

"ਹਾਂ, ਠੀਕ ਏ।" ਮੁਰਾਦ ਖ਼ਾਂ ਨੇ ਤਸੱਲੀ ਨਾਲ ਕਿਹਾ।

"ਤੁਸਾਂ ਜਿਹੜਾ ਕੰਮ ਆਪਣੇ ਜ਼ੁੰਮੇ ਲਿਆ ਸੀ, ਉਹਦਾ ਕੀ ਬਣਿਆ ਏ ?" ਹਰਨਾਮ ਸਿੰਘ ਨੇ ਕਾਰਗੁਜ਼ਾਰੀ ਪੁੱਛੀ।

"ਅੰਮ੍ਰਿਤਸਰ ਤੋਂ ਕਵਾਲਾਂ ਦੀਆਂ ਤਿੰਨ ਟੋਲੀਆਂ ਆ ਰਹੀਆਂ ਨੇ। ਰਹੀਮਾਬਾਦ ਦੇ ਭੰਡ ਹੋਣਗੇ। ਬੁਗਨੀ ਬੁਗਨੇ ਦੇ ਨਾਚੇ ਵੀ ਆਉਣਗੇ। ਝਥਕਰੇ ਦੇ ਰਾਸਧਾਰੀਏ ਵੀ ਆ ਰਹੇ ਨੇ।"

"ਕੋਈ ਨੱਚਣ ਗੌਣ ਵਾਲੀ ?" ਹਰਨਾਮ ਸਿੰਘ ਨੇ ਮੁਸਕਰਾ ਕੇ ਪੁੱਛਿਆ।

"ਪਠਾਨਕੋਟ ਦੀ ਬਿਜਲੀ ਨੂੰ ਸੱਦਾ ਭੇਜਿਆ ਏ। ਉਮੈਦ ਏ ਆ ਜਾਏਗੀ।"

"ਮੁਰਾਦ ਖ਼ਾਨ ਜ਼ਿੰਦਾਬਾਦ।" ਹਰਨਾਮ ਸਿੰਘ ਨੇ ਨਾਅਰਾ ਮਾਰਿਆ ਤੇ ਮੁਰਾਦ ਖ਼ਾਂ ਨੂੰ ਥਾਪੀ ਦਿੱਤੀ।

"ਹਰਨਾਮ ਸਿਹਾਂ ! ਯਾਰ ! ਕੁਝ ਹਯਾ ਕਰ ਹੁਣ ਤੇ ਅਸੀਂ ਬੁੱਢੇ ਹੋ ਗਏ ਆਂ। ਕੰਜਰੀਆਂ ਦੇ ਗੌਣ ਸੁਣਨ ਦੀ ਸਾਡੀ ਉਮਰ ਲੰਘ ਗਈ ਏ।" ਮੁਰਾਦ ਖ਼ਾਨ ਨੇ ਹੱਸਦਿਆਂ ਹੋਇਆਂ ਕਿਹਾ।

"ਖ਼ਾਨ ਸਾਹਿਬ ! ਹਾਲੀ ਕੰਜਰੀਆਂ ਦੇ ਨਾਚ ਵੇਖਣ ਤੇ ਗੌਣ ਸੁਣਨ ਦੀ ਉਮਰ ਨ੍ਹੀਂ ਲੰਘੀ। ਅਗਲੇ ਸਾਲ ਭਾਵੇਂ ਲੰਘ ਜਾਏ।" ਹਰਨਾਮ ਸਿੰਘ ਨੇ ਧੌਣ ਉੱਚੀ ਕਰ ਕੇ ਕਿਹਾ।

"ਬਿਜਲੀ ਜਦੋਂ ਆਵੇ, ਫਸਾਦ ਹੋ ਜਾਂਦਾ ਏ।" ਮੁਰਾਦ ਖ਼ਾਨ ਨੇ ਆਪਣਾ ਅੰਦੇਸ਼ਾ ਜ਼ਾਹਿਰ ਕੀਤਾ।

"ਫਸਾਦ ਜ਼ਰੂਰ ਹੋਣਾ ਚਾਹੀਦਾ ਏ। ਫਸਾਦ ਤੇ ਡਾਂਗ ਸੋਟਾ ਹੋਣ ਤੋਂ ਬਗ਼ੈਰ ਤੇ ਮੇਲੇ ਮਸ਼ਾਹਦੇ ਬੁੱਸੇ ਬੁੱਸੇ ਲੱਗਦੇ ਨੇ।" ਹਰਨਾਮ ਸਿੰਘ ਨੇ ਫ਼ਲਸਫ਼ਾ ਸਮਝਾਇਆ।

"ਗੱਲ ਇੰਜ ਏ ਪਈ ਜੇ ਸਾਡੇ ਸੁਲੱਖਣ ਸਿੰਘ ਤੇ ਕਾਦੂ ਹੋਰੀਂ ਕਿਸੇ ਦੂਜੇ ਪਿੰਡ ਦੇ ਮੁੰਡਿਆਂ ਦਾ ਸਿਰ ਪਾੜ ਦੇਣ ਤਾਂ ਸਾਨੂੰ ਮਾਫ਼ੀ ਮੰਗਣੀ ਪੈਂਦੀ ਏ। ਜੇ ਲਾਂਭਲੇ ਪਿੰਡ ਦੇ ਲੋਕ ਸਾਡੇ ਮੁੰਡਿਆਂ ਦਾ ਸਿਰ ਪਾੜ ਜਾਣ ਤੇ ਸਾਨੂੰ ਗੁੱਸਾ ਆ ਜਾਂਦਾ ਏ।"

"ਮੈਂ ਬੜਾ ਘਿਉ ਜਮ੍ਹਾਂ ਕੀਤਾ ਹੋਇਆ ਏ। ਜਿਸ ਕਿਸੇ ਦਾ ਸਿਰ ਪਾਟੇਗਾ, ਉਸ ਨੂੰ ਘਿਉ ਖੁਆ ਦਿਆਂਗੇ। ਕੋਈ ਬਹੁਤਾ ਔਖਾ ਹੋਵੇਗਾ ਤੇ ਚਾਰ ਪੈਸੇ ਨਾਲ ਦੇ ਦਿਆਂਗੇ।"

"ਮੈਨੂੰ ਓਗਰੇ ਤੇ ਲਬਾਣਿਆਂ ਦਾ ਬਹੁਤਾ ਫ਼ਿਕਰ ਏ। ਓਹੋ ਈ ਬਹੁਤੇ ਖਰੂਦ ਪਾਂਦੇ ਨੇ।"

"ਓਗਰੇ 'ਚ ਸਿਵਾਏ ਕਿਰਪਾ ਸਿੰਘ ਦੇ ਹੋਰ ਕੌਣ ਖਪ ਸ਼ਪ ਪਾ ਸਕਦਾ ਏ ?"

"ਤੇ ਕਿਰਪਾ ਸਿੰਘ ਤੇਰਾ ਜਵਾਈ ਹੋਣ ਕਾਰਨ ਸਾਡੇ ਫਰੀਦਪੁਰ ਦਾ ਜਵਾਈ ਏ। ਅਸੀਂ ਉਹਨੂੰ ਸੱਟਾਂ ਮਾਰਦੇ ਜਾਂ ਉਹ ਸਾਨੂੰ ਸੱਟਾਂ ਮਾਰਦਾ ਚੰਗਾ ਲੱਗਦਾ ਏ ? ਕਿਸੇ ਦੂਜੇ ਪਿੰਡ ਦੀ ਗੱਲ ਹੋਵੇ ਤੇ ਅਸੀਂ ਨਿੱਬੜ ਸਕਨੇ ਆਂ।"

"ਮੈਂ ਉਹਨੂੰ ਆਪ ਸਮਝਾ ਦਿਆਂਗਾ ਪਈ ਮੁੰਡਿਆ ! ਖੱਪ ਨ੍ਹੀਂ ਪਾਉਦੀ, ਅਰਮਾਨ ਨਾਲ ਮੇਲਾ ਵੇਖਣਾ ਏ।"

"ਬਸ ਜ਼ਰਾ ਘੱਟ ਪੀ ਕੇ ਆਵੇ, ਹੋਰ ਕਿਹੜੀ ਗੱਲ ?"

"ਤੂੰ ਤੇ ਮੁਰਾਦ ਖ਼ਾਨ ਬਿਲਕੁਲ ਮੌਲਵੀ ਅਕਬਰ ਬਣਦਾ ਜਾ ਰਿਹਾ ਏਂ। ਸ਼ਰਾਬ ਉਹ ਲੋਕ ਪੀਂਦੇ ਨੇ ਜਿਨ੍ਹਾਂ ਪੱਲੇ ਚਾਰ ਪੈਸੇ ਹੁੰਦੇ ਨੇ, ਨ੍ਹੀਂ ਸਮਝਿਆ ?"

"ਸਮਝ ਗਿਆ ਪਰ ਜ਼ਮੀਨ ਫੂਕ ਕੇ ਸ਼ਰਾਬ ਪੀਣੀ ਤੇ ਸਿਰ ਪਾੜਨੇ ਤੇ ਪੜਵਾਣੇ ਕੋਈ ਚੰਗੀ ਗੱਲ ਏ ?"

"ਕਦੇ ਚੰਗੀ ਵੀ ਏ। ਕਦੀ ਨ੍ਹੀਂ ਵੀ ਚੰਗੀ।" ਹਰਨਾਮ ਸਿੰਘ ਨੇ ਪੋਲੇ ਜਹੇ ਮੂੰਹ ਨਾਲ ਕਿਹਾ।

"ਚੰਗੀ ਕਦੋਂ ਤੇ ਮੰਦੀ ਕਦੋਂ ? ਇਹ ਦੱਸ।"

"ਜਦੋਂ ਆਪਣਾ ਸਿਰ ਪਾਟੇ ਮੰਦੀ, ਤੇ ਜਦੋਂ ਦੂਜੇ ਦਾ ਪਾਟੇ ਚੰਗੀ।"

"ਯਮ੍ਹਲਾ ਜੱਟ ਖ਼ੁਦਾ ਨੂੰ ਲੈ ਗਏ ਚੋਰ।" ਇਹ ਕਹਿ ਕੇ ਮੁਰਾਦ ਖ਼ਾਨ ਜ਼ੋਰ-ਜ਼ੋਰ ਨਾਲ ਹੱਸਣ ਡਹਿ ਪਿਆ।

ਉਹ ਅਜੇ ਹੱਸ ਈ ਰਹੇ ਸਨ ਤੇ ਕਾਦੂ ਆਪਣੀ ਟੈਰ ਦੀਆਂ ਰਾਸਾਂ ਫੜੀ ਹਵੇਲੀ ਵਿਚ ਆਇਆ। ਲੰਮਾ ਸੋਹਣਾ ਗੱਭਰੂ ਇੱਕੀ ਬਾਈ ਸਾਲ ਦੀ ਉਮਰ, ਛੋਟੀਆਂ-ਛੋਟੀਆਂ ਕੱਕੀਆਂ ਮੁੱਛਾਂ, ਬਿੱਲੀਆਂ ਅੱਖੀਆਂ, ਖੁੱਲ੍ਹੇ ਡੁੱਲ੍ਹੇ ਹੱਡ, ਮਜ਼ਬੂਤ ਜਿਸਮ, ਸਿਰ 'ਤੇ ਬੋਦੇ, ਚੀਚੀ ਉਂਗਲੀ ਵਿਚ ਛਾਪ, ਗਲ ਵਿਚ ਤਵੀਤੜੀਆਂ, ਜੀ ਚਾਂਹਦਾ ਸੀ ਪਈ ਬੰਦਾ ਵੇਖਦਾ ਈ ਰਹੇ।

ਮੁਰਾਦ ਖ਼ਾਨ ਤੇ ਹਰਨਾਮ ਸਿੰਘ ਨੇ ਕਾਦੂ ਨੂੰ ਵੇਖਿਆ ਤੇ ਚੁੱਪ ਹੋ ਗਏ।

"ਚਾਚਾ ! ਕੀ ਗੱਲ ਏ ਦੋਵੇਂ ਬੜੇ ਹੱਸ ਰਹੇ ਸੌਂ।" ਕਾਦੂ ਨੇ ਕਿੱਲੇ ਨਾਲ ਟੈਰ



ਬੰਨ੍ਹਦਿਆਂ ਪੁੱਛਿਆ।

"ਕਾਦਰ ਦਾਦਾ ਖ਼ਾਨ ! ਬਿਜਲੀ ਆ ਰਹੀ ਏ ਸ਼ਾਹ ਸਕੰਦਰ ਦੇ ਮੇਲੇ 'ਤੇ।" ਹਰਨਾਮ ਸਿੰਘ ਉੱਚੀ ਬੋਲਿਆ।

"ਕੋਈ ਖ਼ਤ ਪੱਤਰ ਆਇਆ ਏ ?" ਟੈਰ ਬੰਨ੍ਹ ਕੇ ਉਸ ਪੁੱਛਿਆ।

"ਨ੍ਹੀਂ, ਖ਼ਤ ਪੱਤਰ ਤੇ ਕੋਈ ਨ੍ਹੀਂ ਆਇਆ। ਬਸ ਦਿਲ ਕਹਿੰਦਾ ਏ ਪਈ ਆਵੇਗੀ, ਤੇ ਜ਼ਰੂਰ ਆਵੇਗੀ।"

ਹਰਨਾਮ ਸਿੰਘ ਨੇ ਆਪਣੇ ਫ਼ਿਕਰੇ ਤੇ ਅਖ਼ੀਰਲੇ ਲਫ਼ਜ਼ ਜ਼ੋਰ ਦੇ ਕੇ ਕਹੇ। ਕਾਦੂ ਆਣ ਕੇ ਮੰਜੀ ਦੀਆਂ ਪਵਾਂਦਾਂ 'ਤੇ ਬਹਿ ਗਿਆ। ਸਰਦਾਰ ਹਰਨਾਮ ਸਿੰਘ ਦੇ ਮੋਢੇ 'ਤੇ ਹੱਥ ਮਾਰ ਕੇ ਬੋਲਿਆ, "ਚਾਚਾ ! ਜੇ ਬਿਜਲੀ ਆਪ ਨਾ ਆਵੇਗੀ ਤੇ ਅਸੀਂ ਆਪ ਜਾ ਕੇ ਲਿਆਵਾਂਗੇ, ਆਪਣੇ ਚਾਚੇ ਲਈ।"

"ਜੀਉਂਦਾ ਰਹੁ ਬੱਚਿਆ ! ਅਸੀਂ ਤੇ ਬੁੱਢੇ ਹੋ ਗਏ ਆਂ। ਨੱਸ ਭੱਜ ਦੇ ਕੰਮ ਤੁਸਾਂ ਈ ਕਰਨੇ ਨੇ 2੦.0 ਸਰਦਾਰ ਹਰਨਾਮ ਸਿੰਘ ਬਹੁਤ ਖ਼ੁਸ਼ ਸੀ। ਮੁਰਾਦ ਖ਼ਾਨ ਮੁਸਕਰਾ ਰਿਹਾ ਸੀ।

"ਹੱਛਾ ਪਈ ਕਾਦੂ ਤੇਰੀ ਟੈਰ ਦਾ ਸੌਦਾ ਹੋ ਗਿਆ।" ਮੁਰਾਦ ਖ਼ਾਨ ਨੇ ਮਾਮਲੇ ਦੀ ਗੱਲ ਕੀਤੀ।

"ਕੀਹਦੇ ਨਾਲ ਸੌਦਾ ਹੋਇਆ ਮੇਰੀ ਟੈਰ ਦਾ ?" ਕਾਦੂ ਨੇ ਪੁੱਛਿਆ।

"ਸਰਦਾਰ ਹਰਨਾਮ ਸਿੰਘ ਨੂੰ ਤੇਰੀ ਟੈਰ ਪਸੰਦ ਆ ਗਈ ਏ। ਤੂੰ ਇਹਦੀ ਬਲੋਚੀ ਘੋੜੀ ਨਾਲ ਆਪਣੀ ਟੈਰ ਦਾ ਵਟਾਂਦਰਾ ਕਰ ਲੈ।"

"ਚਾਚਾ ਹਰਨਾਮ ਸਿੰਘ ਮੇਰੀ ਘੋੜੀ ਨਾਲ ਆਪਣੀ ਘੋੜੀ ਦਾ ਮਾਰਚਾ ਕਰ ਕੇ ਘਾਟੇ 'ਚ ਰਹੇਗਾ। ਇਹਦੀ ਬਲੋਚੀ ਘੋੜੀ ਜ਼ਿਆਦਾ ਮੁੱਲ ਦੀ ਏ।"

"ਤੂੰ ਨਾਲ ਮੈਨੂੰ ਸੌ ਰੁਪਿਆ ਵੀ ਦੇਵੇਂਗਾ।" ਹਰਨਾਮ ਸਿੰਘ ਨੇ ਗੱਲ ਮੁਕਾਈ।

"ਕਿਉਂ ਤਾਇਆ ?" ਕਾਦੂ ਨੇ ਮੁਰਾਦ ਖ਼ਾਨ ਕੋਲੋਂ ਪੁੱਛਿਆ।

"ਆਹੋ ਪੁੱਤਰਾ ! ਤੂੰ ਆਪਣੀ ਟੈਰ ਦੇ ਨਾਲ ਸੌ ਰੁਪਿਆ ਦੇ ਕੇ ਸਰਦਾਰ ਹਰਨਾਮ ਸਿੰਘ ਦੀ ਬਲੋਚੀ ਘੋੜੀ ਲੈ ਲੈ।"

ਮੁਰਾਦ ਖ਼ਾਨ ਨੇ ਆਪਣੀ ਗੱਲ ਮਨਾਣ ਦੀ ਖਾਤਿਰ ਵਕੀਲਾਂ ਵਾਂਗ ਲਫ਼ਜ਼ ਚਿੱਥ ਚਿੱਥ ਕੇ ਕਹੇ।

"ਇਹ ਸੌਦਾ ਮੈਨੂੰ ਮਨਜ਼ੂਰ ਨ੍ਹੀਂ। ਹਾਂ, ਇੰਜ ਹੋ ਸਕਦਾ ਏ ਪਈ ਚਾਚਾ ਹਰਨਾਮ ਸਿੰਘ ਇਕ ਮਹੀਨੇ ਲਈ ਮੇਰੀ ਟੈਰ ਲੈ ਲਏ। ਮੈਂ ਉਹਦੀ ਬਲੋਚੀ ਘੋੜੀ ਨੂੰ ਰਾਸ ਕਰ ਦਿਆਂ।"

"ਕਿਉਂ ਪਈ ਹਰਨਾਮ ਸਿਹਾਂ ! ਮਨਜ਼ੂਰ ਈ ਇਹ ਗੱਲ ?" ਮੁਰਾਦ ਖ਼ਾਂ ਨੇ ਸਲਾਹ ਪੁੱਛੀ।

"ਮੈਨੂੰ ਨ੍ਹੀਂ ਮਨਜ਼ੂਰ। ਗੱਲ ਪੱਕੀ ਕਰ ਵਟਾਂਦਰੇ ਦੀ। ਓਸਰਾਂ ਮੈਂ ਨ੍ਹੀਂ ਘੋੜੀ 'ਤੇ ਮਰਾਸੀ ਬਿਠਾ ਸਕਦਾ।" ਹਰਨਾਮ ਸਿੰਘ ਨੇ ਰੋਸੇ ਵਿਚ ਕਿਹਾ।

"ਜੇ ਇਹ ਗੱਲ ਏ ਤੇ ਫੇਰ ਮੈਂ ਆਪਣੀ ਟੈਰ ਨਾਲ ਸੌ ਰੁਪਿਆ ਨ੍ਹੀਂ ਦਿਆਂਗਾ। ਸਿਰਫ਼ ਅੱਸੀ ਰੁਪਏ ਦਿਆਂਗਾ।" ਕਾਦੂ ਨੇ ਕਿਹਾ।

"ਮੈਨੂੰ ਮਨਜ਼ੂਰ ਏ। ਮੈਂ ਸਮਝਾਂਗਾ ਮੈਨੂੰ ਸੌ ਰੁਪਏ ਮਿਲੇ ਨੇ।" ਹਰਨਾਮ ਸਿੰਘ ਨੇ ਮਨਜ਼ੂਰੀ ਦੇ ਦਿੱਤੀ।

"ਚਲੋ ਜੀ ! ਸੌਦਾ ਪੱਕਾ ਹੋ ਗਿਆ। ਟੈਰ ਤੇ ਹੂਟੇ ਲੌ ਤੇ ਅੱਸੀ ਰੁਪਏ ਬਿਜਲੀ ਦੀ ਝੋਲੀ 'ਚ ਪਾ ਦਿਓ।" ਮੁਰਾਦ ਖ਼ਾਨ ਨੇ ਹੱਸਦਿਆਂ ਹੋਇਆਂ ਕਿਹਾ। ਉਹ ਖਿੜ ਖਿੜ ਕੇ ਹੱਸਣ ਲੱਗ ਪਏ।

"ਹੱਛਾ ਪਈ ਮੁਰਾਦ ਖ਼ਾਨ ਅਸੀਂ ਚੱਲੇ ਘਰਾਂ ਨੂੰ। ਬੜੀਆਂ ਗੱਪਾਂ ਮਾਰੀਆਂ ਨੇ।" ਹਰਨਾਮ ਸਿੰਘ ਹਾਸਾ ਮੁਕਾ ਕੇ ਬੋਲਿਆ ਤੇ ਮੰਜੇ ਉੱਤੋਂ ਉੱਠ ਖਲੋਤਾ।

"ਚੰਗਾ ਤੇਰੀ ਖ਼ੁਸ਼ੀ, ਹਾਂ ਕਾਦਰ ਦਾਦ ਖ਼ਾਨ ! ਤੂੰ ਮੋਤੀਏ ਦੇ ਬੂਟੇ ਲਿਆਂਦੇ ਨੇ।" ਮੁਰਾਦ ਖ਼ਾਨ ਨੂੰ ਇਕ ਦਮ ਚੇਤਾ ਆ ਗਿਆ।

"ਆਹੋ ਚਾਰ ਬੂਟੇ ਲਿਆਂਦੇ ਨੇ। ਖੁਰਜ਼ੀ 'ਚ ਨੇ।"

"ਦੋ ਬੂਟੇ ਸਰਦਾਰ ਹਰਨਾਮ ਸਿੰਘ ਨੂੰ ਦੇ ਦੇ।"

"ਜ਼ਰੂਰ ਜ਼ਰੂਰ ਕਾਕੀ ਪ੍ਰੀਤਮ ਕੌਰ ਮੈਨੂੰ ਕੱਲ੍ਹ ਕਹਿ ਰਹੀ ਸੀ ਪਈ ਬਾਪੂ ਮੈਨੂੰ ਸਦਾ ਬਹਾਰ ਮੋਤੀਏ ਦੇ ਬੂਟੇ ਮੰਗਵਾ ਦੇ।"

"ਸੁੱਗੀ ਨੇ ਵੀ ਮੈਨੂੰ ਕੱਲ੍ਹ ਕਿਹਾ। ਮੇਰਾ ਖ਼ਿਆਲ ਏ ਦੋਹਾਂ ਨੇ 'ਕੱਠੀ ਸਲਾਹ ਗੁੰਦੀ ਹੋਵੇਗੀ।"

"ਬਿਲਕੁਲ, ਬਿਲਕੁਲ, ਬੜੀਆਂ ਨਾਮੁਰਾਦਾਂ ਨੇ।" ਹਰਨਾਮ ਸਿੰਘ ਨੇ ਕਾਦਰ ਕੋਲੋਂ ਦੋ ਬੂਟੇ ਫੜਦਿਆਂ ਹੋਇਆਂ ਕਿਹਾ।

"ਹਰਨਾਮ ਸਿਹਾਂ ! ਮੋਤੀਏ ਦੇ ਬੂਟੇ ਵਿਹੜੇ 'ਚ ਉੱਗੇ ਹੋਏ ਸੋਹਣੇ ਲੱਗਦੇ ਨੇ।"

"ਸਾਨੂੰ ਚੰਗੇ ਲੱਗਣ ਜਾਂ ਨਾ ਲੱਗਣ, ਕੁੜੀਆਂ ਨੂੰ ਤੇ ਲੱਗਣਗੇ। ਹਲਾ ਫੇਰ ਸਾਹਬ ਸਲਾਮਤ।"

"ਸਾਹਬ ਸਲਾਮਤ, ਪਰ ਟੈਰ ਤੇ ਲੈਂਦਾ ਜਾ !" ਮੁਰਾਦ ਖ਼ਾਨ ਨੇ ਹਰਨਾਮ ਸਿੰਘ ਨੂੰ ਹਾਕ ਮਾਰ ਕੇ ਆਖਿਆ।

"ਸੁਲੱਖਣ ਸਿੰਘ ਨੂੰ ਭੇਜਣਾ ਵਾਂ, ਉਹ ਆ ਕੇ ਲੈ ਜਾਵੇਗਾ।" ਹਵੇਲੀ ਦਾ ਬੂਹਾ ਟੱਪ ਕੇ ਪਿੱਛੇ ਤੱਕੇ ਬਗੈਰ ਹਰਨਾਮ ਸਿੰਘ ਨੇ ਕਿਹਾ ਤੇ ਗਲੀ ਮੁੜ ਗਿਆ।

ਫਰੀਦਪੁਰ ਸਿੱਖਾਂ ਤੇ ਪਠਾਣਾਂ ਦਾ ਸਾਂਝਾ ਪਿੰਡ ਏ। ਕੁੱਲ ਘਰ ਅੱਸੀ ਨੇ। ਚਾਲੀ ਘਰ ਸਿੱਖਾਂ ਦੇ ਤੇ ਤੀਹ ਘਰ ਪਠਾਣਾਂ ਦੇ। ਬਾਕੀ ਘਰ ਦੂਜੀਆਂ ਜਾਤੀਆਂ ਦੇ ਨੇ। ਮਿਸਾਲ ਦੇ ਤੌਰ 'ਤੇ ਬਨਾਰਸੀ ਤੇ ਤੁਲਸੀ ਦੇ ਦੋ ਘਰ ਨੇ। ਬਨਾਰਸੀ ਤੇ ਤੁਲਸੀ ਦਾਸ ਕਿਰਾੜ ਨੇ ਪਰ ਖਾਲਸ ਕਿਰਾੜ ਨਹੀਂ।ਸਿੱਖਾਂ ਤੇ ਪਠਾਣਾਂ ਵਿਚ ਰਹਿੰਦਿਆਂ ਬਹਿੰਦਿਆਂ ਉਨ੍ਹਾਂ ਵਿਚ ਵੀ ਦੋਵਾਂ ਕੌਮਾਂ ਦੀਆਂ ਚੰਗੀਆਂ ਮੰਦੀਆਂ ਗੱਲਾਂ ਆ ਗਈਆਂ ਨੇ। ਬਨਾਰਸੀ ਦੀ ਦੁਕਾਨ ਪਠਾਣਾਂ ਦੀ ਵੰਡ ਵੱਲ ਏ। ਏਸ ਵਾਸਤੇ ਉਹ ਧਰਮ ਦੀ ਸਹੁੰ ਖਾਣ ਦੀ ਬਜਾਏ ਈਮਾਨ ਦੀ ਕਸਮ ਚੁੱਕਦਾ ਏ। ਬਨਾਰਸੀ ਦਾ ਅਜੇ ਤੀਕ ਵਿਆਹ ਨਹੀਂ ਹੋਇਆ। ਕੱਲਾ ਕਾਰਾ ਏ। ਆਪ ਆਪਣੀ ਰੋਟੀ ਪਕਾਂਦਾ ਏ ਜਿਹਦੇ ਵਿਚੋਂ ਅੱਧੀ ਪਠਾਣ ਮੁੰਡੇ ਖਾ ਜਾਂਦੇ ਨੇ। ਇਹੋ ਵਜ੍ਹਾ ਏ ਪਈ ਉਹ ਹਮੇਸ਼ਾ ਭੁੱਖਾ ਰਹਿੰਦਾ ਏ। ਤੁਲਸੀ ਦਾਸ, ਬਨਾਰਸੀ ਦਾ ਵੱਡਾ ਭਰਾ ਏ। ਸਿੱਖਾਂ ਦੀ ਵੰਡ ਪਾਸੇ ਦੁਕਾਨਦਾਰੀ ਕਰਦਾ ਏ। ਬਨਾਰਸੀ ਮੱਛੀ ਦਾ ਸ਼ੌਕੀਨ ਏ। ਤੁਲਸੀ ਤੁੜਕਾ ਲੱਗੀ ਮਾਂਹ ਦੀ ਦਾਲ ਦਾ। ਸ਼ਾਂਤੀ ਤੁਲਸੀ ਦੀ ਘਰਵਾਲੀ ਪਤਲੇ ਲੱਕ ਦੀ ਮਲੂਕ



ਜਹੀ ਮੁਟਿਆਰ ਏ। ਵਿਆਹ ਨੂੰ ਦੋ ਸਾਲ ਹੋ ਗਏ ਨੇ ਪਰ ਬੱਚੀ ਬੱਚਾ ਕੋਈ ਨਹੀਂ। ਸਿੱਖਾਂ ਦੇ ਪਾਸੇ ਰਹਿਣ ਕਾਰਨ ਜ਼ਰਾ ਖੁੱਲ੍ਹੀ-ਡੁੱਲ੍ਹੀ ਏ।

ਖੁੱਲ੍ਹੀ-ਡੁੱਲ੍ਹੀ ਦਾ ਮਤਲਬ ਏਸ ਥਾਂ ਤੇ ਸਿਰਫ਼ ਏਨਾ ਈ ਏਂ ਪਈ ਪਿੰਡ ਦਾ ਕੋਈ ਮੁੰਡਾ ਹਾਸੇ ਭਾਣੇ ਮਖ਼ੌਲ ਕਰ ਦਏ ਤੇ ਗੁੱਸਾ ਨਹੀਂ ਕਰਦੀ। ਹੱਸ ਕੇ ਟਾਲ ਜਾਂਦੀ ਏ।

ਸ਼ਾਂਤੀ ਦੇ ਮਨ ਵਿਚ ਸਿੱਖਾਂ ਦੀ ਬਜਾਏ ਪਠਾਣਾਂ ਦੀ ਬਹੁਤੀ ਇੱਜ਼ਤ ਏ। ਖੌਰੇ ਇਹਦੀ ਵਜ੍ਹਾ ਇਹ ਵੇ ਪਈ ਦੂਰ ਦੇ ਢੋਲ ਚੰਗੇ ਲੱਗਦੇ ਨੇ।

ਬਨਾਰਸੀ ਤੇ ਤੁਲਸੀ ਦਾਸ ਦੇ ਘਰਾਂ ਦੇ ਬਾਅਦ ਅੱਠ ਘਰ ਬਾਕੀ ਰਹਿ ਗਏ। ਦੋ ਘਰ ਜੁਲਾਹਿਆਂ ਦੇ ਨੇ। ਇਕ ਮੌਲਵੀ ਅਕਬਰ ਦਾ। ਦੂਜਾ ਸੁਬਾਹਨ ਜੁਲਾਹੇ ਦਾ। ਸੁਬਾਹਨ ਜੁਲਾਹਾ ਮੌਲਵੀ ਅਕਬਰ ਦਾ ਨਿੱਕਾ ਭਰਾ ਤੇ ਮੁੰਡੇ ਮਜੀਦ ਦਾ ਪਿਉ ਏ। ਖੱਡੀ ਦਾ ਕੰਮ ਕਰਦਾ ਏ।

ਮਜੀਦ ਤੰਦ ਤਾਣੀ ਦਾ ਕੰਮ ਤੇ ਕਰਦਾ ਏ ਪਰ ਪਠਾਣਾਂ ਦੇ ਮੁੰਡਿਆਂ ਨਾਲ ਰਲ ਕੇ ਡੰਡ ਸਪਾਟੇ ਵੀ ਲਾਂਦਾ ਏ। ਸਿੱਖ ਮੁੰਡਿਆਂ ਨਾਲ ਬਹਿ ਕੇ ਕਦੇ ਕਦਾਈਂ ਸ਼ਰਾਬ ਵੀ ਪੀ ਲੈਂਦਾ ਏ।

ਸੁਬਾਹਨ ਜੁਲਾਹੇ ਦਾ ਵੱਡਾ ਭਰਾ ਮੌਲਵੀ ਅਕਬਰ ਪਿੰਡ ਦੀ ਮਸੀਤ ਦਾ ਅਮਾਮ ਏ। ਨਮਾਜ਼ ਤੇ ਤਰਾਬੀਆਂ ਪੜ੍ਹਾਂਦਾ ਏ। ਹਾੜੀ ਸੌਣੀ ਪਠਾਣਾਂ ਕੋਲੋਂ ਠੋਕ ਵਜਾ ਜਾ ਕੇ ਦਾਣੇ ਲੈ ਲੈਂਦਾ ਏ। ਸੱਚੀ ਗੱਲ ਮੂੰਹ 'ਤੇ ਕਹਿ ਦੇਂਦਾ ਏ ਭਾਵੇਂ ਮੁਰਾਦ ਖ਼ਾਨ ਨਰਾਜ਼ ਹੋ ਜਾਏ ਜਾਂ ਹਰਨਾਮ ਸਿੰਘ ਖ਼ਫੇ। ਮੌਲਵੀ ਅਕਬਰ ਕਹਿੰਦਾ ਏ ਪਈ ਉਹ ਬੇਨਮਾਜ਼ ਆਦਮੀ ਕੋਲੋਂ ਨਹੀਂ ਡਰਦਾ। ਮੁਰਾਦ ਖ਼ਾਨ ਤੇ ਹਰਨਾਮ ਸਿੰਘ ਦੋਵੇਂ ਨਮਾਜ਼ ਨਹੀਂ ਪੜ੍ਹਦੇ। ਖੈਰ ਹਰਨਾਮ ਸਿੰਘ ਨੇ ਨਮਾਜ਼ ਕੀ ਪੜ੍ਹਨੀ ਏਂ, ਉਹ ਤੇ ਸਿੱਖ ਏ, ਪਰ ਮੁਰਾਦ ਖ਼ਾਨ ਵੀ ਮਸੀਤ ਵੱਲ ਘੱਟ ਹੀ ਰਜੂਅ ਕਰਦਾ ਏ। ਕਿਤੇ ਈਦ ਦੀ ਨਮਾਜ਼ ਪੜ੍ਹ ਲਈ। ਮੌਲਵੀ ਅਕਬਰ ਕਿਤੇ ਬਹੁਤਾ ਈ ਸ਼ਰਮਿੰਦਿਆਂ ਤੇ ਜ਼ਿੱਦ ਕਰੇ ਤੇ ਮੁਰਾਦ ਖ਼ਾਨ ਘੜਿਆ ਘੜਾਇਆ ਜਵਾਬ ਦੇ ਦੇਂਦਾ ਏ, ਪਈ ਤੈਨੂੰ ਜੁ ਨਮਾਜ਼ਾਂ ਪੜ੍ਹਨ ਜੋਗਾ ਛਡਿਆ ਹੋਇਆ ਏ।

ਪਿੰਡ ਵਿਚ ਪਠਾਣਾਂ ਤੇ ਸਿੱਖਾਂ ਦਾ ਝਗੜਾ ਸਿਰ ਚੁੱਕੇ ਤੇ ਸਿੱਖ ਮੌਲਵੀ ਅਕਬਰ ਨੂੰ ਮੁਨਸਫ ਪਾਂਦੇ ਨੇ। ਉਹਦੀ ਵਜ੍ਹਾ ਇਹ ਵੇ, ਪਈ ਮੌਲਵੀ ਅਕਬਰ ਪਠਾਣਾਂ ਨੂੰ ਝੂਠਿਆਂ ਕਰਦਾ ਏ ਤੇ ਫ਼ੈਸਲਾ ਸਿੱਖਾਂ ਦੇ ਹੱਕ ਵਿਚ ਦੇਂਦਾ ਏ। ਉਹ ਕਹਿੰਦਾ ਏ ਕਿ ਮੈਂ ਸਿੱਖਾਂ ਦੇ ਖ਼ਿਲਾਫ ਫੈਸਲਾ ਦਿਆਂ ਤੇ ਤਾਂ ਉਹ ਕਹਿਣਗੇ ਪਈ ਮੁਸਲਮਾਨ ਹੋਣ ਕਾਰਨ ਪਠਾਣਾਂ ਦਾ ਪੱਖ ਪੂਰਿਆ ਸੂ। ਨਾਲੇ ਮੁਸਲਮਾਨ ਇਨਸਾਫ-ਪਸੰਦ ਨਹੀਂ ਹੁੰਦੇ। ਮੌਲਵੀ ਅਕਬਰ ਆਪਣੇ ਫੈਸਲੇ ਆਮ ਤੌਰ 'ਤੇ ਸਿੱਖਾਂ ਦੀ ਵੰਡ ਵੱਲ ਜਾ ਕੇ ਉਨ੍ਹਾਂ ਦੇ ਗੁਰਦੁਆਰੇ ਵਿਚ ਸੁਣਾਂਦਾ ਏ।

ਹੁਣ ਬਾਕੀ ਰਹਿ ਗਏ ਛੇ ਘਰ, ਜਿਨ੍ਹਾਂ ਵਿਚੋਂ ਇਕ ਪਰਸਿੰਨੋ ਝਿਊਰੀ ਦਾ ਏ। ਪਰਸਿੰਨੋ ਦਾ ਘਰ ਸਿੱਖਾਂ ਵਾਲੇ ਪਾਸੇ ਏ। ਉਹ ਆਪਣੇ ਨਿੱਕੇ ਜਿਹੇ ਘਰ ਅੱਗੇ ਬਹਿ ਕੇ ਸਾਰਾ ਦਿਨ ਭੱਠੀ ਤਾਈ ਰੱਖਦੀ ਏ। ਬਾਲਾਂ ਕੁੜੀਆਂ ਦਾ ਮੇਲਾ ਸਾਰਾ ਦਿਨ ਉਥੇ ਲੱਗਾ ਰਹਿੰਦਾ ਏ। ਜੇ ਸਾਰੇ ਪਿੰਡ ਵਿਚ ਅੱਗ ਨਾ ਮਿਲੇ ਤੇ ਅੱਗ ਟੋਲਣ ਵਾਲਾ ਪਰਸਿੰਨੋ ਝਿਊਰੀ ਦੀ ਭੱਠੀ 'ਤੇ ਚਲਾ ਜਾਂਦਾ ਏ। ਕਈ ਵਾਰੀ ਮੁਟਿਆਰਾਂ ਵੀ ਛਿੱਕੂ ਤੇ ਛਾਬੀਆਂ ਸਿਰਾਂ 'ਤੇ ਚੁੱਕ ਕੇ ਪਰਸਿੰਨੋ ਦੀ ਭੱਠੀ 'ਤੇ ਜਾ ਬਹਿੰਦੀਆਂ ਨੇ। ਨਤੀਜਾ ਇਹ ਪਈ ਬਾਅਜ਼ ਟੁੱਟੇ ਹੋਏ

ਗੱਭਰੂ ਭੱਠੀ ਵੱਲ ਗੇੜੇ ਮਾਰਨ ਲੱਗ ਪੈਂਦੇ ਨੇ। ਖ਼ਾਹ-ਮਖ਼ਾਹ ਖੰਘੂਰਦੇ ਨੇ। ਪਰਸਿੰਨੋ ਚੰਗੇ ਖੰਘੂਰੇ ਤੇ ਗੜਬੜ ਵਾਲੇ ਖੰਘੂਰੇ ਨੂੰ ਬੜੀ ਛੇਤੀ ਪਛਾਣ ਲੈਂਦੀ ਏ। ਖੰਘੂਰਾ ਮਾਰਨ ਵਾਲੇ ਨੂੰ ਜਤਲਾਉਣ ਵਾਸਤੇ ਕਿਸੇ ਬੱਚੇ ਨੂੰ ਝਿੜਕ ਕੇ ਕਹਿੰਦੀ ਏ, "ਵੇ ਦਫਾ ਹੋ, ਕੀਹ ਤੈਨੂੰ ਕੁੱਤੇ ਖੰਘ ਲੱਗ ਗਈ ਏ ?"

ਜੇ ਫੇਰ ਵੀ ਗੇੜੇ ਤੇ ਖੰਘੂਰੇ ਵੱਜਦੇ ਰਹਿਣ ਤੇ ਉਹ ਉਸ ਮੁਟਿਆਰ ਦੇ ਦਾਣੇ ਫਟਾ ਫਟ ਭੁੰਨ ਕੇ ਉਹਨੂੰ ਘਰ ਟੋਰਦੀ ਏ ਜੀਹਦੇ ਵਾਸਤੇ ਗੇੜੇ ਤੇ ਖੰਘੂਰੇ ਵਜਦੇ ਹੋਣ। ਜਿਹੜੀਆਂ ਚੰਗੀਆਂ ਮੰਦੀਆਂ ਗੱਲਾਂ ਦਾ ਪਤਾ ਪਿੰਡ ਦੇ ਆਮ ਲੋਕਾਂ ਨੂੰ ਛੇ ਮਹੀਨੇ ਬਾਅਦ ਲੱਗਦਾ ਏ ਉਹਦਾ ਪਤਾ ਪਰਸਿੰਨੋ ਝੀਊਰੀ ਨੂੰ ਛੇ ਮਹੀਨੇ ਪਹਿਲਾਂ ਲੱਗ ਜਾਂਦਾ ਏ।

ਬਾਕੀ ਰਹੇ ਪੰਜ ਘਰ। ਇਨ੍ਹਾਂ ਪੰਜਾਂ ਘਰਾਂ ਵਿਚੋਂ ਦੋ ਘਰ ਸਿੱਖ ਲੁਹਾਰਾਂ ਦੇ ਨੇ। ਇਨ੍ਹਾਂ ਦੋਹਾਂ ਘਰਾਂ ਨੇ ਪਿੰਡ ਦਾ ਸਾਰਾ ਲੁਹਾਰਾ ਤੇ ਤਰਖਾਣਾ ਕੰਮ ਸਾਂਭਿਆ ਹੋਇਆ ਏ। ਦੋਵੇਂ ਘਰ ਸਿੱਖਾਂ ਦੀ ਪੱਤੀ ਵੱਲ ਨੇ। ਬਚਿੱਤਰ ਸਿੰਘ ਲੁਹਾਰ ਏ। ਦਾਤਰੀਆਂ ਰੰਬੇ, ਪੜਛੀਆਂ, ਤਰਕੰਘੇ, ਬਹੋਲਾ, ਕਹੀ, ਦਰਾਤ, ਟਕੂਏ, ਬਰਛੀਆਂ, ਬੱਲਮਾਂ, ਛਵੀਆਂ, ਹਲਾਂ ਦੇ ਫਾਲੇ ਬੜੇ ਸੋਹਣੇ ਬਣਾਂਦਾ ਏ। ਨਰਿੰਜਨ ਸਿੰਘ ਤਰਖਾਣ ਏ। ਹਲ ਦੀ ਕਿੱਲੀ ਤੋਂ ਲੈ ਕੇ ਗੱਡੇ ਦੇ ਪੇਂਜੂ ਤੀਕ ਹਰ ਸ਼ੈ ਸੋਹਣੀ ਸੁਥਰੀ ਪੱਕੀ ਤਿਆਰ ਕਰਦਾ ਏ।

ਇਕ ਘਰ ਧੋਬੀਆਂ ਦਾ ਏ। ਇਕ ਨਾਈਆਂ ਦਾ। ਧੋਬੀ ਦਾ ਨਾਂ ਰਹਿਮਤ ਏ। ਨਾਈ ਦਾ ਸ਼ਫੀ ਏ। ਦੋਵੇਂ ਬੰਦੇ ਮਾੜਚੂ ਜਹੇ ਨੇ ਪਰ ਸ਼ਫੀ ਦਾ ਮਜਾਜ਼ ਉਸਤਰੇ ਵਾਂਗ ਤੇਜ਼ ਏ। ਉਹ ਤਕੜੇ ਅੱਗੇ ਯਈਂ ਯਈਂ ਕਰਦਾ ਏ ਪਰ ਮਾੜੇ ਅੱਗੇ ਸਾਹਨੇ ਵਾਂਗ ਮੁੰਡੀ ਚੁੱਕ ਲੈਂਦਾ ਏ। ਤਗੜੇ ਮਾੜੇ ਸਭ ਸ਼ਫੀ ਨਾਈ ਦੀ ਇੱਜ਼ਤ ਕਰਦੇ ਨੇ। ਉਹਦੀ ਵਜ੍ਹਾ ਇਹ ਹੈ ਉਹ ਹਰ ਸਾਲ ਆਸ਼ੂਰੇ ਤੇ ਕੋਤਲ ਕੱਢਦਾ ਏ। ਦੂਜੇ ਉਹਦੀ ਘਰ ਵਾਲੀ ਐਮਨਾ ਬੀਬੀ ਬੜੇ ਚੰਗੇ ਸੁਭਾਅ ਦੀ ਏ। ਪਠਾਣ ਚੌਧਰਾਣੀ ਹੋਵੇ ਜਾਂ ਸਿੱਖ ਪਰਭਾਣੀ ਹਰ ਇਕ ਨੂੰ ਕਦੇ ਨਾ ਕਦੇ ਸਿਰ ਪੀੜ ਜਾਂ ਲੱਕ ਪੀੜ ਹੁੰਦੀ ਏ। ਉਹ ਐਮਨਾ ਬੀਬੀ ਨੂੰ ਬੁਲਾਉਂਦੀਆਂ ਨੇ। ਉਹ ਦੌੜੀ ਦੌੜੀ ਆਉਂਦੀ ਏ।

ਝੰਡ ਲੁਹਾਈ, ਖ਼ਤਨੇ, ਅਕੀਕੇ, ਕੁੜਮਾਈ ਤੇ ਵਿਆਹ ਸ਼ਾਦੀ ਦੇ ਕੰਮ ਕਾਰ ਵੀ ਸ਼ਫੀ ਨਾਈ ਤੇ ਉਹਦੀ ਤੀਵੀਂ ਦੇ ਹੱਥੋਂ ਨਿਕਲਦੇ ਨੇ। ਏਹੋ ਜਹੇ ਮੌਕਿਆਂ ਉੱਤੇ ਦੋਵੇਂ ਖਾਵੰਦ ਤੀਵੀਂ ਲਾਕੜੀ ਬਣੇ ਫਿਰਦੇ ਨੇ। ਸ਼ਫੀ ਦੀਆਂ ਤਲਵਾਰ ਮਾਰਕਾ ਮੁੱਛਾਂ ਵੇਖ ਕੇ ਈ ਨਾਵਾਕਫ਼ ਆਦਮੀ ਤਾੜ ਜਾਂਦਾ ਏ ਪਈ ਇਹ ਬੰਦਾ ਤਬੀਅਤ ਦਾ ਤੱਤਾ ਏ। ਐਮਨਾ ਬੀਬੀ ਦੇ ਮਹਿੰਦੇ ਲੱਗੇ ਨਿੱਕੇ ਨਿੱਕੇ ਮਲੂਕੜੇ ਹੱਥ ਦੇਖ ਕੇ ਓਪਰੀ ਬੁੱਢੀ ਜਾਣ ਲੈਂਦੀ ਏ ਪਈ ਚੰਦਰੀ ਸ਼ੌਂਕਣ ਹੈਗੀ ਏ। ਪਿੰਡ ਦੀਆਂ ਸਾਰੀਆਂ ਮੁਟਿਆਰਾਂ ਤੇ ਪਰਭਾਣੀਆਂ ਕੰਘੀ ਪੱਟੀ ਤੇ ਅਤਰ ਫੁਲੇਲ ਦੇ ਮਾਮਲਿਆਂ ਵਿਚ ਐਮਨਾ ਦੀ ਸਲਾਹ ਲੈਂਦੀਆਂ ਨੇ।

ਹੁਣ ਰਹਿ ਗਿਆ ਅਖ਼ੀਰਲਾ ਇਕ ਘਰ। ਉਹ ਦੀਨੇ ਮਰਾਸੀ ਦਾ ਏ। ਦੀਨੇ ਮਰਾਸੀ ਦੇ ਘਰ ਦੇ ਕੁੱਲ ਪੰਜ ਜੀਅ ਨੇ। ਇਕ ਉਹਦੀ ਘਰਵਾਲੀ ਰੇਸ਼ਮ ਬੀਬੀ, ਦੋ ਮੁੰਡੇ ਨੇ ਇਕ ਧੀ। ਵੱਡਾ ਮੁੰਡਾ ਫਿਰੋਜ਼ ਏ ਤੇ ਡਾਢਾ ਸ਼ਾਹਸਵਾਰ ਏ। ਅਲਕ ਵਛੇਰਿਆਂ ਤੇ ਘੋੜਿਆਂ ਨੂੰ ਉਹੋ ਈ ਚੰਗੀ ਚਾਲੇ ਪਾਂਦਾ ਏ। ਘੋੜਿਆਂ ਤੇ ਵਛੇਰਿਆਂ ਨੂੰ ਰਾਸ ਕਰਨ ਵਾਲੇ ਮਰਾਸੀਆਂ ਦੀ ਟਹਿਲ ਸੇਵਾ ਬਹੁਤ ਹੁੰਦੀ ਏ। ਉਹ ਦੁੱਧ ਘਿਉ ਵਿਚ ਨਹਾਉਂਦੇ ਨੇ ਤੇ ਚੰਗੇ ਕੱਪੜੇ ਪਾਂਦੇ ਨੇ। ਖਾਣ-ਪੀਣ ਤੇ ਕੱਪੜੇ ਲੀੜੇ ਤੋਂ ਇਲਾਵਾ ਉਹ ਵਛੇਰਿਆਂ ਦੇ ਤੇ ਘੋੜਿਆਂ ਦੇ



ਮਾਲਕਾਂ ਕੋਲੋਂ ਨਕਦੀ ਵੀ ਲੈ ਲੈਂਦੇ ਨੇ। ਏਹੋ ਵਜ੍ਹਾ ਏ ਪਈ ਫਿਰੋਜ਼ ਡਾਢਾ ਤਗੜਾ ਏ, ਚੰਗਾ ਖਾਂਦਾ ਏ ਤੇ ਵਾਹ ਵਾਹ ਕਮਾਂਦਾ ਏ। ਜਿਨ੍ਹਾਂ ਦਿਨਾਂ ਵਿਚ ਕੰਮ ਨਾ ਲੱਭੇ ਉਹ ਮੁਰਾਦ ਖ਼ਾਨ ਜਾਂ ਹਰਨਾਮ ਸਿੰਘ ਦੀ ਹਵੇਲੀ ਜਾ ਕੇ ਉਨ੍ਹਾਂ ਨੂੰ ਘੋੜਿਆਂ ਘੋੜੀਆਂ ਦੀਆਂ ਖ਼ਸਲਤਾਂ ਸਮਝਾਂਦਾ ਰਹਿੰਦਾ ਏ।

ਦੀਨੇ ਮਰਾਸੀ ਦਾ ਨਿੱਕਾ ਮੁੰਡਾ ਭੂੰਦੀ ਪਿੰਡ ਦਾ ਚੌਣਾ ਚਾਰਦਾ ਏ। ਉਹ ਸਵੇਰੇ ਸੂਰਜ ਚੜ੍ਹੇ ਪਿੰਡ ਦਾ ਡੰਗਰ ਵੱਛਾ ਹਿੱਕ ਕੇ ਪਿੜਾਂ ਵਿਚ ਲੈ ਜਾਂਦਾ ਏ। ਉਥੋਂ ਸਾਰੇ ਡੰਗਰਾਂ ਨੂੰ ਕੱਚੀ ਸੜਕੇ ਪਾ ਕੇ ਬੇਲੇ ਪੁਚਾ ਦੇਂਦਾ ਏ। ਡੰਗਰ ਬੇਲੇ ਵਿਚ ਕਾਈ, ਦੱਭ ਤੇ ਪਿਲਸ਼ੀ ਦੇ ਵਿਚ ਮੂੰਹ ਮਾਰਦੇ ਰਹਿੰਦੇ ਨੇ। ਉਹ ਰੇਤ ਦੇ ਕਿਸੇ ਥਿੰਬੜੇ 'ਤੇ ਬਹਿ ਕੇ ਨਗੋਜ਼ਾ ਵਜਾਂਦਾ ਰਹਿੰਦਾ ਏ। ਦੀਨੇ ਦੀ ਕੁੜੀ ਦੀ ਉਮਰ ਅੱਠ ਨੌਂ ਸਾਲ ਏ, ਏਸ ਵਾਸਤੇ ਉਹ ਪਿੰਡ ਦੀ ਵਸੋਂ ਵਿਚ ਕੋਈ ਵਾਧਾ ਘਾਟਾ ਨਹੀਂ ਕਰਦੀ।

ਦੀਨਾ ਮਰਾਸੀ ਅੱਧਖੜ ਉਮਰ ਦਾ ਏ। ਅਫ਼ੀਮ ਖਾਂਦਾ ਤੇ ਭੰਗ ਪੀਂਦਾ ਏ। ਹਮੇਸ਼ਾ ਨੱਕ ਵਿਚ ਬੋਲਦਾ ਏ। ਕਈ ਵਾਰੀ ਇੰਜ ਜਾਪਦਾ ਏ ਉਹ ਗੱਲ ਨਹੀਂ ਕਰ ਰਿਹਾ, ਸੀਟੀ ਵਜਾ ਰਿਹਾ ਏ। ਹੌਲੀ ਹੌਲੀ ਲਮਕਾ ਲਮਕਾ ਕੇ। ਜਿਸ ਵੇਲੇ ਉਹ ਗੱਲ ਸੁਣਾਂਦਾ ਏ ਤੇ ਬੰਦੇ ਨੂੰ ਖਾਹਮਖਾਹ ਹਾਸਾ ਆ ਜਾਂਦਾ ਏ। ਉਹ ਜਿਥੇ ਵੀ ਜਾਵੇ, ਲੋਕ ਖ਼ੁਸ਼ ਹੁੰਦੇ ਨੇ। ਕਈ ਵਾਰੀ ਸਿੱਖ ਮੁਟਿਆਰਾਂ ਉਸ ਨੂੰ ਧਰੇਕ ਥੱਲੇ ਬੁਲਾ ਲੈਂਦੀਆਂ ਨੇ। ਦੁੱਧ ਦਾ ਗਿਲਾਸ ਤੇ ਗੁੜ ਦੀ ਨਿੱਕਰ ਉਹਦੇ ਅੱਗੇ ਰੱਖ ਦੇਂਦੀਆਂ ਨੇ। ਉਹਨੂੰ ਮੀਰਜ਼ਾਦਾ ਕਹਿ ਕੇ ਉਹਦੇ ਕੋਲੋਂ ਵੰਨ ਸੁਵੰਨੀਆਂ ਤੇ ਖੱਟੀਆਂ ਮਿੱਠੀਆਂ ਗੱਲਾਂ ਸੁਣਦੀਆਂ ਨੇ। ਹੱਸ ਹੱਸ ਕੇ ਹਾਲੋਂ ਬੇਹਾਲ ਹੁੰਦੀਆਂ ਨੇ। ਬਾਹਜ਼ ਲੋਕਾਂ ਦਾ ਖ਼ਿਆਲ ਏ ਪਈ ਦੀਨਾ ਮਰਾਸੀ ਬੜਾ ਚਲਾਕ ਬੰਦਾ ਤੇ ਉਹ ਇਕ ਦੂਜੇ ਦੇ ਖ਼ਿਲਾਫ਼ ਗੱਲਾਂ ਕਰ ਕੇ ਘਸੁਸਾਂ ਛੱਡ ਕੇ ਦੰਗਾ ਫਸਾਦ ਕਰਾਂਦਾ ਏ। ਪਰ ਅੱਜ ਤੀਕ ਦੀਨੇ ਮਰਾਸੀ ਦੀ ਕਿਸੇ ਗੱਲ 'ਤੇ ਦੰਗਾ ਫਸਾਦ ਨਹੀਂ ਹੋਇਆ। ਜੇ ਕਿਤੇ ਉਹ ਝੂਠਾ ਪੈ ਜਾਵੇ ਤੇ ਫਟਾ ਫਟ 'ਭਾਗ ਲੱਗੇ ਰਹਿਣ' ਕਹਿ ਕੇ ਮਾਫ਼ੀ ਮੰਗ ਲੈਂਦਾ ਏ।

ਫਰੀਦਪੁਰ ਦਾ ਕੁੱਲ ਰਕਬਾ ਸੱਤ ਸੌ ਘੁਮਾਂ ਏ। ਚਾਰ ਸੌ ਘੁਮਾਂ ਸਿੱਖਾਂ ਦੀ ਤੇ ਤਿੰਨ ਸੌ ਘੁਮਾਂ ਜ਼ਮੀਨ ਪਠਾਣਾਂ ਦੀ ਏ। ਸਿੱਖਾਂ ਵਿਚ ਵੱਡਾ ਮਾਲਕ ਸਰਦਾਰ ਹਰਨਾਮ ਸਿੰਘ ਏ। ਉਹਦੀ ਜ਼ਮੀਨ ਸੌ ਘੁਮਾਂ ਏ। ਪਠਾਣਾਂ ਵਿਚ ਵੱਡਾ ਮਾਲਕ ਮੁਰਾਦ ਖ਼ਾਨ ਏ। ਉਹਦੀ ਜ਼ਮੀਨ ਵੀ ਪੂਰੀ ਸੌ ਘੁਮਾਂ ਏ। ਮੁਰਾਦ ਖ਼ਾਨ ਦੇ ਬਾਅਦ ਮੌਲੂ ਕਬਾਬੀਏ ਦਾ ਨੰਬਰ ਆਉਂਦਾ ਏ। ਉਹਦੀ ਜ਼ਮੀਨ ਪੰਜਾਹ ਘੁਮਾਂ ਸੀ ਪਰ ਹੁਣ ਪੰਦਰ੍ਹਾਂ ਘੁਮਾਂ ਰਹਿ ਗਈ ਏ। ਪੈਂਤੀ ਘੁਮਾਂ ਜ਼ਮੀਨ ਬੈ ਕਰ ਕੇ ਜਾਂ ਗਹਿਣੇ ਪਾ ਕੇ ਕਬਾਬ ਖਾ ਲਏ ਨੇ। ਲੋਕ ਮਖ਼ੌਲ ਦੇ ਤੌਰ 'ਤੇ ਕਹਿੰਦੇ ਨੇ ਪਈ ਮੌਲੂ ਕਬਾਬੀਏ ਕੋਲ ਉਹਦੇ ਪਿਉ ਦਾਦੇ ਦੇ ਵੇਲੇ ਦੀ ਇਕ ਹਾਂਡੀ ਏ ਜੀਹਦੇ ਵਿਚ ਉਹਦੀ ਪੈਂਤੀ ਘੁਮਾ ਜ਼ਮੀਨ ਮੁੱਕ ਗਈ ਏ। ਬਾਅਜ਼ ਲੋਕ ਹੈਰਾਨ ਨੇ ਪਈ ਹਾਂਡੀ ਦੇ ਥੱਲੇ ਵਿਚ ਪੈਂਤੀ ਘੁਮਾਂ ਜ਼ਮੀਨ ਕਿਵੇਂ ਲੁਕ ਸਕਦੀ ਏ। ਹੈਰਾਨ ਹੋਣ ਵਾਲਿਆਂ ਲੋਕਾਂ ਵਿਚ ਦੀਨਾ ਮਰਾਸੀ ਵੀ ਏ।

ਚੜ੍ਹਦੇ ਪਾਸੇ ਪਿੰਡ ਤੋਂ ਕੁਝ ਮੀਲ ਦੂਰ ਨੌਮਣੀ ਵਗਦੀ ਏ। ਏਸ ਨੌਮਣੀ ਵਿਚ ਗਰਮੀਆਂ ਨੂੰ ਮੁੰਡੇ ਕੁੜੀਆਂ ਨਹਾਂਦੇ ਨੇ। ਛਾਲੀਆਂ ਡੱਕ ਕੇ ਮੱਛੀਆਂ ਫੜੀਆਂ ਜਾਂਦੀਆਂ ਨੇ। ਕੰਮੀਆਂ ਦੇ ਫੁੱਲ ਖਿੜਦੇ ਨੇ। ਡੰਗਰ ਵੱਛਾ ਪਾਣੀ ਪੀਂਦਾ ਏ। ਨੌਮਣੀ ਤੋਂ ਦੂਰ ਪਰ੍ਹੇ ਹਟ ਕੇ ਸ਼ਾਹ ਸਕੰਦਰ ਦਾ ਮਕਬਰਾ ਏ। ਮਕਬਰੇ ਤੇ ਨੌਮਣੀ ਦੇ ਵਿਚਕਾਰ ਕਣਕ, ਜਵਾਰ ਤੇ

ਕਮਾਦ ਦੀਆਂ ਫ਼ਸਲਾਂ ਹੁੰਦੀਆਂ ਨੇ। ਬਰਸਾਤ ਲੱਗ ਜਾਏ ਤੇ ਮੁੰਜੀ ਵੀ ਹੁੰਦੀ ਏ ਪਰ ਨੌਮਣੀ ਦੇ ਨਾਲ ਨਾਲ। ਬਰਸਾਤ ਨਾ ਹੋਵੇ ਤੇ ਝੋਨਾ ਚੀੜਾ ਬਣ ਜਾਂਦਾ ਏ ਜਿਸ ਨੂੰ ਕੁਤਰ ਕੇ ਲੋਕ ਡੰਗਰਾਂ ਅੱਗੇ ਪਾ ਛੱਡਦੇ ਨੇ। ਸਭ ਤੋਂ ਬਹੁਤੀ ਫ਼ਸਲ ਉਸ ਜ਼ਮੀਨ ਵਿਚ ਹੁੰਦੀ ਏ ਜਿਹੜੀ ਪਿੰਡ ਤੇ ਨੌਮਣੀ ਦੇ ਵਿਚਕਾਰ ਏ। ਏਸ ਜ਼ਮੀਨ ਵਿਚ ਮੂਲੀਆਂ, ਪਾਲਕ, ਗੋਭੀ, ਕਰੇਲੇ, ਤੋਰੀਆਂ, ਘਿਉ ਕੰਧੋਲੀਆਂ, ਥੋਮ, ਧਨੀਆ, ਗੰਢੇ ਤੇ ਖੀਰੇ ਵੀ ਉਗਦੇ ਤੇ ਪਾਲਦੇ ਨੇ। ਸਬਜ਼ੀ ਵਾਲੀ ਏਸ ਜ਼ਮੀਨ ਨੂੰ ਕੱਚੀਆਂ ਖੂਹੀਆਂ ਦੇ ਪਾਣੀ ਨਾਲ ਸਿੰਜਿਆ ਜਾਂਦਾ ਏ। ਗਰਮੀਆਂ ਨੂੰ ਇਨ੍ਹਾਂ ਕੱਚੀਆਂ ਖੂਹੀਆਂ ਵਿਚ ਸ਼ਾਰਕਾਂ ਖੁੱਡਾਂ ਕੱਢ ਕੇ ਆਲ੍ਹਣੇ ਬਣਾਂਦੀਆਂ ਨੇ। ਆਂਡੇ ਬੱਚੇ ਦੇਂਦੀਆਂ ਨੇ। ਇਹ ਆਂਡੇ ਬੱਚੇ ਅੱਧੇ ਈ ਪਲਦੇ ਨੇ। ਬਾਕੀ ਅੱਧੇ ਮੁੰਡੇ ਭੰਨ ਤੋੜ ਕੇ ਮੁਕਾ ਛੱਡਦੇ ਨੇ।

ਸ਼ਾਹ ਸਕੰਦਰ ਦੇ ਮਕਬਰੇ ਦੇ ਨਾਲੋਂ ਦੀ ਕਦੇ ਰਾਵੀ ਵਗਦੀ ਸੀ ਪਰ ਹੁਣ ਉਥੇ ਬਰੇਤਾ ਸੁੱਟ ਗਿਆ ਏ। ਬਰੇਤਾ ਬੇਲਾ ਬਣ ਗਿਆ ਏ। ਬੇਲੇ ਵਿਚ ਸਿਰਫ਼ ਦੀਨੇ ਮਰਾਸੀ ਦਾ ਮੁੰਡਾ ਚੌਣਾ ਚਾਰਦਾ ਏ ਜਾਂ ਕਦੇ ਕਦੇ ਕਿਰਪਾ ਸਿੰਘ ਓਗਰੇ ਦੇ ਹੀਣੇ ਸਾਂਹਸੀ ਨੂੰ ਨਾਲ ਲੈ ਕੇ ਆਉਂਦਾ ਏ। ਫ਼ਰੀਦਪੁਰ ਦੇ ਮੁੰਡੇ ਉਨ੍ਹਾਂ ਨਾਲ ਮਿਲ ਕੇ ਖ਼ਰਗੋਸ਼ ਤੇ ਗਿੱਦੜ ਮਾਰਦੇ ਨੇ। ਮਕਬਰੇ ਤੋਂ ਇਕ ਕੋਹ ਹਟਵੀਂ ਰਾਵੀ ਏ। ਜਦੋਂ ਰਾਵੀ ਵਿਚ ਹੜ੍ਹ ਆਉਂਦਾ ਏ ਤੇ ਬੇਲੇ ਦੀ ਜੂਹ ਵਿਚ ਹਰ ਪਾਸੇ ਪਾਣੀ ਦੇ ਹੜਲ ਚੜ੍ਹ ਜਾਂਦੇ ਨੇ। ਖ਼ਰਗੋਸ਼ ਤੇ ਗਿੱਦੜ ਨੱਸ ਕੇ ਸ਼ਾਹ ਸਕੰਦਰ ਦੇ ਮਕਬਰੇ ਦੇ ਨਾਲ ਬਣੇ ਹੋਏ ਛੋਟੇ ਛੋਟੇ ਕਮਰਿਆਂ ਵਿਚ ਅੱਗ ਸੇਕਣ ਚਲੇ ਆਉਂਦੇ ਨੇ। ਮਕਬਰੇ ਦਾ ਮਜਾਵਰ ਸਾਈਂ ਸੱਪ ਇਨ੍ਹਾਂ ਦਿਨਾਂ ਵਿਚ ਕੱਲਾ ਨਹੀਂ ਰਹਿੰਦਾ। ਉਹ ਖ਼ਰਗੋਸ਼ਾਂ ਤੇ ਗਿੱਦੜਾਂ ਨਾਲ ਗੱਪਾਂ ਮਾਰਦਾ ਰਹਿੰਦਾ ਏ।

ਇਹ ਤੇ ਸੀ ਫ਼ਰੀਦਪੁਰ ਦਾ ਚੜ੍ਹਦਾ ਪਾਸਾ। ਫ਼ਰੀਦਪੁਰ ਦੇ ਲਹਿੰਦੇ ਪਾਸੇ, ਜਿਹਨੂੰ ਲੋਕ ਮੈਰਾ ਆਖਦੇ ਨੇ, ਬੜੀ ਤੱਥ ਜ਼ਮੀਨ ਏ। ਏਸ ਜ਼ਮੀਨ ਵਿਚ ਹਰ ਫ਼ਸਲ ਹੁੰਦੀ ਏ।

ਪਿੰਡ ਦੇ ਏਸੇ ਪਾਸੇ ਪਿੜ ਨੇ ਜਿਥੇ ਮਰਲੀਆਂ ਲੱਗਦੀਆਂ ਨੇ ਤੇ ਗਾਹ ਪੈਂਦੇ ਨੇ। ਪਿੜਾਂ ਦੇ ਆਲੇ ਦੁਆਲੇ ਟਾਹਲੀਆਂ ਖਲੋਤੀਆਂ ਨੇ। ਜਵਾਰ ਪੱਕਣ ’ਤੇ ਏਥੇ ਮੁੰਡੇ ਕੁੜੀਆਂ ਕੱਠੇ ਹੁੰਦੇ ਨੇ। ਟਾਹਲੀਆਂ ਦੇ ਉੱਤੇ ਮਨ੍ਹੇ ਪਾਉਂਦੇ ਨੇ। ਥੱਲੇ ਢਾਂਡਰਲੀ ਲਾ ਕੇ ਦੋਧੀਆਂ ਛੱਨੀਆਂ ਭੁੰਨਦੇ ਨੇ। ਕਦੇ ਇੰਜ ਵੀ ਹੁੰਦਾ ਏ ਪਈ ਮੁਟਿਆਰ ਮਨ੍ਹੇ ’ਤੇ ਬਹਿ ਕੇ ਹਾ ਹੂ ਕਰ ਰਹੀ ਕਾਂ ਤੇ ਤੋਤੇ ਉਡਾ ਰਹੀ ਏ। ਕੋਈ ਸ਼ੈਤਾਨ ਮੁੰਡਾ ਹੇਕ ਲਾ ਕੇ ਗੌਂਦਾ ਏ :—

ਸਿਫ਼ਤਾਂ ਯਾਰ ਦੀਆਂ...
ਮੈਂ ਬੈਠ ਮਨ੍ਹੇ ਤੇ ਕਰਦੀ, ਸਿਫ਼ਤਾਂ ਯਾਰ ਦੀਆਂ

ਇਹੋ ਜਿਹੇ ਸ਼ੈਤਾਨ ਮੁੰਡਿਆਂ ਨੂੰ ਹਮੇਸ਼ਾ ਇੰਜ ਦਾ ਜਵਾਬ ਮਿਲਦਾ—

“ਘਰ ਮਾਂ ਭੈਣ ਨ੍ਹੀਂ ਹੈਗੀ। ਏਥੇ ਆ ਗਿਆ ਏਂ ਕੁੱਤੇ ਵਾਂਗਰ ਭੌਂਕਣ।” ਮੁੰਡਾ ਇਨ੍ਹਾਂ ਲਫ਼ਜ਼ਾਂ ਨੂੰ ਤਮਗਾ ਸਮਝਦਾ ਏ ਤੇ ਹੱਸਦਾ ਹੱਸਦਾ ਅਗਾਂਹ ਵਧ ਜਾਂਦਾ ਏ।

ਪਿੜਾਂ ਤੋਂ ਕੋਈ ਦੋ ਪੈਲੀਆਂ ਹਟ ਕੇ ਡੂੰਘਾ ਖੂਹ ਏ। ਇਹ ਖੂਹ ਸਰਦਾਰ ਹਰਨਾਮ ਸਿੰਘ ਦਾ ਏ। ਇਹ ਟਿੰਡਾਂ ਵਾਲਾ ਖੂਹ ਏ। ਖੂਹ ਦੇ ਆਲੇ ਦੁਆਲੇ ਟਾਹਲੀਆਂ, ਧਰੇਕਾਂ ਤੇ ਤੂਤਾਂ ਦਾ ਝੁੰਡ ਏ। ਟਿੰਡਾਂ ਦਾ ਪਾਣੀ ਪਾੜਛੇ ਵਿਚੋਂ ਪੈਂਦਾ ਏ। ਉਥੋਂ ਸੀਮੈਂਟ ਦੇ ਬਣੇ ਹੋਏ ਪੱਕੇ ਹੌਜ਼ ਵਿਚ ਇਕੱਠਾ ਹੁੰਦਾ ਏ। ਹੌਜ਼ ਵਿਚੋਂ ਨਾਲੀ ਥਾਣੀਂ ਪਾਣੀ ਕਿਆਰੀਆਂ ਤੇ ਖੇਤਰਾਂ ਨੂੰ ਜਾਂਦਾ ਏ।



ਗਰਮੀਆਂ ਦੀ ਬਹਾਰੇ ਪਿੰਡ ਦੀਆਂ ਕੁੜੀਆਂ ਚਿੜੀਆਂ ਚਰਖੇ ਪੀਹੜੇ ਚੁੱਕ ਕੇ ਡੂੰਘੇ ਖੂਹ ਦੇ ਤੂਤਾਂ, ਧਰੇਕਾਂ ਤੇ ਟਾਹਲੀਆਂ ਦੀ ਛਾਂ ਹੇਠਾਂ ਆ ਜਾਂਦੀਆਂ ਨੇ। ਗੀਤ ਗੌਂਦੀਆਂ ਨੇ। ਗੋਹੜੇ ਕਤਦੀਆਂ ਨੇ। ਜਦੋਂ ਬਹੁਤਾ ਵੱਟ ਜਾਂ ਗਰਮੀ ਲੱਗੇ ਤੇ ਦੋ ਤਿੰਨ ਕੁੜੀਆਂ ਖੂਹ ਗੇੜਦੀਆਂ ਨੇ। ਦੋ ਤਿੰਨ ਕੱਪੜੇ ਲੀੜੇ ਲਾਹ ਕੇ ਹੌਜ਼ ਵਿਚ ਵੜ ਜਾਂਦੀਆਂ ਨੇ। ਚੁਭੀਆਂ ਮਾਰ ਮਾਰ ਕੇ ਨਹਾਉਂਦੀਆਂ ਨੇ। ਨਹਾਵਣ ਪਿੱਛੋਂ ਚਰਖਾ ਛੱਡ ਕੇ ਵਾਲ ਸੁਕਾਉਂਦੀਆਂ ਰਹਿੰਦੀਆਂ ਨੇ।

ਸ਼ਾਮਾਂ ਨੂੰ ਮੁੰਡੇ ’ਕੱਠੇ ਹੁੰਦੇ ਨੇ। ਬੌਂਸਰੀਆਂ ਵੱਜਦੀਆਂ ਨੇ। ਮਾਹੀਏ ਢੋਲੇ ਗਾਏ ਜਾਂਦੇ ਨੇ। ਹੀਰ ਪੜ੍ਹੀ ਜਾਂਦੀ ਏ। ਡੰਡ ਬੈਠਕਾਂ ਵਜਦੀਆਂ ਨੇ। ਮੇਲਿਆਂ—ਕੌਡੀ, ਦੰਗਲ, ਘੋੜ-ਦੌੜ ਤੇ ਪੜਛੂਕਣੀ= ਦੇ ਪ੍ਰੋਗਰਾਮ ਬਣਦੇ ਨੇ।

ਡੂੰਘੇ ਖੂਹ ’ਤੇ ਇਕ ਕੋਠਾ ਵੀ ਏ। ਮੀਂਹ ਕਣੀ ਹੋਵੇ ਤੇ ਉਹ ਬਚਾਅ ਦਾ ਕੰਮ ਦੇਂਦਾ ਏ।

ਜਿਥੇ ਮੈਰਾ ਮੁੱਕਦਾ ਏ, ਉਥੋਂ ਓਗਰੇ ਦੇ ਲੁਬਾਣਿਆਂ ਦੀ ਜ਼ਮੀਨ ਸ਼ੁਰੂ ਹੋ ਜਾਂਦੀ ਏ। ਇਹ ਪਿੰਡ ਸਰਦਾਰ ਹਰਨਾਮ ਸਿੰਘ ਦੀ ਭੈਣ ਕੁਲਵੰਤ ਕੌਰ ਦੇ ਮੁੰਡੇ ਕਿਰਪਾ ਸਿੰਘ ਦਾ ਏ। ਕਿਰਪਾ ਸਿੰਘ ਦੀ ਕੁੜਮਾਈ ਹਰਨਾਮ ਸਿੰਘ ਦੀ ਧੀ ਪ੍ਰੀਤਮ ਕੌਰ ਨਾਲ ਹੋਈ ਏ। ਮੁਰਾਦ ਖ਼ਾਨ ਦੇ ਲਫ਼ਜ਼ਾਂ ਵਿਚ ਕਿਰਪਾ ਸਿੰਘ ਕੱਲੇ ਹਰਨਾਮ ਸਿੰਘ ਦਾ ਜਵਾਈ ਨਹੀਂ, ਉਹ ਸਾਰੇ ਪਿੰਡ ਦਾ ਜਵਾਈ ਏ।

ਫ਼ਰੀਦਪੁਰ ਦੇ ਲੋਕ ਸਿੱਧੇ ਪੱਧਰੇ ਜੱਟ ਜ਼ਿਮੀਂਦਾਰ ਨੇ। ਵਾਹੀ ਬੀਜੀ ਉਨ੍ਹਾਂ ਦਾ ਪੇਸ਼ਾ ਏ। ਹੱਡ ਭੰਨ ਕੇ ਕਾਰ ਕਰਦੇ ਨੇ ਤੇ ਮੌਜਾਂ ਮਾਣਦੇ ਨੇ। ਨਿੱਕੇ ਨਿੱਕੇ ਮੁਕੱਦਮੇ ਹਵੇਲੀਆਂ ’ਚ ਬਹਿ ਕੇ ਮੁਕਾ ਲੈਂਦੇ ਨੇ। ਵੱਡੇ ਮੁਕੱਦਮੇ ਪੱਲੇ ਪੈ ਜਾਣ ਤੇ ਥਾਣੇ, ਕਚਹਿਰੀਆਂ ਤੇ ਹਸਪਤਾਲਾਂ ਵਿਚ ਮੁੱਕਦੇ ਨੇ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਫ਼ਰੀਦਪੁਰ ਦੇ ਸਿੱਖਾਂ ਤੇ ਮੁਸਲਮਾਨਾਂ ਕੋਲੋਂ ਯਰਕਦੇ ਨੇ।

ਕਿਉਂ ਪਈ ਬਾਹਰਲੇ ਪਿੰਡ ਦੇ ਮੁਕਾਬਲੇ ਵਿਚ ਉਹ ਇਕਮੁੱਠ ਹੋ ਕੇ ਖਲੋ ਜਾਂਦੇ ਨੇ ਤੇ ਇਕ-ਜਾਨ ਬਣ ਕੇ ਸਖ਼ਤੀਆਂ ਨਰਮੀਆਂ ਝੱਲਦੇ ਨੇ।

...

ਸ਼ਾਹ ਸਕੰਦਰ ਦਾ ਮੇਲਾ ਇਕ ਦਿਨ ਤੇ ਇਕ ਰਾਤ ਰਹਿੰਦਾ ਏ। ਦਿਨ ਆਮ ਤੌਰ ’ਤੇ ਜ਼ਨਾਨੀਆਂ, ਬੁੱਢੇ ਠਿਹਰੇ ਤੇ ਬੱਚੇ ਮੇਲਾ ਵੇਖਦੇ ਨੇ। ਅਸਲ ਮੇਲਾ ਰਾਤ ਨੂੰ ਹੁੰਦਾ ਏ। ਗੱਭਰੂ ਤੇ ਉਹ ਸ਼ੌਕੀਨ ਬੰਦੇ ਮੇਲਾ ਵੇਖਦੇ ਨੇ ਜਿਨ੍ਹਾਂ ਦੀ ਕੰਨੀ ਚਾਰ ਪੈਸੇ ਹੁੰਦੇ ਨੇ। ਕਿਉਂ ਪਈ ਕੰਜਰੀਆਂ ਤੇ ਨੱਚਣ ਗੌਣ ਵੇਲੇ ਮੁੰਡਿਆਂ ਨੂੰ ਵੇਲਾਂ ਸ਼ੇਲਾਂ ਕਰਾਉਣੀਆਂ ਹੁੰਦੀਆਂ ਨੇ। ਰਾਤ ਫਸਾਦ ਦਾ ਵੀ ਖ਼ਤਰਾ ਹੁੰਦਾ ਏ। ਉਹ ਇੰਜ ਕਿ ਵੇਲੀ ਵੇਲਾਂ ਕਰਾਉਂਦੇ ਇਕ ਦੂਜੇ ਨਾਲ ਖਹਿਬੜ ਪੈਂਦੇ ਨੇ। ਡਾਂਗ ਸੋਟਾ ਚਲ ਜਾਂਦਾ ਏ। ਦਿਨ ਨੂੰ ਅਮਨ ਚੈਨ ਈ ਰਹਿੰਦਾ ਏ। ਸੂਫ਼ੀ ਕਿਸਮ ਦੇ ਲੋਕ ਬਾਲ ਨਿਆਣਿਆਂ ਨੂੰ ਉਂਗਲੀ ਲਾ ਕੇ ਮੇਲੇ ਵਿਚ ਆਉਂਦੇ ਨੇ। ਉਨ੍ਹਾਂ ਨੂੰ ਭੱਲੇ ਪਕੌੜੀਆਂ ਤੇ ਜਲੇਬ ਲੈ ਕੇ ਖਲਾਉਂਦੇ ਨੇ। ਭੱਲਿਆਂ ਪਕੌੜੀਆਂ ਵਿਚ ਭੱਲੇ ਤੇ ਪਕੌੜੇ ਘੱਟ ਹੁੰਦੇ ਨੇ। ਮਿਰਚ ਮਸਾਲਾ ਤੇ ਕੱਖਕਾਣ ਬਹੁਤਾ ਹੁੰਦਾ ਏ। ਜਲੇਬ ਗੁੜ ਵਿਚ ਕੱਢੇ ਹੁੰਦੇ ਨੇ। ਖੁੱਖਲ ਤੇ ਘੱਟਾ ਉਨ੍ਹਾਂ ’ਤੇ ਜੰਮਿਆ ਹੁੰਦਾ ਏ। ਸ਼ਹਿਰੀ ਲੋਕ ਖਾ ਲੈਣ ਤੇ ਮੂਧੇ ਹੋ ਜਾਣ ਪਰ ਪੇਂਡੂ ਲੋਕ ਖਾਂਦੇ ਨੇ। ਉਨ੍ਹਾਂ ਨੂੰ ਕੁਝ ਵੀ ਨਹੀਂ ਹੁੰਦਾ।

ਮਿਹਦੇ ਦੀ ਗੱਲ ਏ ਨਾ।

ਬਹੁਤੀ ਵਿਕਰੀ ਉਨ੍ਹਾਂ ਛਾਬੜੀ ਵਾਲਿਆਂ ਦੀ ਹੁੰਦੀ ਏ ਜਿਹੜੇ ਚੂੜੀਆਂ, ਵੰਗਾਂ ਤੇ ਤਵੀਤ ਧਾਗੇ ਵੇਚਦੇ ਨੇ। ਕੁੜੀਆਂ ਚਿੜੀਆਂ ਆਪਣੇ ਸਾਰੇ ਜੋੜੇ ਹੋਏ ਪੈਸੇ ਉਨ੍ਹਾਂ ਛਾਬੜੀ ਵਾਲਿਆਂ ਨੂੰ ਦੇਂਦੀਆਂ ਨੇ। ਆਪ ਵੰਗਾਂ ਛਣਕਾਉਂਦੀਆਂ ਮੇਲਾ ਪਈਆਂ ਵੇਖਦੀਆਂ ਨੇ।

ਲੌਢਾ ਵੇਲਾ ਏ। ਬੁੱਢਿਆਂ ਬੰਦਿਆਂ ਦੀਆਂ ਟੋਲੀਆਂ ਤੇ ਢਾਣੀਆਂ ਮੇਲੇ ਵਿਚ ਆ ਰਹੀਆਂ ਨੇ। ਬਹੁਤੇ ਲੋਕ ਪੈਦਲ ਈ ਟੁਰੇ ਆਉਂਦੇ ਨੇ। ਕੁਝ ਲੋਕ ਘੋੜੀਆਂ 'ਤੇ ਆ ਰਹੇ ਨੇ। ਪੈਦਲ ਆਉਣ ਵਾਲੇ ਦਿਨ ਦੇ ਮੇਲੀ ਨੇ। ਘੋੜੀਆਂ 'ਤੇ ਆਉਣ ਵਾਲੇ ਮੇਲੇ ਵਿਚ ਗੇੜਾ ਮਾਰਨਗੇ ਤੇ ਪਤਾ ਕਰਨਗੇ ਪਈ ਰਾਤ ਨੂੰ ਕਿਹੜਾ ਕਿਹੜਾ ਸ਼ੁਗਲਾ ਮੇਲਾ ਲੱਗੇਗਾ। ਨਾਚੇ ਨੱਚਣਗੇ ਜਾਂ ਕੰਜਰੀਆਂ ?

ਇਹ ਸੂਹ ਬੂਹ ਲੈ ਕੇ ਉਹ ਵਾਪਸ ਆਪਣੇ ਆਪਣੇ ਪਿੰਡਾਂ ਨੂੰ ਪਰਤ ਜਾਣਗੇ। ਪਿੰਡ ਜਾ ਕੇ ਆਪਣੇ ਸੰਗੀਆਂ ਸਾਥੀਆਂ ਨੂੰ ਮੇਲੇ ਵਿਚ ਨੱਚਣ ਗਾਉਣ ਵਾਲਿਆਂ ਬਾਰੇ ਦੱਸਣਗੇ। ਇਹ ਇਕ ਤਰ੍ਹਾਂ ਦੇ ਹਰਕਾਰੇ ਨੇ ਜਿਨ੍ਹਾਂ ਨੂੰ ਪਿੰਡ ਦੇ ਲੋਕਾਂ ਨੇ ਮੇਲੇ ਦੀ ਚੜ੍ਹਤ ਜਾਂ ਫਿੱਕੇਪਨ ਦਾ ਪਤਾ ਲੈਣ ਭੇਜਿਆ ਏ।

ਕੁੜੀਆਂ ਦੀ ਇਕ ਟੋਲੀ ਸ਼ਾਹ ਸਕੰਦਰ ਦੇ ਮਜ਼ਾਰ ਵੱਲ ਜਾ ਰਹੀ ਏ। ਜ਼ਨਾਨੀਆਂ ਤੇ ਕੁੜੀਆਂ ਨੇ ਸਿਰਾਂ 'ਤੇ ਚੰਗੇਰਾਂ ਤੇ ਪਰਾਤਾਂ ਚੁੱਕੀਆਂ ਹੋਈਆਂ ਨੇ। ਇਨ੍ਹਾਂ ਵਿਚ ਚੂਰਮਾ ਏ।

ਚੂਰਮਾ ਚੂਰੀ ਦਾ ਵੱਡਾ ਭਰਾ ਸਮਝ ਲੋ। ਕਣਕ ਦੀਆਂ ਰੋਟੀਆਂ ਦੇ ਨਿੱਕੇ ਨਿੱਕੇ ਟੁਕੜੇ ਕਰ ਕੇ ਉਨ੍ਹਾਂ ਵਿਚ ਘਿਉ ਤੇ ਸ਼ੱਕਰ ਮਿਲਾ ਦੇਂਦੇ ਨੇ। ਫਿਰ ਇਨ੍ਹਾਂ ਤਿੰਨਾਂ ਚੀਜ਼ਾਂ ਨੂੰ ਆਪਸ ਵਿਚ ਗੁੰਨ੍ਹ ਦਿੱਤਾ ਜਾਂਦਾ ਏ। ਸ਼ਾਹ ਸਕੰਦਰ ਦੇ ਮਜ਼ਾਰ 'ਤੇ ਮਣਾਂ ਮੂੰਹੀਂ ਚੂਰਮਾ ਇਕੱਠਾ ਹੁੰਦਾ ਏ। ਬਸ ਰੀਤ ਦੀ ਗੱਲ ਏ। ਚੂਰਮੇ ਦੀ ਥਾਂ ਲੂਣ ਦੀ ਰੀਤ ਟੁਰ ਪੈਂਦੀ ਤੇ ਖਬਰੇ ਲੋਕ ਲੂਣ ਦੀਆਂ ਨਿੱਕਰਾਂ ਦੇ ਪਹਾੜ ਖੜ੍ਹੇ ਕਰ ਦੇਂਦੇ। ਪਰ ਚੂਰਮੇ ਵਿਚ ਇਕ ਫ਼ਾਇਦਾ ਏ। ਬੁੱਕ ਭਰੋ ਤੇ ਮੂੰਹ ਵਿਚ ਸੁੱਟੋ। ਮਿੱਠਾ ਸਵਾਦਲਾ ਤੇ ਫੇਰ ਘਿਉ ਵਾਲਾ। ਲੂਣ ਖਾਣ ਵਾਸਤੇ ਬਾਲਣ ਹਾਂਡੀ, ਡੋਈ ਤੇ ਚੁੱਲ੍ਹੇ ਚੌਂਕੇ ਦੀ ਲੋੜ ਪੈਂਦੀ ਏ।

ਜ਼ਨਾਨੀਆਂ ਤੇ ਕੁੜੀਆਂ ਹੋਰ ਨੇੜੇ ਆ ਗਈਆਂ ਨੇ। ਉਹ ਲੰਮੀਆਂ ਹੇਕਾਂ ਨਾਲ ਗਾ ਰਹੀਆਂ ਨੇ :

ਪੀਰਾ ਸੱਚ ਦਿਆ ਵੇ, ਲਾਜਾਂ ਰੱਖਦਿਆਂ ਵੇ
ਮੇਰਾ ਧਿਆਨ ਤੇਰੇ ਵੱਲ ਪੀਰਾ
ਮੇਰੇ ਹੱਥ ਚੰਬੇ ਦੀਆਂ ਠੂਠੀਆਂ
ਮੇਰਾ ਪੀਰ ਸੱਚਾ ਤੇ ਮੈਂ ਝੂਠੀ ਆਂ
ਵੇ ਬਹੁੜ ਪੀਰਾ !

ਇਹ ਜ਼ਨਾਨੀਆਂ ਤੇ ਕੁੜੀਆਂ ਚੂਰਮਾ ਮਜ਼ਾਰ ਦੇ ਮਜਾਵਰ ਸਾਈਂ ਸੱਪ ਦੇ ਹਵਾਲੇ ਕਰਨਗੀਆਂ। ਆਪ ਮਜ਼ਾਰ ਦੀ ਵਲਗਣ ਦੇ ਨਾਲ ਖਲੋ ਕੇ, ਹੱਥ ਚੁੱਕ ਕੇ ਦੁਆਵਾਂ ਤੇ ਮੰਨਤਾਂ ਮੰਨਣਗੀਆਂ। ਕੋਈ ਪੁੱਤਰ ਮੰਗਦੀ ਏ। ਕੋਈ ਦੁੱਧ ਮੰਗਦੀ ਏ। ਕਿਸੇ ਦਾ ਖ਼ਾਵੰਦ ਬੜਾ ਭੈੜਾ ਏ। ਉਹਦੇ ਕੋਲੋਂ ਅਮਾਨ ਮੰਗਦੀ ਏ। ਕਿਸੇ ਦੇ ਘਰ ਸੱਤ ਪੁੱਤ ਹੋਏ ਨੇ। ਉਹ ਧੀ ਮੰਗਦੀ ਏ। ਕਿਸੇ ਨੇ ਕਿਸੇ ਖ਼ਾਸ ਕੁੱਜੇ ਵਿਚ ਰੁਪਏ ਲੁਕਾ ਕੇ ਰੱਖੇ ਹੋਏ ਨੇ। ਉਹ ਚਾਂਹਦੀ ਏ ਪਈ ਉਹਦੇ ਘਰ ਵਾਲੇ ਨੂੰ ਪਤਾ ਨਾ ਲੱਗੇ। ਜੇ ਪਤਾ ਲੱਗ ਗਿਆ ਤੇ ਉਹ



ਆਪਣੇ ਭਰਾ ਦੇ ਵਿਆਹ 'ਤੇ ਕੀ ਖ਼ਰਚ ਕਰੇਗੀ। ਕੋਈ ਆਪਣੀ ਸ਼ਰੀਕਣੀ ਦੀ ਮੌਤ ਦੀ ਤਲਬਗਾਰ ਏ। ਕਿਸੇ ਨੂੰ ਡਰ ਏ ਪਈ ਉਹਦਾ ਖ਼ਾਵੰਦ ਦੂਜਾ ਵਿਆਹ ਨਾ ਕਰ ਲਏ। ਉਹ ਸ਼ਾਹ ਸਕੰਦਰ ਕੋਲੋਂ ਮਦਦ ਚਾਂਹਦੀ ਏ।

ਕੰਵਾਰੀਆਂ ਕੁੜੀਆਂ ਆਪਣੇ ਵੀਰਾਂ ਅਤੇ ਭਾਬੀਆਂ ਦੀ ਹਯਾਤੀ ਦੀ ਦੁਆ ਮੰਗਦੀਆਂ ਨੇ। ਕਿਉਂ ਜੋ ਉਨ੍ਹਾਂ ਈ ਇਨ੍ਹਾਂ ਧੀਆਂ ਭੈਣਾਂ ਦੇ ਕਾਰਜ ਸਵਾਰਨੇ ਨੇ।

ਮਜ਼ਾਰ 'ਤੇ ਕਵਾਲੀ ਹੋ ਰਹੀ ਏ। ਕਵਾਲਾਂ ਦੀ ਟੋਲੀ ਦੇ ਸਾਹਮਣੇ ਪਿੱਛੇ ਤੇ ਖੱਬੇ ਸੱਜੇ ਕਿਸਮ ਕਿਸਮ ਦੇ ਮਲੰਗ ਤੇ ਫ਼ਕੀਰ ਬੈਠੇ ਨੇ। ਕਿਸੇ ਦੀ ਟਿੰਡ ਏ। ਕਿਸੇ ਦੇ ਸਿਰ 'ਤੇ ਲਿਟਾਂ ਨੇ। ਕਿਸੇ ਨੇ ਛੱਡੇ ਤੇ ਪਟੇ ਰੱਖੇ ਹੋਏ ਨੇ। ਕਿਸੇ ਨੇ ਬੋਦੀ। ਕੋਈ ਕੰਨਾਂ ਤੋਂ ਬੁੱਚਾ ਏ। ਕਿਸੇ ਨੇ ਕੰਨਾਂ ਵਿਚ ਝੁਮਕੇ ਪਾਏ ਹੋਏ ਨੇ। ਕਿਸੇ ਦੇ ਲੱਗ ਲੰਗੋਟੀ ਏ। ਕਿਸੇ ਨੇ ਅਰਬਾਂ ਵਾਂਗ ਆਪਣਾ ਸਾਰਾ ਸਰੀਰ ਕੱਪੜਿਆਂ ਵਿਚ ਲੁਕਾਇਆ ਹੋਇਆ ਏ। ਕੋਈ 'ਹਕ ਹੂ' ਦਾ ਨਾਅਰਾ ਮਾਰਦਾ ਏ। ਕੋਈ 'ਅਲੀ ਲਾ' ਮੌਦਾ ਜੈਕਾਰਾ। ਕੋਈ ਸੰਖ ਵਜਾਂਦਾ ਏ। ਕੋਈ ਕੁਝ ਵੀ ਨਹੀਂ ਵਜਾਂਦਾ। ਕੋਈ ਹਾਲ ਖੇਡਦਾ ਏ। ਕੋਈ ਲੱਤ ਚੁੱਕ ਕੇ ਭੰਗੜਾ ਪਾਂਦਾ ਏ। ਕਿਸੇ ਨੇ ਜੁੱਸੇ ਤੇ ਗਾਚਨੀ ਤੇ ਆਟਾ ਮਲੇ ਹੋਏ ਨੇ। ਕਿਸੇ ਨੇ ਕਾਲੀ ਸਿਆਹੀ। ਕਿਸੇ ਨੇ ਆਪਣੇ ਮੋਢੇ ਤੇ ਮੁਤਕਹਿਰ ਰੱਖੀ ਹੋਈ ਏ। ਕਿਸੇ ਨੇ ਹੱਥ ਵਿਚ ਸੋਟੀ ਫੜੀ ਹੋਈ ਏ। ਕਿਸੇ ਦਾ ਮੂੰਹ ਕੱਦੂ ਵਾਂਗ ਗੋਲ ਏ। ਕਿਸੇ ਦਾ ਕਰੇਲੇ ਵਾਂਗੂ ਲੰਮਾ। ਕਿਸੇ ਦਾ ਨੱਕ ਟਿੱਚ ਬਟਨ ਵਾਂਗ ਫੀਨਾ ਏ। ਕਿਸੇ ਦਾ ਬਗਲੇ ਦੀ ਚੁੰਝ ਵਾਂਗ ਤ੍ਰਿਖਾ।

ਅਸਲ ਵਿਚ ਇਹ ਸਾਰੇ ਮਲੰਗ ਤੇ ਫ਼ਕੀਰ ਨਕੰਮੇ ਹੈਗੇ ਨੇ। ਕੋਈ ਵਾਹੀ ਤੋਂ ਡਰ ਕੇ ਫ਼ਕੀਰ ਬਣ ਗਿਆ ਏ। ਕੋਈ ਆਪਣੀ ਤੀਵੀਂ ਨੂੰ ਤਲਾਕ ਦੇ ਕੇ। ਕੋਈ ਨਿੱਕਾ ਹੁੰਦਾ ਭੰਗ ਤੇ ਚਰਸ ਦੀ ਚਾਟ ਵਿਚ ਫਸ ਕੇ ਨਕੰਮਾ ਹੋ ਗਿਆ ਏ। ਕੋਈ ਚੋਰੀ-ਚਕਾਰੀ ਛੱਡ ਕੇ ਸੁਖੱਲੀ ਜ਼ਿੰਦਗੀ ਦੀ ਤਲਾਸ਼ ਵਿਚ ਮਲੰਗ ਬਣ ਬੈਠਾ। ਇਹ ਮਲੰਗ ਤੇ ਸਾਈਂ ਨਾ ਆਪਣੇ ਜੋਗੇ ਨੇ। ਨਾ ਲੋਕਾਂ ਜੋਗੇ ਨੇ। ਨਾ ਖ਼ੁਦਾ ਜੋਗੇ। ਇਨ੍ਹਾਂ ਦਾ ਹੋਣਾ ਨਾ ਹੋਣਾ ਇਕ ਬਰਾਬਰ ਏ। ਪਰ ਪਿੰਡਾਂ ਦੇ ਸਿੱਧ ਪੱਧਰੇ ਮਰਦਾਂ ਤੀਵੀਆਂ ਦੇ ਵਹਿਮਾਂ ਦੀ ਵਜ੍ਹਾ ਕਰਕੇ ਐਸ਼ ਪਏ ਕਰਦੇ ਨੇ।

ਦੀਨਾ ਮਰਾਸੀ ਕਵਾਲੀ ਸੁਣ ਰਿਹਾ ਏ। ਉਹਦਾ ਸਿਰ ਅਫ਼ੀਮ ਦੇ ਲੋਰ ਵਿਚ ਹਲੂਣੇ ਪਿਆ ਲੈਂਦਾ ਏ। ਮੌਲੂ ਕਬਾਬੀਆ ਆਪਣੀਆਂ ਮੁੱਛਾਂ ਚੂਪਦਾ ਹੋਇਆ ਕਦੇ ਕਦੇ ਮਜ਼ਾਰ ਦੇ ਆਲੇ ਦੁਆਲੇ ਖਲੋਤੀਆਂ ਕੁੜੀਆਂ ਵੱਲ ਨਜ਼ਰ ਮਾਰਦਾ ਏ। ਫੇਰ ਖੀਸੇ ਵਿਚੋਂ ਨੋਟ ਕੱਢ ਕੇ ਵੇਲ ਕਰਾਉਂਦਾ ਏ।

ਕਵਾਲ ਤਾਲੋਂ ਬੇਤਾਲ ਹੋਏ ਨੇ। ਕਾਫ਼ੀ ਦੇ ਬੋਲ 'ਇਕੋ ਅਲਫ਼ ਤੇਰੀ ਦਰਕਾਰ' 'ਤੇ ਅਟਕੇ ਹੋਏ ਬੋਲ ਦੀ ਮਿੱਟੀ ਪਲੀਤ ਕਰ ਰਹੇ ਨੇ।

ਮੌਲੂ ਕਬਾਬੀਆ ਤੇ ਦੀਨਾ ਮਰਾਸੀ ਮਜ਼ਾਰ ਕੋਲ ਬੈਠੇ ਸ਼ਾਮ ਤੀਕਰ ਕਵਾਲੀ ਸੁਣਨਗੇ। ਫੇਰ ਭੰਡਾਰਾ ਖਾ ਕੇ ਬਿਜਲੀ ਕੰਜਰੀ ਦੇ ਮੁਜਰੇ ਵਿਚ ਜਾ ਬਹਿਣਗੇ।

ਸਾਰੇ ਇਲਾਕੇ ਵਿਚ ਬਿਜਲੀ ਕੰਜਰੀ ਦੇ ਆਉਣ ਦੀਆਂ ਧੁੰਮਾਂ ਨੇ। ਹਰਕਾਰਿਆਂ ਨੇ ਪਿੰਡੋਂ ਪਿੰਡ ਜਾ ਕੇ ਆਪਣੇ ਸੰਗੀਆਂ ਸਾਥੀਆਂ ਨੂੰ ਦੱਸ ਦਿੱਤਾ ਏ ਕਿ ਰਾਤ ਬਿਜਲੀ ਕੰਜਰੀ ਦਾ ਮੁਜਰਾ ਹੋਵੇਗਾ। ਲੋਕ ਛੇਤੀ ਛੇਤੀ ਪੱਠਾ-ਦੱਥਾ ਬਣਾ ਰਹੇ ਨੇ। ਡੰਗਰਾਂ ਨੂੰ ਪਾਣੀ ਡਾਹ ਰਹੇ ਨੇ ਤਾਂ ਜੋ ਉਹ ਨਿਸਚਿੰਤ ਤੇ ਲਾਪ੍ਰਵਾਹ ਹੋ ਕੇ ਮੁਜਰੇ ਵਿਚ ਸ਼ਾਮਲ ਹੋ ਸਕਣ। ਹਰ

ਇਕ ਦੀ ਕੋਸ਼ਿਸ਼ ਏ ਪਈ ਉਹ ਮੁਜਰਾ ਵੇਖੇ। ਪਰ ਘਰ ਬਾਰ ਤੇ ਡੰਗਰਾਂ ਦੀ ਰਾਖੀ ਵਾਸਤੇ ਵੀ ਕੋਈ ਬੰਦਾ ਘਰ ਰਹਿਣਾ ਚਾਹੀਦਾ ਏ। ਇਹ ਨਾ ਹੋਵੇ ਕਿ ਚੋਰ ਮੱਝ, ਬੌਲਦ ਜਾਂ ਕੋਈ ਦੂਜਾ ਡੰਗਰ ਖੋਲ੍ਹ ਕੇ ਗੁੱਲ ਲਾ ਜਾਣ। ਪਰ ਜਿਹੜਾ ਬੰਦਾ ਵੀ ਡੰਗਰਾਂ ਤੇ ਘਰ ਬਾਰ ਦੀ ਰਾਖੀ 'ਤੇ ਛੱਡਿਆ ਗਿਆ, ਓਹੋ ਈ ਚੋਰੀ ਨਾਲ ਮੁਜਰਾ ਦੇਖਣ ਆ ਜਾਵੇਗਾ।

ਸਾਡੇ ਲੋਕ ਮੇਲਿਆਂ ਦੇ ਬੜੇ ਸ਼ੌਕੀਨ ਨੇ। ਬਸ ਜ਼ਰਾ ਸਾਰਾ ਬਹਾਨਾ ਹੱਥ ਆ ਜਾਏ, ਫਟਾ ਫਟ ਮੇਲਾ ਮਨਾਉਣ ਲਈ ਤਿਆਰ ਹੋ ਜਾਣਗੇ। ਬਿਆਨੀ ਕਰਨ ਦੇ ਬਾਅਦ ਸ਼ਾਹ ਸਕੰਦਰ ਦਾ ਮੇਲਾ ਆ ਜਾਂਦਾ ਏ। ਜਿਸ ਵੇਲੇ ਸਰ੍ਹੋਂ ਫੁੱਲਦੀ ਏ ਸਿੱਖਾਂ ਦਾ ਮੇਲਾ। ਜਿਨੂੰ ਚਿੱਟੀ ਦਾ ਮੇਲਾ ਕਹਿੰਦੇ ਨੇ। ਜਿਸ ਵੇਲੇ ਕਣਕ ਪੱਕਦੀ ਏ ਤੇ ਵਿਸਾਖੀ ਆ ਜਾਂਦੀ ਏ। ਇਨ੍ਹਾਂ ਤਿੰਨਾਂ ਮੇਲਿਆਂ ਤੋਂ ਇਲਾਵਾ ਦੰਗਲ, ਘੋੜਦੌੜ, ਕਬੱਡੀ ਤੇ ਲਾਹਲੀ ਦੇ ਛੋਟੇ ਛੋਟੇ ਮੇਲੇ ਆ ਜਾਂਦੇ ਨੇ। ਜੇ ਇਨ੍ਹਾਂ ਮੇਲਿਆਂ ਵਿਚ ਦੰਗਾ ਫ਼ਸਾਦ ਨਾ ਹੋਵੇ ਤੇ ਬੁਰਾਈ ਕੋਈ ਨਹੀਂ ਪਰ ਦੰਗਾ ਜ਼ਰੂਰ ਹੁੰਦਾ ਏ।

ਮੁੰਡੇ-ਖੁੰਡੇ ਐਵੇਂ ਈ ਭੂਤਰ ਜਾਂਦੇ ਨੇ। ਫੇਰ ਸਿਰ ਪੜਵਾ ਬਹਿੰਦੇ ਨੇ।ਇਹ ਦੁਸ਼ਮਣੀਆਂ ਕਈ ਕਈ ਵਰ੍ਹੇ ਚਲਦੀਆਂ ਨੇ। ਕਈ ਜਾਨਾਂ ਗੁਆਚ ਜਾਂਦੀਆਂ ਨੇ। ਜੇ ਇਹ ਚੀਜ਼ ਨਾ ਹੋਵੇ ਤੇ ਮੇਲਾ ਤਫ਼ਰੀਹ ਦਾ ਜ਼ਰੀਆ ਏ। ਮਿਲ ਬਹਿਣ ਦਾ ਬਹਾਨਾ ਏ। ਜ਼ਰੂਰੀ ਚੀਜ਼ਾਂ ਖ਼ਰੀਦਣ ਦੀ ਮੰਡੀ।

...

ਡੂੰਘੀਆਂ ਤਰਕਾਲਾਂ ਪੈ ਗਈਆਂ ਨੇ। ਬਿਜਲੀ ਕੰਜਰੀ ਦਾ ਮੁਜਰਾ ਸੁਣਨ ਵਾਸਤੇ ਲੋਕ ਟੋਲੀਆਂ ਬਣ ਬਣ ਆ ਰਹੇ ਨੇ।

ਇਕ ਕੋਠੇ ਵਿਚ ਪੰਦਰ੍ਹਾਂ ਸੋਲ੍ਹਾਂ ਮਲੰਗ ਇਕੱਠੇ ਹੋਏ ਨੇ। ਉਨ੍ਹਾਂ ਨੇ ਪੈਰੀਂ ਘੁੰਗਰੂ ਬੰਨ੍ਹੇ ਨੇ। ਮੋਢੇ 'ਤੇ ਮਤਕਹਿਰਾਂ ਚਾਈਆਂ ਨੇ। ਉਨ੍ਹਾਂ ਵਿਚ ਇਕ ਹੇਕ ਲਾ ਕੇ ਗੌਂਦਾ ਏ। ਫੇਰ ਅਖ਼ੀਰਲੇ ਬੋਲ ਤੇ ਉਹ ਸਾਰੇ ਇਕੱਠੇ ਬੋਲਦੇ ਨੇ ਤੇ ਨੱਚਦੇ ਨੇ :

ਘਿਉ ਦਾ ਦਰਿਆ ਹੋਵੇ
ਖੰਡ ਦਾ ਬਰੇਤਾ ਹੋਵੇ
ਬੂਟਾ ਹੋਵੇ ਭੰਗ ਦਾ
ਅੱਲਾ ਦੀ ਜਨਾਬ ਵਿਚੋਂ ਇਹ ਦਿਲ ਮੰਗਦਾ।

ਲੋਕ ਕੋਠੇ ਦਾ ਦਰਵਾਜ਼ਾ ਮੱਲੀ ਇਨ੍ਹਾਂ ਮਲੰਗਾਂ ਨੂੰ ਨੱਚਦਿਆਂ ਗੌਂਦਿਆਂ ਵੇਖ ਰਹੇ ਨੇ। ਹੈਰਾਨ ਹੋ ਰਹੇ ਨੇ। ਕਾਲੇ ਕਾਲੇ ਜੁੱਸੇ। ਭੈੜੇ ਭੈੜੇ ਚਿਹਰੇ। ਲਾਲ ਸੁਰਖ਼ ਅੱਖਾਂ ਦੀਵੇ ਦੀ ਲੋ ਵਿਚ ਇਹ ਸਾਰੇ ਮਲੰਗ ਭੂਤਨੇ ਪਏ ਦਿੱਸਦੇ ਨੇ :

ਚਰਸ ਦਾ ਪਹਾੜ ਹੋਵੇ
ਸਾਫੀਆਂ ਦਾ ਥਾਲ ਹੋਵੇ
ਲਕੜੀਆਂ ਦਾ ਟਾਲ ਹੋਵੇ
ਕੋਲਾ ਹੋਵੇ ਜੰਡ ਦਾ
ਅੱਲਾ ਦੀ ਜਨਾਬ ਵਿਚੋਂ ਇਹੋ ਦਿਲ ਮੰਗਦਾ।

ਏਸ ਕੋਠੇ ਤੋਂ ਕੁਝ ਦੂਰ ਇਸਲਾਮਪੁਰ ਦੇ ਪਠਾਣ ਮੁੰਡਿਆਂ ਦੀ ਜੁੰਡਲੀ ਬੈਠੀ ਹੋਈ ਏ। ਸਾਰਿਆਂ ਦੇ ਹੱਥਾਂ ਵਿਚ ਡਾਂਗਾਂ ਤੇ ਖੂੰਡੇ ਨੇ। ਇਕ ਮੰਡਾ ਕੰਨ 'ਤੇ ਹੱਥ ਰੱਖੀ ਗਾ ਰਿਹਾ



ਏ :

ਜੁਗਨੀ ਜਾ ਪਈ ਏ ਲਹਿੰਦੇ
ਉੱਡ ਉੱਡ ਭੌਰ ਫੁੱਲਾਂ ਤੇ ਬਹਿੰਦੇ
ਆਸ਼ਕ ਸਦਾ ਮੁਸਾਫ਼ਰ ਰਹਿੰਦੇ
ਓਏ ਪੀਰ ਮੇਰਿਆ ਜੁਗਨੀ ਓਏ
ਓਏ ਸਾਈਂ ਮੇਰਿਆ ਜੁਗਨੀ ਓਏ...

ਜੁਗਨੀ ਜਾ ਵੜੀ ਸਰੋਹੀ
ਓਥੇ ਰੋ ਰੋ ਕਮਲੀ ਹੋਈ
ਜੱਟਾਂ ਫੜ ਸੁਹਾਗੇ ਜੋਈ
ਓਏ ਪੀਰ ਮੇਰਿਆ ਜੁਗਨੀ ਓਏ
ਓਏ ਸਾਈਂ ਮੇਰਿਆ ਜੁਗਨੀ ਓਏ।

ਇਹ ਟੋਲੀ ਜੰਡਿਆਲੇ ਦੇ ਜੱਟਾਂ ਦੀ ਏ। ਇਹ ਡਾਂਗ ਸੋਟੇ ਤੋਂ ਅੱਡ ਤਿੰਨ ਹੁੱਕੇ ਵੀ ਨਾਲ ਲੈ ਆਏ ਨੇ। ਮੁਜਰਾ ਹੋਣ ਵਿਚ ਕੁਝ ਚਿਰ ਏ ਏਸ ਵਾਸਤੇ ਇਹ ਮੌਲਵੀ ਗ਼ੁਲਾਮ ਰਸੂਲ ਦੀਆਂ ਚਿੱਠੀਆਂ ਸੁਣ ਕੇ ਵੇਲਾ ਟਪਾ ਰਹੇ ਨੇ। ਗੌਣ ਵਾਲਾ ਕੋਈ ਮਰਾਸੀ ਮੁੰਡਾ ਜਾਪਦਾ ਏ। ਕਿਉਂ ਜੁ ਆਵਾਜ਼ ਵਿਚ ਬੜਾ ਸੋਜ਼ ਤੇ ਦਰਦ ਏ :

ਨਦੀਓਂ ਪਾਰ ਵਗ ਚਿੱਠੀਏ ਲਈਂ ਖ਼ਬਰਾਂ
ਕਹੇ ਪਏ ਮੁਆਮਲੇ ਦੂਰ ਵਾਲੇ।
ਸਾਡੇ ਨੈਣ ਵਿਛੁੰਨੜੇ ਰੱਤ-ਭਿੰਨੇ
ਲਹਿਰੀਂ ਮਾਰ ਵਗਾਉਂਦੇ ਨਦੀ ਨਾਲੇ।
ਨਦੀਓਂ ਪਾਰ ਵਸੇਂਦਿਆ ਬੇਲੀਆ ਓਏ
ਤੇਰੀਆਂ ਉਲਫ਼ਤਾਂ ਦੇ ਡਿੱਠੇ ਅਜਬ ਚਾਲੇ।
ਤੇਰੀਆਂ ਦਰਦ ਫ਼ਿਰਾਕ ਦੀਆਂ ਸੋਰਸ਼ਾਂ ਨੇ
ਤਰਸੰਦੜੇ ਨੈਣ ਵਿਚ ਨੀਰ ਗਾਲੇ।
ਤੇਰਾ ਖ਼ਤ ਆਇਆ ਲਾਟਾਂ ਮਾਰਦਾ ਉਏ
ਸਾਡੇ ਜਿਗਰ ਅੰਦਰ ਪਾਂਦਾ ਗਿਆ ਛਾਲੇ।
ਵਾਹ ਵਾਹ ਝੂਠਿਆਂ ਵਾਅਦਿਆਂ ਤੇਰਿਆਂ ਨੇ
ਲਾਂਬੂ ਵਿਚ ਕਲੇਜੜੇ ਖ਼ੂਬ ਬਾਲੇ।

ਇਹ ਓਗਰੇ ਦੇ ਲੁਬਾਣਿਆਂ ਦੀ ਟੁਕੜੀ ਏ। ਨਿੱਕੇ ਜਿਹੇ ਕਿੱਕਰ ਨਾਲ ਹਰਨਾਮ ਸਿੰਘ ਦੇ ਜਵਾਈ ਤੇ ਪ੍ਰੀਤੋ ਦੇ ਮੰਗੇਤਰ ਕਿਰਪਾ ਸਿੰਘ ਦੀ ਘੋੜੀ ਬੱਝੀ ਹੋਈ ਏ। ਕਿਰਪਾ ਸਿੰਘ ਨੇ ਠਾਠਾ ਬੰਨ੍ਹਿਆ ਹੋਇਆ ਏ। ਵਿਚਕਾਰ ਖਲੋਤਾ ਏ। ਉਹਦੇ ਆਲੇ ਦੁਆਲੇ ਦੂਜੇ ਸਿੱਖ ਮੁੰਡੇ ਦਾਇਰਾ ਬਣਾ ਕੇ ਖਲੋਤੇ ਨੇ। ਕਿਰਪਾ ਸਿੰਘ ਸੱਦ ਕੇ ਅੰਗ ਵਿਚ ਗਾਉਂਦਾ ਏ। ਉਹਦੇ ਗੌਣ ਤੋਂ ਪਤਾ ਲੱਗਦਾ ਏ ਕਿ ਉਸ ਸ਼ਰਾਬ ਪੀਤੀ ਹੋਈ ਏ :

ਪਿੰਡਾਂ ਵਿਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਮੋਗਾ।

ਮੋਗੇ ਵਿਚ ਇਕ ਸਾਧੂ ਰਹਿੰਦਾ, ਉਹਦੀ ਸੁਣੀਂਦੀ ਸੋਭਾ।
ਔਂਦੀ ਜਾਂਦੀ ਨੂੰ ਘੜਾ ਚੁਕਾਵੇ ਲੱਕ ਵਿਚ ਮਾਰੇ ਗੋਡਾ।
ਲੱਕ ਮੇਰਾ ਪਤਲੀ ਜਿਹਾ ਮਾਰ ਸਹਿਣ ਨਹੀਂ ਜੋਗਾ।
ਲੱਕ ਮੇਰਾ ਪਤਲਾ ਜਿਹਾ, ਓਏ...

'ਮਾਰ ਸਹਿਣ ਨਹੀਂ ਜੋਗਾ' ਕਹਿ ਕੇ ਸਾਰੇ ਸਿੱਖ ਮੁੰਡੇ ਨੱਚਣ ਟੱਪਣ ਡਹਿ ਪਏ ਨੇ। ਕਿੰਨੀ ਜ਼ਿੰਦਗੀ ਏ ਇਨ੍ਹਾਂ ਦੇ ਨੱਚਣ ਵਿਚ ? ਕਿੰਨੀ ਜ਼ਿੰਦਗੀ ਏ ਇਨ੍ਹਾਂ ਦੀਆਂ ਆਵਾਜ਼ਾਂ ਵਿਚ ? ਕਿੰਨੇ ਸੋਹਣੇ ਲੱਗਦੇ ਨੇ ਇਹ ਗਾਉਂਦੇ ਤੇ ਨੱਚਦੇ।

ਤਬਲਾ ਖੜਕ ਪਿਆ। ਪਿੜ ਬੱਝ ਗਿਆ ਏ। ਬਿਜਲੀ ਪਿੜ ਵਿਚ ਆ ਖਲੋਤੀ ਏ। ਲੰਮ ਸਲੰਮੀ। ਚੰਨ ਵਰਗਾ ਮੁੱਖੜਾ। ਕਟਾਰ ਵਰਗੇ ਨੈਣ। ਕਾਲੀਆਂ ਲੰਮੀਆਂ ਜ਼ੁਲਫਾਂ। ਸੋਹਣੇ ਸੁਥਰੇ ਹੱਥ। ਕੱਸੀ ਮੁੱਸੀ ਲਾਲ ਕਮੀਜ਼। ਚਿੱਟੀ ਰੇਸ਼ਮੀ ਸਲਵਾਰ। ਗਲੇ ਵਿਚ ਡੋਰੀਆ। ਪੈਰ ਪੁੱਟਦੀ ਏ ਤੇ ਮਹਿਸੂਸ ਹੁੰਦਾ ਏ ਅੰਗਰੇਜ਼ੀ ਸ਼ਰਾਬ ਦੀ ਬੰਦ ਬੋਤਲ ਨੇ ਹਲਕੋਰ ਲਿਆ ਏ। ਸਿਗਰਟ ਦਾ ਸੂਟਾ ਮਾਰ ਕੇ ਜਿਸ ਵੇਲੇ ਧੂੰਆਂ ਕੱਢਦੀ ਏ, ਮਲੂਕ ਲਾਲ ਬੁੱਲ੍ਹੀਆਂ ਇੰਜ ਗੋਲ ਹੋ ਜਾਂਦੀਆਂ ਨੇ ਜਿਵੇਂ ਫੁੱਲ ਗੁਲਾਬ ਦੀਆਂ ਪੱਤੀਆਂ ਗੋਲ ਕੀਤੀਆਂ ਜਾਣ। ਗੈਸ ਦੀ ਲੋ ਵਿਚ ਬਿਜਲੀ ਦਾ ਵਜੂਦ ਪਰੀ ਦਾ ਵਜੂਦ ਜਾਪਦਾ ਏ। ਉਹ ਪਰੀ ਜਿਹੜੀ ਕਿਸੇ ਦੀ ਨਹੀਂ, ਪਰ ਫੇਰ ਵੀ ਉਹ ਸਾਰਿਆਂ ਦੀ ਏ। ਹੁਣੇ ਈ ਇਹਦੇ ਗਲੇ ਵਿਚੋਂ ਨਿਕਲੇ ਹੋਏ ਬੋਲ ਬਿਜਲੀ ਵਾਂਗ ਸਾਰਿਆਂ ਨੂੰ ਹਲੂਣ ਕੇ ਰੱਖ ਦੇਣਗੇ। ਲੋਕ ਨੋਟਾਂ ਦੇ ਥੱਬੇ ਇਹਦਿਆਂ ਪੈਰਾਂ 'ਤੇ ਸੁੱਟਣ ਲੱਗ ਪੈਣਗੇ।

ਸਾਜ਼ਿੰਦੇ ਆਪਣੇ ਤਬਲੇ ਵਾਜੇ ਤੇ ਸਾਰੰਗੀਆਂ ਟਿਚਨ ਕਰ ਰਹੇ ਨੇ। ਬਿਜਲੀ ਦੀ ਬੁੱਢੀ ਮਾਂ ਬੜੀ ਭਰ-ਮਰਦਾਨੀ ਹੋ ਕੇ ਬੈਠੀ ਹੋਈ ਏ। ਪਾਨ ਚਿੱਥ ਰਹੀ ਏ। ਉਹ ਖ਼ੁਸ਼ ਏ ਪਈ ਅੱਜ ਰਾਤ ਘੱਟ ਤੋਂ ਘੱਟ ਦੋ ਢਾਈ ਹਜ਼ਾਰ ਨੂੰ ਹੱਥ ਮਾਰੇਗੀ।

ਮੁਰਾਦ ਖ਼ਾਨ ਸਫ਼ ਵਿਚ ਬਹਿ ਗਿਆ ਏ। ਉਹਦੇ ਅੱਗੇ ਹੁੱਦਾ ਏ। ਉਹਦੇ ਮੋਢੇ ਨਾਲ ਮੋਢਾ ਲਾ ਕੇ ਸਰਦਾਰ ਹਰਨਾਮ ਸਿੰਘ ਬੈਠਾ ਏ। ਉਨ੍ਹਾਂ ਦੋਹਾਂ ਨੇ ਨੋਟਾਂ ਵਾਲੀਆਂ ਗੁਥਲੀਆਂ ਸਾਹਮਣੇ ਰੱਖ ਲਈਆਂ ਨੇ। ਕਦੇ ਕਦੇ ਬਿਜਲੀ ਦੀ ਮਾਂ ਇਨ੍ਹਾਂ ਗੁਥਲੀਆਂ ਵੱਲ ਅੱਖ ਪੱਟ ਕੇ ਵੇਖਦੀ ਏ। ਫੇਰ ਪਾਨ ਚਿੱਥਣ ਲੱਗ ਪੈਂਦੀ ਏ। ਪਿੜ ਵਿਚ ਵੰਝ ਨਾਲ ਖੱਬੇ ਸੱਜੇ ਦੋ ਗੈਸ ਬਲਦੇ ਨੇ। ਇਨ੍ਹਾਂ ਦੋਹਾਂ ਗੈਸਾਂ ਦੀ ਲੋ ਦੂਰ ਦੂਰ ਤੀਕਰ ਖਿੰਡ ਗਈ ਏ। ਜਿਧਰ ਵੇਖੋ ਸਿਰ ਈ ਸਿਰ ਨਜ਼ਰ ਆਉਂਦੇ ਨੇ। ਜਿਥੇ ਸਿਰ ਮੁੱਕਦੇ ਨੇ ਓਥੇ ਲੋਕਾਂ ਦੀ ਵਾੜ ਖਲੋਤੀ ਹੋਈ ਏ। ਨਾਲ ਈ ਬੇਲਾ ਜਿਥੋਂ ਕਦੇ ਕਦੇ ਗਿੱਦੜਾਂ ਦੀ ਆਵਾਜ਼ ਆਉਂਦੀ ਏ। ਪਰ ਲੋਕਾਂ ਦੇ ਕੰਨ ਤੇ ਤਬਲੇ ਸਰੰਗੀ ਦੀ ਆਵਾਜ਼ 'ਤੇ ਲੱਗੇ ਹੋਏ ਨੇ।

"ਕਾਕੀ ! ਹੁਣ ਸ਼ੁਰੂ ਕਰੋ," ਦੂਰੋਂ ਬਾਹੀ ਵਿਚੋਂ ਇਹ ਕਿਸੇ ਦੀ ਆਵਾਜ਼ ਆਈ ਏ।

"ਬਾਪੂ ! ਜ਼ਰਾ ਦਮ ਲੈ। ਭਾਗ ਲੱਗੇ ਰਹਿਣ।" ਦੀਨੇ ਮਰਾਸੀ ਦਾ ਜਵਾਬ ਏ। ਸਾਰੀ ਖ਼ਲਕਤ ਹੱਸ ਪਈ ਏ।

ਦੀਨਾ ਮਰਾਸੀ, ਮੌਲੂ ਕਬਾਬੀਆ, ਮਜੀਦਾ ਜੁਲਾਹਿਆ, ਦੁੱਲਾ ਬੱਕਰਵਾਲ, ਬਨਾਰਸੀ, ਅੱਲੀ, ਫ਼ੌਜੀ ਰੁਸਤਮ ਖ਼ਾਨ, ਕਾਦੂ, ਫ਼ੀਰੋਜ਼, ਹਰਨਾਮ ਸਿੰਘ ਦਾ ਨੌਕਰ ਦਿਲਦਾਰ ਸਿੰਘ, ਸੁਲੱਖਣ ਸਿੰਘ, ਦਰਸ਼ਨ ਸਿੰਘ, ਗੁਰਬਚਨ ਸਿੰਘ, ਰੂਪਾ, ਤੁਲਸੀ ਦਾਸ ਤੇ ਚਰਨ ਸਿੰਘ ਪਿੜ ਦੇ ਇਕ ਪਾਸੇ ਬੈਠੇ ਹੋਏ ਨੇ। ਦੀਨਾ ਮਰਾਸੀ ਚੁੱਪ ਕਰ ਕੇ ਕੋਈ ਗੱਲ ਕਰ ਦੇਂਦਾ



ਏ। ਪੂਰੀ ਟੋਲੀ ਹੱਸ ਪੈਂਦੀ ਏ। ਉਹ ਬਿਜਲੀ ਦੀ ਮਾਂ ਤੇ ਸਾਜ਼ਿੰਦਿਆਂ ਨੂੰ ਮਖ਼ੌਲ ਕਰ ਰਿਹਾ ਏ।

"ਸੱਜਣੋ ਤੇ ਮਿੱਤਰੋ !" ਸਰਦਾਰ ਹਰਨਾਮ ਸਿੰਘ ਪਿੜ ਵਿਚ ਖਲੋ ਕੇ ਕਹਿ ਰਿਹਾ ਏ, "ਤੁਸੀਂ ਮੁਜਰਾ ਸੁਣਨ ਆਲੇ ਓ। ਬੜੀ ਖ਼ੁਸ਼ੀ ਨਾਲ ਸੁਣੋ। ਪਰ ਖੱਪ-ਸ਼ਪ ਨ੍ਹੀਂ ਪਾਉਣੀ। ਜੇ ਕਿਸੇ ਨੇ ਰੌਲਾ ਗੌਲਾ ਪਾਇਆ ਤੇ ਭੈੜੀ ਗੱਲ ਹੋਵੇਗੀ।"

"ਹੱਛਾ ਸਰਦਾਰ ਜੀ ਹੱਛਾ ! ਹੁਣ ਤੁਸੀਂ ਬਹਿ ਜਾਉ," ਇਹ ਕਿਸੇ ਮੁਸਲਮਾਨ ਦੀ ਆਵਾਜ਼ ਸੀ।

ਸਾਜ਼ਿੰਦਿਆਂ ਨੇ ਮੁੱਖੜਾ ਕਿਹਾ ਏ ਤੇ ਬਿਜਲੀ ਨੇ ਭਵਾਂਟਣੀ ਲਈ ਏ। ਲੋਕਾਂ ਵਾਹ ਵਾਹ ਤੇ ਹਾਏ-ਹਾਏ ਦੇ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ ਨੇ।

ਸਾਜ ਤਲੰਗ ਵਜਾ ਰਹੇ ਨੇ। ਬਿਜਲੀ 'ਮਿਰਜ਼ਾ ਸਾਹਿਬਾਂ' ਸੁਣਾਏਗੀ। ਸੁਣਨ ਵਾਲਿਆਂ ਨੂੰ ਵਿਛਾ ਕੇ ਰੱਖ ਦੇਵੇਗੀ। ਲੌ, ਉਹ ਗਾ ਰਹੀ ਏ :

ਮੱਥੇ ਲੇਖ ਲਖੇਂਦਿਆਂ ਲਿਖ ਇਸ਼ਕੇ ਦੀ ਗੱਲ।
ਮੇਰੇ ਦਿਲ ਵਿਚ ਬਲਣ ਮਤਾਬੀਆਂ ਚਲ ਦਾਨਾਬਾਦ ਦੇ ਵੱਲ।
ਮੈਨੂੰ ਝੂਟੇ ਦੇਣ ਸਹੇਲੀਆਂ ਇਕ ਦੂਜੇ ਦੇ ਵੱਲ।
ਮੇਰੀ ਟੁੱਟ ਗਈ ਪੀਂਘ ਹੁਲਾਰਿਓਂ ਸਾਈਂ ਸੱਚੇ ਨਾ ਭਾਲੀ ਗਲ।
ਮੈਨੂੰ ਤਾਂਘਾਂ ਵੇ ਮਿਰਜ਼ਿਆ ਤੇਰੀਆਂ ਜੱਟਾ ਈ ਏ...

ਸਾਹਿਬਾਂ ਦੇ ਇਸ਼ਕ ਦੀ ਪੀਂਘ ਤੇ ਅਧਵਾਟੋਂ ਟੁੱਟ ਗਈ ਸੀ। ਪਰ ਬਿਜਲੀ ਦੀ ਆਵਾਜ਼ ਤਬਲੇ ਦੇ ਠੇਕੇ ਤੇ ਸਵਾਰ ਹੋ ਹੁਲਾਰੇ ਚੜ੍ਹੀ ਹੋਈ ਏ। ਕੋਹਾਂ ਕਾਫ਼ਰਾਂ 'ਤੇ ਪਹੁੰਚ ਰਹੀ ਏ। ਸੁਣਨ ਵਾਲੇ 'ਲੁੱਟ ਲਿਆ ਈ', 'ਜੀਉਂਦੀ ਰਹੁ ਜਣੀਏ', 'ਸਦਕੇ ਜਾਵਾਂ ਤੇਰੇ', 'ਸ਼ਾਵਾ ਪਈ ਸ਼ਾਵਾ' ਦੇ ਨਾਹਰੇ ਮਾਰ ਰਹੇ ਨੇ। ਹਾਲੋਂ ਬੇਹਾਲ ਹੋ ਗਏ ਨੇ। ਹਰ ਪਾਸਿਉਂ ਸੀਟੀਆਂ ਈ ਸੀਟੀਆਂ ਵੱਜ ਰਹੀਆਂ ਨੇ। ਇਹ ਵੇਲ ਲੈਣ ਦੇ ਬੁਲਾਰੇ ਨੇ।

ਦਿਲਦਾਰ ਸਿੰਘ ਨੇ ਗੈਸ ਚੁੱਕ ਲਿਆ ਏ। ਕਾਦੂ ਨੇ ਖੂੰਡਾ ਫੜ ਲਿਆ ਏ ਪਈ ਕੋਈ ਮੁੰਡਾ ਬਾਹੀ ਵਿਚੋਂ ਦੀ ਲੰਘਦਿਆਂ ਸ਼ਰਾਰਤ ਨਾਲ ਬਿਜਲੀ ਦੀ ਪਿੰਨੀ ਜਾਂ ਪੱਟ 'ਤੇ ਚੂੰਢੀ ਨਾ ਵੱਢੇ। ਇਕ ਸਾਜ਼ਿੰਦੇ ਨੇ ਤਬਲਾ ਪਰਨੇ ਨਾਲ ਕੱਸ ਕੇ ਢਿੱਡ ਨਾਲ ਬੰਨ੍ਹ ਲਿਆ ਏ। ਉਹ ਚਾਰੇ ਈ ਵੇਲਾਂ ਉਗਰਾਹੁਣ ਤੁਰ ਪਏ ਨੇ।

ਬਿਜਲੀ ਮਿਰਜ਼ਾ ਸਾਹਿਬਾਂ ਦਾ ਇਕ ਬੋਲ ਨੱਚ ਕੇ ਗਾਉਂਦੀ ਏ। ਵੇਲੀ ਦੇ ਮੱਥੇ ਜਾਂ ਗੱਲ੍ਹ 'ਤੇ ਰੱਖੇ ਹੋਏ ਇਕ ਜਾਂ ਪੰਜ ਦੇ ਨੋਟ ਨੂੰ ਫੜ ਕੇ ਵੇਲ ਕਰਦੀ ਏ। ਬਾਅਜ਼ ਸ਼ੈਤਾਨ ਮੁੰਡੇ ਨੋਟ ਆਪਣੇ ਦੰਦਾਂ ਵਿਚ ਰੱਖ ਦੇਂਦੇ ਨੇ। ਬਿਜਲੀ ਨੂੰ ਕਹਿੰਦੇ ਨੇ ਪਈ ਉਹ ਆਪਣੇ ਦੰਦਾਂ ਨਾਲ ਵੇਲੀ ਦੇ ਦੰਦਾਂ ਵਿਚੋਂ ਕੱਢੇ।ਬਿਜਲੀ ਤਿਆਰ ਨਹੀਂ ਹੁੰਦੀ। ਹੱਥ ਨਾਲ ਲਾਹਨਤ ਭੇਜਣ ਦਾ ਇਸ਼ਾਰਾ ਕਰ ਕੇ ਦੂਸਰੇ ਵੇਲੀ ਵੱਲ ਮੁੜ ਜਾਂਦੀ ਏ। ਦੰਦਾਂ ਵਿਚ ਨੋਟ ਦੇਣ ਵਾਲੇ ਵੇਲੀ ਦੇ ਸੰਗੀ ਸਾਥੀ ਹੱਸਦੇ ਤੇ ਖਿੱਲੀ ਮਾਰ ਕੇ ਫੱਕੜੀ ਲਾਉਂਦੇ ਨੇ। ਬਿਜਲੀ ਤੇ ਨਹੀਂ ਵੇਲੀ 'ਤੇ।

ਬਿਜਲੀ ਪੰਦਰ੍ਹਾਂ ਸੋਲ੍ਹਾਂ ਰੁਪਏ ਉਗਰਾਹ ਕੇ ਫੇਰ ਪਿੜ ਵਿਚ ਆ ਖਲੋਤੀ ਏ। ਮਿਰਜ਼ਾ

ਸਾਹਿਬਾਂ ਦੀ ਦੂਜੀ ਕਲੀ ਸੁਣਾ ਰਹੀ ਏ :

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ।
ਹੱਸ ਹੱਸ ਲਾਉਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦੱਸ।
ਹੱਥੀਂ ਯਾਰ ਕੁਹਾਂਦੀਆਂ ਦੇ ਕੇ ਧੌਣੇ ਲੱਤ।
ਲੱਖੀਂ ਹੱਥ ਨਾ ਆਂਵਦੀ ਦਾਨਸ਼ਮੰਦਾਂ ਦੀ ਪੱਤ।
ਮੈਨੂੰ ਖ਼ਤਰਾ ਤੇਰੀ ਜਾਨ ਦਾ ਓ ਜੱਟਾ ਮਿਰਜ਼ਿਆ ਓਏ।

ਪਹਿਲੇ ਵਾਂਗੂ ਹਰ ਪਾਸਿਉਂ ਵਾਹ ਵਾਹ, ਸੁਬਾਹਾਨ ਅੱਲਾ, ਜੀਉਂਦੀ ਰਹੁ ਦੇ ਨਾਅਰੇ ਵੱਜੇ ਨੇ। ਸੀਟੀਆਂ ਨੇ ਬੁਲਾਇਆਏ। ਪਰ ਐਤਕੀਂ ਦੂਰ ਨਹੀਂ ਗਈ। ਮੁਰਾਦ ਖ਼ਾਨ ਤੇ ਸਰਦਾਰ ਹਰਨਾਮ ਸਿੰਘ ਦੇ ਨੋਟਾਂ ਨੂੰ ਹਵਾ ਵਿਚ ਉਛਾਲ ਕੇ ਵੇਲ ਕਰਾਉਣ ਲੱਗ ਪਈ। "ਵੇਲ ਵੇਲ ਦਸਾਂ ਰੁਪਿਆਂ ਦੀ ਵੇਲ, ਖ਼ਾਨ ਸਾਹਿਬ ਮੁਰਾਦ ਖ਼ਾਨ ਦੇ ਘਰ ਦੀ ਵੇਲ, ਵੇਲ ਵਧੇ ਤੇ ਜੱਦ ਵਧੇ, ਭਾਗ ਲਗੇ ਰਹਿਣ।"

ਇੰਜੇ ਈ ਉਹਨੇ ਸਰਦਾਰ ਹਰਨਾਮ ਸਿੰਘ ਦੀ ਵੇਲ ਕਰਾਈ ਏ। ਉਸ ਵੀ ਦਸ ਰੁਪਏ ਦਿੱਤੇ ਨੇ।

ਮਿੱਠੀ ਤੇ ਸਵਾਦਲੀ ਆਵਾਜ਼ ਵਾਲਾ ਕੋਈ ਸਾਜ਼ਿੰਦਾ ਬਿਜਲੀ ਨੂੰ ਸਾਹ ਦਵਾਣ ਲਈ ਦੋਹੜਾ ਲਾ ਰਿਹਾ ਏ :

ਇਕ ਨਾ ਬੀਜੀਂ ਸੰਘਣਾ ਬਾਜਰਾ, ਦੂਜੀ ਨਾ ਬੀਜੀਂ ਜਵਾਰ ਵੇ।
ਛੱਟਿਆ ਨਾ ਜਾਏ ਸਾਥੋਂ ਬਾਜਰਾ, ਪੀਠੀ ਨਾ ਜਾਏ ਜਵਾਰ ਵੇ।
ਇਕ ਨਾ ਮਾਰੀਂ ਸਾਡੇ ਛੂਛਕਾਂ, ਦੂਜੀ ਨਾ ਕੱਢੀਂ ਗਾਲ੍ਹ ਵੇ।
ਪਿੰਡੇ ਤੇ ਰੜਕਣ ਛਛਕਾਂ, ਦਿਲ ਵਿਚ ਰੜਕੇ ਗਾਲ੍ਹ ਵੇ।

× × ×

ਖੰਘੂਰਾ ਮਾਰ ਕੇ ਬਿਜਲੀ ਫੇਰ ਸ਼ੁਰੂ ਹੋ ਗਈ :
ਹੁਜਰੇ ਸ਼ਾਹ ਹਕੀਮ ਦੇ, ਇਕ ਜੱਟੀ ਅਰਜ਼ ਕਰੇ
ਵੇ ਮੈਂ ਬੱਕਰਾ ਦੇਨੀਆਂ ਪੀਰ ਦਾ ਮੇਰੇ ਸਿਰ ਦਾ ਸਾਈਂ ਮਰੇ
ਪੰਜ ਸੱਤ ਮਰਨ ਗਵਾਂਢਣਾਂ, ਰਹਿੰਦੀਆਂ ਨੂੰ ਤਾਪ ਚੜ੍ਹੇ
ਕੁੱਤੀ ਮਰੇ ਫ਼ਕੀਰ ਦੀ, ਜਿਹੜੀ ਚਊਂ ਚਊਂ ਨਿੱਤ ਕਰੇ
ਹੱਟੀ ਸੜੇ ਕਰਾੜ ਦੀ ਜਿਥੇ ਦੀਵਾ ਨਿੱਤ ਬਲੇ
ਗਲੀਆਂ ਹੋਵਨ ਸੁੰਞੀਆਂ ਵਿਚ ਮਿਰਜ਼ਾ ਯਾਰ ਫਿਰੇ
ਮੈਨੂੰ ਤਾਂਘਾਂ ਵੇ ਮਿਰਜ਼ਿਆ ਤੇਰੀਆਂ ਜੱਟਾ ਦੀ ਓਏ...।

ਐਤਕੀਂ ਬੇਲੇ ਵਾਲੇ ਪਾਸਿਉਂ ਇਕ ਥਾਂ ਤੋਂ ਛੇ ਸੱਤ ਸੀਟੀਆਂ ਆਈਆਂ ਨੇ। ਪਹਿਲੇ ਵਾਂਗੂੰ ਦਿਲਦਾਰ ਸਿੰਘ ਨੇ ਗੈਸ ਫੜ ਲਿਆ ਏ। ਸਾਜ਼ਿੰਦੇ ਨੇ ਤਬਲਾ ਚੁੱਕ ਲਿਆ ਏ। ਹਰਨਾਮ ਸਿੰਘ ਦਾ ਵੱਡਾ ਮੁੰਡਾ ਸੁਲੱਖਣ ਸਿੰਘ ਕਿਰਪਾਨ ਫੜ ਕੇ ਬਿਜਲੀ ਦੇ ਨਾਲ ਹੋ ਤੁਰਿਆ ਏ। ਬਿਜਲੀ ਦਾ ਹਫ਼ਾਜ਼ਤਗੀਰ ਹਰ ਵਾਰੀ ਜਾਵੇ ਤੇ ਲੋਕ ਮਖ਼ੌਲ ਕਰਨ ਲੱਗ ਪੈਂਦੇ



ਨੇ।

ਦੂਰ ਗੈਸ ਦੀ ਲੋ ਵਿਚ ਖਲੋਤੇ ਹੋਏ ਜਵਾਨਾਂ ਦੀਆਂ ਪਗੜੀਆਂ ਦੱਸਦੀਆਂ ਨੇ। ਪਈ ਇਹ ਸਿੱਖ ਗੱਭਰੂ ਨੇ। ਤਬਲੇ ਦੇ ਠੇਕੇ ਤੇ ਬਿਜਲੀ ਦੇ ਪੈਰ ਠੁਮਕੇ ਲੈਣ ਲੱਗ ਪਏ ਨੇ। ਉਹ ਮਿਰਜ਼ਾ ਸਾਹਿਬਾਂ ਦਾ ਬੋਲ ਗਾ ਰਹੀ ਏ। ਹੁਣ ਉਹ ਚੁੱਪ ਹੋ ਗਈ ਏ। ਸਿੱਖ ਜਵਾਨਾਂ ਦੇ ਇਕੱਠੇ ਹੱਸਣ ਦੀ ਆਵਾਜ਼ ਆਈ ਏ।

ਵੇਲ ਲੈਣ ਵਿਚ ਦੇਰ ਹੋ ਰਹੀ ਏ। ਮੁਰਾਦ ਖ਼ਾਨ ਤੇ ਹਰਨਾਮ ਸਿੰਘ ਦੇ ਕੰਨ ਖੜ੍ਹੇ ਹੋ ਗਏ ਨੇ। ਕਾਦੂ ਖੂੰਡ ਫੜ ਕੇ ਖਲੋ ਗਿਆ ਏ। ਸਾਰੀ ਖ਼ਲਕਤ ਦੇ ਕੰਨ ਤੇ ਅੱਖਾਂ ਬਿਜਲੀ ਵੱਲ ਲੱਗੀਆਂ ਹੋਈਆਂ ਨੇ।

ਗੈਸ ਇਕਦਮ ਬੁੱਝ ਗਿਆ ਏ। ਕਿਸੇ ਨੇ ਗੈ ਦੀ ਢਿਬਰੀ ਮਰੋੜ ਕੇ ਉਹਦੀ ਫੂਕ ਕੱਢ ਦਿੱਤੀ ਏ। ਹਨੇਰੇ ਵਿਚ ਬਿਜਲੀ ਦੀਆਂ ਚੀਕਾਂ ਉਭਰੀਆਂ ਨੇ। ਫੇਰ ਮਰ ਗਈਆਂ ਨੇ। ਇੰਜ ਜਾਪਦਾ ਏ ਜਿਵੇਂ ਕਿਸੇ ਨੇ ਉਹਦੇ ਮੂੰਹ 'ਤੇ ਹੱਥ ਰੱਖ ਦਿੱਤਾ ਏ।

ਸਾਰੀ ਖ਼ਲਕਤ ਪੈਰਾਂ 'ਤੇ ਖਲੋ ਗਈ ਏ। ਬਿਜਲੀ ਦੀ ਬੇਬੇ ਖ਼ਾਨ ਸਾਹਿਬ ਤੇ ਸਰਦਾਰ ਸਾਹਿਬ ਨੂੰ ਕਹਿ ਕੇ ਆਪਣੀ ਧੀ ਦੇ ਬਚਾਣ ਦੀ ਇਲਤਜਾ ਕਰ ਰਹੀ ਏ।

ਖ਼ਲਕਤ ਵਿਚ ਘੁਕਾਰਾ ਪੈ ਗਿਆ ਏ। ਲੋਕ ਏਧਰ ਓਧਰ ਨੱਸਣ ਲੱਗ ਪਏ ਨੇ।

"ਤਾਇਆ ! ਮੈਂ ਜਾਵਾਂ ?" ਕਾਦੂ ਮੁਰਾਦ ਖ਼ਾਨ ਕੋਲੋਂ ਪੁੱਛਦਾ ਏ।

"ਨ੍ਹੀਂ ਹਾਲੀ ਨ੍ਹੀਂ।" ਮੁਰਾਦ ਖ਼ਾਨ ਕਾਦੂ ਨੂੰ ਰੋਕ ਲੈਂਦਾ ਏ।

ਸੁਲੱਖਣ ਸਿੰਘ ਨੱਸਾ ਨੱਸਾ ਆਇਆ ਏ। ਉਹਨੂੰ ਸਾਹ ਚੜ੍ਹਿਆ ਹੋਇਆ ਏ, "ਬਾਪੂ ! ਬਾਪੂ !! ਕਿਰਪਾ ਸਿੰਘ ਬਿਜਲੀ ਨੂੰ ਚੁੱਕ ਕੇ ਬੇਲੇ ਵੱਲ ਗਿਆ ਏ। ਉਹਦੇ ਨਾਲ ਦੇ ਕਿਰਪਾਨਾਂ ਕੱਢ ਕੇ ਰਾਹ ਰੋਕੀ ਖੜ੍ਹੇ ਨੇ।"

"ਕਾਦੂ ਪੁੱਤਰ ! ਨੱਸ ਕੇ ਜਾ। ਬਿਜਲੀ ਨੂੰ ਛੁਡਾ ਕੇ ਲਿਆ," ਸਰਦਾਰ ਹਰਨਾਮ ਸਿੰਘ ਕਹਿੰਦਾ ਏ। ਮੁਰਾਦ ਖ਼ਾਨ ਚੁੱਪ ਚਾਂ ਏ।

"ਮੈਥੋਂ ਐਵੇਂ ਕਿਰਪਾ ਸਿੰਘ ਦੇ ਸੱਟ ਫੇਟ ਨਾ ਲੱਗ ਜਾਵੇ," ਕਾਦੂ ਕਹਿੰਦਾ ਏ।

"ਕੋਈ ਗੱਲ ਨ੍ਹੀਂ, ਤੂੰ ਜਾਹ ! ਇਹ ਪਿੰਡ ਦੀ ਇੱਜ਼ਤ ਦਾ ਮਾਮਲਾ ਏ," ਸਰਦਾਰ ਹਰਨਾਮ ਸਿੰਘ ਕਹਿੰਦਾ ਏ।

ਥੋੜ੍ਹੀ ਦੇਰ ਬਾਅਦ ਬਿਜਲੀ ਫਿਰ ਜੰਮੇ ਹੋਏ ਪਿੜ ਵਿਚ ਨੱਚ ਰਹੀ ਸੀ। ਮੁੰਡਿਆਂ ਖੁੰਡਿਆਂ ਦਾ ਦਿਲਪਸੰਦ ਗੀਤ ਡੇਹਮੂੰ ਗਾ ਰਹੀ ਸੀ :

ਮੇਰੇ ਮੱਥੇ ਉੱਤੇ ਡੇਹਮੂੰ ਲਾ ਨੀ ਗਿਆ,
ਟਿੱਕਾ ਲਾਣ ਵਾਲੀ ਥਾਂ ਨੂੰ ਸੁਜਾ ਨੀ ਗਿਆ।

ਲੋਕ 'ਹਾਏ ਓਏ' ਦੇ ਨਾਅਰੇ ਤੇ ਸੀਟੀ ਮਾਰ ਰਹੇ ਸਨ। ਵੇਲਾਂ ਕਰਾ ਰਹੇ ਸਨ। ਬਿਜਲੀ ਨਿਧੜਕ ਹੋ ਕੇ ਬਾਹਵਾਂ ਚੀਰਦੀ ਦੂਰ ਦੂਰ ਤੀਕਰ ਵੇਲਾਂ ਲੈਣ ਜਾ ਰਹੀ ਸੀ।

ਕਿਰਪਾ ਸਿੰਘ ਦਾ ਸਾਰਾ ਸਰੀਰ ਤੇ ਸਾਰੇ ਕੱਪੜੇ ਖ਼ੂਨ ਵਿਚ ਘਚੁੰਨ ਸਨ। ਉਹ ਬੇਹੋਸ਼ ਸੀ। ਪਿੜ ਵਿਚ ਹਰਨਾਮ ਸਿੰਘ ਦੇ ਸਾਹਮਣੇ ਲੰਮਾ ਪਿਆ ਹੋਇਆ ਸੀ। ਕਾਦੂ ਉਹਦੇ ਸਰਹਾਣੇ ਖੂੰਡ ਲਈ ਚੌਕੀਦਾਰਾਂ ਵਾਂਗ ਖਲੋਤਾ ਹੋਇਆ ਸੀ। ਉਹ ਚੁੱਪ ਚਾਂ ਸੀ। ਇੰਜ ਜਿਵੇਂ ਕੋਈ ਗੁਨਾਹ ਕਰ ਬੈਠਾ ਹੋਵੇ।

ਜਦ ਸਰਦਾਰ ਹਰਨਾਮ ਸਿੰਘ ਨੇ ਕਾਦੂ ਨੂੰ ਕਿਹਾ, "ਕੋਈ ਗੱਲ ਨ੍ਹੀਂ, ਤੂੰ ਜਾ। ਇਹ

ਪਿੰਡ ਦੀ ਇੱਜ਼ਤ ਦਾ ਸਵਾਲ ਏ।" ਕਾਦੂ ਸੰਮਾਂ ਵਾਲਾ ਤੇ ਦੇਸੀ ਤੇਲ ਵਿਚ ਭਿੱਜਾ ਹੋਇਆ ਖੂੰਡ ਲੈ ਕੇ ਓਸ ਪਾਸੇ ਨੱਸਾ ਜਿਧਰੋਂ ਬਿਜਲੀ ਦੀਆਂ ਚੀਕਾਂ ਆਈਆਂ ਸਨ। ਰਾਹ ਵਿਚ ਉਹਦਾ ਟਾਕਰਾ ਓਗਰੇ ਦੇ ਲੁਬਾਣਿਆਂ ਤੇ ਕਿਰਪਾ ਸਿੰਘ ਦੇ ਸਾਥੀਆਂ ਨਾਲ ਹੋਇਆ। ਉਹਨੇ "ਤਗੜੇ ਹੋ ਜਾਉ" ਦਾ ਲਲਕਾਰਾ ਮਾਰਿਆ। ਉਨ੍ਹਾਂ ਵੱਲ ਵਧਿਆ। ਉਹ ਕੁੱਲ ਛੇ ਸਨ। ਚਾਰ ਤੇ ਲਲਕਾਰਾ ਸੁਣ ਕੇ ਅੱਗੇ ਪਿੱਛੇ ਹੋ ਗਏ। ਬਾਕੀ ਦੋ ਗਰਦੇ ਵਾਲੇ ਜਵਾਨ ਉਸਦੇ ਸਾਹਮਣੇ ਆਏ। ਉਨ੍ਹਾਂ ਦੀਆਂ ਕਿਰਪਾਨਾਂ ਕਾਦੂ ਦੇ ਖੂੰਡ ਦਾ ਮੁਕਾਬਲਾ ਨਾ ਕਰ ਸਕੀਆਂ। ਅਖ਼ੀਰ ਦੋਹਾਂ ਨੂੰ ਜਾਨ ਬਚਾ ਕੇ ਨੱਸਣਾ ਪਿਆ।

ਜਦੋਂ ਕਾਦੂ ਅਗਾਂਹ ਵਧਿਆ ਤੇ ਕਿਰਪਾ ਸਿੰਘ ਬਿਜਲੀ ਨੂੰ ਕਿੱਕਰ ਨਾਲ ਬੱਝੀ ਆਪਣੀ ਘੋੜੀ ਕੋਲ ਲੈ ਗਿਆ ਸੀ। ਉਹਦੀ ਖ਼ਬਰੇ ਕੋਸ਼ਿਸ਼ ਇਹ ਸੀ ਕਿ ਬਿਜਲੀ ਨੂੰ ਘੋੜੀ 'ਤੇ ਸੁੱਟ ਕੇ ਓਗਰੇ ਜਾਂ ਕਿਸੇ ਦੂਸਰੇ ਥਾਂ ਲੈ ਜਾਏ।

ਤਾਰਿਆਂ ਦੀ ਫਿੱਕੀ ਲੋ ਵਿਚ ਕਾਦੂ ਨੇ ਕਿਰਪਾ ਸਿੰਘ ਨੂੰ ਵੇਖਿਆ, ਜਿਹੜਾ ਰਿੱਛ ਵਾਂਗ ਬਿਜਲੀ ਨਾਲ ਘੁਲ ਰਿਹਾ ਸੀ। ਬਿਜਲੀ ਜਾਨ ਛੁਡਾਣ ਵਿਚ ਲੱਗੀ ਹੋਈ ਸੀ। ਜਦ ਕਾਦੂ ਨੇ ਦੋਹਾਂ ਨੂੰ ਵੇਖਿਆ ਤੇ ਬਿਜਲੀ ਨੂੰ ਦਲੇਰੀ ਦਿੱਤੀ।

"ਤਗੜੀ ਰਹੁ ਮੈਂ ਆ ਗਿਆ ਵਾਂ।"

ਕਿਰਪਾ ਸਿੰਘ ਨੇ ਕਾਦੂ ਦੀ ਆਵਾਜ਼ ਸੁਣੀ। ਧੱਕਾ ਦੇ ਕੇ ਬਿਜਲੀ ਨੂੰ ਰੇਤ 'ਤੇ ਸੁੱਟਿਆ। ਗਾਲ੍ਹ ਕੱਢ ਕੇ ਤੇ ਕਿਰਪਾਨ ਧਰੂਹ ਕੇ ਕਾਦੂ ਵੱਲ ਵਧਿਆ। ਪਰ ਸਿਰ ਵਿਚ ਦੋ ਤਿੰਨ ਖੂੰਡ ਖਾ ਕੇ ਜ਼ਿਮੀਂ 'ਤੇ ਡਿੱਗ ਪਿਆ। ਏਨੇ ਚਿਰ ਵਿਚ ਸੁਲੱਖਣ ਸਿੰਘ ਤੇ ਫ਼ੀਰੋਜ਼ ਹੋਰੀਂ ਵੀ ਉਥੇ ਆ ਗਏ। ਕਾਦੂ ਨੇ ਕਿਰਪਾ ਸਿੰਘ ਨੂੰ ਬੋਰੀ ਵਾਂਗ ਮੋਢੇ 'ਤੇ ਸੁੱਟਿਆ ਤੇ ਚੁੱਕ ਕੇ ਪਿੜ ਵਿਚ ਲੈ ਆਇਆ।

ਸੁਲੱਖਣ ਸਿੰਘ ਨੇ ਕਿਰਪਾਨ ਲਈ ਤੇ ਘੋੜੀ ਕਿੱਕਰ ਨਾਲੋਂ ਖੋਲ੍ਹੀ। ਅੱਡੀ ਲਾ ਕੇ ਪਿੰਡ ਚਲਾ ਗਿਆ ਤਾਂ ਜੇ ਕਿਤੇ ਕਿਰਪਾ ਸਿੰਘ ਦੇ ਸੰਗੀ ਸਾਥੀ ਫ਼ਰੀਦਪੁਰ ਜਾ ਕੇ ਗੜਬੜ ਨਾ ਕਰਨ।

ਪਿੜ ਦੋਬਾਰਾ ਜੰਮ ਗਿਆ। ਬਿਜਲੀ ਤੌਬਾ ਤੌਬਾ ਕਰਦੀ ਫੇਰ ਪਿੜ 'ਚ ਆ ਖਲੋਤੀ। ਉਹ ਨਹੀਂ ਸੀ ਚਾਹੁੰਦੀ ਕਿ ਫੇਰ ਨੱਚੇ। ਪਰ ਸਰਦਾਰ ਹਰਨਾਮ ਸਿੰਘ ਨੇ ਕਿਹਾ ਕਿ ਇਹ ਫ਼ਰੀਦਪੁਰ ਦੇ ਪਠਾਣਾਂ ਤੇ ਸਿੱਖਾਂ ਦੀ ਇੱਜ਼ਤ ਦਾ ਮਾਮਲਾ ਏ। ਏਸੇ ਇੱਜ਼ਤ ਦੇ ਮਾਮਲੇ ਦੀ ਖ਼ਾਤਿਰ ਉਸ ਆਪਣੀ ਪ੍ਰੀਤੋ ਦੇ ਮੰਗੇਤਰ ਦਾ ਸਿਰ ਪੜਵਾਣ ਤੋਂ ਫ਼ਰਕ ਨਹੀਂ ਕੀਤਾ।

ਦੂਜੇ ਦਿਨ ਸੂਰਜ ਦੀ ਟਿੱਕੀ ਨਿਕਲਦੇ ਤੀਕ ਬਿਜਲੀ ਨੱਚਦੀ ਰਹੀ। ਉਹਦਾ ਜਿਸਮ ਨੱਚ ਨੱਚ ਥੱਕ ਟੁੱਟ ਗਿਆ ਸੀ। ਗਲਾ ਭਾਰਾ ਹੋ ਗਿਆ ਸੀ। ਉਸ ਕੋਈ ਦੋ ਹਜ਼ਾਰ ਰੁਪਏ 'ਕੱਠੇ ਕਰ ਲਏ ਸਨ, ਜਿਨ੍ਹਾਂ ਵਿਚ ਦੀਨੇ ਮਰਾਸੀ ਦੇ ਦੋ ਰੁਪਏ ਵੀ ਸ਼ਾਮਿਲ ਸਨ।

ਜਦੋਂ ਪਿੜ ਖਿੰਡਣ ਲੱਗਾ ਤੇ ਦੀਨਾ ਮਰਾਸੀ ਬਿਜਲੀ ਦੀ ਬੇਬੇ ਨਾਲ ਢੁੱਕ ਕੇ ਕਹਿਣ ਲੱਗਾ, "ਭਾਗ ਲੱਗੇ ਰਹਿਣ, ਮੇਰੇ ਦੋ ਰੁਪਏ ਦੇ ਦਿਉ।"

ਇਹ ਗੱਲ ਮੁਰਾਦ ਖ਼ਾਨ ਦੇ ਕੰਨ ਵਿਚ ਪੈ ਗਈ। ਉਸ ਦੀਨੇ ਮਰਾਸੀ ਨੂੰ ਹੌਲੀ ਨਾਲ ਚੰਡ ਮਾਰੀ। ਫੇਰ ਪੰਜਾਂ ਦਾ ਨੋਟ ਉਹਦੀ ਤਲੀ 'ਤੇ ਰੱਖ ਕੇ ਬੋਲਿਆ, "ਚਵਲਾ ! ਢਾਈ ਸੌ ਵਿਚੋਂ ਇਹ ਪੰਜ ਬਚੇ ਸਨ, ਇਹ ਤੂੰ ਲੈ ਲੈ।"

ਸੂਰਜ ਚੜ੍ਹਦੇ ਨਾਲ ਸੁਲੱਖਣ ਸਿੰਘ ਪਿੰਡੋਂ ਮੰਜੀ ਲੈ ਕੇ ਆਇਆ। ਕਿਰਪਾ ਸਿੰਘ



ਨੂੰ ਮੰਜੀ 'ਤੇ ਪਾ ਕੇ ਫ਼ਰੀਦਪੁਰ ਲੈ ਗਏ।

ਕਿਰਪਾ ਸਿੰਘ ਦੀ ਮੰਜੀ ਨਾਲ ਮੁਰਾਦ ਖ਼ਾਨ, ਹਰਨਾਮ ਸਿੰਘ, ਗੁਰਬਚਨ ਸਿੰਘ, ਦਰਸ਼ਨ ਸਿੰਘ, ਚਰਨ ਸਿੰਘ, ਰੂਪਾ, ਬਨਾਰਸੀ, ਦੀਨਾ, ਫ਼ੌਜੀ ਰੁਸਤਮ ਖ਼ਾਨ ਤੇ ਕਾਦੂ ਵੀ ਸਨ। ਮੌਲੂ ਕਬਾਬੀਆ ਤੇ ਦੀਨਾ ਮਰਾਸੀ ਮਲੰਗਾਂ ਕੋਲ ਜਾ ਕੇ ਸੌਂ ਗਏ ਸਨ।

ਜਦੋਂ ਕਾਦੂ ਆਪਣੇ ਘਰ ਪੁੱਜਾ ਤੇ ਬੂਹੇ ਵਿਚ ਉਹਦੀ ਮਾਂ ਰੁੜੀ ਬੈਠੀ ਹੋਈ ਸੀ। ਉਹ ਕਾਦੂ ਨੂੰ ਵੇਖ ਕੇ ਖਲੋ ਗਈ।

"ਵੇ ਕਾਕਾ ! ਤੂੰ ਹਰਨਾਮ ਸਿੰਘ ਦੇ ਜਵਾਈ ਦਾ ਸਿਰ ਪਾੜ ਸੁੱਟਿਆ ਏ ?" ਉਸ ਕਾਦੂ ਨੂੰ ਪੁੱਛਿਆ।

"ਆਹੋ ਬੇਬੇ !"

"ਪਰ ਕਾਕਾ ਤੈਨੂੰ ਕੀਹ ਲੋੜ ਸੀ ?"

"ਬੇਬੇ ਉਹ ਬਿਜਲੀ ਨੂੰ ਚੁੱਕ ਕੇ ਬੇਲੇ ਵੱਲ ਲੈ ਗਿਆ ਸੀ।"

"ਵੇ ਕਾਕਾ ਲੈ ਗਿਆ ਸੀ ਤਾਂ ਕੀਹ ਹੋਇਆ ? ਉਹ ਕਿਹੜੀ ਕਿਸੇ ਦੀ ਨੂੰਹ ਧੀ ਸੀ ?"

"ਪਰ ਬੇਬੇ ! ਸਾਡੇ ਮੇਲੇ 'ਚ ਆਈ ਹੋਈ ਸੀ।"

"ਵੇ ਕਾਕਾ ! ਮੇਲਾ ਸਾਰੇ ਪਿੰਡ ਦਾ ਸੀ। ਤੇਰਾ ਤਾ ਨ੍ਹੀਂ ਸੀ।"

"ਮੈਨੂੰ ਚਾਚੇ ਹਰਨਾਮ ਸਿੰਘ ਨੇ ਕਹਿਆ ਸੀ ਪਈ ਜਾਹ ਜਾ ਕੇ ਉਹਨੂੰ ਛੁਡਾ ਲਿਆ।"

"ਕਾਕਾ ! ਹਰਨਾਮ ਸਿੰਘ ਵੀ ਪਾਗਲ ਏ ਜੀਹਨੇ ਆਪਣੇ ਜਵਾਈ ਦਾ ਸਿਰ ਤੈਥੋਂ ਪੜਵਾਇਆ।"

"ਹੱਛਾ ਬੇਬੇ ! ਗੱਲ ਛੱਡ। ਮੈਂ ਹੁਣ ਪਿਛਲੇ ਅੰਦਰ ਵੜ ਕੇ ਸੌਣ ਲੱਗਾ ਵਾਂ। ਕੋਈ ਆਵੇ ਤੇ ਕਹਿਣਾ ਘਰ ਨ੍ਹੀਂ। ਮੈਨੂੰ ਨੀਂਦਰ ਬਹੁਤ ਆਈ ਹੋਈ ਏ।" ਇਹ ਕਹਿ ਕੇ ਕਾਦੂ ਪਿਛਲੇ ਅੰਦਰ ਨੁੱਕਰ ਵਿਚ ਡੱਠੇ ਹੋਏ ਮੰਜੇ 'ਤੇ ਖੇਸ ਤਾਣ ਕੇ ਸੌਂ ਗਿਆ। ਉਹਦੀ ਚਿੱਟੇ ਵਾਲਾਂ ਵਾਲੀ ਵਖਤਾਂ ਦੀ ਮਾਰੀ ਮਾਂ ਦਰਵਾਜ਼ੇ ਵਿਚ ਬਹਿ ਗਈ।

ਜਦੋਂ ਉਹ ਸੌਂ ਕੇ ਉੱਠਿਆ ਤੇ ਨੀਗਰ ਵੇਲਾ ਸੀ। ਉਸ ਮੂੰਹ 'ਤੇ ਪਾਣੀ ਦੇ ਛੱਟੇ ਮਾਰੇ। ਬਨਾਰਸੀ ਦੀ ਦੁਕਾਨ ਵੱਲ ਚੱਲ ਪਿਆ।

ਰਸਤੇ ਵਿਚ ਉਹਨੂੰ ਫ਼ੌਜੀ ਰੁਸਤਮ ਖ਼ਾਨ ਦਾ ਮੁੰਡਾ ਸ਼ੀਮੂੰ ਮਿਲਿਆ। ਉਸ ਬੱਕਰੀ ਦੀ ਡੋਰ ਫੜੀ ਹੋਈ ਸੀ। ਉਹ ਕਾਦੂ ਨੂੰ ਖਲ੍ਹਾਰ ਕੇ ਬੋਲਿਆ, "ਭਾ ! ਮੇਰੀ ਬੱਕਰੀ ਕਹਿੰਦੀ ਪਈ ਏ ਕਿ ਮੈਂ ਉਹ ਖੂੰਡ ਵੇਖਣਾ ਏ ਜੀਹਦੇ ਨਾਲ ਤੂੰ ਕਿਰਪਾ ਸਿੰਘ ਨੂੰ ਰਾਤੀਂ ਫੜਕਾਇਆ ਏ।"

"ਪਰ ਸ਼ੈਤਾਨਾ ! ਤੇਰੀ ਬੱਕਰੀ ਨੂੰ ਕਿਵੇਂ ਪਤਾ ਲੱਗਾ ਏ ਕਿ ਮੈਂ ਖੂੰਡ ਨਾਲ ਕਿਰਪਾ ਸਿੰਘ ਨੂੰ ਫੱਟੜ ਕੀਤਾ ਹੈ ?"

"ਮੈਂ ਦੱਸਿਆ ਏ ਬੱਕਰੀ ਨੂੰ।"

"ਤੈਨੂੰ ਕਿਵੇਂ ਪਤਾ ਲੱਗਾ ?"

"ਮੈਨੂੰ ਮੇਰੀ ਬੇਬੇ ਨੇ ਦੱਸਿਆ ਏ।"

"ਤੇਰੀ ਬੇਬੇ ਨੂੰ ਕੀਹਨੇ ਦੱਸਿਆ ਏ ?"

"ਮੇਰੇ ਅੱਬੇ ਨੇ ਹੋਰ ਕੀਹਨੇ ?"

"ਪਹਿਲਾਂ ਇਕ ਪੱਪੀ ਦੇਹ ਸ਼ੀਮੂੰ। ਫੇਰ ਤੈਨੂੰ ਤੇ ਬੱਕਰੀ ਨੂੰ ਖੂੰਡ ਦਿਖਾਵਾਂਗਾ।"

"ਖੂੰਡ ਬੱਕਰੀ ਨੇ ਦੇਖਣਾ ਏ। ਬੱਕਰੀ ਦੀ ਪੱਪੀ ਲੈ ਲੈ। ਮੈਂ ਤਾਂ ਸਕੇ ਪਿਉ ਨੂੰ ਪੱਪੀ ਨਾ ਦੇਵਾਂ।"

"ਬੜਾ ਸ਼ੈਤਾਨ ਹੋ ਗਿਆ ਏਂ ਸ਼ੀਮੂੰ ਤੂੰ," ਕਾਦੂ ਨੇ ਪਿਆਰ ਨਾਲ ਉਹਦੀ ਲਾਲ ਸੁਰਖ਼ ਗੱਲ੍ਹ 'ਤੇ ਚਪੇੜ ਮਾਰੀ ਤੇ ਅਗਾਂਹ ਵਧ ਗਿਆ।

ਜਦੋਂ ਉਹ ਬਨਾਰਸੀ ਦੀ ਦੁਕਾਨ 'ਤੇ ਆਇਆ ਤੇ ਬਨਾਰਸੀ ਨੇ ਉਹਨੂੰ ਵੇਖ ਕੇ ਨਾਅਰਾ ਮਾਰਿਆ, "ਜੀਉਂਦਾ ਰਹੁ ਓ ਮੇਰਿਆ ਸ਼ੇਰ ਜਵਾਨਾ। ਪਿੰਡ ਦੀ ਲਾਜ ਰੱਖ ਲਈ ਊ ਈਮਾਨ ਨਾਲ।"

"ਇੰਜ ਈ ਕਰਨਾ ਚਾਹੀਦਾ ਸੀ, ਫ਼ਿਕਰ ਨ੍ਹੀਂ," ਫ਼ੌਜੀ ਰੁਸਤਮ ਖ਼ਾਨ ਬੋਲਿਆ।

"ਪਈ ਬੜੀ ਹਿੰਮਤ ਵਾਲਾ ਗੱਭਰੂ ਏ। ਪੂਰਾ ਆਪਣੇ ਪਿਉ 'ਤੇ ਗਿਆ ਏ। ਸਮਝ ਕਰ ਲੋ।" ਇਹ ਮੌਲੂ ਕਬਾਬੀਆ ਸੀ।

"ਤੁਸੀਂ ਸਾਰੇ ਲੜਾਈ ਝਗੜੇ ਵਿਚ ਖ਼ੁਸ਼ ਓ," ਮੌਲਵੀ ਅਕਬਰ ਖੁਰਲੀ 'ਤੇ ਬੈਠਾ ਹੋਇਆ।

"ਨ੍ਹੀਂ ਮੌਲਵੀ ਜੀ ! ਇਹ ਗੱਲ ਨ੍ਹੀਂ। ਈਮਾਨ ਨਾਲ ਉਹ ਗੱਲ ਈ ਹੋਰ ਬਣ ਗਈ ਸੀ," ਬਨਾਰਸੀ ਨੇ ਸਿਰ ਹਿਲਾ ਕੇ ਕਿਹਾ।

"ਮੌਲਵੀ ਜੀ ! ਮੈਥੋਂ ਪੁੱਛੋ, ਬਨਾਰਸੀ ਕੋਲੋਂ ਕੀ ਪੁੱਛਦੇ ਓ।" ਫ਼ੌਜੀ ਰੁਸਤਮ ਬੋਲਿਆ, "ਕਿਰਪਾ ਸਿੰਘ ਨੇ ਗੜਬੜ ਕੀਤੀ। ਕਾਦੂ ਨੇ ਐਕਸ਼ਨ ਲੈ ਕੇ ਉਹਦੀ ਸਕੀਮ ਫੇਲ੍ਹ ਕਰ ਦਿੱਤੀ। ਫ਼ਿਕਰ ਨ੍ਹੀਂ।"

"ਸਕੀਮ ਉਹਦੀ ਵੀ ਭੈੜੀ ਸੀ, ਪਰ ਤੁਹਾਡੀ ਸਕੀਮ ਸਾਰਿਆਂ ਨਾਲੋਂ ਭੈੜੀ ਸੀ।" ਮੌਲਵੀ ਅਕਬਰ ਗੁੱਸੇ ਵਿਚ ਆ ਗਿਆ, "ਤੁਸੀਂ ਕਿਉਂ ਮੰਗਵਾਈ ਬਿਜਲੀ ? ਕੰਜਰੀਆਂ ਨਚਾਉਣੀਆਂ ਕੰਜਰਾਂ ਦਾ ਕੰਮ ਏ।"

"ਬਸ ਤੁਸੀਂ ਤਾਂ ਮੌਲਵੀ ਜੀ ਪਿੰਡ ਵਾਲਿਆਂ ਦੇ ਪਿੱਛੇ ਈ ਪਏ ਰਹਿੰਦੇ ਓ ਈਮਾਨ ਨਾਲ।"

"ਪਿੱਛੇ ਪਏ ਰਹਿੰਦੇ ਨੇ ਤੇ ਫ਼ਿਕਰ ਨ੍ਹੀਂ, ਅਸੀਂ ਕਿਹੜੀ ਇਨ੍ਹਾਂ ਦੀ ਗੱਲ ਮੰਨਣ ਵਾਸਤੇ ਤਿਆਰ ਆਂ," ਫ਼ੌਜੀ ਰੁਸਤਮ ਖ਼ਾਨ ਬੋਲਿਆ।

"ਨਾ ਮੰਨੋ। ਅਖ਼ੀਰ ਹਸ਼ਰ ਦਿਹਾੜੇ ਪਛਤਾਉਗੇ," ਮੌਲਵੀ ਅਕਬਰ ਇਹ ਕਹਿ ਕੇ ਉੱਠਿਆ। ਮਸੀਤ ਵੱਲ ਟੁਰ ਪਿਆ।

"ਬਹਿ ਜਾ ਕਾਦਰ ਦਾਦ ਖ਼ਾਨਾਂ ! ਖਲੋ ਕਾਹਨੂੰ ਰਿਹੈ ?" ਬਨਾਰਸੀ ਨੇ ਕਿਹਾ।

"ਨ੍ਹੀਂ ਯਾਰ ਚਲਣਾ। ਟੈਰ ਦੇ ਪੱਠੇ ਦੱਥੇ ਦਾ ਪਤਾ ਕਰਾਂ," ਕਾਦੂ ਇਹ ਕਹਿ ਕੇ ਮੁਰਾਦ ਖ਼ਾਨ ਦੀ ਹਵੇਲੀ ਵੱਲ ਤੁਰ ਪਿਆ।

ਜਦੋਂ ਉਹ ਹਵੇਲੀ ਅੱਪੜਿਆ ਤੇ ਦੁੱਲਾ ਹਵੇਲੀ ਦੇ ਚਬੂਤਰੇ ਤੋਂ ਉੱਠ ਖਲੋਤਾ।

"ਮੈਨੂੰ ਪਤਾ ਏ ਤੂੰ ਘੋੜੀ ਦੇ ਪੱਠਿਆਂ ਦਾ ਪਤਾ ਕਰਨ ਆਇਆ ਏਂ। ਮੈਂ ਸਾਰੇ ਡੰਗਰਾਂ ਨੂੰ ਪੱਠੇ ਪਾ ਦਿੱਤੇ ਨੇ। ਮੈਂ ਕਿਹਾ ਸਾਡਾ ਯਾਰ ਰੱਜ ਕੇ ਸੌਂ ਲਵੇ।"

"ਦੁੱਲਿਆ ! ਤੈਨੂੰ ਕਿਵੇਂ ਪਤਾ ਲਗਾ ਪਈ ਮੈਂ ਸੁੱਤਾ ਹੋਇਆ ਸਾਂ ?"



"ਮੈਨੂੰ ਤੇਰੀ ਬੇਬੇ ਨੇ ਦੱਸਿਆ ਸੀ ਪਈ ਕਾਦੂ ਪਿਛਲੇ ਅੰਦਰ ਸੁੱਤਾ ਹੋਇਆ ਏ। ਮੈਂ ਘਰ ਜੁ ਤੇਰੇ ਗਿਆ ਸਾਂ।"

"ਹਲਾ ? ਪਰ ਮੈਂ ਤੇ ਬੇਬੇ ਨੂੰ ਠਾਕ ਦਿੱਤਾ ਸੀ ਪਈ ਕਿਸੇ ਨੂੰ ਨਾ ਦੱਸੀਂ ਪਈ ਮੈਂ ਸੁੱਤਾ ਹੋਇਆਂ।"

"ਦੇਖ ਲੈ ਫੇਰ, ਤੇਰੀ ਬੇਬੇ ਨੇ ਮੈਨੂੰ ਦੱਸ ਦਿੱਤਾ। ਤਾਈ ਨੇ ਇਹ ਵੀ ਕਿਹਾ ਸੀ ਪਈ ਮੁੰਡਾ ਖ਼ਰਾਬ ਹੋ ਗਿਆ ਏ। ਲੜਾਈ ਝਗੜੇ ਸ਼ੁਰੂ ਕਰ ਦਿੱਤੇ ਸੂ।"

"ਬਸ ਯਾਰ, ਲੜਾਈ ਝਗੜਾ ਕੀਹ ਕਰਨਾ ਏ। ਚਾਚੇ ਹਰਨਾਮ ਸਿੰਘ ਦੇ ਕਹਿਣ 'ਤੇ ਮੈਂ ਬਿਜਲੀ ਨੂੰ ਛੁਡਾਣ ਤੁਰ ਪਿਆ।"

"ਬਹੁਤ ਚੰਗਾ ਹੋਇਆ। ਨਾਲ ਦੇ ਪਿੰਡਾਂ 'ਤੇ ਰੁਹਬ ਬੜਾ ਬੈਠਾ ਏ।"

"ਪਈ ਦੁੱਲਿਆ ! ਅਸਲ ਜਿਗਰਾ ਤੇ ਸਰਦਾਰ ਹਰਨਾਮ ਸਿੰਘ ਦਾ ਏ। ਇਕ ਤਰ੍ਹਾਂ ਓਸ ਆਪਣੇ ਪੁੱਤਰ ਦਾ ਸਿਰ ਆਪ ਪੜਵਾਇਆ। ਕਿਰਪੇ ਨੂੰ ਹਰਨਾਮ ਸਿੰਘ ਦਾ ਪੁੱਤਰ ਈ ਸਮਝੋ ਨਾ। ਸਾਨੂੰ ਖ਼ੁਸ਼ੀ ਤੇ ਇਹ ਵੇ ਪਈ ਸਾਡਾ ਮੇਲਾ ਉਜੜਿਆ ਨ੍ਹੀਂ, ਕਾਇਮ ਈ ਰਿਹਾ ਏ। ਕਿਰਪਾ ਸਿੰਘ ਆਪਣੇ ਇਰਾਦੇ ਵਿਚ ਕਾਮਯਾਬ ਹੋ ਜਾਂਦਾ। ਅਸੀਂ ਲਾਗੇ-ਸ਼ਾਗੇ ਦਿਆਂ ਪਿੰਡਾਂ 'ਚ ਮੂੰਹ ਦੱਸਣ ਜੋਗਿਆ ਨ੍ਹੀਂ ਸੀ ਰਹਿਣਾ। ਲੋਕਾਂ ਨੇ ਛਿੱਬੀਆਂ ਦੇਣੀਆਂ ਸਨ। ਕਹਿਣਾ ਸੀ, ਫ਼ਰੀਦਪੁਰੀਏ ਗੰਢੋਂ ਕਮਜ਼ੋਰ ਨੇ।"

"ਚਲੋ ਇੰਜ ਈ ਠੀਕ ਸਹੀ। ਅੱਲ੍ਹਾ ਜੋ ਕਰਦਾ ਏ ਚੰਗਾ ਈ ਕਰਦਾ ਏ।"

ਕਾਦੂ ਹਵੇਲੀ ਵਿਚੋਂ ਪਰਤ ਕੇ ਪੈਲੀਆਂ ਵੱਲ ਤੁਰ ਪਿਆ। ਉਹ ਰਾਤ ਦੇ ਵਾਕਏ ਨੂੰ ਭੁਲਾਉਣਾ ਚਾਹੁੰਦਾ ਸੀ।

ਜਦੋਂ ਉਹ ਪਿੜਾਂ ਵਿਚ ਪੁੱਜਾ ਤੇ ਅੱਗੋਂ ਉਹਨੂੰ ਹੀਨਾ ਸਾਂਹਸੀ ਟਕਰਿਆ। ਹੀਨਾ ਸਾਂਹਸੀ ਕਿਰਪਾ ਸਿੰਘ ਦਾ ਬੜਾ ਯਾਰ ਸੀ। ਕਿਰਪਾ ਸਿੰਘ ਤੇ ਉਹ ਹਰ ਵੇਲੇ 'ਕੱਠੇ ਫਿਰਦੇ ਰਹਿੰਦੇ ਸਨ। ਹੀਨੇ ਨੇ ਇਕ ਹੱਥ ਵਿਚ ਡਾਂਗ ਫੜੀ ਹੋਈ ਸੀ। ਦੂਜੇ ਵਿਚ ਕੁੱਤੇ ਦੀ ਡੋਰ।

"ਹੀਨਿਆ ! ਕਿਧਰੋਂ ?" ਕਾਦੂ ਨੇ ਹੀਨੇ ਦੇ ਕੋਲ ਆ ਕੇ ਕਿਹਾ।

"ਇਹ ਕੁੱਤਾ ਸਰਦਾਰ ਕਿਰਪਾ ਸਿੰਘ ਦਾ ਏ। ਏਸ ਸਵੇਰ ਤੋਂ ਭੌਂਕ ਭੌਂਕ ਕੇ ਕੰਨ ਖਾ ਮਾਰੇ ਸਨ। ਇਹ ਕਿਰਪਾ ਸਿੰਘ ਨੂੰ ਟੋਲਦਾ ਸੀ। ਮੈਂ ਸੋਚਿਆ ਏਸ ਨੂੰ ਕਿਰਪਾ ਸਿੰਘ ਵਿਖਾ ਈ ਲਿਆਈਏ।"

"ਰਾਤ ਮੇਲੇ ਵਿਚ ਨ੍ਹੀਂ ਏ ਲੱਭਾ," ਕਾਦੂ ਨੇ ਪੁੱਛਿਆ।

"ਚੰਗਾ ਈ ਹੋਇਆ ਨ੍ਹੀਂ ਲੱਭਾ। ਜੇ ਲੱਭ ਜਾਂਦਾ ਤੇ ਖ਼ਾਨ ਬਾਦਸ਼ਾਹਾਂ ਨੇ ਮੇਰਾ ਸਿਰ ਵੀ ਦਲ ਦੇਣਾ ਸੀ।"

"ਨ੍ਹੀਂ, ਤਾਂ ਵੀ ਕੀ ਹੋਇਆ ਸੀ ਤੂੰ ਆਇਆ ਨ੍ਹੀਂ ਮੁਜਰਾ ਸੁਣਨ ?"

"ਮੇਰਾ ਨਿੱਕਾ ਮੁੰਡਾ ਬੀਮਾਰ ਸੀ, ਮੈਂ ਉਹਦੇ ਸਰਾਹਣੇ ਬੈਠਾ ਰਹਿਆ।"

"ਹੁਣ ਕੀਹ ਹਾਲ ਏ ਉਹਦਾ ?"

"ਫ਼ਰਕ ਏ ਅੱਗੇ ਨਾਲੋਂ।"

"ਹੀਨਿਆ ! ਕਿਰਪਾ ਸਿੰਘ ਨੂੰ ਸਾਡਾ ਨ੍ਹੀਂ ਤਾਂ ਸਰਦਾਰ ਹਰਨਾਮ ਸਿੰਘ ਦਾ ਈ ਖ਼ਿਆਲ ਕਰਨਾ ਚਾਹੀਦਾ ਸੀ।"

"ਸ਼ਰਾਬ 'ਚ ਤਾਂ ਅਕਲ ਬਾਹਰ ਹੁੰਦੀ ਏ। ਫੇਰ ਉਹ ਪੀ ਕੇ ਵੀ ਬਹੁਤ ਗਿਆ ਸੀ।"

"ਤਦੇ ਈ।" ਕਾਦੂ ਨੇ ਕਿਹਾ ਤੇ ਪੈਲੀਆਂ ਵੱਲ ਤੁਰ ਪਿਆ। ਉਹ ਇਕ ਪੈਲੀ ਦੇ ਬੰਨੇ 'ਤੇ ਬਹਿ ਗਿਆ। ਵਾਕਿਆ ਬਾਰੇ ਸੋਚਣ ਲਗ ਪਿਆ।

ਉਹ ਰਾਤ ਵਾਲੇ ਵਾਕਿਆ ਨੂੰ ਭੁਲਾਉਣਾ ਚਾਹੁੰਦਾ ਸੀ, ਪਰ ਭੁਲਾ ਨਹੀਂ ਸੀ ਸਕਦਾ।

ਉਹ ਸੋਚਣ ਲੱਗ ਪਿਆ, "ਮੈਂ ਚੰਗਾ ਨ੍ਹੀਂ ਕੀਤਾ। ਕਿਰਪਾ ਸਿੰਘ ਪਿੰਡ ਦਾ ਜਵਾਈ ਭਰਾ ਸੀ। ਪ੍ਰੀਤੋ ਉਹਦੇ ਨਾਲ ਪਿਆਰ ਕਰਦੀ ਏ। ਉਹ ਕੀਹ ਸੋਚਦੀ ਹੋਵੇਗੀ ?"

ਫੇਰ ਪ੍ਰੀਤੋ ਤੇ ਸੁੱਗੀ ਆਪਸ ਵਿਚ ਸਹੇਲੀਆਂ ਵੀ ਨੇ। ਸੁੱਗੀ ਵੀ ਜ਼ਰੂਰ ਮੇਰੇ ਖ਼ਿਲਾਫ਼ ਹੋ ਗਈ ਹੋਵੇਗੀ। ਅੱਗੇ ਉਹ ਮੈਨੂੰ ਹੱਸਦੇ ਮੱਥੇ ਮਿਲਦੀ ਸੀ। ਹੁਣ ਪਤਾ ਨਹੀਂ ਕਿਵੇਂ ਮਿਲੇ ? ਮੈਂ ਉਹਦੀ ਸਹੇਲੀ ਦੇ ਹੋਣ ਵਾਲੇ ਖ਼ਾਵੰਦ ਦਾ ਸਿਰ ਜੁ ਪਾੜ ਦਿੱਤਾ ਏ।

ਸੁਲੱਖਣ ਸਿੰਘ ਤੇ ਸੁਭਾ ਦਾ ਚੰਗਾ ਏ। ਫੇਰ ਸੋਚ ਸਮਝ ਵਾਲਾ ਵੀ ਏ। ਪਰ ਉਹਦੇ ਦੋਵੇਂ ਨਿੱਕੇ ਭਰਾ ਗੁਰਬਚਨ ਸਿੰਘ ਤੇ ਦਰਸ਼ਨ ਸਿੰਘ ਨਿਰੀਆਂ ਮਹੁਰੇ ਦੀਆਂ ਗੰਦਲਾਂ ਨੇ। ਉਨ੍ਹਾਂ ਵਿਚ ਤੇ ਗੁੱਸਾ ਵੀ ਬਹੁਤ ਏ। ਉਹ ਦੋਵੇਂ ਜ਼ਰੂਰ ਸੱਪ ਵਾਂਗ ਵਿੱਸ ਘੋਲਦੇ ਹੋਣਗੇ।

ਮੌਲੂ ਕਬਾਬੀਆ ਵੀ ਹੁਣ ਪਠਾਣਾਂ ਤੇ ਸਿੱਖਾਂ ਵਿਚ ਵਿੱਥ ਤੇ ਵੰਡ ਪਾਉਣ ਵਿਚ ਕਾਯਾਬ ਹੋ ਜਾਏਗਾ। ਉਹ ਅੱਗੇ ਈ ਤਾਏ ਮੁਰਾਦ ਖ਼ਾਨ ਦੇ ਖ਼ਿਲਾਫ ਏ। ਕਿਉਂ ਜੇ ਤਾਏ ਮੁਰਾਦ ਖ਼ਾਨ ਨੇ ਉਹਦੀ ਜ਼ਮੀਨ ਜੁ ਬੈ ਖ਼ਰੀਦੀ ਹੋਈ ਏ। ਹਰਨਾਮ ਸਿੰਘ ਤੇ ਚਰਨ ਸਿੰਘ ਭਾਵੇਂ ਮੌਲੂ ਕਬਾਬੀਏ ਦੀਆਂ ਪੁੱਠੀਆਂ ਗੱਲਾਂ ਵਿਚ ਨਾ ਆਉਣ ਪਰ ਨਿੱਕ ਪੋਚ ਤੇ ਜ਼ਰੂਰ ਉਹਦੀਆਂ ਗੱਲਾਂ ਵਿਚ ਆ ਜਾਵੇਗਾ।

ਬਨਾਰਸੀ ਦਾਸ ਵੀ ਸਿੱਖਾਂ ਨੂੰ ਚੁੱਕੇਗਾ। ਉਹ ਆਂਹਦਾ ਏ ਕਿ ਪਠਾਣ ਤੇ ਸਿੱਖ ਆਪਸ ਵਿਚ ਲੜਨ ਮਰਨ। ਮੁਕੱਦਮੇ ਚੱਲਣ। ਟੂੰਬ ਟੱਲਾ ਵਿਕੇ। ਉਹ ਸੌ ਰੁਪਏ ਦੀ ਟੂੰਬ ਚਾਲੀ ਰੁਪਏ ਤੋਂ ਖ਼ਰੀਦੇ। ਜਦੋਂ ਮੇਰੇ ਪਿਉ 'ਤੇ ਕਤਲ ਦਾ ਮੁਕੱਦਮਾ ਬਣਿਆ ਤੇ ਮੇਰੀ ਬੇਬੇ ਦੀਆਂ ਟੂੰਬਾਂ ਸਾਰੀਆਂ ਬਨਾਰਸੀ ਦਾਸ ਨੇ ਕੌਡੀਆਂ ਦੇ ਮੁੱਲ ਖ਼ਰੀਦੀਆਂ।

ਪਰ ਮੈਂ ਤੇ ਜੋ ਕੁਝ ਕੀਤਾ ਏ, ਆਪਣੇ ਵਾਸਤੇ ਨਹੀਂ ਕੀਤਾ। ਪਿੰਡ ਦੀ ਇੱਜ਼ਤ ਬਚਾਉਣ ਵਾਸਤੇ ਕੀਤਾ ਏ। ਉਹ ਵੀ ਚਾਚੇ ਹਰਨਾਮ ਸਿੰਘ ਦੇ ਕਹਿਣ 'ਤੇ ਕੀਤਾ ਏ। ਮੈਂ ਤੇ ਚਾਚੇ ਹਰਨਾਮ ਸਿੰਘ ਨੂੰ ਪਹਿਲੇ ਕਹਿ ਦਿੱਤਾ ਸੀ ਪਈ ਐਵੇਂ ਕਿਤੇ ਸੱਟ ਪੇਟ ਨਾ ਲੱਗ ਜਾਏ। ਪਰ ਓਸ ਕਿਹਾ ਕੋਈ ਗੱਲ ਨਹੀਂ ਤੂੰ ਬਿਜਲੀ ਨੂੰ ਵਾਪਸ ਪਿੜ ਵਿਚ ਲੈ ਆ।"

ਕਾਦੂ ਏਸੇ ਤਰ੍ਹਾਂ ਦੀਆਂ ਸੋਚਾਂ ਵਿਚ ਡੁੱਬਾ ਹੋਇਆ ਸੀ। ਉਹਦਿਆਂ ਕੰਨਾਂ ਵਿਚ ਚੂੜੀਆਂ ਛਣਕਣ ਦੀ ਆਵਾਜ਼ ਆਈ। ਜਦੋਂ ਉਹਨੇ ਡੂੰਘੇ ਖੂਹ ਵੱਲ ਮੁੰਡੀ ਚੁੱਕ ਕੇ ਵੇਖਿਆ ਤਾਂ ਉਹਨੂੰ ਸੁਗੀ ਤੇ ਪ੍ਰੀਤੋ ਨਜ਼ਰ ਆਈਆਂ। ਉਹ ਪੈਰਾਂ 'ਤੇ ਉੱਠ ਖਲੋਤਾ।

ਦੁੱਧ ਮੱਖਣਾਂ ਦੀਆਂ ਪਲੀਆਂ ਮੁਟਿਆਰਾਂ। ਅੰਗ-ਅੰਗ ਵਿਚ ਜਵਾਨੀ ਦਾ ਲੋਰ। ਕਾਲੇ ਪਰਾਂਦੇ ਤੇ ਲੰਮੀਆਂ ਗੁੱਤਾਂ। ਹਵਾ ਨਾਲ ਗਲਵਕੜੀਆਂ ਪਾਂਦੇ ਕੇਸਰੀ ਦੁਪੱਟੇ। ਮਲੂਕ ਲੱਕ ਤੇ ਉੱਚੀਆਂ ਧੌਣਾਂ। ਧੁੱਪ ਵਿਚ ਚਮਕਦੀਆਂ ਨੱਕ ਦੀਆਂ ਤੀਲੀਆਂ ਲੁਸ ਲੁਸ ਕਰਦੇ ਰੇਸ਼ਮੀ ਲਾਚੇ। ਬੁੱਲ੍ਹਾਂ 'ਤੇ ਲਾਲੀਆਂ ਤੇ ਅੱਖਾਂ ਵਿਚ ਕੱਜਲ। ਦੋਵੇਂ ਰੁਹਬ ਵਿਚ ਸਨ। ਜਾਂ ਇੰਜ ਸਮਝ ਲੌ ਕਿ ਗੁੱਸੇ ਵਿਚ ਸਨ। ਪ੍ਰੀਤੋ ਕੁਝ ਨਿਢਾਲ ਜਿਹੀ ਸੀ ਪਰ ਸੁੱਗੀ ਚੁਸਤ ਜਾਪਦੀ ਸੀ।

ਉਹ ਆਪਣੇ ਧਿਆਨ ਡੰਡੀਉ ਡੰਡੀ ਤੁਰੀਆਂ ਆਈਆਂ ਜਦੋਂ ਉਹ ਦੋਵੇਂ ਕਾਦੂ ਦੇ ਲਾਗੇ ਪਹੁੰਚੀਆਂ ਤੇ ਉਸ ਸੁੱਗੀ ਨੂੰ ਪੁੱਛਿਆ, "ਸੁਗਰਾਂ ਕਿੱਥੋਂ ਆਈ ਏਂ ?"



(ਆਵਾਜ਼ ਸੁਣ ਕੇ ਉਹ ਦੋਵੇਂ ਖਲੋ ਗਈਆਂ ਪਰ ਪ੍ਰੀਤੋ ਨੇ ਦੂਜੇ ਪਾਸੇ ਮੂੰਹ ਫੇਰ ਲਿਆ।)

"ਕਿਤਿਉਂ ਆਵਾਂ, ਤੈਨੂੰ ਕੀ ? ਤੂੰ ਕੋਈ ਠਾਣੇਦਾਰ ਲੱਗਾ ਹੋਇਆ ਏਂ ਸਾਡੇ 'ਤੇ ?"

"ਸੁਗੀਏ ! ਤੂੰ ਏਨੀ ਔਖੀ ਕਿਉਂ ਬੋਲਨੀ ਏਂ ?"

"ਮੈਂ ਸੌਖੀ ਕਿਉਂ ਬੋਲਾਂ ? ਤੇਰਾ ਦਿੱਤਾ ਖਾਨੀ ਆਂ। ਦੱਸ ਮੈਨੂੰ।"

"ਤੂੰ ਤੇ ਨ੍ਹੀਂ ਮੇਰਾ ਦਿੱਤਾ ਖਾਂਦੀ ਪਰ ਮੈਂ ਤੇ ਤੇਰਾ ਖਾਨਾਂ ਵਾਂ।"

"ਵੇ ਜਾ, ਦਿਲ ਦਾ ਖੋਟਾ।"

"ਦਿਲ ਦਾ ਖੋਟਾ ? ਕੀਹ ਪਈ ਕਹਿਨੀ ਏਂ ਸੁਗੀਏ ? ਮੈਂ ਕਿਹੜਾ ਖੋਟ ਕੀਤਾ ਏ ?"

"ਹੋਰ ਤੂੰ ਖੋਟ ਕੀਹ ਕਮਾਣਾ ਸੀ ? ਵਿਚਾਰੇ ਕਿਰਪਾ ਸਿੰਘ ਦਾ ਰਾਤੀਂ ਘਰ ਸਿਰ ਪਾੜ ਦਿੱਤਾ ਈ।"

"ਪਰ ਉਹ ਬਿਜਲੀ ਨੂੰ ਚੁੱਕ ਕੇ ਬੇਲੇ ਵੱਲ ਲੈ ਗਿਆ ਸੀ।"

"ਤੂੰ ਬਿਜਲੀ ਨੂੰ ਵਾਪਸ ਲੈ ਆਉਂਦਾ। ਸਿਰ ਜ਼ਰੂਰ ਪਾੜਨਾ ਸੀ ਵਿਚਾਰੇ ਦਾ ?"

"ਪਈ ਤੂੰ ਵੀ ਕਮਾਲ ਕਰਦੀ ਏਂ ਸੁੱਗੀਏ। ਉਸ ਤੇ ਕਿਰਪਾਨ ਨਾਲ ਮੇਰੇ 'ਤੇ ਹਮਲਾ ਕੀਤਾ ਸੀ ?"

"ਹਾਏ ਮੈਂ ਮਰ ਗਈ।"

"ਜੇ ਮੈਂ ਖੂੰਡ ਨਾਲ ਉਹਦਾ ਵਾਰ ਨਾ ਰੋਕਦਾ ਤੇ ਉਹਦੀ ਕਿਰਪਾਨ ਮੇਰੇ ਢਿੱਡ ਵਿਚ ਧਸ ਜਾਂਦੀ।"

ਕਾਦੂ ਦੀ ਗੱਲ ਸੁਣ ਕੇ ਸੁੱਗੀ ਨੇ ਪ੍ਰੀਤੋ ਵੱਲ ਮੂੰਹ ਕੀਤਾ ਤੇ ਬੋਲੀ, "ਲੈ ਸੁਣ ਲੈ, ਮੈਂ ਨ੍ਹੀਂ ਸੀ ਤੈਨੂੰ ਕਿਹਾ ਕਿ ਕਿਰਪਾ ਸਿੰਘ ਵੀ ਕਿਸੇ ਨਾਲੋਂ ਘੱਟ ਨ੍ਹੀਂ।"

ਫੇਰ ਉਹ ਕਾਦੂ ਵੱਲ ਮੂੰਹ ਕਰ ਕੇ ਬੋਲੀ, "ਤੁਹਾਡੀਆਂ ਤੁਸੀਂ ਜਾਣੋ। ਹੁਣ ਤੁਸਾਂ ਆਪਸ 'ਚ ਈ ਲੜ ਲੜ ਕੇ ਮਰਨਾ ਏਂ। ਚਲ ਪ੍ਰੀਤੋ ਚਲੀਏ। ਦਫ਼ਾ ਕਰ ਇਨ੍ਹਾਂ ਮਰਦਾਂ ਦੀਆਂ ਗੱਲਾਂ ਨੂੰ। ਬੁੱਢੀਆਂ ਤੋਂ ਤੇ ਇਹ ਫਟਾ-ਫਟ ਲੜ ਪੈਂਦੇ ਨੇ।"

ਫੇਰ ਉਹ ਦੋਵੇਂ ਨਿੱਕੇ ਨਿੱਕੇ ਪੈਰ ਪੁੱਟਦੀਆਂ ਪਿੰਡ ਨੂੰ ਤੁਰ ਪਈਆਂ।

ਸੂਰਜ ਡੁੱਬਣ ਦਾ ਪ੍ਰਬੰਧ ਕਰ ਰਿਹਾ ਸੀ। ਕਾਵਾਂ ਦੀ ਡਾਰ ਰੌਲਾ ਪਾਉਂਦੀ ਲਹਿੰਦਿਉਂ ਚੜ੍ਹਦੇ ਨੂੰ ਜਾ ਰਹੀ ਸੀ।

ਕਾਦੂ ਨੇ ਮਹਿਸੂਸ ਕੀਤਾ ਕਿ ਸੁੱਗੀ ਨਾਲ ਗੱਲਾਂ ਕਰ ਕੇ ਉਹਦਾ ਦਿਲ ਹੌਲਾ ਹੋ ਗਿਆ ਏ। ਉਹ ਸੁੱਗੀ ਨੂੰ ਇਹ ਗੱਲ ਮਨਾਣ ਵਿਚ ਕਾਮਯਾਬ ਹੋ ਗਿਆ ਸੀ ਕਿ ਉਹਦਾ ਕੋਈ ਬਹੁਤਾ ਕਸੂਰ ਨਹੀਂ। ਵੱਡੀ ਗੱਲ ਇਹ ਸੀ ਕਿ ਉਹਦੀਆਂ ਗੱਲਾਂ ਪ੍ਰੀਤਮ ਕੌਰ ਨੇ ਵੀ ਸੁਣ ਲਈਆਂ ਸਨ।

ਜਦੋਂ ਉਹ ਵਾਪਸ ਪਰਤਿਆ ਤੇ ਉਹਨੂੰ ਪਿੜਾਂ ਦੇ ਵਿਚਕਾਰ ਹੀਨਾ ਸਾਂਹਸੀ ਮਿਲਿਆ।

"ਕਿਉਂ ਪਈ ਹੀਣਿਆ ! ਮਿਲ ਆਇਆ ਏਂ ਕਿਰਪੇ ਨੂੰ ?"

"ਆਹੋ, ਮਿਲ ਆਇਆਂ।"

"ਕੀਹ ਹਾਲ ਏ ਉਹਦਾ ?"

"ਠੀਕ ਏ। ਬੜਾ ਜਿੰਦ ਵਾਲਾ ਗੱਭਰੂ ਏ। ਘੜਾ ਖ਼ੂਨ ਦਾ ਵਗਿਆ ਏ ਪਰ ਉਹ ਬਿਲਕੁਲ ਨ੍ਹੀਂ ਘਬਰਾਇਆ। ਸ਼ਰਾਬ ਨੇ ਉਹਦਾ ਸਰੀਰ ਵਾਹ ਵਾਹ ਗਰਮ ਰੱਖਿਆ ਏ। ਜੇ ਸ਼ਰਾਬ ਨਾ ਪੀਤੀ ਹੁੰਦੀ ਤੇ ਉਹਦਾ ਸਰੀਰ ਠੰਢਾ ਪੈ ਜਾਣਾ ਸੀ। ਸ਼ਰਾਬ ਨੇ ਤੇ ਟੀਕੇ ਦਾ ਕੰਮ ਦਿੱਤਾ ਏ।"

"ਕਿੰਨਿਆਂ ਕੁ ਦਿਨਾਂ 'ਚ ਉੱਠ ਕੇ ਤੁਰੇ ਫਿਰੇਗਾ ?"

"ਦੋ ਤਿੰਨ ਦਿਨ ਬਾਅਦ ਬਿਲਕੁਲ ਟਿਚਨ ਹੋ ਜਾਏਗਾ। ਫਿਟ ਫੈਟ।"

"ਹੋਸ਼ 'ਚ ਏ ਨਾ ?"

"ਆਹੋ ! ਹੋਸ਼ 'ਚ ਏ। ਹੱਸ ਰਿਹਾ ਸੀ ਪਈ ਕਾਦੂ ਦਾਅ ਲਾ ਗਿਆ। ਹੁਣ ਚਿੱਟੀ ਦੇ ਮੇਲੇ 'ਤੇ ਮਿਲਣੀ ਹੋਵੇਗੀ।" ਹੀਣੇ ਨੇ ਤੁਰਦੇ ਹੋਏ ਕਿਹਾ। ਕਾਦੂ ਵੀ ਪਿੰਡ ਵੱਲ ਤੁਰ ਪਿਆ ਤੇ ਬੋਲਿਆ,

"ਹੀਣਿਆ ! ਅਸਾਂ ਕੀਹ ਉਹਦੇ ਨਾਲ ਲੜਨਾ ਏ। ਉਹ ਤੇ ਸਾਡੇ ਘਰ ਦਾ ਬੰਦਾ ਏ। ਪਿੰਡ ਦਾ ਜਵਾਈ ਏ।"

×××

ਜਦੋਂ ਬਹਾਰ ਆਉਂਦੀ ਏ ਤੇ ਫੁੱਲ ਖਿੜਦੇ ਨੇ। ਜਦੋਂ ਜਨੌਰ ਚੁੰਝਾਂ ਨਾਲ ਚੁੰਝਾਂ ਲਾ ਕੇ ਮਿੱਠੀਆਂ ਬੋਲੀਆਂ ਬੋਲਦੇ ਨੇ। ਜਦੋਂ ਨਰਮ ਨਰਮ ਗੰਦਲਾਂ ਜਵਾਨ ਹੁੰਦੀਆਂ ਨੇ ਤੇ ਸਰ੍ਹੋਂ ਦਿਆਂ ਫੁੱਲਾਂ ਦੀ ਪੀਲਕ ਹਰੀ ਕਚਾਹ ਕਣਕ ਦੇ ਉੱਤੇ ਵਿਛਦੀ ਏ। ਜਦੋਂ ਲਵੇਰੀਆਂ ਹਰਾ ਪੱਠਾ ਖਾ ਕੇ ਬਾਲਟੀਆਂ ਭਰ ਭਰ ਕੇ ਦੁੱਧ ਦੇਂਦੀਆਂ ਨੇ। ਜਦੋਂ ਆਸਾਂ ਤੇ ਸੱਧਰਾਂ ਦੇ ਬੂਟਿਆਂ 'ਤੇ ਬੂਰ ਆਉਂਦਾ ਏ ਤੇ ਮਨ ਦੀਆਂ ਗੁੱਝੀਆਂ ਰਮਜ਼ਾਂ ਭਾਂਬੜ ਬਣ ਕੇ ਮਚਦੀਆਂ ਨੇ, ਉਦੋਂ ਚਿੱਟੀ ਦਾ ਮੇਲਾ ਲੱਗਦਾ ਏ। ਚਿੱਟੀ ਦਾ ਮੇਲਾ ਮੇਲ ਮੁਲਾਕਾਤਾਂ ਦੀ ਥਾਂ ਏਂ। ਮੂੰਹ ਮੂੰਹ ਗਿਲੇ ਸ਼ਿਕਵੇ ਕਰਨ ਦਾ ਜ਼ਰੀਆ ਏ। ਖੁੱਲ੍ਹੀ ਰਾਤ ਦੀਆਂ ਖੁਸ਼ੀਆਂ ਮਨਾਣ ਦਾ ਵਸੀਲਾ ਏ ਤੇ ਬਾਹਾਂ ਵਿਚ ਬਾਹਵਾਂ ਪਾ ਕੇ ਸੈਲ-ਸਪਾਟੇ ਕਰਨ ਦਾ ਬਹਾਨਾ ਏ। ਅੱਜ ਚਿੱਟੀ ਦਾ ਮੇਲਾ ਏ।

ਚਿੱਟੀ ਫ਼ਰੀਦਪੁਰ ਤੇ ਓਗਰੇ ਦੀ ਪਹਾੜੀ ਵਾਲੀ ਗੁੱਠੇ ਢਾਈ ਤਿੰਨ ਕੋਹ ਦੀ ਵਾਟ 'ਤੇ ਸਿੱਖਾਂ ਦਾ ਗਰਾਂ ਏ। ਇਲਾਕੇ ਦੇ ਸਾਰੇ ਸਿੱਖਾਂ ਦਾ ਵੱਡਾ ਗੁਰਦਵਾਰਾ ਚਿੱਟੀ ਵਿਚ ਏ। ਗੁਰਦਵਾਰੇ ਦੇ ਨਾਲ ਵਾਲੇ ਟਾਹਲੀਆਂ ਦੇ ਬਾਗ਼ ਵਿਚ ਮੇਲਾ ਲੱਗਦਾ ਏ। ਗੁਰਦਵਾਰੇ ਵਿਚ ਗਿਆਨੀ ਗੁਰੂ ਸਾਹਿਬਾਨ ਦੀ ਔਖੀ ਤੇ ਪਵਿੱਤਰ ਹਯਾਤੀ ਬਾਰੇ ਗੱਲ-ਕਥ ਸੁਣਾਉਂਦੇ ਨੇ। ਬਾਹਰ ਟਾਹਲੀਆਂ ਦੇ ਬਾਗ਼ ਵਿਚ ਮੇਲੇ ਵਿਚ ਆਏ ਗੱਭਰੂ ਸੱਦਾਂ, ਸੁਰਾਂ ਤੇ ਹੇਕਾਂ ਲਾਉਂਦੇ ਨੇ। ਮੁਟਿਆਰਾਂ ਦੇ ਹਾਸੇ ਤੇ ਖਿੱਲੀਆਂ ਕੰਨਾਂ ਵਿਚ ਰਸ ਘੋਲਦੇ ਨੇ।

ਪੰਜਾਬ ਦੇ ਮੇਲੇ ਸੁੱਕੇ ਨਹੀਂ ਲੰਘਦੇ। ਕੁਝ ਨਾ ਕੁਝ ਹੋਈ ਜਾਂਦਾ ਏ। ਕਦੇ ਕਬੱਡੀ ਤੇ ਜੱਫੇ ਵਜਦੇ ਨੇ। ਕਦੇ ਘੋਲ ਹੁੰਦੇ ਨੇ। ਕਦੇ ਘੋੜ-ਦੌੜ ਹੁੰਦੀ ਏ। ਕਦੇ ਕਿੱਲੇ ਫੁੰਡੇ ਜਾਂਦੇ ਨੇ। ਕਦੇ ਸੰਢਿਆਂ ਦੇ ਭੇੜ ਹੁੰਦੇ ਨੇ। ਕਦੇ ਬੰਦਿਆਂ ਦੇ। ਵਿਸਾਖੀ ਦੇ ਮੇਲੇ ਵਿਚ ਹਮੇਸ਼ਾ ਭੰਗੜੇ ਪੈਂਦੇ ਨੇ। ਸ਼ਰਾਬਾਂ ਪੀਤੀਆਂ ਜਾਂਦੀਆਂ ਨੇ। ਸਿਰ ਪਾਟਦੇ ਨੇ। ਕਦੇ ਕਦੇ ਇਕ ਦੋ ਬੰਦੇ ਕਤਲ ਵੀ ਹੋ ਜਾਂਦੇ ਨੇ।

ਮੇਲਿਆਂ ਵਿਚ ਹਯਾਤੀ ਤੇ ਮੌਤ ਦੀ ਖੇਡ ਕਿਉਂ ਖੇਡੀ ਜਾਂਦੀ ਏ ? ਇਹਦੀ ਕੋਈ ਖ਼ਾਸ ਵਜ੍ਹਾ ਨਹੀਂ। ਕਤਲ ਹੋਣ ਤੇ ਕਰਨ ਦੇ ਕਈ ਸਬੱਬ ਨੇ। ਕਿਸੇ ਵੇਲੇ 'ਤੇ ਪੁਰਾਣੀਆਂ



ਦੁਸ਼ਮਣੀਆਂ ਦੇ ਕਾਰਨ ਬੰਦੇ ਲੜ ਪੈਂਦੇ ਨੇ। ਕਦੇ ਇਕ ਪਿੰਡ ਦੀ ਇਕ ਧਿਰ ਵੀ ਦੂਸਰੀ ਧਿਰ ਨਾਲ ਹੁੰਦੀ ਏ। ਕਿਸੇ ਵੇਲੇ ਬਿਨਾਂ ਕਿਸੇ ਵਜ੍ਹਾ ਤੋਂ ਲੜਾਈ ਹੋ ਜਾਂਦੀ ਏ। ਜਿਵੇਂ ਮੁੰਡੇ ਨੇ ਰੱਜ ਕੇ ਪੀਤੀ ਹੋਈ ਏ। ਹੋਸ਼ ਹਵਾਸ ਕਾਬੂ ਵਿਚ ਨਹੀਂ। ਉਹ ਕੋਲੋਂ ਦੀ ਲੰਘਦੇ ਕਿਸੇ ਦੂਜੇ ਗੱਭਰੂ ਨੂੰ ਉੱਚੀ ਸਾਰੀ ਗਾਲ੍ਹ ਕੱਢ ਦੇਂਦਾ ਏ। ਗਾਲ੍ਹ ਸੁਣਨ ਵਾਲਾ ਪਰਤ ਕੇ ਗਾਲ੍ਹ ਕੱਢਣ ਵਾਲੇ ਦਾ ਸਿਰ ਪਾੜ ਦੇਂਦਾ ਏ। ਕਿਉਂ ਜੋ ਗਾਲ੍ਹ ਸੁਣਨ ਵਾਲੇ ਨੇ ਵੀ ਘੁਟ ਪੀਤੀ ਹੁੰਦੀ ਏ। ਜ਼ਰਾ ਹੋਸ਼ ਵਿਚ ਹੁੰਦਾ ਏ।

ਕਈ ਵਾਰ ਕੌਡੀ, ਦੰਗਲ, ਘੋੜ ਦੌੜ ਤੇ ਵੀਣੀ ਫੜਨ ਦੇ ਮੁਕਾਬਲਿਆਂ ਵਿਚ ਰੱਫੜ ਪੈ ਜਾਂਦਾ ਏ। ਰੱਫੜ ਝਗੜਾ ਬਣ ਜਾਂਦਾ ਏ। ਅਮਨ ਅਮਾਨ ਦਰੁਸਤ ਕਰਨ ਲਈ ਡਾਂਗ ਦਾ ਸਹਾਰਾ ਲਿਆ ਜਾਂਦਾ ਏ।

ਕਿਸੇ ਵੇਲੇ ਲੜਾਈ ਕੁੜੀਆਂ ਤੋਂ ਹੋ ਪੈਂਦੀ ਏ। ਕੋਈ ਜਣਾ ਕਿਸੇ ਸੋਹਣੀ ਜਹੀ ਮੁਟਿਆਰ ਦੇ ਸੁਹੱਪਣ ਦੀ ਤਾਰੀਫ਼ ਕਰ ਬਹਿੰਦਾ ਹੈ। ਕੁੜੀ ਦੇ ਭਰਾ, ਚਾਚੇ, ਤਾਏ ਜਾਂ ਦੂਜੇ ਉਹਦਾ ਸਿਰ ਚਿੱਥ ਦੇਂਦੇ ਨੇ।

ਮੇਲਿਆਂ ਵਿਚ ਲੜਾਈਆਂ ਬਸ ਐਵੇਂ-ਕੈਵੇਂ ਹੋ ਜਾਂਦੀਆਂ ਨੇ। ਲੜਨ ਦਾ ਇਰਾਦਾ ਤਾਂ ਹੁੰਦਾ ਏ ਪਰ ਬਹੁਤਾ ਪੱਕਾ ਨਹੀਂ ਹੁੰਦਾ। ਪੁਲੀਸ ਵੀ ਮੇਲਿਆਂ ਦੀਆਂ ਲੜਾਈਆਂ ਵਿਚ ਜ਼ਿਆਦਾ ਗੌਹ ਨਹੀਂ ਕਰਦੀ। ਡਾਂਗ ਸੋਟਾ ਖਾਣ ਵਾਲੇ ਵੀ ਕੋਈ ਜ਼ਿਆਦਾ ਪ੍ਰਵਾਹ ਨਹੀਂ ਕਰਦੇ। ਅਸਲ ਵਿਚ ਡਾਂਗਾਂ ਮਾਰਨ ਵਾਲੇ ਤੇ ਸਹਿਣ ਵਾਲੇ ਦਾ ਪੰਜਾਬੀ ਵਸੋਂ ਵਿਚ ਬੜਾ ਥਾਂ ਥਿੱਤਾਂ ਏ। ਦੋਹਾਂ ਨੂੰ ਬਹਾਦਰ ਤੇ ਦਲੇਰ ਸਮਝਿਆ ਜਾਂਦਾ ਏ। ਪਰ ਜੇ ਤੁਸੀਂ ਡਾਂਗ ਮਾਰ ਕੇ ਪੁਲੀਸ ਕੋਲੋਂ ਡਰੋ ਤੇ ਡਾਂਗ ਸਹਿ ਕੇ ਪਿੜ ਛੱਡੋ ਤੇ ਲੋਕ ਤੁਹਾਨੂੰ ਮਖੌਲ ਕਰਨਗੇ। ਜੁਲਾਹਿਆ ਕਹਿਣਗੇ।

ਛਾਹ ਵੇਲਾ ਏ। ਚਿੱਟੀ ਦਾ ਮੇਲਾ ਭਰਦਾ ਪਿਆ ਏ। ਨਿੱਕੀਆਂ ਨਿੱਕੀਆਂ ਦੁਕਾਨਾਂ ਟਾਹਲੀਆਂ ਦੇ ਮੁੱਢੀਂ ਲਗੀਆਂ ਹੋਈਆਂ ਨੇ। ਦੁਕਾਨਦਾਰ ਵੰਨ ਸਵੰਨੀਆਂ ਬੋਲੀਆਂ ਬੋਲ ਕੇ ਸੌਦਾ ਸੂਤਰ ਵੇਚ ਰਹੇ ਨੇ। ਇਕ ਚੁਨ੍ਹੀਆਂ ਅੱਖਾਂ ਵਾਲਾ ਡੂੰਮ ਟੁੱਟੀ ਹੋਈ ਸੁਰੰਗੀ 'ਤੇ ਗਜ਼ ਫੇਰਦਾ ਹੋਇਆ ਬੈਂਤ, ਦੋਹੜੇ ਤੇ ਸੀਹਰਫੀਆਂ ਗਾ ਰਿਹਾ ਏ। ਸੁਰੰਗੀ ਦੀ ਆਵਾਜ਼ ਇੰਜ ਆ ਰਹੀ ਏ ਜਿਵੇਂ ਕੋਈ ਧਾਰਾਂ ਕੱਢ ਰਿਹਾ ਹੋਵੇ। ਇਹ ਮਾਂਗਤ ਏ। ਹਰ ਦੁਕਾਨ 'ਤੇ ਜਾਂਦਾ ਏ। ਗਾਉਂਦਾ ਏ। ਪੈਸਾ ਦੋ ਪੈਸੇ ਜਾਂ ਖਾਣ ਪੀਣ ਦੀ ਕੋਈ ਸ਼ੈ ਲੈ ਕੇ ਅਗਲੀ ਦੁਕਾਨ 'ਤੇ ਤੁਰ ਜਾਂਦਾ ਏ। ਕਈ ਦੁਕਾਨਦਾਰ ਦੇਂਦੇ ਦਵਾਂਦੇ ਕੁਝ ਨਹੀਂ। ਬਸ ਹੱਥ ਦੇ ਇਸ਼ਾਰੇ ਨਾਲ ਅੱਗੇ ਵਧਣ ਦਾ ਹੁਕਮ ਦੇਂਦੇ ਨੇ। ਲਓ ਸੁਣੋ ਕੀ ਗਾ ਰਿਹਾ ਏ—

ਦਿਲ ਤੂੰਹੀਂ ਦਿਲਬਰ ਤੂੰਹੀਂ, ਅਤੇ ਦੀਦ ਤੂੰਹੀਂ ਦੁੱਖ ਤੇਰਾ।
ਨੀਂਦਰ ਭੁੱਖ ਆਰਾਮ ਤੂੰਹੀਂ, ਤੈਂ ਬਿਨ ਜਗਤ ਅੰਨ੍ਹੇਰਾ।
'ਹਾਸ਼ਮ' ਸਾਂਝ ਤੁਹਾਡੇ ਦਮ ਦੀ, ਹੋਰ ਵਸਦਾ ਮੁਲਕ ਬਥੇਰਾ।

ਦੁਕਾਨਦਾਰ ਆਪਣੀ ਦੁਕਾਨ ਸਜਾ ਰਿਹਾ ਏ। ਰਾਗੀ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਰਾਗੀ ਉਦੋਂ ਤੀਕ ਗਾਉਂਦਾ ਰਹੇਗਾ ਜਦੋਂ ਤੀਕ ਉਹਨੂੰ ਜਾਂ ਤੇ ਭਿਖਿਆ ਨਹੀਂ ਮਿਲ ਜਾਂਦੀ ਤੇ ਜਾਂ ਦੁਕਾਨਦਾਰ ਉਹਨੂੰ ਅਗਾਂਹ ਵਧਣ ਦਾ ਇਸ਼ਾਰਾ ਨਹੀਂ ਕਰਦਾ। ਦੁਕਾਨਦਾਰ ਸੁਣੇ ਨਾ ਸੁਣੇ ਨਿੱਕੇ ਨਿੱਕੇ ਸਿੱਖ ਕਾਕੇ ਤੇ ਕਾਕੀਆਂ ਬੜੀ ਪ੍ਰੀਤ ਨਾਲ ਉਹਦੇ ਸ਼ਿਅਰ ਸੁਣ ਰਹੇ ਨੇ। ਸ਼ਿਅਰ ਤੋਂ ਜ਼ਿਆਦਾ ਉਨ੍ਹਾਂ ਨੂੰ ਸੁਰੰਗੀ ਵਿਚੋਂ ਨਿਕਲਣ ਵਾਲੀ ਮਿੱਠੀ ਮਿੱਠੀ ਫੂੰ ਫੂੰ

ਨਾਲ ਦਿਲਚਸਪੀ ਏ। ਸਰੰਗੀ ਦੀ ਰੂੰ ਰੂੰ ਉਹਦੀ ਆਵਾਜ਼ ਦੇ ਨਾਲ ਨਾਲ ਬਦਲ ਜਾਂਦੀ ਏ :

ਹੇ ਹੁਸਨ ਦਾ ਮੁਲਕ ਮਸ਼ਹੂਰ ਖ਼ੂਨੀ,
ਬਣਦੇ ਨੈਣਾਂ ਦੇ ਤੀਰ ਕਟਾਰ ਓਥੇ।
ਵਾਂਗ ਆਬਿ-ਹਯਾਤ ਦੇ ਰਾਹ ਔਖਾ,
ਧੁੰਦੂਕਾਰ ਗ਼ੁਬਾਰ ਹਜ਼ਾਰ ਓਥੇ।
ਆਵੇ ਪਰਤ ਨਾ ਜੀਂਵਦਾ ਫੇਰ ਮੁੜਕੇ,
ਪਾਵੇ ਝਾਤ ਜਿਹੜਾ ਇਕ ਵਾਰ ਓਥੇ।
'ਦੇਵੇ' ਬੂਟਿਆ ਜਾ ਕੇ ਜਾਨ ਜਿਹੜਾ,
ਚਾਹਵੇਂ ਪ੍ਰੇਮ ਦੇ ਉਹ ਅਸਰਾਰ ਓਥੇ।

ਦੁਕਾਨਦਾਰ ਅਜੇ ਵੀ ਆਪਣੇ ਕੰਮ ਵਿਚ ਰੁੱਝਾ ਹੋਇਆ ਏ। ਉਹ ਰਾਗੀ ਵੱਲ ਕੰਨ ਨਹੀਂ ਦੇ ਰਿਹਾ। ਇਹ ਚੂੜੀਆਂ ਤੇ ਵੰਗਾਂ ਦੀ ਦੁਕਾਨ ਏ। ਦੁਕਾਨਦਾਰ ਕੋਈ ਸ਼ੇਖ ਜਾਪਦਾ ਏ। ਉਮਰ ਪੱਕੀ ਏ। ਚਿੱਟੀ ਖਸ਼ਖਸ਼ੀ ਦਾਹੜੀ ਨਾਲ ਚਿਹਰੇ 'ਤੇ ਰੋਅਬ ਏ।

ਟਾਹਲੀਆਂ ਦੇ ਬਾਗ਼ ਦੇ ਨਾਲ ਵਾਲੀ ਵਹਿੰਦੜ ਪੈਲੀ ਵਿਚ ਢੋਲ ਵਜ ਪਿਆ ਏ ਤੇ ਖਲਕਤ ਓਧਰ ਨੂੰ ਤੁਰ ਪਈ ਏ। ਓਗਰੇ ਦਾ ਨਰਿੰਜਣ ਸਿੰਘ ਆਪਣਾ ਸੰਢਾ ਲੈ ਕੇ ਪਿੜ ਵਿਚ ਆ ਗਿਆ ਏ। ਸੰਢਾ ਜੋਤਰਿਆ ਹੋਇਆ ਹੈ। ਉਹਦੇ ਤੇਲ ਵਿਚ ਭਿਜੇ ਹੋਏ ਸਿੰਗ ਧੁੱਪ ਵਿਚ ਚਮਕ ਰਹੇ ਨੇ। ਪਿਛਲੇ ਸਾਲ ਨਿਰੰਜਣ ਸਿੰਘ ਦੇ ਏਸੇ ਸੰਢੇ ਨੇ ਭੇੜ ਜਿੱਤੇ ਸਨ। ਲੋਕ ਕਹਿੰਦੇ ਨੇ ਜਿਉਂ ਸ਼ਹਿਰਾਂ ਵਿਚ ਬਾਅਜ਼ ਕੋਚਵਾਨ ਆਪਣੇ ਘੋੜਿਆਂ ਨੂੰ ਸਿਗਰਟਾਂ ਪਿਲਾਉਂਦੇ ਨੇ, ਉਸੇ ਤਰ੍ਹਾਂ ਨਰਿੰਜਣ ਸਿੰਘ ਆਪਣੇ ਸੰਢੇ ਨੂੰ ਸ਼ਰਾਬ ਪਿਆਉਂਦਾ ਏ। ਤਦੇ ਈ ਤੇ ਉਹ ਸੰਢਾ ਦਲੇਰੀ ਨਾਲ ਭਿੜਦਾ ਏ।

ਲੋਕ ਸੰਢੇ ਨੂੰ ਵੇਖਣ ਲਈ ਇਕ ਦੂਜੇ ਦੇ 'ਤੇ ਡਿੱਗ ਰਹੇ ਨੇ। ਦੋ ਤਿੰਨ ਲਾਕੜੀ ਲਾਠੀਆਂ ਨਾਲ ਉਨ੍ਹਾਂ ਨੂੰ ਪਿੱਛੇ ਨੂੰ ਧੱਕੇ ਮਾਰ ਰਹੇ ਨੇ। ਲੋਕ ਪਿੱਛੇ ਹਟ ਰਹੇ ਨੇ। ਵਿਚਕਾਰ ਅਖਾੜਾ ਬਣ ਰਿਹਾ ਏ। ਅਖਾੜੇ ਵਿਚ ਸੰਢਿਆਂ ਦੇ ਭੇੜ ਲੱਗਣਗੇ।

ਢੋਲੀ ਨੇ ਢੋਲ ਦਬੱਲ ਖੜਕਾਇਆ ਏ। ਉਹ ਛਿੰਜ ਦਾ ਢੋਲ ਵਜਾ ਰਿਹਾ ਹੈ—

ਕਿਰਪਾ ਸਿੰਘ, ਹੀਣਾ ਸਾਂਹਸੀ ਤੇ ਪੰਜ ਸਤ ਦੂਜੇ ਮੁੰਡੇ ਟੇਢੀਆਂ ਪਗੜੀਆਂ ਬੰਨ੍ਹੀ, ਹੱਥਾਂ ਵਿਚ ਡਾਂਗਾਂ ਤੇ ਕਿਰਪਾਨਾਂ ਲਈ ਖਲੋਤੇ ਨੇ। ਹੀਣੇ ਸਾਂਹਸੀ ਕੋਲ ਬਲਮ ਏਂ। ਉਹਦੀਆਂ ਲੰਮੀਆਂ ਲੰਮੀਆਂ ਤੇ ਬੇਸੁਰੀਆਂ ਮੁੱਛਾਂ ਡਰਾਉਣੀਆਂ ਨੇ। ਅੱਖੀਆਂ ਲਾਲ ਗੁਲਾਲ ਨੇ। ਉਹ ਪੈਰਾਂ ਤੋਂ ਨੰਗਾ ਏ। ਹੀਣਾ ਸਾਂਹਸੀ ਓਗਰੇ ਦਾ ਮੰਨਿਆ ਪ੍ਰਮੰਨਿਆ ਸੱਟਾਂ ਮਾਰਨ ਤੇ ਖਾਣ ਵਾਲਾ ਜਣਾ ਏ। ਕਿਰਪਾ ਸਿੰਘ ਦਾ ਲੰਗੋਟੀਆ ਏ। ਸ਼ੁਗਲ ਦੇ ਤੌਰ 'ਤੇ ਏਸ ਸੂਰ ਪਾਲੇ ਹੋਏ ਨੇ। ਅਸਲ ਕਮਾਈ ਚੋਰੀ ਚਕਾਰੀ ਏ। ਕਿਰਪਾ ਸਿੰਘ ਏਸ ਨੂੰ ਪੁਲਸ ਦੀ ਮਾਰ ਕੋਲੋਂ ਬਚਾਂਦਾ ਏ। ਹੀਣਾ ਇਹਦੇ ਵਟਾਂਦਰੇ ਵਿਚ ਕਿਰਪਾ ਸਿੰਘ ਦੇ ਨਾਲ ਸ਼ਰਾਬ ਪੀਣ ਵਿਚ ਸਾਥ ਦੇਂਦਾ ਏ। ਕਾਦੂ ਏਸ ਗੱਲ ਨੂੰ ਮੰਨਦਾ ਏ ਕਿ ਹੀਣਾ ਮੈਦਾਨ ਵਿਚ ਖਲੋ ਕੇ ਦਲੇਰੀ ਨਾਲ ਵਾਰ ਕਰ ਕਰਦਾ ਏ। ਵਾਰ ਰੋਕਦਾ ਏ। ਕਿਰਪਾ ਸਿੰਘ ਤੇ ਉਹਦੀ ਟੋਲੀ ਸ਼ਰਾਬਾਂ ਪੀ ਕੇ ਆਏ ਨੇ। ਕਾਦੂ ਨਾਲ ਦੋ ਦੋ ਹੱਥ ਕਰਨ ਤੋਂ ਨਹੀਂ ਟਲਣਗੇ। ਮੇਲੇ ਵਿਚ ਆਉਣ ਵਾਲੇ ਬਹੁਤ ਸਾਰੇ ਲੋਕਾਂ ਦਾ ਵੀ ਇਹ ਖ਼ਿਆਲ ਏ।



ਬਾਹੀ ਵਿਚੋਂ ਨਿਕਲ ਕੇ ਸਰਦਾਰ ਹਰਨਾਮ ਸਿੰਘ ਦਾ ਨਿੱਕਾ ਪੁੱਤਰ ਦਰਸ਼ਨ ਸਿੰਘ ਕਿਰਪਾ ਸਿੰਘ ਵੱਲ ਆਇਆ ਏ। ਉਹ ਕਿਰਪਾ ਸਿੰਘ ਨੂੰ ਨਾਲ ਲੈ ਕੇ ਬਾਹੀ ਵੱਲ ਤੁਰ ਪਏ ਨੇ।

"ਓਏ ਦਰਸ਼ਨ ਸਿਆਂ ! ਖਲੋ ਤੇ ਜਾ ਕਿੱਥੇ ਟੁਰਿਆ ਜਾਨਾਂ ਏਂ ?"

"ਭਾਈਆ ! ਮੈਂ ਤੈਨੂੰ ਇਕ ਬੜੀ ਜ਼ਰੂਰੀ ਗੱਲ ਦੱਸਣ ਆਇਆਂ।" ਦਰਸ਼ਨ ਸਿੰਘ ਖਲੋ ਕੇ ਕਿਰਪਾ ਸਿੰਘ ਨੂੰ ਕਹਿੰਦਾ ਏ।

"ਓਏ ਕਿਹੜੀ ਜ਼ਰੂਰੀ ਗੱਲ ਦੱਸਣ ਆਇਆ ਏਂ ?"

"ਫ਼ਰੀਦਪੁਰ ਦੇ ਪਠਾਣ ਮੇਲੇ 'ਚ ਪੂਰੀ ਤਿਆਰੀ ਕਰ ਕੇ ਆ ਰਹੇ ਨੇ।"

"ਤਾਂ ਕੀਹ ਹੋਇਆ। ਅਸੀਂ ਵੀ ਤਿਆਰ ਆਂ।"

"ਚੰਗੀ ਗੱਲ ਏ ਜੇ ਤੁਸੀਂ ਤਿਆਰ ਹੋ ਤੇ। ਮੈਂ ਸੋਚਿਆ ਪਈ ਤੁਸੀਂ ਥੋੜ੍ਹੇ ਤਿਆਰ ਨਾ ਹੋਵੋ।"

"ਓਏ ਦਰਸ਼ਨ ਸਿਹਾਂ, ਘੁੱਗੀ ਕਾਂ ਦਾ ਮੁਕਾਬਲਾ ਨ੍ਹੀਂ ਕਰ ਸਕਦੀ। ਜੇ ਸ਼ਾਹ ਸਕੰਦਰ ਦੇ ਮੇਲੇ ਮੇਰਾ ਜੁਟ ਹੀਣਾ ਮੇਰੇ ਨਾਲ ਹੁੰਦਾ ਤੇ ਕਾਦੂ ਦੀ ਅਸਾਂ ਲੋਥ ਪਾ ਦੇਣੀ ਸੀ। ਉਹਦਾ ਕਾਕਾ ਬੀਮਾਰ ਸਾਸੂ ਤੇ ਏਸ ਵਾਸਤੇ ਉਹ ਮੇਰੇ ਨਾਲ ਮੇਲੇ 'ਤੇ ਨਾ ਆ ਸਕਿਆ। ਜੇ ਆ ਜਾਂਦਾ ਤੇ ਕਾਦੂ ਛੱਡ ਮੁਰਾਦ ਖ਼ਾਂ ਨੂੰ ਵੀ ਅਸੀਂ ਵਿਛਾ ਦੇਂਦੇ। ਉਹ ਫੇਰ ਲੱਭਦੇ ਆਪਣੀ ਬਿਜਲੀ ਨੂੰ।"

"ਭਾਈਆ ! ਤਿਆਰੀ ਬੜੀ ਜ਼ਰੂਰੀ ਏ। ਕਾਦੂ ਲੜਨ 'ਤੇ ਆ ਜਾਵੇ ਤੇ ਇਲਾਕੇ 'ਚ ਕੋਈ ਉਹਦੇ ਸਾਹਮਣੇ ਨ੍ਹੀਂ ਖਲੋ ਸਕਦਾ।"

"ਓਏ ਜਾਹ ਵੀ। ਆ ਗਿਆ ਏ ਸਾਨੂੰ ਡਰਾਉਣ। ਇਕ ਕਾਦੂ ਨ੍ਹੀਂ ਦਸ ਕਾਦੂ ਵੀ ਹੋਣ ਫੇਰ ਵੀ ਵਾਹਿਗੁਰੂ ਦੀ ਕਿਰਪਾ ਨਾਲ ਕਿਰਪਾ ਸਿੰਘ ਤੇ ਹੀਣਾ ਉਨ੍ਹਾਂ ਨੂੰ ਪਿਡ 'ਚ ਲੰਮੀਆਂ ਪਾ ਦੇਣਗੇ, ਆਹੋ।"

"ਮੈਂ ਤੇ ਏਹੋ ਚਾਹੁਨਾਂ ਵਾਂ ਪਰ ਕਿਤੇ ਇਹ ਉਲਟ ਨਾ ਹੋ ਜਾਵੇ।"

"ਤੂੰ ਬੇਗੁਮਰਾਹ ਰਹਿ ਦਰਸ਼ਨ ਸਿਹਾਂ ! ਅਸੀਂ ਅੱਜ ਬੱਤੀ ਧਾਰਾਂ ਬਖਸ਼ਵਾ ਕੇ ਆਏ ਹੋਏ ਆਂ।"

ਕਿਰਪਾ ਸਿੰਘ ਜਦੋਂ ਪਲਟ ਕੇ ਪਿੜ ਵਿਚ ਆਇਆ ਤੇ ਪਿੜ ਵਿਚ ਫ਼ੌਜੀ ਰੁਸਤਮ ਖ਼ਾਨ ਦਾ ਵੀ ਸੰਢਾ ਖਲੋਤਾ ਸੀ। ਸੰਢੇ ਦੇ ਪਿੰਡੇ 'ਤੇ ਫੁੱਲਾਂ ਵਾਲੀ ਝੁੱਲ ਸੀ। ਝੁੱਲ ਦੇ ਉੱਤੇ ਫ਼ੌਜੀ ਦਾ ਕਾਕਾ ਸ਼ੀਮੂੰ ਬੈਠਾ ਪੀਪਣੀ ਵਜਾ ਰਿਹਾ ਸੀ। ਹੀਣਾ ਤੇ ਉਹਦੇ ਨਾਲ ਦੇ ਪਿੜ ਵਿਚੋਂ ਨਿਕਲ ਕੇ ਬਾਹੀ ਵਿਚ ਜਾ ਖਲੋਤੇ ਸਨ। ਕਿਰਪਾ ਸਿੰਘ ਨੇ ਉਨ੍ਹਾਂ ਨੂੰ ਵੇਖਿਆ ਤੇ ਉਨ੍ਹਾਂ ਕੋਲ ਜਾ ਖਲੋਤਾ।

ਬਾਹੀ ਚੀਰ ਕੇ ਕਾਦੂ, ਦੁੱਲਾ, ਸੁਲੱਖਣ ਸਿੰਘ, ਫ਼ੀਰੋਜ਼, ਦੀਨਾ ਮਰਾਸੀ, ਮੌਲੂ ਕਬਾਬੀਆ, ਮਜੀਦਾ ਜੁਲਾਹਿਆ, ਉਹਦਾ ਪਿਉ ਸੁਬਹਾਨ, ਅੱਲੀ ਮਾਛੀ, ਬਚਿਤਰ ਸਿੰਘ, ਮੁਰਾਦ ਖ਼ਾਂ ਤੇ ਸਰਦਾਰ ਹਰਨਾਮ ਸਿੰਘ ਅੱਗੇ ਵਧੇ ਤੇ ਫ਼ੌਜੀ ਰੁਸਤਮ ਖ਼ਾਨ ਕੋਲ ਆ ਖਲੋਤੇ। ਅਖ਼ੀਰ ਤੇ ਮੌਲਵੀ ਅਕਸਰ ਆਪਣੀ ਮਲਮਲ ਦੀ ਪੱਗ ਸੰਭਾਲਦਾ ਅਗਾਂਹ ਆਇਆ। ਢੋਲ ਵੱਜਣਾ ਬੰਦ ਹੋ ਗਿਆ। ਚਿੱਟੀ ਦਾ ਸਰਦਾਰ ਦਸੌਂਧਾ ਸਿੰਘ ਤੇ ਮੌਲਵੀ ਅਕਬਰ ਪਿੜ ਵਿਚ ਆ ਖਲੋਤੇ। ਇਹ ਦੋਵੇਂ ਨਰਿੰਜਣ ਸਿੰਘ ਤੇ ਫ਼ੌਜੀ ਰੁਸਤਮ ਖ਼ਾਨ ਦੇ ਸੰਢਿਆਂ ਦੇ ਭੇੜ

ਦਾ ਫ਼ੈਸਲਾ ਦੇਣਗੇ। ਦਸੌਂਧਾ ਸਿੰਘ ਨਰਿੰਜਣ ਸਿੰਘ ਵੱਲੋਂ ਤੇ ਮੌਲਵੀ ਅਕਬਰ ਫ਼ੌਜੀ ਰੁਸਤਮ ਖ਼ਾਨ ਵੱਲੋਂ ਲਾਕੜੀ ਤੇ ਮਨਸਫ਼ ਨੇ।

ਦਸੌਂਧਾ ਸਿੰਘ ਤੇ ਮੌਲਵੀ ਅਕਬਰ ਇਕ ਦੂਜੇ ਦੇ ਬੜੇ ਪ੍ਰੇਮੀ ਨੇ। ਕਦੇ ਮੌਲਵੀ ਅਕਬਰ ਚਿੱਟੀ ਆ ਜਾਂਦਾ ਏ। ਦਸੌਂਧਾ ਸਿੰਘ ਨਾਲ ਇਸਲਾਮ ਤੇ ਸਿੱਖ ਮਜ਼ਹਬ ਤੇ ਬਹਿਸ ਕਰਦਾ ਏ। ਕਦੇ ਦਸੌਂਧਾ ਸਿੰਘ ਫ਼ਰੀਦਪੁਰ ਆ ਜਾਂਦਾ ਏ। ਮੁਰਾਦ ਖ਼ਾਨ ਦੀ ਹਵੇਲੀ ਵਿਚ ਬਹਿ ਕੇ ਮੌਲਵੀ ਅਕਬਰ ਨਾਲ ਬਹਿਸ ਕਰਦਾ ਏ। ਮੌਜ਼ੂਅ ਹਮੇਸ਼ਾ ਇਕ ਦੂਜੇ ਦੇ ਮਜ਼ਹਬ ਦੀ ਬੜੌਤਰੀ ਹੁੰਦਾ ਏ। ਦੋਵੇਂ ਸਾਰਾ ਦਿਨ ਬਹਿਸ ਕਰਦੇ ਰਹਿੰਦੇ ਨੇ। ਅਖ਼ੀਰ ’ਤੇ ਇਕ ਵੀ ਕਾਬਿਲ ਨਹੀਂ ਹੁੰਦਾ। ਦੋਵੇਂ ਜੱਫੀਆਂ ਪਾ ਕੇ ਹੱਸਦੇ ਹੋਏ ਘਰੋਂ ਘਰੀਂ ਚਲੇ ਜਾਂਦੇ ਨੇ। ਏਸ ਬਹਿਸ ਮੁਬਾਹਸੇ ਦਾ ਹੋਰ ਕੋਈ ਫ਼ਾਇਦਾ ਹੋਵੇ ਨਾ ਹੋਵੇ, ਇਕ ਫ਼ਾਇਦਾ ਜ਼ਰੂਰ ਹੋਇਆ ਏ, ਉਹ ਇਹ ਕਿ ਸਿੱਖ ਇਸਲਾਮ ਬਾਰੇ ਡਾਢਾ ਕੁਝ ਜਾਣਨ ਲੱਗ ਪਏ ਨੇ। ਮੁਸਲਮਾਨਾਂ ਨੂੰ ਸਿੱਖ ਮਜ਼ਹਬ ਦੀਆਂ ਮੋਟੀਆਂ ਗੱਲਾਂ ਜ਼ਬਾਨੀ ਯਾਦ ਹੋ ਗਈਆਂ ਨੇ।

ਦਸੌਂਧਾ ਸਿੰਘ ਨੇ ਪਿੜ ਦੇ ਇਕ ਪਾਸੇ ਡਾਂਗ ਜ਼ਮੀਨ ਵਿਚ ਗੱਡ ਕੇ ਉਹਦੇ ’ਤੇ ਮਲਮਲ ਦਾ ਥਾਨ ਰੱਖ ਦਿੱਤਾ ਏ। ਇਹ ਮਾਲੀ ਏ। ਜੀਹਦਾ ਸੰਢਾ ਭੇੜ ਜਿੱਤੇਗਾ, ਉਹਦੇ ਸਿਰ ਬੰਨ੍ਹ ਦਿੱਤੀ ਜਾਏਗੀ। ਪਿਛਲੇ ਸਾਲ ਭੇੜ ਵਿਚ ਤਿੰਨ ਸੰਢੇ ਆਏ ਸਨ ਪਰ ਐਤਕੀਂ ਸਿਰਫ਼ ਦੋ ਨੇ। ਪਿਛਲੇ ਸਾਲ ਨਰਿੰਜਣ ਸਿੰਘ ਨੇ ਮਲਮਲ ਦਾ ਥਾਨ ਸਿਰ ’ਤੇ ਬੰਨ੍ਹਿਆ ਸੀ। ਅੱਜ ਵੀ ਓਸੇ ਥਾਨ ਦਾ ਪੱਗੜ ਉਹਦੇ ਸਿਰ ’ਤੇ ਏ। ਫ਼ੌਜੀ ਰੁਸਤਮ ਖ਼ਾਨ ਪਹਿਲੀ ਵਾਰੀ ਆਪਣਾ ਸੰਢਾ ਭੇੜ ਵਿਚ ਲਿਆਇਆ ਏ।

ਦਸੌਂਧਾ ਸਿੰਘ ਹੱਥ ਸਿਰੋਂ ਉਤਾਂਹ ਚੁੱਕ ਕੇ ਲੋਕਾਂ ਨੂੰ ਇਸ਼ਾਰਾ ਦੇ ਰਿਹਾ ਏ ਕਿ ਉਹ ਹੋਰ ਪਿੱਛੇ ਪਿੱਛੇ ਹਟ ਜਾਣ। ਲੋਕ ਇਕ ਦੂਜੇ ਨੂੰ ਧੱਕੇ ਦੇ ਕੇ ਪਿਛਾਂਹ ਪਿਛਾਂਹ ਹਟ ਰਹੇ ਨੇ। ਸ਼ੀਮੂੰ ਸੰਢੇ ਉੱਤੋ. ਉਤਰ ਕੇ ਕਾਦੂ ਦੇ ਮੋਢੇ ’ਤੇ ਬਹਿ ਗਿਆ ਏ। ਉਹ ਹੁਣ ਪੀਪਣੀ ਨਹੀਂ ਵਜਾ ਰਿਹਾ। ਫ਼ੌਜੀ ਰੁਸਤਮ ਖ਼ਾਂ ਨੇ ਸੰਢੇ ਦੇ ਪਿੰਡੇ ਤੋਂ ਫੁੱਲਾਂ ਵਾਲੀ ਚਾਦਰ ਲਾਹ ਲਈ ਏ। ਫ਼ੀਰੋਜ਼ ਨੂੰ ਫੜਾ ਦਿੱਤੀ ਏ। “ਸੰਢਿਆਂ ਦੀਆਂ ਨੱਥਾਂ ਖੋਲ੍ਹ ਦਿੱਤੀਆਂ ਜਾਵਣ ਤੇ ਢੋਲ ਵਜਣਾ ਸ਼ੁਰੂ ਹੋਵੇ।” ਦਸੌਂਧਾ ਸਿੰਘ ਦੀ ਮੋਟੀ ਆਵਾਜ਼ ਨੇ ਲਲਕਾਰਿਆ ਏ। ਢੋਲ ’ਤੇ ਡਗਾ ਤੇਜ਼ ਵੱਜਣ ਲਗ ਪਿਆ ਏ। ਇੰਜ ਜਿਵੇਂ ਦੋ ਪਹਿਲਵਾਨ ਛੇਤੀ ਛੇਤੀ ਅੰਗ ਤੇ ਦਾਉ ਲਾ ਰਹੇ ਹੋਣ। ਢੋਲੀ ਉਨ੍ਹਾਂ ਨੂੰ ਢੋਲ ਵਜਾ ਕੇ ਹੱਲਾਸ਼ੇਰੀ ਦੇ ਰਿਹਾ ਹੋਵੇ।

ਸੰਢੇ ਆਪਣੀ ਆਪਣੀ ਥਾਂ ਖਲੋਤੇ ਇਕ ਦੂਜੇ ਨੂੰ ਗੁੱਸੇ ਭਰੀਆਂ ਅੱਖਾਂ ਨਾਲ ਤੱਕ ਰਹੇ ਨੇ। ਦੋਵੇਂ ਕਾਲੇ ਸੰਢੇ ਹਾਥੀ ਜਾਪਦੇ ਨੇ।

“ਯਾ ਮੇਰੇ ਮੌਲਾ ! ਤੂੰ ਇੱਜ਼ਤਾਂ ਸ਼ਰਮਾਂ ਦਾ ਵਾਲੀ ਏਂ,” ਫ਼ੌਜੀ ਨੇ ਸੰਢੇ ਦੀ ਨੱਥ ਖੋਲ੍ਹ ਦਿੱਤੀ ਏ। ਸੰਢਾ ਚੌਖੁਰੀਆ ਨੱਸਿਆ ਏ। ਦੂਜੇ ਪਾਸਿਓਂ ਨਰਿੰਜਣ ਸਿੰਘ ਦਾ ਸੰਢਾ ਵੀ ਗੋਲੀ ਵਾਂਗ ਆ ਰਿਹਾ ਏ। ਖ਼ਲਕਤ ਨੇ ਰੌਲਾ ਪਾ ਦਿੱਤਾ ਏ। ਟੱਕਰ ਤੇ ਟੱਕਰ ਦਾ ਖੜਾਕ ਟਾਹਲੀ ਦੇ ਬਾਗ ਵਿਚ ਗੂੰਜ ਰਿਹਾ ਏ। ਟਾਹਲੀ ਦੀਆਂ ਲਗਰਾਂ ’ਤੇ ਬੈਠੇ ਹੋਏ ਜਨੌਰ ਚੂੰ ਚੂੰ, ਚੈਂ ਚੈਂ ਕਰਦੇ ਹੋਏ ਉੱਡ ਖਲੋਤੇ ਨੇ। ਖ਼ਲਕਤ ਏਨਾ ਰੌਲਾ ਪਾਇਆ ਏ ਕਿ ਪਾਗਲ ਜਾਪਦੀ ਏ।

ਸੰਢੇ ਪਿਛਲੇ ਪੈਰੀਂ ਮੁੜ ਕੇ ਫੇਰ ਭਿੜਨ ਵਾਸਤੇ ਅਗਾਂਹ ਵਧ ਰਹੇ ਨੇ। ਤੜਾਕ—ਕਿਸੇ ਟਾਹਲੀ ਦਾ ਟਾਹਣਾ ਟੁੱਟਾ ਏ। ਸੰਢਾ ਡੌਰ-ਭੌਰਾ ਹੋ ਕੇ ਆਪਣੀ ਥਾਂ ਖਲੋਤਾ ਏ। ਲਹੂ



ਦਾ ਪਰਨਾਲਾ ਜ਼ਮੀਨ ’ਤੇ ਡਿੱਗ ਕੇ ਛੱਪੜ ਬਣਾ ਰਿਹਾ ਏ। ਫ਼ੌਜੀ ਰੁਸਤਮ ਖ਼ਾਨ ਦਾ ਸੰਢਾ ਪਿੱਛੇ ਹਟ ਕੇ ਫੇਰ ਭਿੜਨ ਵਾਸਤੇ ਸ਼ੂਟ ਵਟੀ ਜਾ ਰਿਹਾ ਏ।

ਧੜਾਮ—ਨਰਿੰਜਣ ਸਿੰਘ ਦਾ ਸੰਢਾ ਜ਼ਮੀਨ ’ਤੇ ਡਿੱਗ ਪਿਆ ਏ। ਫ਼ੌਜੀ ਰੁਸਤਮ ਖ਼ਾਂ ਨੇ ਨੱਸ ਕੇ ਸੰਢਾ ਫੜ ਲਿਆ ਏ। ਉਹਨੂੰ ਨੱਥ ਪਾ ਦਿੱਤੀ ਏ। ਖ਼ਲਕਤ ਉਧੜ ਗੁਦੜੀ ਹੋ ਗਈ ਏ। ਮੌਲਵੀ ਅਕਬਰ ਥਾਨ ਖੋਲ੍ਹ ਕੇ ਫ਼ੌਜੀ ਰੁਸਤਮ ਦੇ ਸਿਰ ’ਤੇ ਬੰਨ੍ਹ ਰਿਹਾ ਏ। ਸ਼ੀਮੂੰ ਕਾਦੂ ਦੇ ਮੋਢਿਆਂ ’ਤੇ ਬੈਠਾ ਜ਼ੋਰ ਜ਼ੋਰ ਨਾਲ ਪੀਪਣੀ ਵਜਾ ਰਿਹਾ ਏ ਤੇ ਭੁੜਕ ਰਿਹਾ ਏ।

ਲੌਂਢਾ ਵੇਲਾ ਏ। ਮੇਲੇ ਵਿਚ ਕੁੜੀਆਂ ਚਿੜੀਆਂ ਵੀ ਆ ਗਈਆਂ ਨੇ। ਨਰਿੰਜਣ ਸਿੰਘ ਆਪਣੇ ਬੇਹੋਸ਼ ਸੰਢੇ ਨੂੰ ਗੱਡੇ ’ਤੇ ਲੱਦ ਕੇ ਓਗਰੇ ਚਲਾ ਗਿਆ। ਫ਼ੌਜੀ ਰੁਸਤਮ ਖ਼ਾਨ ਨੇ ਆਪਣਾ ਸੰਢਾ ਮੇਲਿਉਂ ਕੁਝ ਦੂਰ ਟਾਹਲੀ ਨਾਲ ਬੰਨ੍ਹ ਦਿੱਤਾ ਏ। ਮਜੀਦੇ ਨੂੰ ਉਹਦੀ ਰਾਖੀ ’ਤੇ ਬਿਠਾ ਦਿੱਤਾ ਏ। ਲੋਕ ਜਿੱਤਣ ਵਾਲੇ ਸੰਢੇ ਨੂੰ ਵੇਖਣ ਜਾ ਰਹੇ ਨੇ। ਵੇਖ ਕੇ ਆ ਰਹੇ ਨੇ।

ਫ਼ੌਜੀ ਰੁਸਤਮ ਖ਼ਾਨ ਨੇ ਹਲਵਾਈ ਦੀ ਦੁਕਾਨ ’ਤੇ ਖੇਸ ਵਿਛਾਇਆ ਹੋਇਆ ਏ। ਖੇਸ ’ਤੇ ਅਖ਼ਬਾਰਾਂ ਦੇ ਕਾਗ਼ਜ਼ ਨੇ। ਕਾਗ਼ਜ਼ਾਂ ’ਤੇ ਗਰਮਾ ਗਰਮ ਜਲੇਬੀਆਂ ਜੋਖ ਜੋਖ ਕੇ ਸੁੱਟ ਰਿਹਾ ਏ। ਕਾਦੂ, ਸੁਲੱਖਣ, ਦੀਨਾ ਮਰਾਸੀ, ਫ਼ੀਰੋਜ਼, ਮੌਲੂ ਕਬਾਬੀਆ, ਸੁਬਹਾਨ, ਸ਼ੀਮੂੰ, ਚਰਨ ਸਿੰਘ ਤੇ ਦੂਜੇ ਮੁੰਡੇ ਮਜ਼ੇ ਨਾਲ ਖਾ ਰਹੇ ਨੇ।

“ਰੁਸਤਮ ਖ਼ਾਨ ! ਮੁਬਾਰਕਾਂ ਹੋਣ। ਤੇਰਾ ਸੰਢਾ ਭੇੜ ਜਿੱਤ ਗਿਆ ਏ।” ਇਸਲਾਮਪੁਰ ਦਾ ਖ਼ਾਨ ਬਾਬਾ ਹੰਮੇ ਖ਼ਾਨ ਕਹਿਦਾ ਏ।

“ਆਉ, ਬਿਸਮਿੱਲਾ ! ਖ਼ੈਰ ਤੁਹਾਨੂੰ ਈ ਮੁਬਾਰਕਾਂ ਨੇ ਨਾ—ਆਉ ਉੱਤਰੋ ਘੋੜੀ ਤੋਂ। ਕੋਈ ਜਲੇਬੀ ਸ਼ਲੇਬੀ ਖਾ ਲੌ। ਫ਼ਿਕਰ ਨ੍ਹੀਂ।” ਰੁਸਤਮ ਖ਼ਾਨ ਵੱਡਾ ਸਾਰਾ ਜੇਬ ਹਲਕ ਵਿਚੋਂ ਥੱਲੇ ਉਤਾਰਦਾ ਕਹਿੰਦਾ ਏ।

“ਬਸ ਖਾਈ ਚਲੋ। ਮਿੱਠੇ ਤੋਂ ਮੂੰਹ ਮੁੜ ਗਿਆ ਏ। ਮੈਂ ਘਰੋਂ ਖੀਰ ਖਾ ਕੇ ਆਇਆਂ। ਫੇਰ ਹਨੀਫ ਖ਼ਾਨ, ਬੈਰਮ ਖ਼ਾਨ ਤੇ ਦੂਜੇ ਮੁੰਡਿਆਂ ਨੇ ਮੈਨੂੰ ਜਲੇਬੀਆਂ ਵਾਲੀ ਦੁਕਾਨ ’ਤੇ ਬਿਠਾ ਲਿਆ।”

“ਹੋਰ ਖਾ ਲੌ, ਕੀਹ ਫ਼ਰਕ ਪੈਂਦਾ ਏ ?”

“ਨ੍ਹੀਂ, ਹੁਣ ਜੀ ਨ੍ਹੀਂ ਚਾਂਹਦਾ ?”

“ਤੁਸਾਂ ਨ੍ਹੀਂ ਖਾਣੀਆਂ ਤਾਇਆ ਤਾਂ ਘੋੜੀ ਨੂੰ ਖਲ੍ਹਾਰ ਦਿਓ।” ਕਾਦੂ ਬੋਲਿਆ ਏ।

“ਸ਼ਾਵਾ ਸ਼ੇ, ਕਾਦਰ ਖ਼ਾਨ ਤੂੰ ਵੀ ਬੈਠਾ ਹੋਇਐਂ ? ਮੈਂ ਵੇਖਿਆ ਈ ਨ੍ਹੀਂ ਸੀ ਤੈਨੂੰ। ਕੀ ਹਾਲ ਏ ਤੇਰਾ ?” ਹੰਮੇ ਖ਼ਾਨ ਨੇ ਪਿਆਰ ਨਾਲ ਪੁੱਛਿਆ।

“ਵੇਖ ਈ ਰਹੇ ਓ। ਜਲੇਬੀਆਂ ਖਾ ਰਿਹਾ ਵਾਂ।” ਕਾਦੂ ਨੇ ਹੱਸ ਕੇ ਕਿਹਾ।

“ਸੁਣਿਆ ਏ ਕਿਰਪਾ ਸਿੰਘ ਤੇ ਹੀਨਾ ਬੜੀਆਂ ਡਾਂਗਾਂ ਲਈ ਫਿਰਦੇ ਨੇ।”

“ਵੇਖੀ ਜਾਵੇਗੀ, ਕਿਉਂ ਸੁਲੱਖਣ ਸਿਹਾਂ ?” ਕਾਦੂ ਨੇ ਸੁਲੱਖਣ ਸਿੰਘ ਨੂੰ ਪੁੱਛਿਆ।

“ਆਹੋ ! ਆਹੋ !! ਸਾਰਾ ਕਸੂਰ ਹੀਨੇ ਦਾ ਏ, ਉਹੋ ਹੀ ਕਿਰਪਾ ਸਿੰਘ ਨੂੰ ਖਰਾਬ ਕਰ ਰਿਹਾ ਏ।” ਸੁਲੱਖਣ ਸਿੰਘ ਨੇ ਕਿਹਾ। ਵੱਡੀ ਸਾਰੀ ਜਲੇਬੀ ਚਿਥਣ ਡਹਿ ਪਿਆ।

“ਉਨ੍ਹਾਂ ਕੋਲ ਤੇ ਡਾਂਗਾਂ ਕਿਰਪਾਨਾਂ ਨੇ ਪਰ ਤੁਹਾਡੇ ਕੋਲ ਤੇ ਇਕ ਸੋਟੀ ਵੀ ਨ੍ਹੀਂ। ਮੇਰੇ ਮੁੰਡਿਆਂ ਕੋਲੋਂ ਸੋਟੇ ਲੈ ਲੌ ਜੇ ਚਾਹੀਦੇ ਨੇ ਤਾਂ।”

ਹੰਮੇ ਖ਼ਾਨ, ਲੜਾਈ ਕਰਾਊ ਏ।

"ਤਾਇਆ ! ਸੋਟੇ ਬਹੁਤ। ਅਸਾਂ ਪੂਰਾ ਸਮਿਆਨ ਕੀਤਾ ਹੋਇਆ ਏ। ਆਉ ਉਤਰੋ ਹੇਠਾਂ ਜਲੇਬੀਆਂ ਖਾ ਲੌ।" ਕਾਦਰ ਦਾਦ ਖ਼ਾਨ ਆਪਣੇ ਪਿਉ ਬੂਟੇ ਖ਼ਾਨ ਦੇ ਯਾਰ ਬਾਸ਼ ਹੰਮੇ ਖ਼ਾਨ ਨੂੰ ਕਹਿੰਦਾ ਏ।

"ਨ੍ਹੀਂ, ਮੈਂ ਚਲਨਾ ਵਾਂ। ਮੈਂ ਸੋਚਿਆ ਮੇਰੇ ਮਰਨ ਵਾਲੇ ਯਾਰ ਦੇ ਪੁੱਤਰ ਨੂੰ ਮੇਰੀ ਲੋੜ ਏ ਤੇ ਮੈਂ ਤਿਆਰ ਆਂ।"

"ਮਿਹਰਬਾਨੀ, ਤਾਇਆ ! ਮਿਹਰਬਾਨੀ !!"

ਸ਼ੀਮੂੰ ਨੇ ਕੋਈ ਬਹੁਤੀ ਤੱਤੀ ਜਲੇਬੀ ਮੂੰਹ ਵਿਚ ਪਾ ਲਈ ਏ। "ਹਾਏ ਹਾਏ" ਪਿਆ ਕਰਦਾ ਏ ਪਰ ਜਲੇਬੀ ਮੂੰਹ ਵਿਚੋਂ ਨਹੀਂ ਕੱਢਦਾ। ਕਾਦੂ ਜ਼ੋਰ ਜ਼ੋਰ ਨਾਲ ਹੱਸਦਾ ਏ। ਕਹਿੰਦਾ ਏ, "ਸ਼ੀਮੂੰ ਤੇਰਾ ਪਿਉ ਤੇ ਏਨਾ ਲਾਲਚੀ ਨ੍ਹੀਂ ਜਿੰਨਾ ਤੂੰ ਏਂ।"

"ਮੇਰੀ ਬੇਬੇ ਬੜੀ ਲਾਲਚਣ ਏਂ।" ਸ਼ੀਮੂੰ ਜਲੇਬੀ ਅੰਦਰ ਲੰਘਾ ਕੇ ਕਹਿੰਦਾ ਏ। ਸਾਰੀ ਟੋਲੀ ਹੱਸਦੀ ਏ।

"ਖਾਉ ਖਾਉ। ਦਬੱਲ ਖਾਉ। ਫ਼ਿਕਰ ਨਹੀਂ।" ਫ਼ੌਜੀ ਰੁਸਤਮ ਖ਼ਾਨ ਕਹਿੰਦਾ ਏ। ਸਾਰੇ ਨਵੇਂ ਸਿਰਿਉਂ ਸ਼ੁਰੂ ਹੋ ਜਾਂਦੇ ਨੇ।

"ਮੈਂ ਵੀ ਆਖਾਂ ਸਾਰੇ ਧੌਣਾਂ ਥੱਲੇ ਸੁੱਟ ਕੇ ਕੀਹ ਲੱਭ ਰਹੇ ਨੇ। ਪਤਾ ਨ੍ਹੀਂ ਜਲੇਬੀਆਂ ਖਾ ਰਹੇ ਨੇ।" ਇਹ ਸੁੱਗੀ ਦੀ ਆਵਾਜ਼ ਏ। ਸਾਰੇ ਧੌਣਾਂ ਚੁੱਕ ਕੇ ਉਤਾਂਹ ਤੱਕਦੇ ਨੇ। ਸੁੱਗੀ ਤੇ ਪ੍ਰੀਤੋ ਤੇ ਦੂਜੀਆਂ ਕੁੜੀਆਂ ਉਨ੍ਹਾਂ ਨੂੰ ਵੇਖ ਕੇ ਹੱਸਦੀਆਂ ਨੇ। ਸ਼ੀਮੂੰ ਆਪਣੀ ਥਾਂ ਤੋਂ ਉੱਠ ਖਲੋਂਦਾ ਏ।

"ਸੁੱਗੀਏ ! ਸਾਡਾ ਸੰਢਾ ਭੇੜ ਜਿੱਤ ਗਿਆ ਏ।" ਸ਼ੀਮੂੰ ਬੜਾ ਖ਼ੁਸ਼ ਹੋ ਕੇ ਦੱਸਦਾ ਏ।

"ਵੱਡਿਆ ! ਬਹਿ ਜਾ ! ਮੈਨੂੰ ਪਹਿਲਾਂ ਈ ਪਤਾ ਏ।" ਸੁੱਗੀ ਕਹਿੰਦੀ ਏ।

"ਸੰਢੇ ਦੇ ਜਿੱਤਣ ਦਾ ਪਤਾ ਹੋਵੇਗਾ ਪਰ ਤੈਨੂੰ ਇਹ ਨ੍ਹੀਂ ਪਤਾ ਹੋਵੇਗਾ ਕਿ ਉਹ ਚਾਚੇ ਨਰਿੰਜਨ ਸਿੰਘ ਦੇ ਸੰਢੇ ਨੂੰ ਕਿਵੇਂ ਟੱਕਰ ਮਾਰ ਕੇ ਡੇਗਿਆ।"

"ਨਹੀਂ, ਮੈਨੂੰ ਨਹੀਂ ਪਤਾ।" ਸੁੱਗੀ ਆਪਣੀ ਮੋਰਨੀ ਵਰਗੀ ਧੌਣ ਨਫੀ ਵਿਚ ਹਿਲਾ ਕੇ ਕਹਿੰਦੀ ਏ।

"ਲੈ ਮੈਂ ਤੈਨੂੰ ਹੁਣੇ ਦੱਸਨਾ ਵਾਂ ਕਿ ਸਾਡੇ ਸੰਢੇ ਕਿਵੇਂ ਟੱਕਰ ਮਾਰੀ। ਮੁਕਾਬਲੇ 'ਤੇ ਆਉਣ ਵਾਲਾ ਸੰਢਾ ਕਿਵੇਂ ਡਿੱਗਿਆ ਸੂ। ਭਾ ਕਾਦੂ ਤੂੰ ਬਣ ਸਾਡੇ ਵਾਲਾ ਸੰਢਾ। ਮੈਂ ਬਣਨਾ ਵਾਂ ਚਾਚੇ ਨਰਿੰਜਨ ਵਾਲਾ ਸੰਢਾ। ਫੇਰ ਮੈਂ ਉਨ੍ਹਾਂ ਨੂੰ ਡਿੱਗ ਕੇ ਦੱਸਾਂਗਾ।"

ਸੁੱਗੀ, ਪ੍ਰੀਤੋ ਤੇ ਦੂਜੀਆਂ ਕੁੜੀਆਂ ਹੱਸ ਰਹੀਆਂ ਨੇ।

"ਸ਼ੀਮੂੰ ਪੁੱਤਰ ! ਆ ਗਿਆ ਏਂ ਸ਼ਰਾਰਤਾਂ 'ਤੇ, ਫ਼ਿਕਰ ਨ੍ਹੀਂ।" ਫ਼ੌਜੀ ਰੁਸਤਮ ਖ਼ਾਨ ਪਿਆਰ ਨਾਲ ਕਹਿੰਦਾ ਏ।

ਕਾਦੂ ਤੇ ਸ਼ੀਮੂੰ ਦੋਵੇਂ ਆਪਣੀਆਂ ਧੌਣਾਂ ਅੱਗੇ ਇੰਜ ਕੱਢ ਲੈਂਦੇ ਨੇ ਜਿਵੇਂ ਕੁੱਕੜ ਲੜਨ ਵੇਲੇ ਕੱਢ ਲੈਂਦੇ ਨੇ। ਫੇਰ ਕਾਦੂ ਸ਼ੀਮੂੰ ਦੇ ਨੱਕ 'ਤੇ ਪੋਲਾ ਜਿਹਾ ਆਪਣਾ ਸਿਰ ਮਾਰਦਾ ਏ। ਸ਼ੀਮੂੰ ਲੰਮਾ ਸਾਹ ਲੈ ਕੇ ਆਪਣਾ ਸਿਰ ਹਿਲਾਉਂਦਾ ਅੱਖਾਂ ਮੀਚਦਾ ਏ। ਧੜੰਮ ਜ਼ਮੀਨ 'ਤੇ ਡਿੱਗ ਪੈਂਦਾ ਏ। ਫੇਰ ਉੱਠ ਕੇ ਨੱਸਣ ਲੱਗ ਪੈਂਦਾ ਏ। ਕੁੜੀਆਂ ਪੱਟਾਂ 'ਤੇ ਹੱਥ ਮਾਰ ਕੇ ਹੱਸਦੀਆਂ ਨੇ। ਹੱਸ ਹੱਸ ਕੇ ਹਾਲੋਂ ਬਹਾਲ ਹੁੰਦੀਆਂ ਨੇ। ਬੰਦੇ ਵੀ ਉਨ੍ਹਾਂ ਨਾਲ ਰਲ



ਜਾਂਦੇ ਨੇ।

"ਲੌ ਪਈ ਜਵਾਨੋ ! ਤੁਸੀਂ ਜ਼ਰਾ ਪਿੱਛੇ ਪਿੱਛੇ ਹਟ ਜਾਓ। ਹੁਣ ਤੁਸੀਂ ਜਲੇਬੀਆਂ ਦੇ ਫਰੰਟ 'ਤੇ ਚਾਨ-ਮਾਰੀ ਸ਼ੁਰੂ ਕਰ ਦਿਉ। ਫ਼ਿਕਰ ਨਾਹੀਂ ! ਦੁਕਾਨਦਾਰਾ ! ਸੱਟ ਦੇ ਪੰਜੇ ਛੀਏ ਛਾਬੇ ਜਲੇਬੀਆਂ ਦੇ।" ਫ਼ੌਜੀ ਰੁਸਤਮ ਖ਼ਾਨ ਕਹਿੰਦਾ ਏ।

"ਅਖੀਰ ਤੇ ਸੰਢਾ ਟਾਹਲੀ ਥੱਲਿਉਂ ਖੋਲ੍ਹ ਕੇ ਦੁਕਾਨ 'ਤੇ ਬੰਨ੍ਹ ਲਈਂ। ਪੈਸੇ ਸਾਡੇ ਕੋਲੋਂ ਪੂਰੇ ਨ੍ਹੀਂ ਨਿਕਲਣੇ।" ਕਾਦੂ ਹੱਸ ਕੇ ਕਹਿੰਦਾ ਏ ਤੇ ਉਹਦੇ ਨਾਲ ਸਾਰੇ ਈ ਹੱਸਣ ਲੱਗ ਪੈਂਦੇ ਨੇ।

"ਭਾਗ ਲੱਗੇ ਰਹਿਣ। ਜਲੇਬੀਆਂ ਏਨੀਆਂ ਖਾ ਲਈਆਂ ਨੇ ਪਈ ਰਾਤ ਨੀਂਦਰ ਨ੍ਹੀਂ ਪੈਣੀ।" ਦੀਨਾ ਮਰਾਸੀ ਲੰਮਾ ਸਾਰਾ ਡਕਾਰ ਮਾਰ ਕੇ ਕਹਿੰਦਾ ਏ।

"ਭੰਗ ਦੀ ਪਿਆਲੀ ਚਾੜ੍ਹ ਲਈਂ। ਬੜੀ ਹਾਜਮ ਹੁੰਦੀ ਏ।" ਸੁਲੱਖਣ ਸਿੰਘ ਮਸ਼ਵਰਾ ਦਿੰਦਾ ਏ।

ਕੁੜੀਆਂ ਹੱਸਦੀਆਂ ਖੇਸ 'ਤੇ ਆ ਬਹਿੰਦੀਆਂ ਨੇ। ਮਰਦ ਉੱਠ ਕੇ ਪਰ੍ਹਾਂ ਜਾ ਖਲੋਂਦੇ ਨੇ। ਸ਼ੀਮੂੰ, ਸੁੱਗੀ, ਪ੍ਰੀਤੋ ਤੋਂ ਦੂਜੀਆਂ ਕੁੜੀਆਂ ਵੱਲ ਗਹੁ ਨਾਲ ਤੱਕ ਰਿਹਾ ਏ। ਮਿੱਠਾ ਲੱਗੀਆਂ ਉਂਗਲੀਆਂ ਚਟ ਰਿਹਾ ਏ। ਫ਼ੌਜੀ ਆਪਣੀ ਡਬ ਵਿਚੋਂ ਨੋਟਾਂ ਦੀ ਥਹੀ ਕੱਢ ਕੇ ਗਿਣੇ ਬਗ਼ੈਰ ਦੁਕਾਨਦਾਰ ਨੂੰ ਦੇਂਦਾ ਏ। ਕਹਿੰਦਾ ਏ, "ਗਿਣ ਲੈ ਜਵਾਨਾ ! ਘਾਟਾ ਵਾਧਾ ਕੁੜੀ ਸੁਗਰਾਂ ਪੂਰੀ ਕਰੇਗੀ। ਫ਼ਿਕਰ ਨਾਹੀਂ।"

"ਚਾਚਾ ! ਤੂੰ ਰਹਿਣ ਦੇ ਮੈਂ ਈ ਸਾਰੇ ਪੈਸੇ ਦੇ ਦਿਆਂਗੀ।" ਉਹ ਕਹਿੰਦੀ ਏ।

"ਨਹੀਂ ਕਾਕੋ ! ਤੂੰ ਕਿਉਂ ਪੈਸੇ ਦੇਵੇਂ ? ਮੈਂ ਜੂ ਜੀਉਨਾਂ ਵਾਂ।"

"ਚਲੋ ਪਈ ਮਜੀਦੇ ਨੂੰ ਵੀ ਉਹਦੇ ਹਿੱਸੇ ਦੀਆਂ ਜਲੇਬੀਆਂ ਦੇ ਆਈਏ। ਫੇਰ ਆ ਕੇ ਮੇਲਾ ਦੇਖਨੇ ਆਂ।" ਕਾਦੂ ਨੇ ਆਖਿਆ।

"ਪਤਾ ਨਹੀਂ ਬਾਪੂ ! ਮੌਲਵੀ ਅਕਬਰ ਤੇ ਤਾਇਆ ਮੁਰਾਦ ਖ਼ਾਨ ਕਿੱਥੇ ਨੇ ?" ਸੁਲੱਖਣ ਸਿੰਘ ਪੁੱਛਦਾ ਏ।

"ਵੀਰ ! ਉਹ ਬਾਣੀ ਸੁਣਨ ਗੁਰਦਵਾਰੇ ਵੱਲ ਗਏ ਸਨ ਉਥੇ ਹੋਣਗੇ।" ਪ੍ਰੀਤੋ ਕਹਿੰਦੀ ਏ।

"ਹੱਲਾ ਤੁਸੀਂ ਦੁਕਾਨ 'ਤੇ ਬੈਠੋ ਅਸੀਂ ਹੁਣੇ ਆਉਂਦੇ ਹਾਂ।" ਸੁਲੱਖਣ ਸਿੰਘ ਕਹਿੰਦਾ ਏ।

"ਹੱਲਾ ਵੀਰ।"

"ਪਈ ਮੈਂ ਵੀ ਚਲਿਆ ਬਾਣੀ ਸੁਣਨ। ਮੈਨੂੰ ਵੀ ਛੁੱਟੀ ਦਿਓ।" ਚਰਨ ਸਿੰਘ ਕਹਿੰਦਾ ਏ।

"ਹੱਲਾ ਚਾਚਾ।" ਸੁਲੱਖਣ ਸਿੰਘ ਕਹਿੰਦਾ ਏ। ਉਹ ਸਾਰੇ ਸਵਾਏ ਚਰਨ ਸਿੰਘ ਦੇ ਟਾਹਲੀ ਵੱਲ ਟੁਰ ਪੈਂਦੇ ਨੇ।

ਜਦ ਕਾਦੂ, ਸੁਲੱਖਣ ਸਿੰਘ ਤੇ ਦੂਜੇ ਮੁੰਡੇ ਵਾਪਸ ਡਾਂਗਾਂ ਸੋਟਿਆਂ ਨਾਲ ਤਿਆਰ ਹੋ ਕੇ ਪਰਤੇ ਤਾਂ ਹਲਵਾਈ ਦੀ ਦੁਕਾਨ ਦੇ ਆਲੇ ਦੁਆਲੇ ਭੀੜ ਲੱਗੀ ਹੋਈ ਸੀ।

"ਕਾਦਰਾ, ਚੰਗਾ ਹੋਇਆ ਅਸੀਂ ਟਾਹਲੀ ਥੱਲਿਉਂ ਮਜੀਦੇ ਕੋਲੋਂ ਸੋਟੇ ਲੈ ਕੇ ਆਏ ਆਂ। ਹਲਵਾਈ ਦੀ ਦੁਕਾਨ 'ਤੇ ਗੜਬੜ ਜਾਪਦੀ ਏ।" ਸੁਲੱਖਣ ਸਿੰਘ ਨੇ ਫਿਕਰਮੰਦੀ

ਨਾਲ ਕਿਹਾ।

"ਹੁਣੇ ਪਤਾ ਲੱਗ ਜਾਂਦਾ ਏ, ਮਾਮਲਾ ਕੀਹ ਏ ?" ਕਾਦੂ ਨੇ ਕਿਹਾ ਤੇ ਅਗਾਂਹ ਵਧ ਕੇ ਭੀੜ ਵਿਚ ਵੜਿਆ। ਬਾਕੀ ਉਹਦੇ ਪਿੱਛੇ ਹੋ ਗਏ।

"ਜਲੇਬੀਆਂ ਦੇ ਪੈਸੇ ਮੈ ਦਿਆਂਗਾ, ਇਹ ਨਹੀਂ ਦੇਣਗੀਆਂ।" ਹੀਨੇ ਦੇ ਹੱਥ ਵਿਚ ਨੋਟ ਸਨ, ਆਵਾਜ਼ ਵਿਚ ਕੰਬਣੀ ਤੇ ਸਾਹ ਵਿਚ ਸ਼ਰਾਬ ਦੀ ਬੋ।

"ਇਨ੍ਹਾਂ ਦੇ ਪੈਸੇ ਰੁਸਤਮ ਖ਼ਾਨ ਸਾਹਬ ਦੇ ਗਏ ਨੇ ਜੀ।" ਦੁਕਾਨਦਾਰ ਡਰ ਨਾਲ ਕੰਬ ਰਿਹਾ ਸੀ।

ਜਿਸ ਵੇਲੇ ਕਾਦੂ ਖੂੰਡ ਫੜ ਕੇ ਹੀਨੇ ਦੇ ਸਾਹਮਣੇ ਹੋਇਆ ਤੇ ਤਮਾਸ਼ਾ ਵੇਖਣ ਵਾਲੇ ਚਾਰ ਚਾਰ ਕੂਰੋਂ ਪਿੱਛੇ ਹਟ ਗਏ। ਹੁਣ ਇਕ ਪਿੜ ਜਿਹਾ ਬਣ ਗਿਆ ਜੀਹਦੇ ਵਿਚ ਹਲਵਾਈ ਦੀ ਦੁਕਾਨ, ਕੁੜੀਆਂ, ਹੀਨਾ ਤੇ ਓਗਰ ਦੇ ਮੁੰਡੇ, ਜਿਨ੍ਹਾਂ ਦੇ ਹੱਥਾਂ ਵਿਚ ਡਾਂਗਾਂ ਤੇ ਕਿਰਪਾਨਾਂ ਸਨ ਤੇ ਕਾਦੂ ਖਲੋਤੇ ਹੋਏ ਸਨ।

"ਹੀਨਿਆ ! ਤੂੰ ਕਿਉਂ ਪੈਸੇ ਦੇ ਰਿਹਾ ਏਂ ?" ਕਾਦੂ ਨੇ ਪੁੱਛਿਆ।

"ਓਏ ਮੈਂ ਨ੍ਹੀਂ ਦੇ ਰਿਹਾ, ਸਰਦਾਰ ਕਿਰਪਾ ਸਿੰਘ ਦੇ ਰਿਹਾ ਏ।" ਹੀਨੇ ਨੇ ਬਾਂਹ ਹਿਲਾ ਕੇ ਕਿਹਾ। ਉਹਦੇ ਮੂੰਹ ਵਿਚ ਰੂੜੀ ਮਾਰਕਾ ਸ਼ਰਾਬ ਦੀ ਬੋ ਵਾਲਾ ਸਾਹ ਕਾਦੂ ਦੀਆਂ ਨਾਸਾਂ ਵਿਚ ਵੜ ਗਿਆ।

"ਸਰਦਾਰ ਕਿਰਪਾ ਸਿੰਘ ਆਪ ਆਣ ਕੇ ਕਿਉਂ ਨ੍ਹੀਂ ਪੈਸੇ ਦੇਂਦਾ।" ਕਾਦੂ ਨੇ ਗੁੱਸੇ 'ਤੇ ਜ਼ਬਤ ਕਰਦਿਆਂ ਹੋਇਆਂ ਕਿਹਾ।

"ਓਏ ਉਹਦੇ ਤੇ ਮੇਰੇ 'ਚ ਕੀ ਫ਼ਰਕ ਏ ?"

"ਤੂੰ ਸਾਂਹਸੀ ਏਂ ਤੇ ਉਹ ਸਿੱਖ ਏ। ਇਹ ਫ਼ਰਕ ਏ। ਉਹਦੀ ਜਗ੍ਹਾ ਸਾਡੀ ਮੰਜੀ ਦੇ ਸਰਹਾਣੇ ਵੱਲ ਏ। ਤੇਰੀ ਜਗ੍ਹਾ ਸਾਡੀਆਂ ਜੁੱਤੀਆਂ 'ਚ। ਇਹ ਫ਼ਰਕ ਏ।"

"ਓਏ ਕੁੱਤਿਆ ਪਠਾਣਾਂ ! ਤੂੰ ਮੇਰੇ ਮੂੰਹ ਆਉਨਾਂ ਏ ?"

ਹੀਨੇ ਦੀ ਗੱਲ ਅਜੇ ਮੂੰਹ ਵਿਚੋਂ ਨਿਕਲੀ ਨਹੀਂ ਸੀ ਤੇ ਕਾਦੂ ਨੇ ਉਹਦੇ ਗਲ ਵਿਚ ਹੱਥ ਦੇ ਕੇ ਉਹਨੂੰ ਪਿੱਛੇ ਖਲੋਤੇ ਸਿੱਖ ਮੁੰਡਿਆਂ 'ਤੇ ਸੁੱਟਿਆ। ਹੀਨਾ ਡਿੱਗਦਾ ਡਿੱਗਦਾ ਪੈਰੀਂ ਖਲੋ ਗਿਆ। ਸੱਜੀ ਲੱਤ ਅਗਾਂਹ ਵਧਾ ਕੇ ਉਹਨੇ ਟਕੂਏ ਨਾਲ ਕਾਦਰ 'ਤੇ ਵਾਰ ਕੀਤਾ। ਕਾਦੂ ਛੇਤੀ ਨਾਲ ਲਾਂਭੇ ਹੋ ਗਿਆ। ਹੀਨੇ ਦਾ ਟਕੂਆ ਪੋਲੀ ਮਿੱਟੀ ਵਾਲੀ ਜ਼ਮੀਨ ਵਿਚ ਧਸ ਗਿਆ। ਕਾਦੂ ਨੇ ਉਲਾਰ ਕੇ ਖੂੰਡ ਮਾਰਿਆ। ਹੀਨੇ ਦੀਆਂ ਦੋਵੇਂ ਬਾਹਵਾਂ ਕੜੱਕ ਕਰਕੇ ਕੂਹਣੀਆਂ ਤੋਂ ਉੱਤੇ ਕਰ ਕੇ ਟੁੱਟ ਗਈਆਂ। ਹੀਨਾ ਟਕੂਏ 'ਤੇ ਮੂੰਹ ਭਾਰ ਡਿੱਗ ਪਿਆ। ਕਾਦੂ ਨੇ ਦੂਜੀ ਵਾਰ ਖੂੰਡ ਸਿੱਖ ਮੁੰਡਿਆਂ ਵੱਲ ਉਲਾਰਿਆ ਪਰ ਉਹ ਪਿਛਾਂਹ ਨੱਸ ਗਏ। ਉਹੋ ਖੂੰਡ ਹੀਨੇ ਦੇ ਮੌਰਾਂ ਵਿਚ ਪਿਆ। ਕਿਰਪਾ ਸਿੰਘ ਟਾਹਲੀ ਦੇ ਪਿੱਛੋਂ ਕਿਰਪਾਨ ਖਿੱਚ ਕੇ ਗੋਲੀ ਵਾਂਗ ਕਾਦੂ ਵੱਲ ਨਸਿਆ ਪਰ ਸੁਲੱਖਣ ਸਿੰਘ ਛਾਲ ਮਾਰ ਕੇ ਦੋਹਾਂ ਦੇ ਵਿਚਕਾਰ ਆ ਗਿਆ।

"ਹਟ ਜਾ ਸੁਲੱਖਣ ਸਿਹਾਂ !" ਇਹ ਕਿਰਪਾ ਸਿੰਘ ਦੀ ਆਵਾਜ਼ ਸੀ ਜਿਹੜਾ ਸੁਲੱਖਣ ਸਿੰਘ ਦੇ ਜੱਫੇ ਵਿਚੋਂ ਨਿਕਲਣ ਦਾ ਜਤਨ ਕਰ ਰਿਹਾ ਸੀ।

"ਸੁਲੱਖਣਾ ! ਆਉਣ ਦੇਹ ਕਿਰਪਾ ਸਿੰਘ ਨੂੰ।" ਕਾਦਰ ਗੁੱਸੇ ਵਿਚ ਬੋਲਿਆ।

ਸੁਲੱਖਣ ਸਿੰਘ ਨੇ ਆਪਣਾ ਜੱਫਾ ਖੋਲ੍ਹ ਦਿੱਤਾ। ਕਾਦੂ ਨੇ ਖੂੰਡ ਸੁੱਟ ਕੇ ਛੇਤੀ ਨਾਲ



ਆਣਾ ਖੱਬਾ ਹੱਥ ਕਿਰਪਾ ਸਿੰਘ ਦੀ ਸੱਜੀ ਬੀਣੀ ਨੂੰ ਪਾਇਆ, ਜੀਹਦੇ ਵਿਚ ਉਹਨੇ ਕਿਰਪਾਨ ਫੜੀ ਹੋਈ ਸੀ। ਸੱਜੇ ਹੱਥ ਦੀ ਮੁੱਠ ਕੱਸ ਕੇ ਉਹਦੀ ਠੋਡੀ ਥੱਲੇ ਹੂਰਾ ਮਾਰਿਆ। ਕਿਰਪਾਨ ਹੱਥੋਂ ਛੁਟ ਗਈ। ਕਿਰਪਾ ਸਿੰਘ ਆਪਣੇ ਆਪ ਨੂੰ ਸੰਭਾਲਦਾ ਚਾਰ ਪੰਜ ਕਦਮਾਂ ਪਿੱਛੇ ਜਾ ਡਿੱਗਿਆ।

ਏਨੇ ਚਿਰ ਵਿਚ ਸਰਦਾਰ ਹਰਨਾਮ ਸਿੰਘ, ਚਰਨ ਸਿੰਘ, ਮੁਰਾਦ ਖ਼ਾਨ ਤੇ ਮੌਲਵੀ ਅਕਬਰ ਕਾਦੂ ਤੇ ਕਿਰਪਾ ਸਿੰਘ ਦੇ ਵਿਚਕਾਰ ਆ ਖਲੋਤੇ। ਕਿਰਪਾ ਸਿੰਘ ਪਗੜੀ ਸੰਭਾਲਦਾ ਕਿਰਪਾਨੋਂ ਬਗ਼ੈਰ ਭੀੜ ਵਿਚ ਪਰਤ ਗਿਆ।

ਓਏ ਈ ਸ਼ਾਮ ਨੂੰ ਫ਼ਰੀਦਪੁਰ ਦੇ ਮੁੰਡੇ ਕੁੜੀਆਂ ਤੇ ਸਿਆਣੇ ਪਿੰਡ ਪਰਤ ਆਏ। ਓਗਰੇ ਦੇ ਲੁਬਾਣੇ ਹੀਨੇ ਨੂੰ ਸਹਿਕਦਿਆਂ ਹੋਇਆਂ ਮੰਜੀ 'ਤੇ ਪਾ ਕੇ ਲੈ ਗਏ। ਲੰਮੀ ਚੌੜੀ ਗੱਲ ਨਾ ਵਧੀ ਕਿਉਂ ਜੋ ਲੋਕਾਂ ਦਾ ਖ਼ਿਆਲ ਸੀ ਸਾਂਹਸੀ ਜੰਮਦੇ ਈ ਏਸੇ ਵਾਸਤੇ ਨੇ ਕਿ ਉਨ੍ਹਾਂ ਦੀਆਂ ਲੱਤਾਂ ਬਾਹਵਾਂ ਟੁੱਟਦੀਆਂ ਜੁੜਦੀਆਂ ਰਹਿਣ।

ਰਸਤੇ ਵਿਚ ਮੌਲਵੀ ਅਕਬਰ ਕਾਦੂ 'ਤੇ ਗੁੱਸੇ ਰਾਜ਼ੀ ਹੋਇਆ ਪਰ ਸੁੱਗੀ ਤੇ ਪ੍ਰੀਤੋ ਨੇ ਉਹਨੂੰ ਇਹ ਕਹਿ ਕੇ ਠੰਢਾ ਕੀਤਾ ਕਿ ਜੇ ਕਾਦੂ ਮੌਕੇ 'ਤੇ ਨਾ ਆ ਜਾਂਦਾ ਤੇ ਹੀਨੇ ਨੇ ਲੋਕਾਂ ਸਾਹਮਣੇ ਉਨ੍ਹਾਂ ਦੀ ਬੇਇੱਜ਼ਤੀ ਕਰਨੀ ਸੀ। ਸਰਦਾਰ ਹਰਨਾਮ ਸਿੰਘ ਨੇ ਕਾਦੂ ਨੂੰ ਥਾਪਣਾਦਿੱਤੀ ਕਿ ਉਹ ਹੀਨੇ ਵਰਗੇ ਸੂਰਮੇ ਅੱਗੇ ਡਟ ਕੇ ਖਲੋਤਾ। ਉਹਦੀ ਗਾਲ੍ਹ ਦਾ ਜਵਾਬ ਠੁੱਕ ਦਾ ਦਿੱਤਾ। ਮੁਰਾਦ ਖ਼ਾਨ ਵੀ ਖ਼ੁਸ਼ ਸੀ ਕਿ ਫ਼ਰੀਦਪੁਰ ਦਾ ਸੰਢਾ ਤੇ ਕਾਦੂ ਮੈਦਾਨ ਮਾਰ ਕੇ ਆਏ ਨੇ। ਮੌਲੂ ਕਬਾਬੀਆ ਚੁੱਪ ਚਾਪ ਸੀ। ਦੀਨਾ ਮਰਾਸੀ ਅਜੇ ਤੀਕ ਮਿੱਠੇ ਮਿੱਠੇ ਡਕਾਰ ਮਾਰ ਰਿਹਾ ਸੀ। ਸ਼ੀਮੂੰ ਸੰਢੇ 'ਤੇ ਬੈਠਾ ਪੀਪਣੀ ਵਜਾ ਰਿਹਾ ਸੀ।

ਦੂਜੇ ਦਿਨ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਕਿਸੇ ਨੇ ਕਾਦੂ ਦਾ ਕੁੰਡਾ ਖੜਕਾਇਆ। ਕਾਦੂ ਦੀ ਮਾਂ ਰੂੜੀ ਨੇ ਬੂਹਾ ਖੋਲ੍ਹਿਆ। ਹਰਨਾਮ ਸਿੰਘ ਦਾ ਕਾਮਾ ਦਿਲਦਾਰ ਸਿੰਘ ਤੇ ਅੱਲੀ ਮਾਛੀ ਸਨ।

ਪਿੰਡ ਵਿਚ ਮਸ਼ਹੂਰ ਸੀ ਕਿ ਦਿਲਦਾਰ ਸਿੰਘ ਦੇ ਸੀਨੇ ਵਿਚ ਚਿੜੀ ਦਾ ਦਿਲ ਏ। ਉਹ ਬਹੁਤ ਡਰਾਕਲ ਬੰਦਾ ਏ। ਅੱਲੀ ਮਾਛੀ ਟੁੱਟੀਆਂ ਬਾਹਵਾਂ ਲੱਤਾਂ ਜੋੜਨ ਦਾ ਕਾਰੀਗਰ ਸੀ। ਉਹਨੇ ਇਹ ਕਾਰੀਗਰੀ ਆਪਣੇ ਪਿਉ ਕੋਲੋਂ ਸਿਖੀ ਹੋਈ ਸੀ।

ਮਾਈ ਰੂੜੀ ਦੋਹਾਂ ਨੂੰ ਅੰਦਰ ਲੈ ਗਈ। ਕਾਦੂ ਜਾਗ ਪਿਆ ਸੀ। ਉਹਨੇ ਦੋਹਾਂ ਨੂੰ ਕੋਲ ਡੱਠੀ ਹੋਈ ਮੰਜੀ 'ਤੇ ਬਿਠਾ ਲਿਆ। ਮਾਈ ਰੂੜੀ ਉਨ੍ਹਾਂ ਲਈ ਦਹੀਂ ਦੇ ਛੰਨੇ ਲੈ ਆਈ। ਕੋਲ ਬਹਿ ਗਈ।

"ਸਵੇਰੇ ਸਵੇਰੇ ਕਿਵੇਂ ਪੁੱਛੀਏ ਦਿਲਦਾਰ ਸਿਹਾਂ ?" ਕਾਦੂ ਨੇ ਪੁੱਛਿਆ।

"ਵਾਗਰੂ ਦੀ ਸਹੁੰ, ਬੜੀ ਜ਼ਰੂਰੀ ਗੱਲ ਕਰਨ ਆਏ ਆਂ ਅਸੀਂ ਦੋਵੇਂ। ਕਿਉਂ ਅਲੀ ?" ਦਿਲਦਾਰ ਸਿੰਘ ਨੇ ਅਲੀ ਨੂੰ ਅਰਕ ਮਾਰ ਕੇ ਪੁੱਛਿਆ।

"ਆਹੋ ਆਹੋ।" ਅੱਲੀ ਮਾਛੀ ਨੇ ਦਹੀਂ ਦਾ ਛੰਨਾ ਸੰਭਾਲਦਿਆਂ ਹੋਇਆਂ ਕਿਹਾ।

"ਕੀਹ ਜ਼ਰੂਰੀ ਗੱਲ ਏ ?" ਕਾਦੂ ਨੇ ਦਿਲਚਸਪੀ ਨਾਲ ਕਿਹਾ।

"ਅਸੀਂ ਦੋਵੇਂ ਸਾਰੀ ਰਾਤ ਓਗਰੇ ਕਟ ਕੇ ਹੁਣੇ ਹੁਣੇ ਆਏ ਹਾਂ।" ਦਿਲਦਾਰ ਸਿੰਘ ਬੋਲਿਆ।

"ਮੈਨੂੰ ਤੇ ਤਰਕਾਲਾਂ ਵੇਲੇ ਵੱਡੇ ਸਰਦਾਰ ਹੋਰਾਂ ਧੜੀ ਘਿਉ ਵਲਟੋਹੀ 'ਚ ਪਾ ਕੇ

ਦਿੱਤਾ। ਕਿਹਾ ਇਹ ਘਿਉ ਹੀਣੇ ਵਾਸਤੇ ਓਗਰੇ ਲੈ ਜਾ। ਕਿਉਂ ਜੇ ਕਾਦੂ ਨੇ ਉਹਦੀ ਖੱਬੀ ਸੱਜੀ ਬਾਂਹ ਕੋਕਿਆਂ ਵਾਲਾ ਖੂੰਡ ਮਾਰ ਕੇ ਤੋੜ ਦਿੱਤੀ ਏ। ਸਰਦਾਰ ਹੋਰਾਂ ਮੈਨੂੰ ਪੰਦਰ੍ਹਾਂ ਰੁਪਏ ਵੀ ਦਿੱਤੇ ਕਿ ਇਹ ਹੀਣੇ ਨੂੰ ਦੇ ਕੇ ਕਹਿਣਾ ਕਿ ਉਹ ਇਨ੍ਹਾਂ ਰੁਪਿਆਂ ਦੀ ਤਗੜਾਈ ਵਾਲੀ ਸ਼ੈ ਖਾ ਲਵੇ। ਨਾਲੇ ਇਹ ਵੀ ਕਿਹਾ ਕੁਲਵੰਤ ਕੌਰ ਨੂੰ ਕਹਿਣਾ ਕਿ ਪੁਲੀਸ ਥਾਣੇ ਨਾ ਜਾਵੇ। ਸੱਟ ਪੇਟ ਲੱਗਦੀ ਈ ਰਹਿੰਦੀ ਏ।" ਗੱਲ ਮੁਕਾ ਕੇ ਦਿਲਦਾਰ ਸਿੰਘ ਡੀਕੋ ਡੀਕ ਦਹੀਂ ਪੀਣ ਲੱਗ ਪਿਆ।

"ਹਲਾ ਬਈ ਅੱਲੀ ! ਤੂੰ ਕੀ ਕਰਨ ਗਿਆ ਸੀ ?" ਕਾਦੂ ਨੇ ਅਲੀ ਕੋਲੋਂ ਪੁੱਛਿਆ।

"ਮੈਨੂੰ ਖ਼ਾਨ ਸਾਹਿਬ ਨੇ ਭੇਜਿਆ ਸੀ ਕਿ ਮੈਂ ਜਾ ਕੇ ਹੀਣੇ ਦੀਆਂ ਬਾਹਵਾਂ ਚਾੜ੍ਹ ਆਵਾਂ। ਪਿੰਡੇ 'ਤੇ ਮਾਲਸ਼ ਕਰ ਆਵਾਂ।" ਗੱਲ ਕਰਕੇ ਮਾਛੀ ਵੀ ਦਹੀਂ ਪੀਣ ਲੱਗ ਪਿਆ।

ਦਿਲਦਾਰ ਦਹੀਂ ਪੀ ਬੈਠਾ ਸੀ। ਛੰਨਾ ਮੰਜੀ ਥੱਲੇ ਰੇਹੜ ਕੇ ਬੋਲਿਆ, "ਅੱਲੀ ਤੇ ਡੰਗਰਾਂ ਵਾਲੇ ਅੰਦਰ ਹੀਣੇ ਨੂੰ ਮਾਲਸ਼ ਕਰਦਾ ਰਿਹਾ ਪਰ ਮੈਂ ਬੈਠਕ 'ਚ ਬੈਠਾ ਕਿਰਪਾ ਸਿੰਘ, ਨਰਿੰਜਣ ਸਿੰਘ ਤੇ ਦੂਜਿਆਂ ਦੀਆਂ ਗੱਲਾਂ ਸੁਣਦਾ ਰਿਹਾ।"

"ਹੱਲਾ ? ਕੀ ਗੱਲਾਂ ਕਰਦੇ ਸਨ ਉਹ ?"

"ਵਾਹਿਗੁਰੂ ਦੀ ਸਹੁੰ, ਤੈਥੋਂ ਬਹੁਤ ਡਰ ਗਏ ਨੇ। ਥਰਥਰ ਕੰਬਦੇ ਨੇ। ਪਰ ਉਨ੍ਹਾਂ ਨੂੰ ਤੇਰੇ 'ਤੇ ਗੁੱਸਾ ਵੀ ਬਹੁਤ ਏ।"

"ਹੱਛਾ ? ਪਰ ਮੇਰੇ 'ਤੇ ਗੁੱਸਾ ਕਿਉਂ ਏ ਦਿਲਦਾਰ ਸਿਹਾਂ ?"

"ਤੂੰ ਪਹਿਲਾਂ ਕਿਰਪਾ ਸਿੰਘ ਨੂੰ ਸ਼ਾਹ ਸਕੰਦਰ ਦੇ ਮੇਲੇ 'ਤੇ ਮਾਰਿਆ। ਫੇਰ ਹੁਣ ਚਿੱਟੀ ਦੇ ਮੇਲੇ 'ਤੇ ਹੀਣੇ ਦੀਆਂ ਬਾਂਹਵਾਂ ਤੋੜੀਆਂ। ਕਿਰਪਾ ਸਿੰਘ ਦੀ ਬੇਇਜ਼ਤੀ ਖਰਾਬ ਕੀਤੀ।"

"ਦਿਲਦਾਰ ਸਿਹਾਂ ! ਉਹ ਇੱਜ਼ਤ ਵਾਲੇ ਕੰਮ ਕਰਨ ਤੇ ਇੱਜ਼ਤ ਕਰਵਾਣ। ਕਿਉਂ ਪੁੱਠੀ ਚੁੱਕੀ ਹੋਈ ਏ ?"

"ਗੱਲ ਤਾਂ ਤੇਰੇ ਵਾਲੀ ਠੀਕ ਏ ਪਰ ਹੁੜਮਤ ਤੇ ਬੇਵਕੂਫ ਜੂ ਹੋਏ। ਹੁਣ ਤੇਰੇ ਨਾਲ ਵਿਸਾਖੀ ਦੇ ਮੇਲੇ 'ਤੇ ਲੜਨਗੇ।"

"ਵਿਸਾਖੀ ਕਿਹੜਾ ਦੂਰ ਏ ? ਵੇਖ ਲਵਾਂਗੇ। ਲੜਦੇ ਨੇ ਜਾਂ ਮਾਰ ਖਾਂਦੇ ?"

"ਉਹ ਕਹਿੰਦੇ ਸਨ ਲਾਮ ਲੱਗੀ ਹੋਈ ਏ। ਕਾਦੂ ਨੂੰ ਵੱਢ ਕੇ ਲਾਮ 'ਚ ਭਰਤੀ ਹੋ ਜਾਵਾਂਗੇ। ਕਿਹੜਾ ਕਿਸੇ ਨੇ ਪੁੱਛਣਾ ਏ ?"

"ਇਹ ਗੱਲ ਕੌਣ ਕਹਿੰਦਾ ਸੀ ?"

"ਕਿਰਪਾ ਸਿਹੁੰ, ਹੋਰ ਕੌਣ ? ਪਈ ਤੂੰ ਉਹਦੀ ਠੋਡੀ 'ਤੇ ਹੂਰਾ ਜੂ ਪ੍ਰੀਤੋ ਦੇ ਸਾਹਮਣੇ ਮਾਰਿਆ ਸੀ। ਉਹ ਡਿੱਗ ਪਿਆ ਸੀ। ਭਲਾ ਵਿਆਹ ਹੋਣ ਦੇ ਪਿੱਛੋਂ ਕਿਰਪਾ ਸਿਹੁੰ ਦਾ ਰੋਹਬ ਪ੍ਰੀਤੋ 'ਤੇ ਕਿਵੇਂ ਪਵੇਗਾ ?"

"ਪ੍ਰੀਤੋ 'ਤੇ ਰੋਹਬ ਪਾਣ ਦੀ ਗੱਲ ਸੀ ਤੇ ਮੈਨੂੰ ਕਿਰਪਾ ਸਿੰਘ ਪਹਿਲਾਂ ਦੱਸਦਾ। ਪ੍ਰੀਤੋ ਦੇ ਸਾਹਮਣੇ ਉਹਦੇ ਕੋਲੋਂ ਮੈਂ ਹੂਰਾ ਖਾ ਲੈਂਦਾ।"

"ਵਾਹਿਗੁਰੂ ਦੀ ਸਹੁੰ, ਮਖ਼ੌਲ ਨਹੀਂ। ਹੁਣ ਕਿਰਪਾ ਸਿੰਘ ਦਾ ਪ੍ਰੀਤੋ 'ਤੇ ਕਦੇ ਰੋਹਬ ਨਹੀਂ ਜੰਮਣਾ।"

"ਪਈ ਇਹ ਗੱਲ ਏ। ਅਸੀਂ ਵਿਸਾਖੀ ਦੇ ਮੇਲੇ 'ਤੇ ਪ੍ਰੀਤੋ ਦੇ ਸਾਹਮਣੇ ਕਿਰਪਾ



ਸਿੰਘ ਕੋਲੋਂ ਮਾਰ ਖਾ ਲਵਾਂਗੇ ਪਰ ਕਿਰਪਾ ਸਿੰਘ ਆਪ ਕਵ੍ਹੇ ਤਾਂ। ਨ੍ਹੀਂ ਤਾਂ ਨ੍ਹੀਂ।"

ਮਾਈ ਰੂੜੀ ਛੰਨੇ ਲੈ ਕੇ ਢਾਰੇ ਵਿਚ ਚਲੀ ਗਈ ਜਿਥੇ ਓਸ ਰਿੜਕਣਾ ਪਾਇਆ ਹੋਇਆ ਸੀ। ਦਿਲਦਾਰ ਸਿੰਘ ਨੇ ਖੱਬੇ ਸੱਜੇ ਅੱਖ ਚੁਰਾ ਕੇ ਵੇਖਿਆ। ਹੌਲੀ ਜਿਹੀ ਬੋਲਿਆ, "ਜੇ ਤੂੰ ਕਾਦੂ ਸਿੱਖ ਹੁੰਦਾ ਤਾਂ ਪ੍ਰੀਤੋ ਨੇ ਆਪਣੇ ਬਾਪੂ ਨਾਲ ਲੜ ਕੇ ਤੇਰੇ ਨਾਲ ਵਿਆਹ ਕਰਾ ਲੈਣਾ ਸੀ। ਉਹਦੇ 'ਤੇ ਤੇਰਾ ਬਹੁਤ ਰੋਹਬ ਏ।"

"ਗੱਲਾਂ ਤੈਨੂੰ ਬਹੁਤ ਆਉਂਦੀਆਂ ਨੇ ਦਿਲਦਾਰ ਸਿਹਾਂ, ਪਰ ਤੈਨੂੰ ਕਿਵੇਂ ਪਤਾ ਏ ਕਿ ਉਹਨੇ ਮੇਰੇ ਨਾਲ, ਆਪਣੇ ਬਾਪੂ ਤੋਂ ਇਕਵਾਗੀ ਹੋ ਕੇ ਵਿਆਹ ਕਰਾ ਲੈਣਾ ਸੀ ?"

"ਬਸ ਮੇਰਾ ਗਵੇੜ ਏ। ਮੇਰਾ ਦਿਲ ਜੂ ਕਹਿੰਦਾ ਏ।"

"ਆਪਣੇ ਦਿਲ ਦੀ ਭੀ ਭਲੀ ਕਹੀ। ਸਾਡਾ ਵਿਆਹ ਸ਼ਿਆਹ ਕਿਤੇ ਨਹੀਂ ਹੋਣਾ ਦਿਲਦਾਰ ਸਿਆਂ। ਤੇਰੇ ਵਾਂਗ ਮੈਂ ਵੀ ਕਵਾਰਿਆਂ ਈ ਪਿਆ ਫਿਰਨਾ ਏਂ।"

"ਸੁੱਗੀ ਜੂ ਹੈਗੀ ਏ," ਅੱਲੀ ਨੇ ਆਪਣੀ ਲੰਮੀ ਚੁੱਪ ਤੋੜੀ।

"ਅਖੇ ਮੁਰਦਾ ਬੋਲੇਗਾ ਤੇ ਖੱਫਣ ਪਾੜੇਗਾ। ਓਏ ਅੱਲੀ ਕਿਥੇ ਰਾਮ ਰਾਜ ਕਿਥੇ ਟੈਂ ਟੈਂ ? ਵਿਆਹ ਹੋ ਸਕਦਾ ਸੀ ਜੇ ਮੇਰਾ ਪਿਉ ਜੀਉਂਦਾ ਹੁੰਦਾ। ਵਿਆਹ ਹੋ ਸਕਦਾ ਸੀ, ਜੇ ਮੇਰੀ ਜ਼ਮੀਨ ਹੁੰਦੀ। ਵਿਆਹ ਹੋ ਸਕਦਾ ਸੀ ਜੇ ਮੈਂ ਮੁਰਾਦ ਖ਼ਾਨ ਦਾ ਕਾਮਾ ਨਾ ਹੁੰਦਾ। ਮੇਰਾ ਪਿਉ ਜੀਉਂਦਾ ਨ੍ਹੀਂ ਹੋ ਸਕਦਾ। ਮੇਰੀ ਜ਼ਮੀਨ ਮੈਨੂੰ ਵਾਪਸ ਨ੍ਹੀਂ ਮਿਲ ਸਕਦੀ। ਕਿਉਂ ਜੇ ਬੈ ਹੋ ਗਈ। ਦੁਨੀਆ ਤੇ ਦੂਜਾ ਮਹੀਂਵਾਲ ਨ੍ਹੀਂ ਜੰਮ ਸਕਦਾ ਜੋ ਡੰਗਰ ਚਾਰਨ ਦੇ ਬਾਅਦ ਸੋਹਣੀ ਨਾਲ ਵਿਆਹ ਵੀ ਕਰੇ।"

"ਵਾਹਿਗੁਰੂ ਦੀ ਸਹੁੰ ਸੁੱਗੀ ਨਾਲ ਤੇਰਾ ਵਿਆਹ ਹੋ ਸਕਦਾ ਏ ਜੇ ਹੋਣਾ ਹੋਵੇ ਤੇ।"

ਦਿਲਦਾਰ ਸਿੰਘ ਦੀ ਗੱਲ ਸੁਣ ਕੇ ਕਾਦੂ ਜ਼ੋਰ ਨਾਲ ਹੱਸਿਆ। ਉਹਦਾ ਹਾਸਾ ਨਹੀਂ ਸੀ ਮੁਕਾ। ਉਹਦੀ ਬੇਬੇ ਦੀ ਆਵਾਜ਼ ਢਾਰੇ ਵਿਚੋਂ ਆਈ।

"ਵੇ ਕਾਕਾ ! ਸ਼ਰਮ ਕਰ, ਕੀਹ ਕੰਜਰਾਂ ਵਾਂਗ ਹੱਸਨਾ ਪਿਆ ਏਂ ?"

"ਨਹੀਂ ਬੇਬੇ ਕੋਈ ਗੱਲ ਨਹੀਂ। ਮੈਂ ਦਿਲਦਾਰ ਸਿੰਘ ਦੀ ਗੱਲ ਤੋਂ ਹੱਸਿਆ ਵਾਂ।"

ਦਿਲਦਾਰ ਸਿੰਘ ਤੇ ਅੱਲੀ ਮੰਜੀ ਤੋਂ ਉੱਠ ਖਲੋਤੇ। "ਚੱਲੀਏ ਯਾਰ ! ਸਾਰੀ ਰਾਤ ਜਾਗ ਕੇ ਕੱਢੀ ਏ। ਅਸਾਂ ਕਿਹਾ ਕਿ ਆਪਣੇ ਯਾਰ ਨੂੰ ਗੱਲਬਾਤ ਸੁਣਾਂਦੇ ਜਾਈਏ ਤੇ ਦਹੀਂ ਪੀਂਦੇ ਜਾਈਏ। ਵਾਹਿਗੁਰੂ ਦੀ ਸਹੁੰ, ਮੈਨੂੰ ਤੇਰੀਆਂ ਗੱਲਾਂ ਦਾ ਬੜਾ ਮਜ਼ਾ ਆਇਆ ਏ।"

ਕਾਦੂ ਵੀ ਉੱਠ ਕੇ ਉਨ੍ਹਾਂ ਨਾਲ ਤੁਰ ਪਿਆ।

ਜੱਟਾ ਆਈ ਓ ਵਿਸਾਖੀ।
ਜੱਟਾ ਆਈ ਓ ਵਿਸਾਖੀ।
ਜੱਟਾ ਆਈ ਓ ਵਿਸਾਖੀ।
ਜੱਟਾ ਆਈ ਓ ਵਿਸਾਖੀ।

ਚੌਂਹ ਕੂੰਟਾਂ ਤੋਂ ਵਿਸਾਖੀ ਦੇ ਆਉਣ ਦੀਆਂ ਵਾਹਰਾਂ ਨੇ। ਤਰਕਾਲਾਂ ਵੇਲੇ ਪਿੰਡੋ ਪਿੰਡ ਭੰਗੜੇ ਦੇ ਢੋਲ ਵਜਣੇ ਸ਼ੁਰੂ ਹੁੰਦੇ ਨੇ। ਰਾਤ ਟੁੱਟਦੀ ਤੀਕ ਵਜਦੇ ਰਹਿੰਦੇ ਨੇ। ਵਿਸਾਖੀ ਫ਼ਸਲਾਂ ਪਕਣ ਦਾ ਮੇਲਾ ਏ। ਜਿਧਰ ਨਜ਼ਰ ਮਾਰ ਕਣਕ ਦੇ ਸਿਉਨੇ ਰੰਗੇ ਸਿੱਟੇ ਹਲੂਣੇ ਤੇ ਭਵਾਂਟਣੀਆਂ ਲੈਂਦੇ ਨਜ਼ਰ ਆਉਂਦੇ ਨੇ। ਇਹ ਸਿੱਟੇ ਹਾਲੀਆਂ ਦੇ ਮਜ਼ਬੂਤ ਹੱਥਾਂ ਦੀ ਸੁੱਚੀ ਕਾਰ ਦਾ ਫਲ ਨੇ। ਜਿਸ ਧਰਤੀ ਵਿਚ ਉਨ੍ਹਾਂ ਦਾ ਮੁੜ੍ਹਕਾ ਡੁਲ੍ਹਿਆ ਉਸ ਧਰਤੀ

ਵਿਚੋਂ ਪਾਣੀ ਪੀ ਕੇ ਇਹ ਫ਼ਸਲਾਂ ਜਵਾਨ ਹੋਈਆਂ ਨੇ। ਜਿਸ ਮਿੱਟੀ ਵਿਚ ਉਨ੍ਹਾਂ ਆਪਣੀ ਜਿੰਦ ਰਲੀ ਏ, ਉਸ ਮਿੱਟੀ ਵਿਚੋਂ ਉਨ੍ਹਾਂ ਦੀਆਂ ਸੱਧਰਾਂ ਦਾ ਬੀ ਫਲਿਆ ਫੁਲਿਆ ਏ। ਆਪਣੀ ਕੀਤੀ ਕਤਰੀ ਦਾ ਮੁੱਲ ਪੈਂਦਾ ਵੇਖ ਕੇ ਜੱਟ ਫੁਲਿਆ ਨਹੀਂ ਸਮਾਂਦਾ। ਜ਼ਮੀਨ ਤੋਂ ਉਲਰਿਆ ਫਿਰਦਾ ਏ।

ਵਾਢੀਆਂ ਦੂਰ ਨਹੀਂ, ਨੇੜੇ ਨੇ। ਵਾਢੀਆਂ ਪੈਣਗੀਆਂ। ਮੁਟਿਆਰਾਂ ਤੇ ਪਰਭਾਣੀਆਂ ਨੱਚਦੀਆਂ ਗਾਉਂਦੀਆਂ ਛਾਹ ਵੇਲਾ ਲੈ ਕੇ ਆਉਣਗੀਆਂ। ਪੂਲੇ ਭਰੀਆਂ ਬੱਝਣਗੀਆਂ। ਸਿਟੇ ਚੁਣੇ ਜਾਣਗੇ। ਮਰਲੀਆਂ ਲੱਗਣੀਆਂ। ਗਾਹ ਪੈਣਗੇ। ਧੂੜਾਂ ਉਸਰਨਗੀਆਂ। ਨਪਾਈ ਹੋਵੇਗੀ। ਰਾਖੇ ਬੈਠਣਗੇ। ਪਿੜਾਂ ਵਿਚ ਮਾਹੀਏ, ਢੋਲੇ ਤੇ ਟੱਪੇ ਗਾਏ ਜਾਣਗੇ। ਬੋਹਲ ਜੋਖੇ ਜਾਣਗੇ। ਦਾਣੇ ਕੋਠੀਏ ਤੇ ਭੜੋਲੀਆਂ ਵਿਚ ਆਉਣਗੇ। ਕੁਝ ਖਾਣ ਲਈ ਰੱਖੇ ਜਾਣਗੇ। ਬਾਕੀ ਵਿਕਣਗੇ। ਪੈਸੇ ਪੱਲੇ ਹੋਣਗੇ। ਹਾਰ, ਬੰਦ, ਪੰਜੇਬਾਂ, ਬੁਘਤੀਆਂ, ਟਿੱਕਾ ਦੌਣੀ, ਕੰਗਣ, ਛੜਕੰਗਣ, ਲੌਂਗ, ਗੋਖੜੂ, ਅਤਰਫੁਲੇਲ ਤੇ ਸੱਕ ਸੁਰਮਾ ਖਰੀਦਿਆ ਜਾਵੇਗਾ। ਵੱਸੋਂ 'ਤੇ ਨਿਖਾਰ ਆਵੇਗਾ। ਹਯਾਤੀ ਪੁੰਗਰੇਗੀ। ਰੂਹ ਜਾਗੇਗੀ। ਵਿਸਾਖੀ ਇਕੱਲੀ ਨਹੀਂ ਆਈ। ਜੱਟਾਂ ਜ਼ਿਮੀਂਦਾਰਾਂ ਲਈ ਜ਼ਿੰਦਗੀ ਦਾ ਸੰਦੇਸ਼ਾ ਲੈ ਕੇ ਆਈ ਏ।

ਫ਼ਰੀਦਪੁਰ, ਖਾਨਪੁਰ, ਓਗਰੇ ਤੇ ਦੂਜੇ ਪਿੰਡਾਂ ਦੇ ਲੋਕ ਕੁੰਡਲਪੁਰ ਵਿਸਾਖੀ ਵੇਖਣ ਜਾਂਦੇ ਨੇ। ਫ਼ਰੀਦਪੁਰ ਦਾ ਆਪਣਾ ਭੰਗੜਾ ਨਹੀਂ ਹੁੰਦਾ ਤਾਂ ਖਾਨਪੁਰ ਤੇ ਓਗਰੇ ਦਾ ਅਲਹਿਦਾ- ਅਲਹਿਦਾ ਭੰਗੜਾ ਹੁੰਦਾ ਏ। ਮੌਲਵੀ ਅਕਬਰ, ਸਰਦਾਰ ਹਰਨਾਮ ਸਿੰਘ ਤੇ ਮੁਰਾਦ ਖ਼ਾਨ ਦਾ ਖਿਆਲ ਏ ਕਿ ਭੰਗੜਾ ਨੱਚਦਿਆਂ ਆਦਮੀ ਬੇਰੋਹਬ ਲੱਗਦਾ ਏ ਪਰ ਇਹਦੇ ਬਾਵਜੂਦ ਮੁੰਡੇ ਜਾਂ ਤੇ ਖਾਨਪੁਰ ਦੇ ਭੰਗੜੇ ਵਿਚ ਜਾ ਸ਼ਾਮਲ ਹੁੰਦੇ ਨੇ ਜਾਂ ਓਗਰੇ ਦੇ ਭੰਗੜੇ ਵਿਚ। ਪੁਰਾਣੇ ਗੁੜ ਤੇ ਕਿੱਕਰਾਂ ਦੇ ਸਿਕੜਾਂ ਨੂੰ ਰੂੜੀ ਵਿਚ ਦਬ ਕੇ ਸ਼ਰਾਬ ਤਿਆਰ ਕੀਤੀ ਜਾਂਦੀ ਏ। ਫੇਰ ਛੰਨਿਆਂ ਤੇ ਗਲਾਸਾਂ ਵਿਚ ਪਾ ਕੇ ਡੀਕੋ ਡੀਕ ਸੰਘੋਂ ਹੇਠਾਂ ਸੁੱਟੀ ਜਾਂਦੀ ਏ। ਸਿੱਖਾਂ ਦੇ ਸਾਰੇ ਇਆਣੇ ਸਿਆਣੇ ਸ਼ਰਾਬ ਪੀਂਦੇ ਨੇ ਪਰ ਪਠਾਣਾਂ ਵਿਚ ਕੋਈ ਕੋਈ। ਮੁਰਾਦ ਖ਼ਾਨ ਸ਼ਰਾਬ ਨਹੀਂ ਪੀਂਦਾ ਪਰ ਹਰਨਾਮ ਸਿੰਘ ਜੇ ਕਿਤੇ ਗਲਾਸ ਵਿਚ ਥੋੜ੍ਹੀ ਜਿਹੀ ਪਾ ਦੇਵੇ ਤੇ ਇਨਕਾਰ ਵੀ ਨਹੀਂ ਕਰਦਾ। ਉਹਦਾ ਖ਼ਿਆਲ ਏ ਇੰਜ ਹਰਨਾਮ ਸਿੰਘ ਦਾ ਦਿਲ ਟੁੱਟ ਜਾਵੇਗਾ। ਮੌਲੂ ਕਬਾਬੀਆ ਤੇ ਏਨੀ ਪੀਂਦਾ ਏ ਕਿ ਮੂੰਹ 'ਚੋਂ ਝੱਗ ਨਿਕਲਣ ਲੱਗ ਪੈਂਦੀ ਏ। ਕਾਦੂ ਨੇ ਅਜੇ ਤੀਕ ਸ਼ਰਾਬ ਨਹੀਂ ਪੀਤੀ। ਉਹਨੂੰ ਸ਼ਰਾਬ ਦਿੱਤੀ ਵੀ ਜਾਏ ਤੇ ਉਹ ਇਹ ਕਹਿ ਕੇ ਸ਼ਰਾਬ ਪੀਣ ਤੋਂ ਨਾਂਹ ਕਰ ਦੇਂਦਾ ਏ ਕਿ ਇਹ ਹਰਾਮ ਸ਼ੈ ਏ। ਇਹੋ ਗੱਲ ਏ ਕਿ ਮੌਲਵੀ ਅਕਬਰ ਕਾਦੂ 'ਤੇ ਹਮੇਸ਼ਾ ਖ਼ੁਸ਼ ਰਹਿੰਦਾ ਏ। ਦੀਨਾ ਮਰਾਸੀ ਤੇ ਉਹਦਾ ਵੱਡਾ ਮੁੰਡਾ ਫ਼ੀਰੋਜ਼ ਵੀ ਮੂੰਹ ਮਾਰ ਲੈਂਦੇ ਨੇ। ਇਹੋ ਹਾਲ ਮਜੀਦ ਜੁਲਾਹੇ ਦਾ ਏ। ਸ਼ਰਾਬ ਆਮ ਤੌਰ 'ਤੇ ਤੁਲਸੀ ਦੇ ਘਰ ਤਿਆਰ ਹੁੰਦੀ ਏ। ਸ਼ਾਂਤੀ ਉਨ੍ਹਾਂ ਦਿਨਾਂ ਵਿਚ ਬਨਾਰਸੀ ਦੇ ਘਰ ਆ ਜਾਂਦੀ ਏ ਜਿਨ੍ਹਾਂ ਦਿਨਾਂ ਵਿਚ ਉਹਦੇ ਘਰ ਸ਼ਰਾਬ ਦੀ ਭੱਠੀ ਖੁੱਲ੍ਹਦੀ ਏ। ਫ਼ਰੀਦਪੁਰ ਦੇ ਲੋਕਾਂ ਨੂੰ ਨਾਜਾਇਜ਼ ਸ਼ਰਾਬ ਤਿਆਰ ਕਰਨ ਦਾ ਡਰ ਖ਼ੌਫ਼ ਨਹੀਂ। ਕਿਉਂ ਜੇ ਪੁਲਿਸ ਨੂੰ ਮੁਰਾਦ ਖ਼ਾਨ ਤੇ ਹਰਨਾਮ ਸਿੰਘ ਸੰਭਾਲ ਲੈਂਦੇ ਨੇ।

ਵਿਸਾਖੀ ਕੁੰਡਲਪੁਰ ਦੇ ਸਭ ਤੋਂ ਵੱਡੇ ਬਾਗ਼ ਵਿਚ ਲੱਗੀ ਹੋਈ ਏ। ਇਕ ਅੰਬਾਂ ਦਾ ਬਾਗ਼ ਏ। ਬਾਗ਼ ਦੇ ਵਿਚਕਾਰ ਗੁਰਦਵਾਰਾ ਏ। ਗੁਰਦਵਾਰੇ ਦੇ ਚੁਫ਼ੇਰੇ ਕੋਈ ਚਾਲੀ ਭੰਗੜੇ ਪੈ ਰਹੇ ਨੇ। ਢੋਲਾਂ ਦੀ ਗੜਗਜ ਵਿਚ ਪਈ ਕੰਨ ਆਵਾਜ਼ ਸੁਣਾਈ ਨਹੀਂ ਦੇਂਦੀ। ਕਈ



ਸ਼ਰਾਬੀ ਪੈਲੀਆਂ ਦੇ ਬੰਨੇ 'ਤੇ ਮੂਧੇ ਪਏ ਹੁੰਦੇ ਨੇ। ਸਿੱਖਾਂ ਦੇ ਕੇਸ ਖੁੱਲ੍ਹੇ ਨੇ। ਇੰਜ ਜਾਪਦਾ ਏ ਜਿਵੇਂ ਸਾਰੇ ਮੌਤ-ਨਾਚ ਵਿਚ ਸ਼ਾਮਲ ਹੋਣ ਆਏ ਨੇ। ਹਰ ਪਾਸਿਉਂ ਹੇਕਾਂ ਈ ਹੇਕਾਂ ਲੱਗ ਰਹੀਆਂ ਨੇ। ਸਮਝ ਨਹੀਂ ਆਉਂਦੀ, ਕਿਹੜੀ ਹੇਕ ਸੁਣੀਏ। ਕਿਹੜੀ ਨਾ ਸੁਣੀਏ। ਸਾਰਾ ਮੇਲਾ ਅਫਰਾ ਤਫਰੀ ਤੇ ਹਲ ਤਵਾਈ ਵਿਚ ਗੁੰਮ ਏ। ਇਆਣੇ ਚੀਕ ਰਹੇ ਨੇ। ਮਾਵਾਂ ਖਪਾ ਰਹੀਆਂ ਨੇ। ਪਿਉ ਹੋਸ਼ ਹਵਾਸ ਗਵਾਈ ਬੈਠੇ ਨੇ। ਪੁੱਤਰ ਕੰਨਾਂ 'ਤੇ ਹੱਥ ਰੱਖ ਕੇ ਤਾਨਸੈਨ ਬਣੇ ਹੋਏ ਨੇ। ਧੀਆਂ ਹਰਨੀਆਂ ਵਾਂਗੂੰ ਬਾਗੀਂ ਸੈਲੀਂ ਚੜ੍ਹੀਆਂ ਹੋਈਆਂ ਨੇ। ਇਹ ਇਕ ਸਿੱਖ ਬਾਬਾ ਜਿਹਦੀ ਉਮਰ ਸੱਤਰ ਸਾਲ ਤੋਂ ਘੱਟ ਨਹੀਂ ਹੋਵੇਗੀ, ਕੱਲਾ ਈ ਇਕੱਲਾਂਝੇ ਭੰਗੜਾ ਪਾ ਰਿਹਾ ਏ। ਉਹਨੇ ਵੀ ਕੋਈ ਤੁਬਕਾ ਪੀ ਲਈ ਲੱਗਦੀ ਏ। ਪਤਾ ਨਹੀਂ ਇਹ ਪੁਲਿਸ ਦਾ ਸਿਪਾਹੀ ਕਿਧਰ ਨੱਸਾ ਜਾ ਰਿਹਾ ਏ ? ਖਬਰੇ ਕਿਤੇ ਲੜਾਈ ਹੋ ਗਈ ਏ। ਦੂਰ ਇਕ ਅੰਬ ਥੱਲੇ ਇਕ ਜਵਾਨ ਕੁੜੀ ਤੇ ਇਕ ਜਵਾਨ ਮੁੰਡਾ ਹੱਸ ਹੱਸ ਗੱਲਾਂ ਕਰ ਰਹੇ ਨੇ। ਦੋਹਾਂ ਦੇ ਨੱਕ ਜੁੜੇ ਹੋਏ ਨੇ। ਦੋਵੇਂ ਸਿੱਖ ਜਾਪਦੇ ਨੇ।

ਅਹਿ ਲਓ, ਸੁੱਗੀ, ਪ੍ਰੀਤੋ ਤੇ ਉਨ੍ਹਾਂ ਦੀਆਂ ਸਹੇਲੀਆਂ ਆ ਗਈਆਂ ਨੇ। ਸਾਰੀਆਂ ਨੇ ਦੰਦਾਸਾ ਢੇਰ ਸਾਰਾ ਮਲਿਆ ਹੋਇਆ ਏ। ਰੰਗ ਚੋਖਾ ਚੜ੍ਹਿਆ ਏ। ਸਾਰੀਆਂ ਬੁੱਚੇ ਜਹੇ ਅੰਬ ਥੱਲੇ ਖਲੋ ਗਈਆਂ ਨੇ। ਇਕ ਭੰਗੜਾ ਅੰਬ ਦੇ ਨੇੜੇ ਆ ਰਿਹਾ ਏ। ਇਹ ਤੇ ਖਾਨਪੁਰ ਦਾ ਭੰਗੜਾ ਏ। ਫ਼ਰੀਦਪੁਰ ਦੇ ਲਗਪਗ ਸਾਰੇ ਮੁੰਡੇ ਭੰਗੜੇ ਵਿਚ ਸ਼ਾਮਲ ਨੇ।

"ਪ੍ਰੀਤੋ ! ਔਹ ਵੇਖ ਤੇਰੇ ਵੀਰ ਗੁਰਬਚਨ ਸਿੰਘ ਤੇ ਸੁਲੱਖਣ ਸਿੰਘ।"

"ਆਹੋ ਅੜੀਏ ! ਕਿੰਨੇ ਸੋਹਣੇ ਲੱਗਦੇ ਨੇ ਭੰਗੜੇ ਪਾਉਂਦੇ।"

"ਉਹ ਵੇਖ ਫਰੋਜ਼, ਦੁੱਲਾ, ਮਜੀਦਾ, ਬਨਾਰਸੀ ਤੇ ਸ਼ੀਮੂੰ। ਹਾਏ ਨੀ ਸ਼ੀਮੂੰ ਵੱਲ ਵੇਖ ਕਿੰਨਾ ਸੋਹਣਾ ਲੱਗਦਾ ਏ ? ਉਹਦਾ ਪਿਉ ਆਪਣੇ ਪੁੱਤਰ ਨੂੰ ਭੰਗੜਾ ਪਾਉਂਦਿਆਂ ਦੇਖ ਕਿੰਨਾ ਖ਼ੁਸ਼ ਹੁੰਦਾ ਏ ?"

"ਸੁੱਗੀਏ, ਕਾਦੂ ਨ੍ਹੀਂ ਲੱਭਦਾ ਭੰਗੜੇ 'ਚ ?"

"ਉਹ ਨ੍ਹੀਂ ਭੰਗੜਾ ਪਾਉਂਦਾ ਹੁੰਦਾ।"

"ਪਰ ਸੁੱਗੀ ! ਉਹ ਖੂੰਡ ਕੀਹਦਾ ਏ ?"

"ਉਹ ਤੇ ਕਾਦੂ ਦਾ ਏ। ਆਹੋ ਕਾਦੂ ਦਾ ਏ।"

"ਪਰ ਸੁੱਗੀਏ ! ਉਹ ਖੂੰਡ ਲੈ ਕੇ ਆ ਗਿਆ ਏ।"

"ਦਫਾ ਹੋਣਾ ! ਇਹ ਫਿਰ ਖੂੰਡ ਲੈ ਕੇ ਆ ਗਿਆ ਏ।"

"ਪਰ ਸੁੱਗੀਏ ! ਵੇਖ ਕਾਦੂ ਨੇ ਠਾਠਾ ਕਿਵੇਂ ਬੰਨ੍ਹਿਆ ਹੋਇਆ ਏ ?"

"ਪ੍ਰੀਤੋ ! ਪਗੜੀ ਵੇਖ ਤੇ ਸ਼ਮਲਾ ਵੇਖ। ਪਗੜੀ ਇੰਜ ਬੰਨ੍ਹੀ ਹੋਈ ਏ ਜਿਵੇਂ ਲਾਟ ਸਾਹਬ ਹੋਵੇ।"

"ਉਹ ਆਪਣੇ ਆਪ ਨੂੰ ਲਾਟ ਸਾਹਬ ਈ ਸਮਝਦਾ ਏ।"

"ਪ੍ਰੀਤੋ ! ਤੇਰਾ ਭਰਾ ਸੁਲੱਖਣ ਸਿੰਘ ਸੱਦ ਲਾਉਣ ਲੱਗਾ ਈ। ਉਹਨੇ ਆਪਣਾ ਸੱਜਾ ਹੱਥ ਕੰਨ ਤੇ ਰੱਖ ਲਿਆ ਏ।"

ਵਗਦੀ ਰਾਵੀ ਵਿਚ ਸੁਟਿਆ ਏ ਪਾਵਾ
ਰੰਨ ਫਕੀਰ ਦੀ ਜੱਟ ਕਰਦਾ ਏ ਦਾਵਾ

ਇਹ ਉਹਨੇ ਨਹੀਂ ਛਡਣੀ ਭਾਵੇਂ ਬੌਲਦ ਵਿਕ ਜਾਏ ਸਾਵਾ
ਢੋਲ ਵਾਲਿਆ ਈ ਓਏ !

"ਵੇਖਿਆ ਈ ਸੁੱਗੀਏ ! ਮੇਰੇ ਵੀਰ ਨੇ ਕਿੰਨੀ ਚੰਗੀ ਸੱਦ ਲਾਈ ਏ ?"

"ਆਹੋ ਪ੍ਰੀਤੋ ! ਲੈ ਹੁਣ ਕਾਦੂ ਨੇ ਵੀ ਕੰਨ 'ਤੇ ਹੱਥ ਰੱਖਿਆ ਏ। ਸੱਜੇ ਹੱਥ 'ਚ ਖੂੰਡ ਫੜ ਕੇ ਉਹਨੂੰ ਸਿਰੋਂ ਉਤਾਂਹ ਉਲਾਰਿਆ ਏ।"

"ਪ੍ਰੀਤੋ ! ਸੁਣ, ਕੀ ਕਹਿਦਾ ਏ ਭਲਾ ?"

ਬਾਹਰੀਂ ਤਾਂ ਬਰਸੀਂ ਸ਼ਾਹੂ ਖਟ ਘਰ ਆਇਆ
ਖਟ ਕੇ ਲਿਆਇਆ ਤਾਂ ਪੰਜ ਧੇਲੇ
ਪਹਿਲੇ ਤਾਂ ਧੇਲੇ ਦੀ ਮੈਂ ਕਣਕ ਮੰਗਾਈ
ਕੁਝ ਸ਼ਾਹੂ ਦੀਆਂ ਫੁਲਕਿਆਂ ਨੂੰ ਰਹਿੰਦੀ ਕੋਠੀ 'ਚ ਪਾਈ
ਦੂਜੇ ਤੇ ਧੇਲੇ ਦਾ ਮੈਂ ਘਿਉ ਮੰਗਾਇਆ
ਕੁਝ ਸ਼ਾਹੂ ਦਿਆਂ ਫੁਲਕਿਆਂ ਨੂੰ ਰਹਿੰਦਾ ਕੁੱਪਿਆਂ 'ਚ ਪਾਇਆ
ਤੀਜੇ ਧੇਲੇ ਦਾ ਮੈਂ ਤੇਲ ਮੰਗਾਇਆ
ਕੁਝ ਸ਼ਾਹੂ ਦੇ ਬੋਦੇ ਰਹਿੰਦਾ ਸ਼ੀਸ਼ੀ ਵਿਚ ਪਾਇਆ
ਚੌਥੇ ਤਾਂ ਧੇਲੇ ਦਾ ਮੈਂ ਅਤਰ ਮੰਗਾਇਆ
ਕੁਝ ਸ਼ਾਹੂ ਦੇ ਜੋੜੇ, ਰਹਿੰਦਾ ਜ਼ੁਲਫ਼ਾਂ ਨੂੰ ਲਾਇਆ
ਪੰਜਵੇਂ ਧੇਲੇ ਦੇ ਮੈਂ ਫੁੱਲ ਮੰਗਾਏ
ਕੁਝ ਸ਼ਾਹੂ ਦੀ ਸੇਜੇ ਰਹਿੰਦੇ ਕੰਨਾਂ ਵਿਚ ਪਾਏ
ਅੰਦਰ ਤਾਂ ਵੜ ਕੇ ਸ਼ਾਹੂ ਮੰਗਦਾ ਨੀ ਲੇਖਾ
ਗੋਰੀਏ ਇਕ ਧੇਲੇ ਦਾ ਮੈਨੂੰ ਪੈਂਦਾ ਈ ਭੁਲੇਖਾ
ਕੋਠੇ 'ਤੇ ਚੜ੍ਹ ਕੇ ਸ਼ਾਹੂ ਦੇਂਦਾ ਈ ਦੁਹਾਈ
ਲੋਕੋ ਬਾਰ੍ਹਾਂ ਤਾਂ ਬਰਸਾਂ ਦੀ ਖੱਟੀ ਮੇਰੀ ਰੰਨ ਗਵਾਏ.
ਢੋਲ ਵਾਲਿਆ ਜਵਾਨਾ ਓ ਓ ਓ...

"ਹਾਇ, ਮੈਂ ਮਰ ਗਈ ਪ੍ਰੀਤੋ ! ਇਹ ਇਹਨੇ ਕਿਹੋ ਜਹੀ ਸੱਦ ਲਾਈ ਏ।"

"ਕੁੜੀਏ ! ਇਹ ਸੱਦ ਤੈਨੂੰ ਸੁਣਾਈ ਏ ਕਾਦੂ ਨੇ।"

"ਨੀ ਜਾ ਦਫਾ ਹੋ ਅਖੇ ਤੈਨੂੰ ਸੁਣਾਈ ਏ। ਮੇਰਾ ਕੀ ਉਹ ਲੱਗਦਾ ਏ ?"

"ਸਾਨੂੰ ਕੀ ਪਤਾ ? ਤੈਨੂੰ ਪਤਾ ਹੋਵੇਗਾ ਜਿਹਨੂੰ ਉਹ ਸੱਦਾਂ ਸੁਣਾ ਰਿਹਾ ਏ।"

"ਪ੍ਰੀਤੋ ! ਇਹ ਏਥੇ ਈ ਮੀਲ ਪੱਥਰ ਬਣ ਕੇ ਗੱਡੇ ਗਏ ਨੇ। ਅੱਗੇ ਪਿੱਛੇ ਹੁੰਦੇ ਈ ਨ੍ਹੀਂ।"

"ਤਾਂ ਕੀ ਹੋਇਆ ? ਸੁਣੀ ਚਲ ਸੱਦਾਂ ਤੇ ਵੇਖੀ ਚਲ ਭੰਗੜਾ। ਤੇਰੇ ਪਠਾਣਾਂ ਦਾ ਭੰਗੜਾ ਏ।"

"ਵਿਚ ਸਿੱਖ ਵੀ ਤਾਂ ਹੈ ਨੇ ਨੇ।"

"ਉਹ ਵੀ ਏਸ ਵੇਲੇ ਪਠਾਣ ਬਣੇ ਹੋਏ ਨੇ ਸੁੱਗੀਏ।"

"ਲੈ ਸੁਣ, ਕਾਦੂ ਫੇਰ ਲੱਗਾ ਈ ਹੇਕ ਲਾਉਣ।"



ਕਾਦੂ—
ਸ਼ੀਸ਼ੀ ਭਰੀ ਸ਼ਰਾਬ ਦੀ ਜਿਹੜੀ ਨਿਤਰੀ ਵਾਂਗ ਕਪੂਰ
ਮੈਨੂੰ ਸੁੱਤੀ ਨੂੰ ਦਿਨ ਚੜ੍ਹ ਗਿਆ, ਮੈਂ ਖੇਡਣ ਜਾਣਾ ਦੂਰ
ਮੈਂ ਖੇਡਾਂ ਨਾਲ ਸਹੇਲੀਆਂ, ਮੇਰੀ ਅੱਖੀਂ ਪੈ ਗਈ ਧੂੜ
ਮੇਰੇ ਪੱਲੇ ਪੈਸ ਇਕ ਨਾ ਮੈਂ ਲੰਘਣਾ ਏਂ ਪਹਿਲੇ ਪੂਰ
ਤੂੰ ਬਹੁੜ ਓ ਰੱਬਾ ਸੱਚਿਆ, ਮੇਰੇ ਇਸ਼ਕ ਦੀ ਮੰਜ਼ਿਲ ਦੂਰ
ਢੋਲ ਵਾਲਿਆ ਜਵਾਨਾ ਓ ਓ ਓ...

"ਬੱਲੀਏ ! ਹੁਣ ਦੱਸ ਹੁਣ ਤੇ ਉਹਨੇ ਸਾਫ਼ ਕਹਿ ਦਿੱਤਾ ਏ, ਮੇਰੀ ਮੰਜ਼ਿਲ ਦੂਰ।"

"ਪ੍ਰੀਤੋ ! ਮਖ਼ੌਲ ਨਾ ਕਰ ਐਵੇਂ।"

"ਬੱਲੋ ! ਐਵੇਂ ਨ੍ਹੀਂ ਸੱਚੀ ਮੁੱਚੀਂ।"

"ਨੀ ਹੌਲੀ ਬੋਲ ਮਰ ਜਾਣੀਏ। ਕੁੜੀਆਂ ਨਾ ਸੁਣ ਲੈਣ।"

"ਕੁੜੀਆਂ ਨੂੰ ਏਨੀ ਹੋਸ਼ ਕਿੱਥੋਂ ਜੋ ਸਾਰੀ ਗੱਲ ਸੁਣਨਗੀਆਂ।"

"ਲੈ ਤੁਰ ਪਿਆ ਈ ਭੰਗੜਾ ਅਗਾਂਹ ਨੂੰ। ਪ੍ਰੀਤੋ ! ਦਾਰੀ ਨੂੰ ਭੇਜ ਕੇ ਕਾਦੂ ਨੂੰ ਬੁਲਾ।"

"ਕੀ ਕਹਿਣਾ ਏ ਬੁਲਾ ਕੇ ?"

"ਤੂੰ ਜ਼ਰਾ ਬੁਲਾ ਤੇ ਸਹੀ। ਜ਼ਰਾ ਉਹਦੇ 'ਤੇ ਰੋਹਬ ਪਾਉਨੇ ਆਂ।"

"ਉਹ ਤੇ ਪਹਿਲੇ ਈ ਤੇਰੇ ਹੁਸਨ ਦੇ ਰੋਹਬ ਥੱਲੇ ਏ ਮੁਟਿਆਰੇ।"

"ਮਖ਼ੌਲ ਛੱਡ ਪ੍ਰੀਤੋ ! ਬੁਲਾ ਸੂ ਨਹੀਂ ਤੇ ਉਹਨੇ ਦੂਰ ਚਲਾ ਜਾਣਾ ਏ।"

"ਹੱਲਾ ! ਬੁਲਾਨੀ ਆਂ। ਦਾਰੀ ? ਨੀ ਦਾਰੀਏ ! ਜਾ ਮੇਰੀ ਭੈਣ ਦੌੜ ਕੇ ਕਾਦੂ ਨੂੰ ਕਹਿ ਪ੍ਰੀਤੋ ਬੁਲਾਉਂਦੀ ਏ।"

"ਅੱਛਾ ! ਜਾਨੀ ਆਂ।" ਕਹਿ ਕੇ ਦਾਰੀ ਦੌੜੀ ਦੌੜੀ ਗਈ। ਕਾਦੂ ਨੂੰ ਬੁਲਾ ਲਿਆਈ।

"ਕੀ ਗੱਲ ਏ ਪ੍ਰੀਤਮ ਕੌਰੇ ?" ਕਾਦੂ ਨੇ ਠਾਠ ਖੋਲ੍ਹਦਿਆਂ ਹੋਇਆਂ ਪੁੱਛਿਆ।

"ਸੁੱਗੀ ਤੇਰੇ ਨਾਲ ਗੱਲ ਕਰਨਾ ਚਾਂਹਦੀ ਏ।" ਪ੍ਰੀਤੋ ਨੂੰ ਸੁੱਗੀ ਵੱਲ ਇਸ਼ਾਰਾ ਕੀਤਾ।

"ਕੀ ਗੱਲ ਏ ਸੁੱਗੀਏ ! ਮੈਨੂੰ ਬੁਲਾਇਆ ਈ।"

"ਤੂੰ ਸਾਨੂੰ ਏਥੇ ਵੇਖ ਕੇ ਪੁੱਠੀਆਂ ਸਿੱਧੀਆਂ ਸੱਦਾਂ ਕਿਉਂ ਲਾਉਣ ਲੱਗ ਪਿਆ ਸੀ ?"

"ਮੈਨੂੰ ਤੇ ਨ੍ਹੀਂ ਸੀ ਪਤਾ ਪਈ ਤੁਸੀਂ ਏਥੇ ਖਲੋਤੀਆਂ ਹੋਈਆਂ ਓ। ਜੇ ਮੈਨੂੰ ਪਤਾ ਹੁੰਦਾ ਤੇ ਮੈਂ ਕਦੇ ਸੱਦ ਨਾ ਲਾਉਂਦਾ। ਮੈਨੂੰ ਈਮਾਨ ਨਾਲ ਪਤਾ ਨ੍ਹੀਂ ਸੀ ?"

"ਐਵੇਂ ਝੂਠੀਆਂ ਕਸਮਾਂ ਨਾ ਚੁੱਕ।" ਸੁੱਗੀ ਨੇ ਐਵੇਂ ਕੈਵੇਂ ਦੇ ਗੁੱਸੇ ਨਾਲ ਕਿਹਾ।

"ਰੱਬ ਗਵਾਹ ਏ, ਮੈਨੂੰ ਨ੍ਹੀਂ ਸੀ ਪਤਾ ਪਈ ਤੁਸੀਂ ਏਥੇ ਖਲੋਤੀਆਂ ਹੋਈਆਂ ਓ।"

"ਸਾਨੂੰ ਸਾਰੀਆਂ ਨੂੰ ਤੇਰੇ 'ਤੇ ਬਹੁਤ ਗੁੱਸਾ ਏ।"

"ਮੈਨੂੰ ਆਪਣੇ ਆਪ 'ਤੇ ਅਫ਼ਸੋਸ ਏ, ਪਰ ਹੁਣ ਮੈਂ ਕੀ ਕਰ ਸਕਨਾ ਵਾਂ ? ਜੋ ਹੋਣਾ ਸੀ ਹੋ ਗਿਆ।"

"ਤੂੰ ਇਨ੍ਹਾਂ ਸਾਰੀਆਂ ਕੁੜੀਆਂ ਨੂੰ ਮਠਿਆਈ ਖਵਾ ਤਾਂ ਤੈਨੂੰ ਮਾਫ਼ ਕੀਤਾ ਜਾਵੇਗਾ।"

"ਮੈਂ ਜ਼ਰੂਰ ਮਠਿਆਈ ਖਲਾਉਂਦਾ ਆਪਣੀਆਂ ਬੀਬੀਆਂ ਭੈਣਾਂ ਨੂੰ ਪਰ ਮੇਰੇ ਕੋਲ ਤੇ ਇਕ ਪੈਸਾ ਨ੍ਹੀਂ।"

"ਮੇਰੇ ਪਿਉ ਕੋਲੋਂ ਮੰਗ ਲੈਂਦਾ।"

"ਮੰਗੇ ਸਨ, ਪਰ ਤਾਇਆ ਕਹਿਣ ਲੱਗਾ ਪੈਸੇ ਸਾਰੇ ਸੁੱਗੀ ਕੋਲ ਨੇ। ਮੈਂ ਚੁੱਪ ਕਰ ਰਿਹਾ।"

"ਪੈਸੇ ਤੇ ਸਾਰੇ ਸੱਚੀ ਮੁੱਚੀਂ ਮੇਰੇ ਕੋਲ ਨੇ। ਤੂੰ ਮੈਥੋਂ ਮੰਗ ਲੈਂਦੋ।"

"ਤੈਥੋਂ ਮੰਗਦਾ ਮੈਂ ਚੰਗਾ ਨ੍ਹੀਂ ਸੀ ਲੱਗਦਾ।"

"ਅੱਛਾ, ਮੈਂ ਤੇਰੇ ਵੱਲੋਂ ਇਨ੍ਹਾਂ ਸਾਰੀਆਂ ਨੂੰ ਮਠਿਆਈ ਖਿਲਾ ਦਿਆਂਗੀ। ਤੂੰ ਮੈਥੋਂ ਆਪਣੇ ਹਿੱਸੇ ਦੇ ਪੈਸੇ ਲੈ ਲੈ।"

"ਬਿਲਕੁਲ ਨ੍ਹੀਂ, ਮੈਨੂੰ ਪੈਸਿਆਂ ਦੀ ਕੋਈ ਲੋੜ ਨ੍ਹੀਂ। ਜੇ ਹੋਈ ਤੇ ਮੈਂ ਫ਼ੌਜੀ ਕੋਲੋਂ ਲੈ ਲਵਾਂਗਾ। ਤੁਸਾਂ ਏਥੇ ਈ ਰਹਿਣਾ, ਭੀੜ 'ਚ ਨਾ ਵੜਨਾ। ਕਈ ਲੁੱਚੇ ਲਫੰਗੇ ਪਏ ਫਿਰਦੇ ਨੇ।" ਕਾਦੂ ਨੇ ਕਿਹਾ ਤੇ ਮੇਲੇ ਵਿਚ ਜਾ ਵੜਿਆ।

ਸੁੱਗੀ ਨੇ ਦਾਰੀ ਨੂੰ ਪੈਸੇ ਦਿੱਤੇ ਤੇ ਸਾਰੀਆਂ ਕੁੜੀਆਂ ਨੂੰ ਉਹਦੇ ਨਾਲ ਮਠਿਆਈ ਖਰੀਦਣ ਭੇਜ ਦਿੱਤਾ। ਸਵਾਏ ਪ੍ਰੀਤੋ ਦੇ।

"ਕੁੜੀਏ ! ਏਸ ਮੁੰਡੇ ਨੇ ਤੇਰੇ ਕਾਬੂ ਨ੍ਹੀਂ ਆਉਣਾ, ਭਾਵੇਂ ਤੂੰ ਹੁਸਨ ਦੇ ਚਮਕਾਰੇ ਮਾਰ ਤੇ ਭਾਵੇਂ ਦੌਲਤਾਂ ਵਖਾ।"

"ਮੈਨੂੰ ਕੀ ਲੋੜ ਏ ਪ੍ਰੀਤੋ ਇਹਨੂੰ ਕਾਬੂ ਕਰਨ ਦੀ। ਮੈਂ ਤੇ ਵਿਆਹ ਈ ਨ੍ਹੀਂ ਕਰਾਣਾ। 'ਕੱਲੇ ਪਿਉ ਦੀ 'ਕੱਲੀ ਧੀ ਆਂ। ਮਰਨ ਤੀਕਰ ਪਿਉ ਦੀ ਜਾਇਦਾਦ 'ਤੇ ਐਸ਼ਾਂ ਕਰਾਂਗੀ।"

"ਵੇਖ ਲਵਾਂਗੇ। ਅਸੀਂ ਵੀ ਤਾਂ ਏਥੇ ਈ ਆਂ ਨਾ।"

"ਨੀ ਪ੍ਰੀਤੋ ! ਇਹ ਖ਼ਲਕਤ ਕਿਧਰ ਨੱਸੀ ਜਾਂਦੀ ਏ।"

"ਮੇਰੇ ਖ਼ਿਆਲ 'ਚ ਕਿਤੇ ਲੜਾਈ ਹੋ ਪਈ ਏ।"

"ਪਰ ਏਧਰ ਤਾਂ ਹੁਣੇ ਦਾਰੀ, ਸ਼ੀਦਾ ਤੇ ਦੂਜੀਆਂ ਕੁੜੀਆਂ ਮਠਿਆਈ ਲੈਣ ਗਈਆਂ ਸਨ।"

"ਕਾਦੂ ਵੀ ਉਨ੍ਹਾਂ ਤੋਂ ਜ਼ਰਾ ਕੁ ਪਹਿਲੇ ਏਸੇ ਪਾਸੇ ਗਿਆ ਸੀ।"

"ਇਹ ਘੋੜੀ 'ਤੇ ਚੜ੍ਹ ਕੇ ਫਸਲਾਂ ਵੱਲ ਕੌਣ ਨੱਸਿਆ ਏ ?"

"ਇਹ ਤੇ ਮੇਰੀ ਭੂਆ ਦਾ ਪੁੱਤਰ ਲੱਗਦਾ ਏ।"

"ਕੌਣ ? ਕਿਰਪਾ ਸਿੰਘ ?"

"ਆਹੋ।"

"ਮੈਂ ਸਮਝ ਗਈ ਆਂ ਪ੍ਰੀਤੋ ! ਮੈਂ ਸਮਝ ਗਈ ਆਂ। ਕਾਦੂ ਨੂੰ ਜ਼ਾਲਮਾਂ ਨੇ ਮਾਰ ਸੁੱਟਿਆ ਏ, ਕਾਦੂ ਨੂੰ।"

"ਨਾ ਭੈੜੀ ਗੱਲ ਮੂੰਹੋਂ ਕੱਢੋ।"

"ਮੇਰਾ ਦਿਲ ਕਹਿੰਦਾ ਏ। ਪ੍ਰੀਤੋ ਮੇਰਾ ਦਿਲ ਕਹਿੰਦਾ ਏ। ਯਾ ਅੱਲਾ, ਤੂੰ ਰਹਿਮ ਕਰੀਂ। ਕਾਦੂ ਨੂੰ ਕੁਝ ਨਾ ਹੋਵੇ।"

"ਪੁਲਿਸ ਵੀ ਨੱਸੀ ਜਾਂਦੀ ਏ ਓਸੇ ਪਾਸੇ। ਖ਼ਲਕਤ ਪੁਲਿਸ ਨੂੰ ਵੇਖ ਕੇ ਪਿਛੂੜ ਨੱਸ ਪਈ ਏ।"



ਪਿਛੂੜ ਨੱਸਦੀ ਖ਼ਲਕਤ ਵਿਚੋਂ ਦਾਰੀ, ਸ਼ੀਦਾਂ ਤੇ ਦੂਜੀਆਂ ਕੁੜੀਆਂ ਵੀ ਸੁੱਗੀ ਤੇ ਪ੍ਰੀਤੋ ਵੱਲ ਦੌੜ ਕੇ ਆਈਆਂ। ਦੋਹਾਂ ਨੇ ਅਗਾਂਹ ਵਧ ਕੇ ਪੁੱਛਿਆ ਕਿ ਕੀ ਹੋਣੀ ਵਰਤ ਗਈ ਏ ? ਕੀ ਹੋ ਗਿਆ ਏ ?

"ਕਿਰਪਾ ਸਿੰਘ ਕਾਦੂ ਨੂੰ ਢਿੱਡ 'ਚ ਬਲਮ ਮਾਰ ਕੇ ਤੇ ਨੱਸ ਗਿਆ ਏ। ਉਹਦਿਆਂ ਸਾਥੀਆਂ ਨੇ ਕਾਦੂ ਦਾ ਸਿਰ ਡਾਂਗਾਂ ਮਾਰ ਮਾਰ ਫੇਹ ਛੱਡਿਆ ਏ।" ਦਾਰੀ ਨੇ ਰੋਂਦਿਆਂ ਹੋਇਆਂ ਦੱਸਿਆ। ਸੁੱਗੀ ਖਲੋਤੀ ਹੋਈ ਸੀ ਪੈਰਾਂ 'ਤੇ ਬਹਿ ਗਈ। ਬਹਿ ਕੀ ਗਈ ਸਮਝੋ ਡਿੱਗ ਪਈ। ਸਿਰ 'ਤੇ ਦੋਵੇਂ ਹੱਥ ਰੱਖ ਲਏ।

"ਨੀ ਦਾਰੀਏ ! ਦਰਸ਼ਨ ਸਿੰਘ ਤੇ ਨਾਲ ਨ੍ਹੀਂ ਸੀ ?" ਘਬਰਾਈ ਹੋਈ ਪ੍ਰੀਤੋ ਨੇ ਪੁੱਛਿਆ।

"ਉਹ ਕਾਦੂ ਦੇ ਸਿਰ 'ਤੇ ਡਾਂਗਾਂ ਮਾਰਦਾ ਪਿਆ ਸੀ ਤੇ ਪੁਲਿਸ ਅੱਪੜ ਗਈ। ਪੁਲਿਸ ਨੇ ਉਸ ਨੂੰ ਫੜ ਲਿਆ ਏ।" ਪ੍ਰੀਤੋ ਵੀ ਸੁੱਗੀ ਦੇ ਕੋਲ ਢਹਿ ਪਈ।

ਫ਼ੌਜੀ ਰੁਸਤਮ ਖ਼ਾਨ ਦੌੜਿਆ ਆਇਆ ਤੇ ਬੋਲਿਆ, "ਸ਼ਫੀ, ਪ੍ਰੀਤੋ, ਸ਼ੀਦਾਂ, ਦਾਰੀਏ ਤੁਸੀਂ ਫ਼ੀਰੋਜ਼ ਨਾਲ ਪਿੰਡ ਵਗੋ ! ਅਸੀਂ ਕਾਦੂ ਦੀ ਲੋਥ ਨੂੰ ਬਹਿਰਾਮ ਕੋਟ ਦੇ ਹਸਪਤਾਲ ਲੈ ਕੇ ਚੱਲੇ ਆਂ।"

"ਕਾਹਦੇ ਲਈ ਚਾਚਾ ?" ਦਾਰੀ ਨੇ ਡਰਦਿਆਂ ਡਰਦਿਆਂ ਪੁੱਛਿਆ।

"ਕਾਕੀ ! ਓਥੇ ਡਾਕਟਰ ਲੋਥ ਦਾ ਮੁਆਇਨਾ ਕਰੇਗਾ। ਪੁਲਿਸ ਦੇ ਸਿਪਾਹੀਆਂ ਨੂੰ ਦੱਸੇਗਾ ਪਈ ਕਾਦੂ ਸਿਰ ਦੀ ਸੱਟ ਖਾ ਕੇ ਮਰਿਆ ਏ ਜਾਂ ਢਿੱਡ ਦੇ ਜ਼ਖ਼ਮ ਨਾਲ ਮਰਿਆ ਏ। ਸਾਡੇ ਨਾਲ ਪੁਲਿਸ ਦੇ ਦੋ ਸਪਾਟੇ ਚੱਲੇ ਨੇ। ਤੁਸੀਂ ਜਾਉ ਪਿੰਡ ਨੂੰ। ਮਾਈ ਰੂੜੀ ਨੂੰ ਆਖਣਾ ਫ਼ਿਕਰ ਨਾ ਕਰੇ, ਕਾਦੂ ਚੰਗਾ ਭਲਾ ਏ।"

ਆਉਣ ਵਾਲੇ ਸਮੇਂ 'ਚ ਅਸੀਂ ਕੁਝ ਵਿਸ਼ੇਸ਼ ਅੰਕਾਂ ਦੀ ਵਿਉਂਤਬੰਦੀ ਕੀਤੀ ਹੈ, ਜਿਹੜੇ ਸਾਡੀ ਵੈਬਸਾਈਟ 'ਤੇ ਉਪਲਬਧ ਹੋਣਗੇ। ਜੇ ਸੰਭਵ ਹੋਇਆ ਅਸੀਂ ਇਨ੍ਹਾਂ ਨੂੰ ਛਾਪਾਂਗੇ।

1. ਖ਼ਾਲਿਦ ਫ਼ਰਹਾਦ ਧਾਰੀਵਾਲ ਵਿਸ਼ੇਸ਼ ਅੰਕ
2. ਤਲਵਿੰਦਰ ਸਿੰਘ ਵਿਸ਼ੇਸ਼ ਅੰਕ
3. ਗੁਰਚਰਨ ਚਾਹਲ ਭੀਖੀ ਵਿਸ਼ੇਸ਼ ਅੰਕ
4. ਗੁਰਮੇਲ ਮਡਾਹੜ ਵਿਸ਼ੇਸ਼ ਅੰਕ
5. ਮਨਜੀਤ ਕਾਦਿਰ ਵਿਸ਼ੇਸ਼ ਅੰਕ
6. ਅਸਟ੍ਰੇਲੀਆ-ਨਿਊਜ਼ੀਲੈਂਡ ਕਵਿਤਾ ਵਿਸ਼ੇਸ਼ ਅੰਕ

## ਸੁਖਾਂਤ ਤੇ ਦੁਖਾਂਤ ਦਾ ਸੁਮੇਲ 'ਸਾਂਝ'

**-ਪ੍ਰੋ. ਸ਼ਰੀਫ਼ ਕੁੰਜਾਹੀ**

ਰੇਡੀਓ ਪਾਕਿਸਤਾਨ ਦੇ ਪੰਜਾਬੀ ਪ੍ਰੋਗਰਾਮਾਂ ਨਾਲ ਦਿਲਚਸਪੀ ਰੱਖਣ ਵਾਲੇ ਗਿੱਮੀ ਹੋਰਾਂ ਦੇ ਪੰਜਾਬ ਤੇ ਪੰਜਾਬੀ ਨਾਲ ਪਿਆਰ ਤੋਂ ਚੰਗੀ ਤਰ੍ਹਾਂ ਜਾਣੂੰ ਨੇ। ਪਿਆਰ ਆਖਦੇ ਨੇ ਗੁੱਝਾ ਨਹੀਂ ਰਹਿੰਦਾ। ਇਜ਼ਹਾਰ ਦੇ ਨਿੱਤ ਨਵੇਂ ਯਤਨ ਕਰਦਾ ਰਹਿੰਦਾ ਏ। 'ਸਾਂਝ' ਗਿੱਮੀ ਹੋਰਾਂ ਦੇ ਏਸੇ ਪਿਆਰ ਦਾ ਇਕ ਸੱਜਰਾ ਇਜ਼ਹਾਰ ਏ। ਉਰਦੂ ਲਿੱਪੀ ਵਿੱਚ ਇਹ ਪਹਿਲਾ ਨਾਵਲ ਏ, ਜਿਸ ਦੀਆਂ ਰਗਾਂ ਵਿੱਚ ਪੰਜਾਬ ਦਾ ਖ਼ੂਨ ਸਰਕਦਾ ਜਾਪਦਾ ਏ। ਨਾਵਲ ਦੀਆਂ ਪਹਿਲੀਆਂ ਸਤਰਾਂ ਈ ਪੜ੍ਹਨ ਵਾਲੇ ਨੂੰ ਸ਼ਹਿਰਾਂ ਤੋਂ ਦੂਰ ਦੀ ਪੇਂਡੂ ਵੱਸੋਂ ਵਿਚ ਲੈ ਜਾਂਦੀਆਂ ਨੇ, ਜਿਥੇ ਅਸੀਂ ਸਨਅਤੀ ਇਨਕਲਾਬ ਤੋਂ ਪਹਿਲਾਂ ਦੀ ਰਹਿਤਲ ਲਮਕੀ ਆਉਂਦੀ ਏ। ਮੁਰਾਦ ਖ਼ਾਨ ਆਪਣੀ ਹਵੇਲੀ ਵਿੱਚ ਮੰਜੇ 'ਤੇ ਬੈਠਾ ਧੁੱਪ ਸੇਕ ਰਿਹਾ ਏ। ਹੌਲੀ ਹੌਲੀ ਸੂਟੇ ਮਾਰ ਰਿਹਾ ਏ। ਦੋ ਮੱਝਾਂ ਤੇ ਇਕ ਘੋੜੀ ਇਕ ਪਾਸੇ ਪੱਠੇ ਖਾ ਰਹੀਆਂ ਨੇ। ਮੁਰਾਦ ਖ਼ਾਨ ਨੇ ਕੰਬਲ ਦੀ ਬੁੱਕਲ ਮਾਰੀ ਹੋਈ ਏ। ਉਹਦੀਆਂ ਚੰਗਿਆੜਿਆਂ ਵਰਗੀਆਂ ਅੱਖਾਂ ਵਿੱਚ ਸੋਚ ਏ। ਉਹ ਛੇ ਦਿਨਾਂ ਬਾਅਦ ਆਉਣ ਵਾਲੇ ਸ਼ਾਹ ਸਕੰਦਰ ਦੇ ਮੇਲੇ ਬਾਰੇ ਸੋਚ ਰਿਹਾ ਏ। ਮੇਲਾ ਜਿਹੜਾ ਆਪੂੰ ਤੇ ਸਾਲ ਦਾ ਕਾਰਾ ਕਰ ਕੇ ਟੁਰ ਜਾਂਦਾ ਏ ਪਰ ਸਤਿਕਾਰ ਜਾਂ ਫਿਟਕਾਰ ਪਿੰਡ ਦਿਆਂ ਵਡੇਰਿਆਂ ਲਈ ਛੱਡ ਜਾਂਦਾ ਏ। ਕਿਉਂ ਜੇ ਓਹੀ ਇਨ੍ਹਾਂ ਮੇਲਿਆਂ ਦੇ ਮੋਹਰੀ ਹੁੰਦੇ ਨੇ। ਸਾਰਾ ਚੰਗ-ਮੰਗ ਉਨ੍ਹਾਂ ਦੀ ਝੋਲੀ ਹੀ ਪੈਣਾ ਹੁੰਦਾ ਏ।

ਨਾਵਲ ਦਾ ਪਹਿਲਾ ਭਾਗ ਇਨ੍ਹਾਂ ਮੇਲਿਆਂ ਮਸ਼ਾਹਦਿਆਂ ਨਾਲ ਸੰਬੰਧ ਰੱਖਦਾ ਏ। ਜਿਨ੍ਹਾਂ ਵਿਚ ਕਦੇ ਬੂਟੇ ਖ਼ਾਨ ਓਗਰੇ ਦੇ ਲਬਾਨਿਆਂ ਦੀਆਂ ਡਾਂਗਾਂ ਤੇ ਖੂੰਡ ਆਪਣੀਆਂ ਬਾਹਵਾਂ 'ਤੇ ਝੱਲਦਾ ਏ। ਅਖ਼ੀਰ ਸੰਤੋਖ ਸਿੰਘ ਨੂੰ ਪਿੜ ਵਿੱਚ ਈ ਸੁੱਟ ਲੈਂਦਾ ਏ ਭਾਵੇਂ ਆਪ ਫਾਹੇ ਲੱਗ ਜਾਂਦਾ ਏ। ਕਿਧਰੇ ਕਾਦੂ ਦੇ ਢਿੱਡ ਵਿੱਚ ਕਿਰਪਾ ਸਿੰਘ ਬੱਲਮ ਮਾਰ ਕੇ ਪਿਛਲਾ ਨਿਉਂਦਰਾ ਮੋੜਦਾ ਹੈ। ਨਵੀਂ ਭਾਜੀ ਪਾਉਂਦਾ ਹੈ।

ਪਰ ਮੇਲੇ ਨਿਰੇ ਫਟ ਫਟਾ ਹੀ ਨਹੀਂ ਹੁੰਦੇ। ਨਾ ਈਂ ਡਾਂਗ ਸੋਟੇ ਦਾ ਨਾਂ ਏ। ਏਥੇ ਕਬੱਡੀਆਂ ਦੇ ਜੱਫੇ ਵੀ ਵਜਦੇ ਨੇ। ਘੋਲ ਹੁੰਦੇ ਨੇ। ਘੋੜ-ਦੌੜ ਹੁੰਦੀ ਏ। ਕਿੱਲੇ ਰੁੰਡੇ ਜਾਂਦੇ ਨੇ। ਸ਼ਾਹ ਸਕੰਦਰ ਵਰਗੇ ਮੇਲਿਆਂ 'ਤੇ ਸਵਾਣੀਆਂ ਤੜਕੇ ਤੜਕੇ ਲੰਮੀਆਂ ਹੇਕਾਂ ਨਾਲ ਗਾਉਂਦੀਆਂ ਹਨ। ਸਲਾਮ ਭਰਦੀਆਂ ਨੇ। ਦੁਆਵਾਂ ਦੇ ਮੰਨਤਾਂ ਮੰਗਦੀਆਂ ਨੇ। ਜਾਂਦੀ ਵਾਰੀ ਮੇਲੇ ਵਿੱਚ ਚੂੜੀਆਂ, ਵੰਗਾਂ ਤੇ ਤਵੀਤ ਧਾਗੇ ਖ਼ਰੀਦ ਕੇ ਲੈ ਜਾਂਦੀਆਂ ਨੇ। ਕਵਾਲੀ ਹੁੰਦੀ ਏ। ਮਲੰਗੀ ਭੰਗਾਂ ਰਗੜਦੇ ਨੇ। ਰਾਤ ਨੂੰ ਕੰਜਰੀ ਦਾ ਮੁਜਰਾ ਹੁੰਦਾ ਏ। ਇਕਬਾਲ ਦੀ ਦੱਸੀ ਹੋਈ ਤਕਦੀਰੇ ਉਮੱਮ ਦੇ ਉਲਟ ਏਥੇ ਤਾਊਸੋ-ਰਬਾਬ ਅੱਵਲ ਤੇ ਸ਼ਮਸ਼ੀਰੋ-ਸਨਾਂ ਆਖ਼ਰ ਹੁੰਦਾ ਏ।

ਆਪਣੇ ਨਾਵਲ ਵਿੱਚ ਗਿੱਮੀ ਹੋਰਾਂ ਸ਼ਮਸ਼ੀਰੋ-ਸਨਾਂ ਆਖ਼ਰ ਵਾਲੀ ਗੱਲ ਨੂੰ ਬੜੀ ਕਾਮਯਾਬੀ ਨਾਲ ਨਿਭਾਇਆ ਹੈ।

ਲੜਾਈਆਂ ਦੋਂਹ ਦਲਾਂ ਦੀਆਂ ਹੁੰਦੀਆਂ ਨੇ। ਇਕ ਦਲ ਦੀ ਆਮ ਤੌਰ 'ਤੇ ਜ਼ਿਆਦਤੀ ਹੁੰਦੀ ਏ ਜਿਸ ਨੂੰ ਨਾਵਲ ਨਿਗਾਰ ਨਿੰਦਦਾ ਏ। ਏਸ ਤਰ੍ਹਾਂ ਆਪਣੇ ਹੀਰੋ ਲਈ ਥਾਂ ਪੱਧਰੀ ਕਰਦਾ ਏ। ਪਰ ਏਸ ਨਾਵਲ ਵਿੱਚ ਇੰਜ ਨਹੀਂ ਹੁੰਦਾ। ਲੇਖਕ ਹੀਰੋ ਵੱਲ ਕਣਾ ਤੇ ਖਾਂਦਾ



ਏ ਪਰ ਜਿਨ੍ਹਾਂ ਨਾਲ ਉਹਦੇ ਮਾਮਲੇ ਪੈਂਦੇ ਨੇ, ਉਨ੍ਹਾਂ ਦੇ ਮੂੰਹ 'ਤੇ ਕਾਲਖ ਲਿਖਣ ਦੀ ਨਹੀਂ ਕਰਦਾ। ਏਸੇ ਕਰ ਕੇ ਸਾਨੂੰ ਕਿਰਪਾ ਸਿੰਘ ਨਾਲ ਨਫ਼ਰਤ ਨਹੀਂ ਹੁੰਦੀ। ਭਾਵੇਂ ਉਹ ਕਾਦੂ ਦੇ ਢਿੱਡ ਵਿੱਚ ਬੱਲਮ ਖੋਭ ਦੇਂਦਾ ਏ। ਲਾਮ 'ਤੇ ਗਿਆ ਜਦੋਂ ਬਰਮ੍ਹਾਂ ਦੇ ਜੰਗਲਾਂ ਵਿੱਚ ਦੋਵਾਂ ਦਾ ਫੇਰ ਟਾਕਰਾ ਹੋ ਜਾਂਦਾ ਏ ਤਾਂ ਕਿਰਪਾ ਸਿੰਘ ਕਾਦੂ ਤੇ ਪਹਿਲਾਂ ਵਾਰ ਕਰਦਿਆਂ ਹੋਇਆਂ ਮਰ ਜਾਂਦਾ ਏ। ਸਾਨੂੰ ਕਾਦੂ ਤੇ ਬਚ ਰਹਿਣ ਦੀ ਜਿਥੇ ਖ਼ੁਸ਼ੀ ਹੁੰਦੀ ਏ ਉਥੇ ਕਿਰਪੇ ਦਾ ਮਰ ਜਾਣ ਦਾ ਅਫ਼ਸੋਸ ਵੀ ਹੁੰਦਾ ਏ। ਸ਼ਾਹ ਸਕੰਦਰ ਦੇ ਮੇਲੇ 'ਤੇ ਕਿਰਪਾ ਸਿੰਘ ਮੁਜਰਾ ਕਰਦੀ ਬਿਜਲੀ ਨੂੰ ਚੁੱਕ ਕੇ ਲੈ ਜਾਂਦਾ ਏ। ਕਾਦੂ ਵਲ ਕੇ ਇਕ ਨੂੰ ਫੱਟੜ ਕਰਦਾ ਏ। ਕੰਜਰੀ ਨੂੰ ਫੇਰ ਪਿੜ ਵਿਚ ਲੈ ਆਉਂਦਾ ਏ।

ਏਥੇ ਵੀ ਪਿੰਡਾਂ ਦੇ ਹਿਸਾਬ ਨਾਲ ਕਿਰਪੇ ਨੇ ਮਰਦਾਂ ਵਾਲਾ ਕੰਮ ਕੀਤਾ ਸੀ। ਉਨ੍ਹਾਂ ਵੇਲਿਆਂ ਵਿੱਚ ਬਾਹਵਾਂ ਵਾਲੇ ਆਪਣੀਆਂ ਬਾਹਵਾਂ ਦਾ ਮਾਣ ਏਸੇ ਤਰ੍ਹਾਂ ਦੱਸਣ ਦੀ ਕਰਦੇ ਨੇ। ਚਿੱਟੀ ਦੇ ਮੇਲੇ 'ਤੇ ਹੀਣਾ ਸਾਂਹਸੀ ਕਿਰਪਾ ਸਿੰਘ ਨਾਲ ਆਪਣੀ ਯਾਰੀ ਦਾ ਮੁੱਲ ਪਾਉਂਦਾ ਏ। ਏਸੇ ਪਿਆਰ ਵਿੱਚ ਆਪਣੀਆਂ ਦੋਵੇਂ ਬਾਹਵਾਂ ਦੀ ਰਾਸ ਰੁੜ੍ਹਾ ਬਹਿੰਦਾ ਏ। ਭਾਵੇਂ ਉਸਨੇ ਧੱਕੇ ਨਾਲ ਲੜਾਈ ਲੈਣ ਦੀ ਵੀ ਕੀਤੀ ਸੀ ਪਰ ਜਿਨ੍ਹਾਂ ਸੱਜਣਾਂ ਦੇ ਨਿਉਂਦਰੇ ਮਕਾਉਣੇ ਹੋਣ ਉਨ੍ਹਾਂ ਸੱਜਣਾਂ ਨੇ ਵੇਲੇ ਵੀ ਆਪ ਈ ਕੱਢਣੇ ਹੁੰਦੇ ਨੇ। ਏਸੇ ਕਰ ਕੇ ਕਾਦੂ ਨੂੰ ਸਤਿਕਾਰਨ ਦੇ ਬਾਵਜੂਦ ਹੀਣੇ ਦੀਆਂ ਬਾਹਵਾਂ ਦੇ ਕੜਕ ਜਾਣ ਦੀ ਖ਼ੁਸ਼ੀ ਨਹੀਂ ਹੁੰਦੀ। ਏਸ ਤਰ੍ਹਾਂ ਮੁਖਾਲਫ਼ਾਂ ਨੂੰ ਗੰਦਿਆਂ ਕਰਦਿਆਂ ਪਰ ਉਨ੍ਹਾਂ 'ਤੇ ਗੰਦ ਨਾ ਸੁੱਟਦਿਆਂ ਹੋਇਆਂ ਗਿੱਮੀ ਆਪਣੇ ਹੀਰੋ ਨਾਲ ਪੜ੍ਹਨ ਵਾਲੇ ਦੀ ਦਿਲਚਸਪੀ ਪੈਦਾ ਕਰੀ ਜਾਂਦਾ ਏ। ਨਾਵਲ ਦਾ ਪਹਿਲਾਂ ਹਿੱਸਾ ਖ਼ਤਮ ਹੋ ਜਾਂਦਾ ਏ।

ਨਾਵਲ ਦਾ ਦੂਜਾ ਹਿੱਸਾ ਮੌਤ ਦੀ ਆਵਾਜ਼ ਤੋਂ ਤੁਰਦਾ ਏ ਜਿਹੜੀ ਕਿਰਪਾ ਸਿੰਘ ਤੇ ਕਾਦੂ ਨੂੰ ਸਾਂਝੀ ਵਜਦੀ ਏ। ਕਿਰਪਾ ਸਿੰਘ ਏਸ ਆਵਾਜ਼ ਨੂੰ ਕੰਨਾਂ ਵਿੱਚ ਮਾਰ ਕੇ ਲਾਮ 'ਤੇ ਟੁਰ ਗਿਆ। ਮੇਲੇ ਵਿੱਚ ਮਰਦਾਂ ਵਾਂਗੂੰ ਸੁਣਨ ਦੀ ਥਾਂ ਬਰ੍ਹਮਾਂ ਦੇ ਜੰਗਲਾਂ ਦੇ ਇਕ ਗੁਮਨਾਮ ਮੋਰਚੇ ਵਿੱਚ ਸੁਣਨ 'ਤੇ ਮਜ਼ਬੂਰ ਹੋ ਗਿਆ। ਕਾਦੂ ਨੇ ਏਸ ਆਵਾਜ਼ ਨੂੰ ਸੁਣ ਕੇ ਹੁੰਗਾਰਾ ਭਰਿਆ। ਢਿੱਡ ਵਿੱਚ ਵੱਜੀ ਬੱਲਮ, ਸਿਰ 'ਤੇ ਵੱਜੀਆਂ ਡਾਂਗਾਂ ਤੇ ਬਰ੍ਹਮਾਂ ਦੇ ਜੰਗਲਾਂ ਵਿੱਚ ਵੀ ਮੌਤ ਉਸ ਕੋਲੋਂ ਜ਼ਿੰਦਗੀ ਦੀ ਰਾਸ ਨਾ ਖੋਹ ਸਕੀ। ਜ਼ਿੰਦਗੀ ਨੇ ਹਮੇਸ਼ਾ ਉਸ ਦਾ ਪੱਖ ਪੂਰਿਆ।

ਲਾਮਾਂ ਹਟਣ ਦੇ ਨਾਲ ਈ ਕਾਦੂ ਦੀ ਜ਼ਿੰਦਗੀ ਦਾ ਇਕ ਹੋਰ ਕਾਂਡ ਮੁੱਕ ਜਾਂਦਾ ਏ। ਉਹ ਨਾਵਾਂ ਕਟਵਾ ਕੇ ਪਿੰਡ ਆ ਜਾਂਦਾ ਏ। ਨਾਵਲ ਦਾ ਤੀਜਾ ਭਾਗ ਸ਼ੁਰੂ ਹੋ ਜਾਂਦਾ ਏ। ਜਿਸ ਦਾ ਸੰਬੰਧ ਮੁਲਕ ਦੀ ਵੰਡ ਨਾਲ ਏ। ਇਹ ਉਹ ਵੇਲਾ ਸੀ ਜਿਸ ਵਿਚ ਸਾਂਝੀ ਵੱਸੋਂ ਵਾਲੇ ਪਿੰਡਾਂ ਨੂੰ ਰੱਬ ਨੇ ਸਭ ਤੋਂ ਜ਼ਿਆਦਾ ਅਜ਼ਮਾਇਸ਼ ਵਿੱਚ ਪਾਇਆ। ਕੋਈ ਕੋਈ ਮਾਈ ਦਾ ਲਾਲ ਨਿੱਤਰਿਆ। ਮੈਂ ਸ਼ਹਿਰਾਂ ਦਾ ਨਾਂ ਨਹੀਂ ਲਿਆ। ਇਸ ਕਰਕੇ ਕਿ ਸ਼ਹਿਰਾਂ ਦੀ ਆਬਾਦੀ ਵਿੱਚ ਸਾਂਝੀ ਜੜ੍ਹ ਕੋਈ ਨਹੀਂ ਜੇ ਹੁੰਦੀ। ਲੋਕ ਬੇਲਿਹਾਜ਼ੀ ਕਰ ਵੀ ਜਾਣ ਤਾਂ ਕੋਈ ਅਚਰਜ ਨਹੀਂ। ਪਰ ਪਿੰਡਾਂ ਦੀਆਂ ਸਾਂਝਾਂ ਸਦੀਆਂ ਤੋਂ ਟੁਰੀਆਂ ਆਉਂਦੀਆਂ ਨੇ। ਜਿਹੜੀ ਵਾ ਏਡੀਆਂ ਪੱਕੀਆਂ ਜੜ੍ਹਾਂ ਵਾਲੇ ਰੁੱਖਾਂ ਨੂੰ ਵੀ ਉਖੇੜ ਦੇਵੇ ਉਹ ਕੇਡੀ ਜ਼ਾਲਮ ਹਵਾ ਹੋ ਸਕਦੀ ਏ। ਜਿਹੜੇ ਰੁੱਖ ਏਸ ਵਿੱਚ ਵੀ ਕਾਇਮ ਰਹਿਣ ਉਹ ਕੇਡੇ ਪੱਕੇ ਹੋ ਸਕਦੇ

ਨੇ ? ਏਸ ਵਗਣੀ ਵਿੱਚ ਆਪਣੇ ਥਾਂ ’ਤੇ ਖਲੋਤਿਆਂ ਰਹਿਣ ਵਾਲੀਆਂ ਵਿੱਚ ਇਕ ਕਾਦੂ ਵੀ ਸੀ। ਜਿਸ ਦੀ ਡਾਂਗ ਕਿਰਪੇ ‘ਤੇ ਉੱਠੀ ਕਿ ਆਪਣੇ ਪਿੰਡ ਦੀ ਲਾਜ ਵਾਸਤੇ ਉੱਠਦੀ ਰਹੀ। ਅਖ਼ੀਰ ’ਤੇ ਕੱਲ੍ਹ ਤਾਈਂ ਦੇਸ਼ਾਂ ਵਾਲੀ ਤੇ ਅੱਜ ਪ੍ਰਦੇਸਣ ਹੁੰਦੀ ਪਿੰਡ ਦੀ ਧੀ ਪ੍ਰੀਤੋ ਦੀ ਇੱਜ਼ਤ ਬਚਾਉਂਦਿਆਂ ਈ ਨਹੀਂ ਆਪਣੀ ਪਿੰਡ ਦੀ ਇੱਜ਼ਤ ਤੇ ਹਰਫ਼ ਆਉਂਦਿਆਂ ਵੀ ਉਸ ਉਹ ਕੌਲ ਪੂਰਾ ਕੀਤਾ ਜਿਹੜਾ ਤਾਏ ਮੁਰਾਦ ਖ਼ਾਨ ਨੇ ਹਰਨਾਮ ਸਿੰਘ ਨਾਲ ਕੀਤਾ ਸੀ। ਏਸ ਕੌਲ ਤੋਂ ਜਾਨ ਕੁਰਬਾਨ ਕਰ ਦਿੱਤੀ।

ਨਾਵਲ ਕੌਲ ਦੀ ਇਸ ਪਾਲਣਾ ’ਤੇ ਆ ਕੇ ਖ਼ਤਮ ਹੋ ਜਾਂਦਾ ਏ। ਬਾਹਰਲੀ ਦਹਿਲੀਜ਼ ’ਤੇ ਮਾਈ ਰੂੜੀ ਤੇ ਅੰਦਰਲੀ ’ਤੇ ਸੁੱਗੀ ਨੂੰ ਬੈਠਿਆਂ ਤੇ ਹਰਨਾਮ ਸਿੰਘ ਤੇ ਉਹਦੀ ਧੀ ਨੂੰ ਦੇਸੋਂ ਬਦੇਸ ਹੁੰਦਿਆਂ ਵੇਖ ਕੇ ਏਸ ਨਾਵਲ ਨੂੰ ਦੁਖਾਂਤਕ ਨਾਵਲ ਕਹਿਣ ਨੂੰ ਜੀ ਕਰਦਾ ਏ। ਉਨ੍ਹਾਂ ਨਾਲ ਹੋਈ ਵੀ ਟਰੈੱਜਡੀ ਏ। ਪਰ ਕਾਦੂ ਦੇ ਇਹ ਬੋਲ ਨਾਵਲ ਦੇ ਦੁਖਾਂਤ ਨੂੰ ਖ਼ਤਮ ਕਰ ਜਾਂਦੇ ਨੇ। “ਲੈ ਚਾਚਾ ਤੇਰੀ ਧੀ ਤੇਰੇ ਕੋਲ ਆ ਗਈ ਏ। ਸਾਨੂੰ ਹੁਣ ਇਜਾਜ਼ਤ ਦੇ।” ਉਹਦੀਆਂ ਲੱਖਾਂ ਭਾਵੇਂ ਡਿੱਕੋ-ਡੋਲੇ ਖਾ ਰਹੀਆਂ ਸਨ। ਸਰੀਰ ਕੰਬ ਰਿਹਾ ਸੀ ਪਰ ਉਸਦੇ ਦਿਲ ਵਿਚ ਕੋਈ ਕੰਬਣੀ ਨਹੀਂ ਸੀ। ਬਲਕਿ ਕਿਸੇ ਹੱਥ ਪਾਏ ਔਖੇ ਕੰਮ ਨੂੰ ਕਰ ਲੈਣ ਦਾ ਹੌਂਸਲਾ ਸੀ। ਦੁਖਾਂਤ ਕਿਸੇ ਕੰਮ ਦੇ ਅਧੂਰੇ ਰਹਿਣ ਜਾਣ ਦਾ ਨਾਂ ਏ।

ਅਸੀਂ ਸਮਝ ਨਹੀਂ ਸਕਦੇ ਕਿ ਜੇ ਕਾਦੂ ਜੀਊਂਦਾ ਰਹਿੰਦਾ ਤਾਂ ਹੋਰ ਕਿਹੜੀ ਥੋੜ ਪੂਰੀ ਕਰਦਾ। ਨਾਵਲ ਦੇ ਹੀਰੋ ਦਾ ਜਨਮ ਆਪਣੀ ਮਾਂ ਵਾਸਤੇ ਨਹੀਂ ਹੁੰਦਾ। ਉਹ ਭਾਵੇਂ ਰੰਡੀ ਈ ਕਿਉਂ ਨਾ ਹੋਵੇ। ਨਾ ਆਪਣੀ ਸੱਜ-ਵਿਆਹੀ ਤੀਵੀਂ ਲਈ ਹੁੰਦਾ ਏ। ਮੇਰਾ ਖ਼ਿਆਲ ਏ ਹੀਰੋ ਦੀ ਮੌਤ ਦੀ ਨਾਵਲ ਨੂੰ ਟਰੈੱਜਡੀ ਨਹੀਂ ਬਣਾ ਜਾਂਦੀ ਜੇ ਉਹ ਮੌਤ ਕਵੇਲੇ ਨਾ ਹੋਵੇ। ਕਾਦੂ ਨੂੰ ਏਸ ਤੋਂ ਚੰਗਾ ਮੌਕਾ ਮਰਨ ਲਈ ਕਿਹੜਾ ਮਿਲ ਸਕਦਾ ਸੀ। ਏਸੇ ਕਰ ਕੇ ਲੇਖਕ ਦੀ ਇਸ ਗੱਲ ਨਾਲ ਮੈਨੂੰ ਇਤਫ਼ਾਕ ਨਹੀਂ ਕਿ ਇਹ ਨਾਵਲ ਦੁਖਾਂਤ ਏ। ਇਹ ਵੱਖਰੀ ਗੱਲ ਏ ਕਿ ਇਹਨੂੰ ਸੁਖਾਂਤ ਵੀ ਨਹੀਂ ਕਿਹਾ ਜਾ ਸਕਦਾ।

ਮੇਰੀਆਂ ਗੱਲਾਂ ਕਾਦੂ ਦੁਆਲੇ ਈ ਭਾਉਂਦੀਆਂ ਰਹੀਆਂ ਨੇ ਏਸ ਕਰਕੇ ਨਹੀਂ ਜੇ ਨਾਵਲ ਵਿੱਚ ਕਰਨ ਸੁਣਨ ਵਾਲੀ ਕੋਈ ਹੋਰ ਗੱਲ ਨਹੀਂ ਸੀ ਸਗੋਂ ਏਸ ਕਰਕੇ ਕਿ ਤੁਆਰਫ਼ ਕਰਵਾਉਣ ਵਾਲੇ ਦਾ ਸਗੋਂ ਫ਼ਰਜ਼ ਬਣਦਾ ਏ ਕਿ ਉਹ ਕਿਸੇ ਦਾ ਤੁਆਰਫ਼ ਕਰਵਾਂਦਿਆਂ ਹੋਇਆਂ ਉਸ ਦੀ ਸ਼ਖ਼ਸੀਅਤ ਦੇ ਕਿਸੇ ਨਿਖੇੜਵੇਂ ਤੇ ਮਨ ਭਾਂਵਦੇ ਪਹਿਲੂ ਨੂੰ ਅੱਗੇ ਲਿਆਵੇ। ਮੁਖਬੰਦ ਲਿਖਣ ਵਿੱਚ ਤੇ ਤਨਕੀਦ ਕਰਨ ਵਾਲੇ ਵਿੱਚ ਬੁਨਿਆਦੀ ਫ਼ਰਕ ਹੁੰਦਾ ਏ। ਇਕ ਦਾ ਕੰਮ ਸੋਨੇ ਨੂੰ ਕੁਠਾਲੀ ਵਿੱਚ ਪਾ ਕੇ ਉਹਦਾ ਐਬ-ਸਵਾਬ ਵੇਖਣਾ ਹੁੰਦਾ ਏ। ਦੂਜੇ ਦਾ ਤੁਅੱਲਕ ਉਸ ਦੇ ਸੁਹਝ ਨਾਲ ਹੁੰਦਾ ਏ। ਇਕ ਸਰਾਫ਼ ਹੁੰਦਾ ਏ ਤੇ ਇਕ ਸੁਨਿਆਰਾ। ਏਸ ਕਰ ਕੇ ਏਸ ਸੋਨੇ ਵਿਚਲੀ ਮਿਲਾਵਟ ਵੱਲ ਇਸ਼ਾਰਾ ਕਰਨ ਮੇਰਾ ਕੰਮ ਨਹੀਂ। ਉਂਜ ਵੀ ਮੈਨੂੰ ਫੁੱਲਾਂ ਨੂੰ ਇਤਾਰਾਂ ਦੀ ਅੱਖ ਨਾਲ ਨਹੀਂ ਬੁਲਬੁਲ ਦੀ ਅੱਖ ਨਾਲ ਦੇਖਣ ਦੀ ਆਦਤ ਏ।



# ਰਿਸ਼ਤਿਆਂ ਦੇ ਨਿੱਘ ਦੀ ਦਾਸਤਾਨ: ਮੰਗਲ-ਬੁੱਧ*

**ਡਾ. ਤਰਨਜੀਤ ਕੌਰ**

‘ਮੰਗਲ-ਬੁੱਧ’ ਕਹਾਣੀ ਪਾਕਿਸਤਾਨੀ ਕਹਾਣੀਕਕਾਰ ‘ਸਲੀਮ ਖਾਨ ਗਿੱਮੀ ਦੀ ਲਿਖੀ ਹੋਈ ਕਹਾਣੀ ਹੈ। ਇਹ ਕਹਾਣੀ ਮੂਲ ਰੂਪ ਵਿੱਚ ਦੇਸ਼-ਵੰਡ ਦੀ ਤ੍ਰਾਸਦੀ ਅਤੇ ਤ੍ਰਾਸਦੀ ਤੋ ਬਾਅਦ ਸਮਾਜ ਵਿੱਚ ਆਏ ਦੁਖਾਂਤ, ਜੋ ਸਮਾਜ ਨੇ ਆਪਣੇ ਪਿੰਡੇ ਹੰਡਾਏ, ਨੂੰ ਪੇਸ਼ ਕਰਦੀ ਹੈ। ਸਾਹਿਤ ਤੇ ਸਮਾਜ ਦਾ ਆਪਸੀ ਰਿਸ਼ਤਾ ਨੰਹੁ ਤੇ ਮਾਸ ਵਾਂਗ ਜੁੜਿਆ ਹੁੰਦਾ ਹੈ। ਸਾਹਿਤ ਸਮਾਜ ਦੇ ਵੱਖ-ਵੱਖ ਪਾਸਾਰਾਂ ਨੂੰ ਵਿਸ਼ਲੇਸ਼ਣਾਤਮਕ ਪੱਧਰ ਤੇ ਪੇਸ਼ ਕਰਨ ਦਾ ਜਤਨ ਕਰਦਾ ਹੈ। ਸਾਹਿਤ ਭਾਵੇਂ ਸਮਾਜ ਸ਼ਾਸਤਰ ਨਹੀ ਹੈ ਪਰ ਸਮਾਜ ਸ਼ਾਸਤਰ ਦਾ ਅਧਿਐਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਦਾ ਹੈ। ਕਹਾਣੀਕਾਰ ਗਿੱਮੀ ਵੀ ਆਪਣੀਆਂ ਰਚਨਾਵਾਂ ਵਿਚ ਸਮਕਾਲੀ ਸਮਾਜਕ ਜੀਵਨ ਨੂੰ ਚਿਤਰਨ ਦਾ ਜਤਨ ਕਰਦਾ ਦਿਖਾਈ ਦਿੰਦਾ ਹੈ।

ਗਿੱਮੀ ਇਕ ਅਜਿਹਾ ਕਹਾਣੀਕਾਰ ਹੈ ਜਿਸ ਨੇ ਉਰਦੂ, ਅੰਗਰੇਜ਼ੀ ਅਤੇ ਪੰਜਾਬੀ ਵਿਚ ਆਪਣੀਆਂ ਰਚਨਾਵਾਂ ਰਚੀਆਂ। ਪਰੰਤੂ ਆਪਣੀ ਮਾਂ-ਬੋਲੀ ਲਈ ਉਸ ਦਾ ਪਿਆਰ ਹਮੇਸ਼ਾ ਵੱਧ ਹੀ ਰਿਹਾ। ਗਿੱਮੀ ਅਨੁਸਾਰ ਸਭ ਨੂੰ ਆਪਣੀ ਮਾਂ ਬੋਲੀ ਤੇ ਕਲਚਰ ਨੂੰ ਸਾਂਭਨ ਦੀ ਲੋੜ ਹੈ। ਇਸੇ ਕਰਕੇ ਉਹ ਕਹਿੰਦਾ ਹੈ ਕਿ

“ਸਾਨੂੰ ਲੋਕ ਸਕਾਫਤ ਤੋਂ ਫਾਇਦਾ ਚੁਕਣਾ ਚਾਹੀਦਾ ਏਜਿਥੋਂ ਤਕ ਮੈਥੋਂ ਹੋ ਸਕਿਆ ਇਹਨਾਂ ਸ਼ਕਾਫਤਾਂ ਨੂੰ ਸਾਂਭਣ ਤੇ ਕਾਗਜ਼ ‘ਤੇ ਉਤਾਰਨ ਦੀ ਕੋਸ਼ਿਸ਼ ਕੀਤੀ ਏ।”

ਗਿੱਮੀ ਆਪਣੀਆਂ ਕਹਾਣੀਆਂ ਵਿਚ ਪੇਂਡੂ ਰਹਿਤਲ ਨਾਲ ਜੁੜੇ ਲੋਕਾਂ ਨੂੰ ਪੇਸ਼ ਕਰਦਾ ਹੈ। ਉਸਦਾ ਮੰਨਣਾ ਹੈ ਕਿ ਉਸਦਾ ਪੇਂਡੂ ਰਹਿਤਲਾਂ ਵਿਚ ਬੀਤਿਆ ਉਸ ਦਾ ਬਚਪਨ ਇਨ੍ਹਾਂ ਲਿਖਤਾਂ ਵਿਚੋਂ ਕੱਢਣਾ ਔਖਾ ਹੈ। ਲੇਖਕ ਜਿਨ੍ਹਾਂ ਪਿੰਡ ਦੇ ਲੋਕਾਂ ਨੂੰ ਆਪਣੀਆਂ ਰਚਨਾਵਾਂ ਦਾ ਪਾਤਰ ਬਣਾਉਂਦਾ ਹੈ, ਉਨ੍ਹਾਂ ਬਾਰੇ ਦਸਦਾ ਉਹ ਕਹਿੰਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਜੇ ਬਾਹਰੋਂ ਕੋਈ ਆ ਕੇ ਕੁਝ ਸਮਝਾਏ ਤਾਂ ਉਹ ਨਹੀਂ ਸਮਝਦੇ ਪਰ ਜੇ ਕੋਈ ਆਪਣਾ ਜਾਂ ਪਿੰਡ ਦਾ ਬੰਦਾ ਕੁਝ ਕਹੇ ਤਾਂ ਫੇਰ ਇਹ ਫੱਟ ਉਸਦੀ ਬਾਤ ਸੁਣ ਵੀ ਲੈਂਦੇ ਹਨ ਤੇ ਮੰਨ ਵੀ ਜਾਂਦੇ ਹਨ। ਚੂੰਕਿ ਪੇਂਡੂ ਲੋਕਾਂ ਨੂੰ ਉਹ ਆਪਣੇ ਵਰਗਾ ਮੰਨਦੇ ਹਨ ਇਸਲਈ ਉਨ੍ਹਾਂ ਤੇ ਭਰੋਸਾ ਵੀ ਛੇਤੀ ਕਰ ਲੈਂਦੇ ਹਨ। ਪਰ ਬਾਹਰਲੇ ਨੂੰ ਪਰਾਇਆ ਮੰਨ ਕੇ ਉਨ੍ਹਾਂ ਦੀ ਬਾਤ ਵੀ ਘੱਟ ਹੀ ਸਮਝਦੇ ਹਨ। ਇਹੀ ਮੱਨੁਖ ਦੀ ਮਾਨਸਿਕ ਬਿਰਤੀ ਹੈ:-

“ਜ਼ਾਹਿਰ ਏ ਕਿ ਦੇਹਾਤੀ ਪ੍ਰੋਗਰਾਮ, ਦੇਹਾਤੀਆਂ ਵਾਸਤੇ, ਦੇਹਾਤੀਆਂ ਵੱਲੋਂ, ਦੇਹਾਤੀਆਂ ਦੇ ਜ਼ਰੀਏ ਹੋਣਾ ਚਾਹੀਦਾ ਏ। ਅੱਜ ਦਾ ਦੇਹਾਤੀ ਪ੍ਰੋਗਰਾਮ ਬੇਮਾਅਨੀ, ਫਜ਼ੂਲ, ਖੇਚਲ, ਬੇਅਸਰ, ਬੋਦਾ ਏ ਪਰ ਮੰਨਦਾ ਕੋਈ ਨਹੀਂ।”

ਆਪਣੀ ਕਈ ਲਿਖਤਾਂ ਵਿਚ ਗਿੱਮੀ ਨੇ ਅਫਸਰਸ਼ਾਹੀ ਦੀ ਸੱਮਸਿਆ ਦਾ ਵੀ ਜ਼ਿਕਰ ਕੀਤਾ ਹੈ। ਇਨ੍ਹਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਕਾਰਨਾਂ ਉਪਰ ਵਿਚਾਰ ਕਰਦਿਆਂ ਉਹ ਦਸਦਾ ਹੈ ਕਿ ਉਸ ਦੇ ਵੱਡੇ ਅਫਸਰ ਨਹੀਂ ਚਾਹੁੰਦੇ ਕਿ ਉਨ੍ਹਾਂ ਤੋਂ ਛੋਟੇ ਮੁਲਾਜ਼ਮਾਂ ਨੂੰ ਵਧੇਰੇ ਪਸੰਦ ਕੀਤਾ ਜਾਵੇ। ਸਲੀਮ ਪਾਕਿਸਤਾਨ ਰੇਡੀਓ ਦੇ ਕਈਂ ਵੱਡੇ ਅਹੁਦਿਆਂ ਤੇ

ਰਿਹਾ। ਬੇਬਾਕ ਤੇ ਇਮਾਨਦਾਰੀ ਨਾਲ ਕੰਮ ਕਰਨ ਦੇ ਸੁਭਾ ਕਾਰਨ ਉਹ ਆਵਾਮ ਵਿੱਚ ਕਾਫੀ ਹਰਮਨ ਪਿਆਰਾ ਸੀ, ਇਸੇ ਕਾਰਨ, ਅਫਸਰ ਉਸਨੂੰ ਪਸੰਦ ਨਹੀਂ ਸੀ ਕਰਦੇ ਤੇ ਹਰ ਵੇਲੇ ਉਸਦਾ ਤਬਾਦਲਾ ਕਰ ਦਿੱਤਾ ਜਾਂਦਾ। ਇਨ੍ਹਾਂ ਤਬਾਦਲਿਆਂ ਦਾ ਲੇਖਕ ਨੂੰ ਲਾਭ ਵੀ ਹੋਇਆ। ਜਿਸ ਦੇ ਸਿੱਟੇ ਵਜੋਂ ਉਸਨੂੰ ਪੂਰੇ ਪਾਕਿਸਤਾਨ ਵਿੱਚ ਘੁੰਮਣ ਦਾ ਮੌਕਾ ਮਿਲਿਆ ਤੇ ਉਹ ਵੱਖ-ਵੱਖ ਭੂਗੋਲਿਕ ਸਥਿਤੀਆਂ ਵਿੱਚ ਵੱਸਦੇ ਲੋਕਾਂ ਨਾਲ ਮਿਲਿਆ ਤੇ ਉਨ੍ਹਾਂ ਨੂੰ ਗਿੱਮੀ ਨੇ ਜਾਣਿਆ, ਘੋਖਿਆ ਤੇ ਪੜਤਾਲਿਆ। ਇਨ੍ਹਾਂ ਅਨੁਭਵਾਂ ਦਾ ਪ੍ਰਗਟਾਵਾ ਵੀ ਉਸ ਦੀਆਂ ਸਾਹਿਤਕ ਕਿਰਤਾਂ ਵਿਚੋਂ ਸਹਿਜੇ ਹੀ ਹੋ ਜਾਂਦਾ ਹੈ।

ਗਿੱਮੀ ਨੇ ਪਾਕਿਸਤਾਨੀ ਹਕੂਮਤ ਅਤੇ ਉਥੋਂ ਦੇ ਰਾਜਨੀਤਕ ਹਾਲਾਤਾਂ ਦਾ ਵੀ ਇਸ਼ਾਰਿਆਂ ਨਾਲ ਹਵਾਲਾ ਦਿੱਤਾ ਹੈ। ਉਥੇ ਮੱਨੁਖ, ਸਰਕਾਰ ਦੇ ਖਿਲਾਫ ਨਹੀਂ ਬੋਲ ਸਕਦਾ, ਬਗਾਵਤ ਕਰਨਾ ਤਾਂ ਦੂਰ ਦੀ ਗੱਲ ਹੈ। ਲੇਖਕ ਤਾਂ ਫੇਰ ਸਰਕਾਰੀ ਮੁਲਾਜ਼ਮ ਸੀ, ਰੇਡੀਓ ਤੇ ਨੌਕਰੀ ਕਰਦਾ ਸੀ-ਚਾਹੁੰਦੇ ਹੋਏ ਵੀ ਉਹ ਨਹੀਂ ਸੀ ਬੋਲ ਸਕਦਾ। ਹਾਲਾਂਕਿ ਉਸ ਕੋਲ ਕਲਮ ਤੇ ਆਵਾਜ਼ (ਰੇਡੀਓ) ਦੋਵੇਂ ਹਥਿਆਰ ਸਨ। ਪਰੰਤੂ ਪਾਕਿਸਤਾਨ ਵਿੱਚ ਰਾਜਨੀਤਕ ਪਹਿਰਾ ਬਹੁਤ ਕਰੜਾ ਹੈ।

"ਰੇਡੀਓ ਪਾਕਿਸਤਾਨ ਦਾ ਮੁਲਾਜ਼ਮ ਹੋਣ ਕਾਰਣ ਮੇਰੀ ਸਿਆਸੀ ਸੋਚ ਅਹਿਮੀਅਤ ਨਹੀਂ ਰਖਦੀ। ਮੇਰੀ ਸਿਆਸੀ ਸੋਚ ਉਹ ਹੀ ਸੀ ਜਿਹੜੀ ਹਕੂਮਤੇ ਵਕਤ ਦੀ ਸੀ।"

ਸ਼ਾਇਦ ਇਹੀ ਕਾਰਨ ਹੈ ਕਿ ਉਸ ਦੀਆਂ ਬਹੁਤੀਆਂ ਕਹਾਣੀਆਂ ਵੀ ਹੋਰਨਾਂ ਪਾਕਿਸਤਾਨੀ ਪੰਜਾਬੀ ਸਾਹਿਤਕਾਰਾਂ ਵਾਂਗ ਸੰਕੇਤਕ ਸੈਲੀ ਵਿਚ ਰਚੀਆਂ ਗਈਆਂ ਹਨ। ਗਿੱਮੀ ਇਸ ਗੱਲ ਨੂੰ ਜ਼ਰੂਰ ਮੰਨਦਾ ਹੈ ਕਿ ਸਿਆਸਤ ਦਾ ਮਕਸਦ ਸਿਰਫ ਗਰੀਬ ਗੁਰਬੇ ਦੀ ਖਿਦਮਤ ਤੇ ਸੇਵਾ ਕਰਨਾ ਹੋਣਾ ਚਾਹੀਦਾ ਹੈ। ਪਰ ਪਾਕਿਸਤਾਨ ਵਿੱਚ ਬਹੁਤ ਘੱਟ ਈਮਾਨਦਾਰ ਤੇ ਚੰਗੇ ਖਿਦਮਤਗਾਰ ਸਿਆਸਤਦਾਨ ਹੋਏ ਹਨ:-

"ਜੋ ਵਾਹੇ ਸੋ ਖਾਏ; ਇੰਜੀਨੀਅਰ, ਸਾਇੰਸਦਾਨ ਤੇ ਮਜ਼ਦੂਰ ਅੱਗੇ ਵਧਨ ਤੇ ਦੇਸ਼ ਨੂੰ ਉਤਾਂਹ ਲੈ ਜਾਣ।"

ਲੇਖਕ ਦੇ ਇਹ ਵਿਚਾਰ ਸਾਡੇ ਭਾਰਤੀ ਪੰਜਾਬੀ ਕਹਾਣੀਕਾਰ ਸੁਜਾਨ ਸਿੰਘ ਤੇ ਸੇਖੋਂ ਨਾਲ ਮਿਲਦੇ ਦਿਖਾਈ ਦਿੰਦੇ ਹਨ। ਇਨ੍ਹਾਂ ਨੇ ਵੀ ਆਪਣੀ ਕਲਮ ਰਾਹੀਂ ਗ਼ਰੀਬਾਂ ਅਤੇ ਮਜ਼ਦੂਰਾਂ ਦੀ ਸਥਿਤੀ ਨੂੰ ਚਿਤਰਦਿਆਂ ਉਨ੍ਹਾਂ ਦੇ ਵਿਕਾਸ ਦੀ ਗੱਲ ਕੀਤੀ ਹੈ। ਇਸੇ ਪ੍ਰਕਾਰ ਗਿੱਮੀ ਰਾਜਨੀਤਕ ਸਥਿਤੀਆਂ ਨੂੰ ਘੋਖਦਾ ਧਾਰਮਕ ਸਥਿਤੀਆਂ ਬਾਰੇ ਵੀ ਗੱਲ ਕਰਦਾ ਹੈ। ਉਸ ਦੇ ਮੁਤਾਬਕ ਧਰਮ ਦੇ ਠੇਕੇਦਾਰਾਂ ਮੌਲਵੀਆਂ ਤੇ ਜ਼ਾਕਿਰਾਂ ਨੂੰ ਆਪਣੇ ਗਿਰੇਬਾਨ ਵਿਚ ਮੂੰਹ ਪਾ ਕੇ ਵੇਖਣ ਦੀ ਲੋੜ ਹੈ ਤਾਂਜੋ ਦੇਸ਼ ਦਾ ਸਰਬਪੱਖੀ ਵਿਕਾਸ ਹੋ ਸਕੇ।

ਰਾਜਨੀਤਕ ਅਤੇ ਧਾਰਮਕ ਸਮੱਸਿਆਵਾਂ ਨੂੰ ਪੇਸ਼ ਕਰਨ ਦੇ ਨਾਲ ਨਾਲ ਸਲੀਮ ਖਾਨ ਗਿੱਮੀ ਆਪਣੀਆਂ ਕਹਾਣੀਆਂ ਵਿਚ ਸਮਾਜਕ ਸਮੱਸਿਆਵਾਂ ਅਤੇ ਰਿਸ਼ਤਿਆਂ ਦੇ ਸੂਖਮ ਅਹਿਸਾਸ ਦੀ ਵੀ ਬਾਤ ਪਾਉਂਦਾ ਹੈ। ਗਿੱਮੀ ਦੁਆਰਾ ਰਚਿਤ ਕਹਾਣੀ 'ਮੰਗਲ ਅਤੇ ਬੁੱਧ' 1947 ਦੀ ਵੰਡ ਨਾਲ ਜੁੜ ਕੇ ਰਿਸ਼ਤਿਆਂ ਦੀ ਸਾਂਝ ਨੂੰ ਪੇਸ਼ ਕਰਦੀ ਹੈ। ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ, ਧਰਮ ਤੇ ਬੋਲੀ ਦੇ ਨਾਂ ਹੇਠਾਂ, ਸੁਤੰਤਰਤਾ



ਤੋ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਸੀ। ਇਸੇ ਕਾਰਣ ਧਰਮ ਦੇ ਆਧਾਰ ਤੇ ਵੰਡ ਹੋਈ ਅਤੇ ਪਾਕਿਸਤਾਨ ਹੋਂਦ ਵਿੱਚ ਆਇਆ। ਦੇਸ਼ ਵੰਡ ਸਮੇਂ ਹੋਏ ਫਸਾਦ ਬੜੇ ਘਿਨਾਉਣੇ ਅਤੇ ਮਾਨਵਤਾ ਦੇ ਇਤਿਹਾਸ ਦੀ ਸਭ ਤੋਂ ਵੱਧ ਸ਼ਰਮਨਾਕ ਘਟਨਾ ਸੀ। ਸਦੀਆਂ ਤੋਂ ਇੱਕਠੇ ਰਹਿੰਦੇ ਹਿੰਦੂ, ਸਿੱਖ ਤੇ ਮੁਸਲਮਾਨਾਂ ਵਿੱਚ ਪੈਦਾ ਹੋਈ ਨਫਰਤ ਦੀ ਭਾਵਨਾ, ਅੱਗ ਦੀ ਤਰ੍ਹਾਂ ਛੇਤੀ ਹੀ ਫੈਲ ਗਈ। ਕਹਾਣੀਕਾਰ ਆਪ ਉਸ ਸਾਂਝੇ ਮਾਹੌਲ ਵਿਚ ਪਲਿਆ ਅਤੇ ਉਸ ਨਿੱਘ ਨੂੰ ਲੇਖਕ ਨੇ ਆਪ ਵੀ ਮਹਿਸੂਸ ਕੀਤਾ ਸੀ। ਇਸੇ ਕਰਕੇ ਉਹ ਕਹਿੰਦਾ ਹੈ ਕਿ:-

'ਮੈਂ ਹਿੰਦੂ, ਸਿੱਖ ਤੇ ਮੁਸਲਮਾਨ ਸਾਂਝੇ ਮੁਆਸ਼ਰੇ ਵਿੱਚ ਜੰਮਿਆ ਤੇ ਪਲਿਆ। ਮੈਂ ਇਹਨਾਂ ਸਭ ਦੀਆਂ ਆਪਸ ਦੀਆਂ ਮੁਹੱਬਤਾਂ ਵੀ ਦੇਖੀਆਂ ਨੇ ਤੇ ਨਫਰਤਾਂ ਵੀ। ਜੋ ਕੁਝ ਮੈਂ ਅੱਖੀ ਦੇਖਿਆ ਉਹਨੂੰ ਬਿਆਨ ਕਰਨ ਵਿਚ ਆਖਰ ਹਰਜ਼ ਵੀ ਕੀ ਹੈ?"

ਗਿੱਮੀ ਹੱਥਲੀ ਕਹਾਣੀ ਵਿੱਚ ਵੰਡ ਤੋਂ ਪਹਿਲਾਂ ਪੰਜਾਬੀ ਭਾਈਚਾਰੇ ਦੇ ਪਿਆਰ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕਰਦਾ ਹੈ। ਸਾਰੇ ਲੋਕ ਇਕ ਪਿਆਰ ਦੇ ਸੂਤਰ ਵਿਚ ਪਰੋਏ ਹੋਏ ਸਨ। ਆਵਾਮ ਆਰਥਕ ਪੱਖੋਂ ਪਛੜਿਆ ਹੋਇਆ ਸੀ, ਪੜ੍ਹੇ-ਲਿਖੇ ਲੋਕ ਘੱਟ ਸਨ ਅਤੇ ਦੂਜੇ ਪਿੰਡਾਂ ਨਾਲ ਕੋਈ ਆਪਸੀ ਸੰਪਰਕ ਨਹੀਂ ਸੀ। ਆਸਪਾਸ ਕੀ ਹੋ ਰਿਹਾ ਹੈ, ਇਸ ਦਾ ਵੀ ਉਨ੍ਹਾਂ ਨੂੰ ਅੰਦਾਜ਼ਾ ਨਹੀਂ ਸੀ। ਰਾਜਨੀਤਕ ਹਾਲਾਤਾਂ ਤੋਂ ਉਹ ਜਾਣੂ ਨਹੀਂ ਸਨ। ਭਾਵੇਂ ਚਾਰੇ ਪਾਸੇ ਨਫਰਤ ਦੀ ਅੱਗ ਫੈਲੀ ਸੀ ਪਰ ਲੇਖਕ ਦੇ ਪਿੰਡ ਸ਼ਾਂਤੀ ਦਾ ਮਾਹੌਲ ਸੀ। ਅੰਗਰੇਜ਼ੀ ਦੀ ਇਕ ਕਹਾਵਤ ਹੈ ਇਗਨੋਰੈਂਸ ਇਸ ਬਲਿੱਸਫੁਲ ਭਾਵ ਬੇਖਬਰੇ ਲੋਕ ਚੰਗੇ ਹਨ। 1947 ਦੀ ਵੰਡ ਤੋਂ ਬਾਦ ਲੋਕਾਂ ਨੂੰ ਰਾਜਨੀਤਕ ਹਾਲਾਤਾਂ ਦਾ ਪਤਾ ਲਗਿਆ ਅਤੇ ਦੇਸ਼ ਦੇ ਹਾਲਾਤ ਖਰਾਬ ਹੋਣ ਤੋਂ ਬਾਅਦ ਆਪਸ ਵਿਚ ਇਕ ਬੇਵਸਾਹੀ ਦਾ ਮਾਹੌਲ ਬਣ ਗਿਆ।

ਚੂੰਕਿ ਪਾਕਿਸਤਾਨ ਵਿੱਚ ਆਵਾਮ ਨੂੰ ਇਸ ਬਾਤ ਦੀ ਖੁਲ੍ਹ ਨਹੀਂ ਕਿ ਉਹ ਖੁਲ੍ਹੇ ਰੂਪ ਵਿੱਚ ਰਾਜਨੀਤੀ ਤੇ ਚਰਚਾ ਕਰ ਸਕਣ। ਇਸ ਲਈ ਬਹੁਤਾ ਪਾਕਿਸਤਾਨੀ ਸਾਹਿਤ ਪ੍ਰਤੀਕਾਤਮਕ ਹੀ ਰਚਿਆ ਜਾਂਦਾ ਹੈ। ਗਿੱਮੀ ਦੀ ਇਹ ਕਹਾਣੀ ਵੀ ਪ੍ਰਤੀਕਾਤਮਕ ਰੰਗ ਸਮੇਟੀ ਬੈਠੀ ਹੈ। 1947 ਦੀ ਵੰਡ, ਜਦੋਂ ਅੰਗਰੇਜਾਂ ਨੇ ਇਕ ਹਿੰਦੁਸਤਾਨ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ: ਹਿੰਦੁਸਤਾਨ ਤੇ ਪਾਕਿਸਤਾਨ। ਇਨ੍ਹਾਂ ਦੋਹਾਂ ਦੇਸ਼ਾਂ ਦੇ ਵਿਚਕਾਰ ਰਾਵੀ ਦਰਿਆ ਵਗਦਾ ਹੈ। ਇਹ ਰਾਵੀ ਦਰਿਆ ਦੋਹਾਂ ਦੇਸ਼ਾਂ ਦੀ ਸਾਂਝ ਦਾ ਪ੍ਰਤੀਕ ਬਣ ਕੇ ਉਭਰਦਾ ਹੈ; ਜੋ ਅੱਧਾ ਭਾਰਤ ਤੇ ਅੱਧਾ ਪਾਕਿਸਤਾਨ ਵਿੱਚ ਵੱਗਦਾ ਹੈ। ਇਉਂ ਰਾਵੀ ਦੋਹਾਂ ਮੁਲਕਾਂ ਦੀ ਭੂਗੋਲਿਕ ਸਥਿਤੀ ਦੀ ਵੰਡ ਤੇ ਸਰਹੱਦ ਦਾ ਪ੍ਰਤੀਕ ਬਣ ਜਾਂਦਾ ਹੈ।

ਸਲੀਮ ਖਾਨ ਗਿੱਮੀ ਦੀ ਇਹ ਕਹਾਣੀ; ਮੰਗਲ ਤੇ ਬੁੱਧ ਦੋ ਭਰਾਵਾਂ ਦੇ ਪਿਆਰ ਨੂੰ ਕੇਂਦਰ ਵਿਚ ਰਖ ਕੇ ਪੇਸ਼ ਕਰਦੀ ਹੈ। ਇਹ ਦੋਂਵੇਂ ਪੰਜਾਬ ਗੁਰਦਾਸਪੁਰ ਦੇ ਪਿੰਡ ਸ਼ਕਰ ਗੜ੍ਹ ਰਹਿੰਦੇ ਸਨ। ਪਰੰਤੂ 1947 ਦੀ ਵੰਡ ਦੇ ਕਾਰਨ ਬਹੁਤ ਕੁਝ ਬਦਲ ਜਾਂਦਾ ਹੈ। ਉਹੀ ਧਰਤੀ, ਉਹੀ ਲੋਕ, ਉਹੀ ਹਵਾ ਤੇ ਪਾਣੀ, ਸਿਰਫ ਹੁਕਮਰਾਨਾਂ ਦੇ ਬਦਲਣ ਨਾਲ ਜਿਵੇਂ ਬਿਲਕੁਲ ਬਦਲ ਗਈ। ਸ਼ਕਰਗੜ੍ਹ ਉਹੀ ਇਲਾਕਾ ਹੈ ਜੋ ਪਹਿਲਾਂ ਗੁਰਦਾਸਪੁਰ ਤਹਿਸੀਲ ਵਿਚ ਸੀ ਤੇ ਹੁਣ ਸਿਆਲਕੋਟ ਦੀ ਤਹਿਸੀਲ ਵਿੱਚ ਹੈ। ਇਸ ਸਿਆਸੀ ਬਦਲਾਅ ਦੇ

ਨਾਲ-ਨਾਲ ਰਿਸ਼ਤਿਆਂ ਦੀ ਟੁੱਟ-ਭੱਜ ਤੇ ਰਿਸ਼ਤਿਆਂ ਦੇ ਰੂਪ ਦਾ ਬਦਲਣਾ ਇਸ ਕਹਾਣੀ ਦਾ ਕੇਂਦਰੀ ਧੁਰਾ ਬਣ ਜਾਂਦਾ ਹੈ। ਪਿਆਰ ਤੇ ਸਿਆਸਤ ਦੋ ਅਜਿਹੇ ਕੇਂਦਰੀ ਨੁਕਤੇ ਹਨ ਜਿਨ੍ਹਾਂ ਦੇ ਦੁਆਲੇ ਇਹ ਕਹਾਣੀ ਘੁੰਮਦੀ ਦਿਖਾਈ ਦਿੰਦੀ ਹੈ। ਇਨ੍ਹਾਂ ਰਾਹੀਂ ਸਾਨੂੰ ਉਸ ਸਮੇਂ ਦੀਆਂ ਪਰਿਵਰਤਿਤ ਸਮਾਜਕ ਤੇ ਰਾਜਨੀਤਕ ਸਥਿਤੀਆਂ ਦਾ ਵੀ ਪਤਾ ਲਗਦਾ ਹੈ

ਪਾਕਿਸਤਾਨ ਅਤੇ ਹਿੰਦੁਸਤਾਨ ਦੀ ਵੰਡ ਸਿਰਫ ਭੂਗੋਲਿਕ ਹੱਦਬੰਦੀਆਂ ਦੀ ਵੰਡ ਹੀ ਨਹੀਂ ਸੀ ਸਗੋਂ ਸਾਂਝ ਅਤੇ ਪਿਆਰ ਦੀ ਵੀ ਵੰਡ ਸੀ। ਉਸ ਸਾਂਝੀ ਰਹਿਤਲ ਅਤੇ ਨਿੱਘ ਦੀ ਵੰਡ ਸੀ ਜਿਸ ਨੂੰ ਵੰਡ ਤੋਂ ਪਹਿਲਾਂ ਲੋਕ ਮਾਣਿਆ ਕਰਦੇ ਸੀ। ਇਸ ਸਮੁੱਚੀ ਘਟਨਾ ਨੂੰ ਗਿੱਮੀ ਨੇ ਦੋ ਭਰਾਵਾਂ: ਮੰਗਲ ਤੇ ਬੁੱਧ ਦੇ ਪਿਆਰ ਰਾਹੀਂ ਪੇਸ਼ ਕੀਤਾ ਹੈ। ਦੋਵਾਂ ਭਰਾਵਾਂ ਦੇ ਰਿਸ਼ਤੇ ਵਿਚ ਇਤਫਾਕ ਤੇ ਏਕਤਾ ਸੀ, ਇਕ-ਦੂਜੇ ਦੀ ਬਾਤ ਦੋਵੇ ਭਰਾ ਮੰਨਦੇ ਸਨ। ਕਦੇ ਵੀ ਕਿਸੇ ਨੇ ਉਨ੍ਹਾਂ ਨੂੰ ਲੜ੍ਹਦਿਆਂ ਨਹੀਂ ਦੇਖਿਆ ਸੀ। ਇਸੇ ਗੱਲੋਂ ਕਈ ਲੋਕੀ ਉਨ੍ਹਾਂ ਦੇ ਰਿਸ਼ਤੇ ਨੂੰ ਸ਼ੱਕ ਨਾਲ ਵੇਖਦੇ ਸਨ ਕਿ ਭਰਾਵਾਂ ਵਿਚ ਤੇ ਆਮ ਲੜਾਈਆਂ ਹੁੰਦੀਆਂ ਹਨ। ਪਰ ਇਨ੍ਹਾਂ ਵਿਚ ਕਿਉਂ ਨਹੀਂ ਹੁੰਦੀਆਂ ? ਇਸ ਗੱਲ ਉਪਰ ਮੰਗਲ ਦਾ ਜਵਾਬ ਹੁੰਦਾ; ਅਸੀਂ ਭਰਾ ਨਾਲੋਂ ਵੱਧ ਮਿੱਤਰ ਹਾਂ। ਮਿੱਤਰਾਂ ਵਿੱਚ ਲੜਾਈ ਨਹੀਂ ਹੁੰਦੀ:-

"ਭਰਾ ਸ਼ਰੀਕ ਹੁੰਦੇ ਨੇ, ਪਰ ਅਸੀਂ ਇਕ-ਦੂਜੇ ਦੇ ਮਿਤੱਰ ਆਂ, ਮਿਤੱਰ ਸ਼ਰੀਕ ਨਹੀਂ ਹੁੰਦੇ। ਫੇਰ ਸਾਡੇ ਵਿੱਚ ਰੱਟਾ ਕਿਉਂ ਪਵੇ।"

ਮੰਗਲ ਇਕ ਵੱਡੇ ਭਰਾ ਦਾ ਫਰਜ਼ ਪਛਾਣਦਿਆਂ, ਆਪਣੇ ਛੋਟੇ ਭਰਾ ਬੁੱਧ ਦੀ ਹਰ ਸੰਭਵ ਮਦਦ ਕਰਦਾ ਹੈ ਅਤੇ ਆਪਣੇ ਕੋਲੋਂ ਉਸ ਨੂੰ ਹੱਟੀ ਵੀ ਪੁਆ ਕੇ ਦੇਂਦਾ ਹੈ ਤਾਂ ਜੋ ਉਹ ਵੀ ਆਪਣੇ ਪੈਰਾਂ ਤੇ ਖੜਾ ਹੋ ਸਕੇ। ਇਨ੍ਹਾਂ ਦੋਹਾਂ ਦਾ ਜੀਵਨ ਸੱਚੇ ਅਤੇ ਪੱਕੇ ਮਿੱਤਰਾਂ ਦਾ ਜੀਵਨ ਹੋ ਨਿਬੜਦਾ ਹੈ ਜੋ ਭਰਾਵਾਂ ਵਾਂਗ ਇਕ ਦੂਜੇ ਨਾਲ ਈਰਖਾ ਨਹੀਂ ਰੱਖਦੇ ਸਗੋਂ ਮਿੱਤਰਾਂ ਵਾਂਗ ਇਕ ਦੂਜੇ ਨੂੰ ਹਰ ਤਰੀਕੇ ਨਾਲ ਪ੍ਰੋਤਸਾਹਿਤ ਕਰਦੇ ਹਨ। ਇਥੇ ਗਿੱਮੀ ਰਿਸ਼ਤਿਆਂ ਦਾ ਰੂਪਾਂਤਰਣ ਕਰਦਾ ਪ੍ਰਤੀਤ ਹੁੰਦਾ ਹੈ। ਉਹ ਭਰਾਵਾਂ ਦੇ ਰਿਸ਼ਤੇ ਨੂੰ ਦੋਸਤਾਂ ਦੇ ਰਿਸ਼ਤੇ ਵਜੋਂ ਪੇਸ਼ ਕਰਦਾ ਹੈ ਅਤੇ ਇਸ ਪ੍ਰਕਾਰ ਦੋਸਤੀ-ਯਾਰੀ ਨੂੰ ਹੋਰਨਾਂ ਰਿਸ਼ਤਿਆਂ ਤੋਂ ਵੱਧ ਅਹਿਮੀਅਤ ਦਿੰਦਾ ਹੈ। ਅਸਲ ਵਿੱਚ ਕਬੀਲਦਾਰੀ ਵਿੱਚ ਭਰਾਵਾਂ ਵਿਚ ਤਾਂ ਜ਼ਰ, ਜ਼ਾਇਦਾਦ ਲਈ ਬਹੁਤ ਝਗੜੇ ਹੁੰਦੇ ਹਨ ਕਿਉਂਕਿ ਉਥੇ ਆਰਥਕਤਾ ਦਾ ਪਹਿਲੂ ਆ ਜਾਂਦਾ ਹੈ। ਸਾਰੇ ਝਗੜੇ ਤੇ ਫਸਾਦਾਂ ਦੀ ਜੜ੍ਹ, ਕਬਜ਼ਾ, ਮੈਂ ਤੇ ਮੇਰਾ ਹੈ।

ਕਹਾਣੀਕਾਰ ਆਪਣੀ ਇਸ ਕਹਾਣੀ ਵਿਚ ਇਹ ਵੀ ਦੱਸਣ ਦਾ ਜਤਨ ਕਰਦਾ ਹੈ ਕਿ ਭਾਵੇਂ ਇਹ ਦੋਵੇਂ ਭਰਾ ਪਿਆਰ ਨਾਲ ਰਹਿੰਦੇ ਹਨ ਅਤੇ ਕਈ ਵਾਰੀ ਇਹ ਵੀ ਆਪਸ ਵਿਚ ਇਕ ਦੂਜੇ ਨਾਲ ਗੁੱਸੇ ਹੋ ਜਾਂਦੇ ਹਨ ਪਰ ਨਾਲ ਜਲਦੀ ਹੀ ਇਸ ਗੱਲ ਦਾ ਅਹਿਸਾਸ ਵੀ ਕਰ ਲੈਂਦੇ ਹਨ ਕਿ ਉਹ ਤਾਂ ਅਸਲ ਵਿਚ ਭਰਾ ਨਹੀਂ ਦੋਸਤ ਹਨ ਅਤੇ ਇਕ ਦੋਸਤ, ਆਪਣੇ ਦੋਸਤ ਦੀ ਹਰ ਹਾਲ ਵਿਚ ਮਦਦ ਹੀ ਕਰਦਾ ਹੈ। ਉਦਾਹਰਨ ਲਈ ਜਦੋਂ ਮੰਗਲ ਨੂੰ ਪਤਾ ਲਗਦਾ ਹੈ ਕਿ ਬੁੱਧ ਨੇ ਇਕ ਮੁਸਲਿਮ ਕੁੜੀ ਦੇ ਨਾਲ ਵਿਆਹ ਕਰਾਉਣ ਲਈ ਨਾ ਸਿਰਫ ਆਪਣੇ ਵਾਲ ਹੀ ਕੱਟ ਲਏ ਹਨ ਸਗੋਂ ਧਰਮ ਵੀ ਪਰਵਰਤਿਤ ਕਰ ਲਿਆ ਹੈ ਤਾਂ ਉਹ ਇਸ ਗੱਲੋਂ ਬਹੁਤ ਖਫਾ ਹੋ ਜਾਂਦਾ ਹੈ ਅਤੇ ਜਦੋਂ ਉਹ ਗੁੱਸੇ ਵਿੱਚ ਬੁੱਧ ਉਤੇ ਕਿਰਪਾਨ ਚੁੱਕਦਾ ਹੈ ਤਾਂ ਬੁੱਧ, ਮੰਗਲ ਅੱਗੇ ਸਿਰ ਝੁਕਾ ਕੇ ਮੌਤ ਨੂੰ ਵੀ ਗਲੇ ਲਗਾਉਣ



ਨੂੰ ਤਿਆਰ ਹੋ ਜਾਂਦਾ ਹੈ। ਫੇਰ ਮੰਗਲ ਨੂੰ ਵੀ ਸੋਝੀ ਆਉਂਦੀ ਹੈ ਕਿ ਉਹ ਤਾਂ ਭਰਾ ਨੂੰ ਮਾਰਨ ਆਇਆ ਸੀ ਪਰ ਬੁੱਧ ਤਾਂ ਉਸ ਦਾ ਮਿੱਤਰ ਹੈ ਤੇ ਮਿੱਤਰ ਨੂੰ ਨਹੀਂ ਮਾਰਿਆ ਜਾ ਸਕਦਾ:-

"ਮੈਂ ਭਰਾ ਨੂੰ ਕਤਲ ਕਰਨ ਆਇਆ ਸਾਂ, ਯਾਰ ਬੇਲੀ ਨੂੰ ਨਹੀਂ। ਤੂੰ ਮੇਰਾ ਭਰਾ ਨਹੀਂ ਮਿੱਤਰ ਸੈਂ, ਮੈਂ ਮਿੱਤਰ ਨੂੰ ਕਿਸੇ ਤਰ੍ਹਾਂ ਨਹੀਂ ਮਾਰ ਸਕਦਾ।"

ਧਰਮ ਵੱਖ-ਵੱਖ ਹੋਣ ਤੇ ਭਰਾਵਾਂ ਦਾ ਰਿਸ਼ਤਾ ਭਾਵੇਂ ਟੁੱਟ ਜਾਂਦਾ ਹੈ ਪਰ ਉਸ ਦੀ ਥਾਂ ਤੇ ਇਕ ਨਵਾਂ ਰਿਸ਼ਤਾ, ਮਿੱਤਰਤਾ ਤੇ ਦੋਸਤੀ ਦਾ ਪਨਪ ਪੈਂਦਾ ਹੈ। ਕਹਾਣੀਕਾਰ ਦਸਣਾ ਚਾਹੁੰਦਾ ਹੈ ਕਿ ਧਰਮ ਵੱਖ-ਵੱਖ ਹੋਣ ਪਰ ਦੋਸਤੀ ਤਾਂ ਹੋ ਹੀ ਸਕਦੀ ਹੈ। ਇਹ ਦਿਲਾਂ ਦੀ ਸਾਂਝ ਹੈ, ਜਿਸ ਦੇ ਕਾਰਣ ਫੇਰ ਮੰਗਲ-ਬੁੱਧ, ਭਰਾਗਿਰੀ ਤੋਂ ਟੁੱਟ ਕੇ ਦੋਸਤੀ ਅਤੇ ਫੇਰ ਦੋਸਤੀ ਨੂੰ ਰਿਸ਼ਤੇਦਾਰੀ (ਕੁੜਮਾਚਾਰੀ) ਵੱਲ ਨੂੰ ਤੋਰਦੇ ਦਿਖਾਈ ਦਿੰਦੇ ਹਨ। ਦੋਵੇਂ ਇਕ-ਦੂਜੇ ਨਾਲ ਵਾਅਦਾ ਕਰਦੇ ਹਨ ਕਿ ਅਸੀਂ ਆਪਣੇ ਹੋਣ ਵਾਲੇ ਬੱਚਿਆਂ ਦੇ ਵਿਆਹ ਇਕ-ਦੂਜੇ ਨਾਲ ਕਰਾਂਗੇ। ਪਰੰਤੂ ਦੇਸ਼ ਦੀ ਵੰਡ ਦੋਹਾਂ ਭਰਾਵਾਂ ਨੂੰ ਇਕ ਦੂਜੇ ਤੋਂ ਦੂਰ ਕਰ ਦਿੰਦੀ ਹੈ।

ਅਸਲ ਵਿਚ ਲੇਖਕ ਨੇ ਦੇਸ਼ ਦੀ ਵੰਡ ਦੀ ਤ੍ਰਾਸਦੀ ਤੋਂ ਬਾਅਦ ਵੀ ਕਾਇਮ ਰਿਸ਼ਤਿਆਂ ਦੀ ਸਾਂਝ ਨੂੰ ਇਸ ਕਹਾਣੀ ਦੇ ਅਹਿਮ ਧੁਰੇ ਵਾਂਗ ਪੇਸ਼ ਕੀਤਾ ਹੈ। ਦੇਸ਼, ਕੌਮ ਦੀ ਵੰਡ, ਧਰਮ ਦੀ ਵੱਖਰਤਾ, ਸਾਰੀਆਂ ਵਿਰੋਧੀ ਤਾਕਤਾਂ ਮਿਲ ਕੇ ਵੀ ਸੱਚੇ ਮੱਨੁਖੀ ਪਿਆਰ-ਮੁਹੱਬਤ ਨੂੰ ਨਹੀਂ ਖਤਮ ਕਰ ਸਕਦੇ। 1947 ਦੀ ਵੰਡ ਦੇ ਸਮੇਂ ਜੋ ਘਲੂਕਾਰਾ ਹੋਇਆ, ਜੋ ਬਰਬਾਦੀ ਦੋਹਾਂ ਮੁਲਕਾਂ ਚ ਹੋਈ ਉਸ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਮੰਗਲ-ਬੁੱਧ ਦੇ ਦਿਲਾਂ ਦੀ ਸਾਂਝ ਇਸ ਬਾਤ ਦੀ ਗਵਾਹ ਹੈ। ਵੰਡ ਤੋਂ ਬਾਅਦ ਬੁੱਧ (ਜੋ ਹੁਣ ਅਲੀ ਅਹਿਮਦ) ਸੀ ਹਿੰਦੋਸਤਾਨ ਆਪਣੇ ਭਰਾ ਰੂਪੀ ਦੋਸਤ ਮੰਗਲ ਨਾਲ ਇਥੇ ਹੀ ਰਹਿਣਾ ਚਾਹੁੰਦਾ ਸੀ, ਪਰ ਜ਼ਾਲਮਾਂ ਦੇ ਜਨੂੰਨ ਨੇ ਦੋਹਾਂ ਨੂੰ ਧਰਮ ਤੇ ਦੇਸ਼-ਵੰਡ ਦੇ ਨਾਂ ਹੇਠ ਵੱਖ ਕਰ ਦਿੱਤਾ। ਆਪਣੇ ਭਰਾ ਅਤੇ ਆਪਣੇ ਦੇਸ਼ ਨੂੰ ਛੱਡਣ ਦੇ ਹੇਰਵੇ ਨਾਲ ਬੁੱਧ ਚਿੰਤਤ ਹੋ ਜਾਂਦਾ ਹੈ ਅਤੇ ਦੇਸ਼ ਛੱਡਣ ਤੋਂ ਇਨਕਾਰ ਕਰ ਦਿੰਦਾ ਹੈ। ਮੰਗਲ ਵੀ ਵੱਖ-ਵਾਦੀਆਂ ਤੋਂ ਦੋਸਤ ਦਾ ਬਚਾਅ ਕਰਦਿਆਂ, ਉਸ ਨੂੰ ਆਪਣੇ ਘਰ ਵੀ ਲਕੋਈ ਰਖਦਾ ਹੈ। ਪਰ ਧਾੜਵੀ ਉਸ ਨੂੰ ਵੀ ਮਾਰਨ ਘਰ ਤੱਕ ਅਪੜ ਜਾਂਦੇ ਹਨ। ਅਜਿਹੇ ਮੁਸ਼ਕਲ ਹਾਲਾਤ ਵਿਚ ਉਹ ਬਦੋਬਦੀ, ਨਾ ਚਾਹੁੰਦੇ ਹੋਏ ਵੀ ਆਪ ਬੁੱਧ ਨੂੰ ਰਾਵੀ, ਜੋ ਸਰੱਹਦ ਦਾ ਆਖਰੀ ਨਿਸ਼ਾਨ ਸੀ, ਤੱਕ ਛੱਡ ਕੇ ਆਉਂਦਾ ਹੈ। ਪਰੰਤੂ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਅਲੀ/ਬੁੱਧ ਆਪਣੇ ਦੇਸ਼ ਦੀ ਸਰੱਹਦ ਟੱਪਣ ਤੋਂ ਪਹਿਲਾਂ ਹੀ ਬੇਹੋਸ਼ ਹੋ ਜਾਂਦਾ ਹੈ। ਅਸਲ ਵਿਚ ਇਹ ਗ਼ਮ ਆਪਣੇ ਦੋਸਤਾਂ ਵਰਗੇ ਭਰਾ ਨੂੰ ਛੱਡਣ ਦਾ ਸੀ ਜੋ ਬੁੱਧ ਬਰਦਾਸ਼ਤ ਹੀ ਨਹੀਂ ਕਰ ਪਾ ਰਿਹਾ ਸੀ। ਅਜਿਹੇ ਵੇਲੇ ਇਕ ਵਾਰ ਫਿਰ ਮੰਗਲ ਇਕ ਸੱਚੇ ਮਿੱਤਰ ਵਾਂਗ ਉਸਦੀ ਮਦਦ ਕਰਦਾ ਹੈ। ਕਹਾਣੀ ਵਿਚ ਇਸ ਘਟਨਾ ਦਾ ਵੇਰਵਾ ਇਸ ਪ੍ਰਕਾਰ ਮਿਲਦਾ ਹੈ:-

ਤਾਏ ਨੂੰ ਵੱਡੀ ਪਰੇਸ਼ਾਨੀ ਹੋਈ। ਉਨ੍ਹਾਂ ਨੇ ਇਕ ਨਾਈ ਲੱਭਿਆ, ਉਹਦੇ ਕੋਲੋਂ ਕੇਸ ਕਟਵਾਏ ਤੇ ਦਾੜ੍ਹੀ ਮੁਸਲਮਾਨਾਂ ਵਰਗੀ ਬਣਵਾਈ ਤੇ ਸਾਨੂੰ ਬੇੜੀ ਵਿਚ ਬਿਠਾ ਕੇ

ਪਾਕਿਸਤਾਨ ਲੈ ਆਏ।"

ਵੰਡ ਵੇਲੇ, ਵੱਖਵਾਦ ਦੇ ਜਨੂੰਨ ਕਾਰਨ, ਮੱਨੁਖ ਨੂੰ ਮੱਨੁਖ ਨਹੀਂ ਸੀ ਸਮਝਿਆ ਜਾ ਰਿਹਾ, ਹਰ ਕੋਈ ਇਕ-ਦੂਜੇ ਨੂੰ ਭੇਡਾਂ ਬਕਰੀਆਂ ਦੀ ਤਰ੍ਹਾਂ ਵੱਢ ਟੁਕ ਕਰ ਰਿਹਾ ਸੀ। ਆਪਣੇ ਕੇਸ ਕਟਵਾਉਣ ਦੇ ਕਾਰਨ ਮੰਗਲ ਨੂੰ ਵੀ ਇਸ ਹੈਵਾਨੀਅਤ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਜਦੋਂ ਉਹ ਵਾਪਸ ਜਦੋਂ ਆਪਣੇ ਦੇਸ਼ ਪੰਜਾਬ, ਗੁਰਦਾਸਪੁਰ ਪਰਤਦਾ ਹੈ ਤਾਂ ਇਥੋਂ ਦੇ ਆਪਣੇ ਹੀ ਲੋਕ ਉਸ ਨੂੰ ਮੁਸਲਮਾਨ ਸਮਝ ਕੇ ਮਾਰਨ ਨੂੰ ਆ ਜਾਂਦੇ ਹਨ। ਉਨ੍ਹਾਂ ਤੋਂ ਬਚਦਾ ਬਚਾਉਂਦਾ ਉਹ ਅਖੀਰ ਗੁਰਦਵਾਰੇ ਆਸਰਾ ਲੈਂਦਾ ਹੈ ਅਤੇ ਗੁਰਦੁਆਰੇ ਦੇ ਭਾਈ ਜੀ ਉਸ ਨੂੰ ਪਛਾਣ ਕੇ ਮਜ਼ਹਬੀ ਹਜੂਮ ਤੋਂ ਬਚਾਉਂਦੇ ਹਨ।

ਹੱਥਲੀ ਕਹਾਣੀ ਵਿਚਲੇ ਦੋਵੇਂ ਭਰਾ ਰੂਪੀ ਦੋਸਤ ਦੋਹਾਂ ਦੇਸ਼ਾਂ ਵਿੱਚ ਭਾਵੇਂ ਅੱਡ-ਅੱਡ ਰਹਿ ਰਹੇ ਸਨ। ਧਰਮ, ਦੇਸ਼, ਕੌਮ, ਖਿੱਤੇ, ਨਾਂ ਸਭ ਵੱਖ-ਵੱਖ ਸਨ ਪਰ ਦਿਲਾਂ ਦੀ ਸਾਂਝ ਇਕ ਸੀ। ਦੋਵੇਂ ਆਪਸ ਵਿੱਚ ਮਿਲਦੇ ਤਾਂ ਲੜਦੇ, ਪਿਆਰ ਵੀ ਕਰਦੇ, ਇਕ-ਦੂਜੇ ਦੀ ਬਾਤ ਵੀ ਮੰਨਦੇ। ਪਾਕਿਸਤਾਨ ਬਣ ਜਾਣ ਤੇ ਜਦ, ਮੰਗਲ ਨੇ ਬੁੱਧ ਤੋਂ ਸ਼ਰਾਬ ਮੰਗੀ ਤਾਂ ਪਹਿਲਾਂ ਉਸ ਨੇ ਸਮਝਾਇਆ ਤੇ ਸ਼ਰਾਬ ਲਿਆਉਣ ਤੋਂ ਨਾਂਹ ਕਰ ਦਿੱਤੀ। ਫੇਰ ਜਦੋਂ ਉਹ ਲੜਨ ਲੱਗਾ ਤਾਂ ਫੇਰ ਸ਼ਰਾਬ ਲਿਆ ਕੇ ਵੀ ਦਿੱਤੀ। ਸੋ ਇਸ ਪ੍ਰਕਾਰ ਵੰਡ ਹੋਣ ਤੋਂ ਬਾਅਦ ਵੀ ਉਹ ਆਪਣੇ ਪਿਆਰ ਨੂੰ ਵੰਡ ਦੀ ਬਲੀ ਨਹੀਂ ਚੜ੍ਹਨ ਦਿੰਦੇ। ਅਸਲ ਵਿਚ ਰਿਸ਼ਤਿਆਂ ਦੀ ਸਾਂਝ ਨੂੰ ਦੇਸ਼ਾਂ ਦੀਆਂ ਹੱਦਬੰਦੀਆਂ ਵੀ ਨਹੀਂ ਰੋਕ ਪਾਂਦੀਆਂ। ਜਦੋਂ ਬੁੱਧ ਆਪਣੇ ਪੁੱਤਰ ਦਾ ਵਿਆਹ ਕਿਧਰੇ ਹੋਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਮੰਗਲ ਛੇਤੀ ਹੀ ਆਪਣੀ ਧੀ ਨੂੰ ਪਾਕਿਸਤਾਨ ਲੈ ਕੇ ਪਹੁੰਚ ਜਾਂਦਾ ਹੈ ਤੇ ਪੁਰਾਣੇ ਕੀਤੇ ਵਾਅਦੇ ਦੀ ਯਾਦ ਦਿਵਾਉਂਦਾ ਹੈ। ਬੁੱਧ ਦੇ ਨਾਂਹ ਕਰਨ ਤੇ ਉਹ ਆਪ ਮਰਨ ਲਈ ਵੀ ਤਿਆਰ ਹੋ ਜਾਂਦਾ ਹੈ:

"ਮੈਂ ਰੋਸ਼ਨ ਤੇ ਸੰਤੋਂ ਨੂੰ ਕਤਲ ਕਰ ਦਿਆਂਗਾ ਤੇ ਆਪ ਫਾਂਸੀ ਲੱਗ ਜਾਵਾਂਗਾ। ਤਾਏ ਨੇ ਸਹਿਜ ਸੁਭਾ ਲਫ਼ਜ਼ 'ਫਾਂਸੀ' ਉਤੇ ਜ਼ੋਰ ਦੇ ਕੇ ਆਖਿਆ।"

ਅਸਲ ਵਿਚ ਦੋਸਤਾਂ ਦੇ ਇਹ ਰੋਸੇ ਅਤੇ ਗਿਲੇ ਸ਼ਿਕਵੇ ਆਪਸੀ ਪਿਆਰ ਨੂੰ ਹੋਰ ਮਜ਼ਬੂਤ ਕਰਦੇ ਦਿਖਾਈ ਦਿੰਦੇ ਹਨ। ਬੁੱਧ ਵੀ ਪੁਰਾਣੇ ਵਾਅਦੇ ਅਤੇ ਇਸ ਪਿਆਰ ਦੀ ਖਾਤਿਰ ਪੁੱਤਰ ਦਾ ਵਿਆਹ ਸੰਤੋ ਨਾਲ ਕਰਨ ਲਈ ਤਿਆਰ ਹੋ ਜਾਂਦਾ ਹੈ। ਕਹਾਣੀਕਾਰ ਦਸਣਾ ਚਾਹੁੰਦਾ ਹੈ ਕਿ ਜਿਥੇ ਪਿਆਰ ਹੁੰਦਾ ਹੈ ਉਥੇ ਜ਼ੋਰ ਵੀ ਚਲਦਾ ਹੈ ਤੇ ਹੁਕਮ ਵੀ। ਸ਼ਾਇਦ ਇਸੇ ਲਈ ਬੁੱਧ ਛੇਤੀ ਨਾਲ ਰੋਸ਼ਨ ਤੇ ਸੰਤੋ ਦਾ ਵਿਆਹ ਕਰਵਾ ਦੇਂਦਾ ਹੈ। ਇਸ ਪ੍ਰਕਾਰ ਇਹ ਦੋਸਤੀ ਦੇਸ਼ਾਂ ਦੀਆਂ ਸਰੱਹਦਾਂ ਕਾਰਨ ਵੰਡੇ ਹੋਣ ਦੇ ਬਾਵਜੂਦ ਵੀ ਇਕ ਹੋਰ ਪੱਕੇ ਰਿਸ਼ਤੇ ਵਿਚ ਬੱਝ ਜਾਂਦੀ ਹੈ।

ਇਹ ਪਿਆਰ ਦਾ ਰਿਸ਼ਤਾ, ਦਿਲਾਂ ਦੀ ਅਸਲੀ ਮੁੱਹਬਤ, ਉਨ੍ਹਾਂ ਦੇ ਜੀਵਨ ਦੇ ਅਖੀਰਲੇ ਸਮੇਂ ਤੱਕ ਵੀ ਖਤਮ ਨਹੀਂ ਹੁੰਦੀ। ਅਲੀ ਆਪਣੀ ਵਹੁਟੀ ਅੱਗੇ ਖਾਇਸ਼ ਰਖਦਾ ਹੈ ਕਿ ਉਸ ਦੀ ਮੌਤ ਉਤੇ ਮੰਗਲ ਨੂੰ ਜ਼ਰੂਰ ਸੱਦਿਆ ਜਾਵੇ ਤੇ ਹੁੰਦਾ ਵੀ ਇਹ ਹੀ ਹੈ। ਅਲੀ ਦੇ ਮਰਨ ਤੇ 2-3 ਦਿਨ ਤਕ ਮੰਗਲ ਦੀ ਉਡੀਕ ਕੀਤੀ ਜਾਂਦੀ ਹੈ। ਦੋਹਾਂ ਦੇਸ਼ਾਂ ਦੇ ਵਿਚਕਾਰ ਮਾਹੌਲ ਖਰਾਬ ਹੋਣ ਦੇ ਬਾਵਜੂਦ ਵੀ ਮੰਗਲ ਆਪਣੀ ਦੋਸਤੀ ਪੁਗਾਉਂਦਾ ਹੈ ਅਤੇ ਆਪਣੀ ਜਾਣ ਦੀ ਪਰਵਾਹ ਨਾ ਕਰਦਿਆਂ ਦੋਸਤ ਲਈ ਕਫਨ ਲੈ ਕੇ ਜਾਂਦਾ ਹੈ ਤੇ



ਆਪ ਉਸ ਦੀ ਕਬਰ ਖੋਦ ਕੇ ਉਸ ਨੂੰ ਦਫਨਾਉਂਦਾ ਹੈ। ਅਖੀਰ ਤੇ ਜਦੋਂ ਦੋਸਤ ਨੂੰ ਖਾਕੇ-ਸਪੁਰਦ ਕਰਕੇ ਮੰਗਲ ਵਾਪਿਸ ਆ ਰਿਹਾ ਹੁੰਦਾ ਹੈ ਤਾਂ ਰਾਵੀ ਦੀ ਸਰਹੱਦ ਪਾਰ ਕਰਦਿਆਂ ਉਹ ਫੜਿਆ ਜਾਂਦਾ ਹੈ। ਆਪਣੇ ਹੀ ਮੁਲਕ ਦੇ ਲੋਕ ਉਸ ਨੂੰ ਪਾਕਿਸਤਾਨੀ ਸਮਝ ਲੈਂਦੇ ਹਨ। ਪਰ ਉਹ ਬਚਦਾ ਬਚਾਉਂਦਾ ਕਿਸੇ ਤਰ੍ਹਾਂ ਪਿੰਡ ਪਹੁੰਚ ਹੀ ਜਾਂਦਾ ਹੈ। ਲੱਤ ਤੇ ਬਹੁਤ ਸਾਰੇ ਜ਼ਖਮ ਹੋਣ ਕਰਕੇ ਕੁਝ ਸਮੇਂ ਬਾਅਦ ਉਸ ਦੀ ਵੀ ਮੌਤ ਹੋ ਜਾਂਦੀ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਬਾਹਰਲੇ ਜ਼ਖ਼ਮਾਂ ਤੋਂ ਜ਼ਿਆਦਾ ਉਸ ਦੇ ਮਿੱਤਰ ਦੀ ਮੌਤ ਦਾ ਅੰਦਰਲਾ ਜ਼ਖਮ, ਉਸ ਨੂੰ ਮੌਤ ਦੇ ਮੂੰਹ ਵੱਲ ਲੈ ਗਿਆ ਹੋਵੇ। ਇਸ ਪ੍ਰਕਾਰ ਦੋਵੇਂ ਦੋਸਤ ਪਿਆਰ ਦੀ ਸਾਝ ਪੁਗਾਉਂਦਿਆਂ ਮੌਤ ਦੀ ਨੀਂਦਰ ਜਾ ਸੌਂਦੇ ਹਨ।

ਕਹਾਣੀ ਇਥੇ ਖਤਮ ਨਹੀਂ ਹੁੰਦੀ ਅਤੇ ਕਹਾਣੀਕਾਰ ਕਹਾਣੀ ਵਿਚ ਇਕ ਹੋਰ ਮੋੜ ਸਿਰਜਦਾ ਹੈ ਜਦੋਂ ਇਨ੍ਹਾਂ ਦੀ ਅਗਲੀ ਪੀੜ੍ਹੀ ਨੂੰ ਵੀ ਇਸੇ ਪਿਆਰ ਨੂੰ ਪੂਰਦੀ ਦਿਖਾਈ ਦਿੰਦੀ ਹੈ। ਮੰਗਲ ਦੀ ਧੀ, ਸੰਤੋ ਜੋ ਹੁਣ ਸੁਨੀਲਾ ਬਣ ਗਈ ਸੀ, ਪਤੀ ਰੋਸ਼ਨ ਦੇ ਨਾਲ, ਪਿਤਾ ਦੀ ਮਰੀਅਤ ਤੇ ਜਾਣਾ ਚਾਹੁੰਦੀ ਹੈ। ਪਰ ਸਰਹੱਦ ਪਾਰ ਕਰਦਿਆਂ ਉਹ ਦੋਵੇਂ ਫੜ੍ਹੇ ਜਾਂਦੇ ਹਨ। ਅਖੀਰ ਤੇ ਕਿਸੇ ਤਰ੍ਹਾਂ ਬਚਦੇ ਹੋਏ ਉਹ ਹਿੰਦੁਸਤਾਨ ਪਿਉ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚ ਹੀ ਜਾਂਦੇ ਹਨ। ਮੁੜ ਉਹ ਆਪਣੇ ਪਿੰਡ, ਉਥੇ ਹੀ ਵੱਸ ਜਾਂਦੇ ਹਨ, ਜਿਥੇ ਉਨ੍ਹਾਂ ਦੇ ਵੱਡੇ-ਵਡੇਰੇ ਜੰਮੇ ਪਲੇ ਤੇ ਖੇਡੇ ਸੀ ਅਤੇ ਪਾਕਿਸਤਾਨ ਵਾਪਿਸ ਨਹੀਂ ਜਾਂਦੇ। ਕਹਾਣੀ ਦੇ ਅੰਤ ਵਿਚ ਲੇਖਕ ਆਖਦਾ ਹੈ ਕਿ:-

"ਰੋਸ਼ਨ ਤੇ ਸੁਨੀਲਾ ਉਸੇ ਰਾਤ ਰਾਵੀ ਟੱਪ ਗਏ ਤੇ ਅੱਜ ਤੀਕਰ ਨਹੀਂ ਪਰਤੇ?"

ਇਸ ਤਰ੍ਹਾਂ ਕਹਾਣੀ ਇਕ ਸੰਕੇਤਕ ਮੋੜ 'ਤੇ ਆ ਕੇ ਖਤਮ ਹੋ ਜਾਂਦੀ ਹੈ। ਕਹਾਣੀਕਾਰ ਆਪਣੀ ਇਸ ਕਹਾਣੀ ਰਾਹੀਂ ਇਹ ਦਸਣਾ ਚਾਹੁੰਦਾ ਹੈ ਕਿ ਦੇਸ਼ ਦੀ ਆਵਾਮ ਜਾਂ ਜਨਤਾ, ਸਰਕਾਰਾਂ ਵੱਲੋਂ ਪਾਈਆਂ ਸਰਹੱਦਾਂ ਨੂੰ ਨਹੀਂ ਮੰਨਦੀ। ਅੱਜ ਵੀ ਉਨ੍ਹਾਂ ਲਈ ਆਪਸੀ ਸਾਂਝ ਅਤੇ ਪਿਆਰ ਸਰਹੱਦਾਂ ਅਤੇ ਆਪਸੀ ਬੈਰ-ਬਿਰੋਧ ਤੋਂ ਵੱਧ ਹੈ। ਪੂਰੀ ਕਹਾਣੀ ਵਿਚ ਦੋਹਾਂ ਪਰਿਵਾਰਾਂ ਦੇ ਲੋਕ (ਵੱਖ-ਵੱਖ ਦੇਸ਼ਾਂ ਦੇ ਲੋਕ) ਹਕੂਮਤਾਂ ਤੋਂ ਛੁਪਦੇ-ਛੁਪਾਂਦੇ, ਕਸ਼ਟ, ਦੁੱਖ ਤੇ ਫੜ੍ਹੇ ਜਾਣ ਦੇ ਡਰ ਦੀ ਪਰਵਾਹ ਕੀਤੇ ਬਿਨਾਂ ਇਕ-ਦੂਜੇ ਨੂੰ ਮਿਲਣ ਲਈ ਆਉਂਦੇ ਜਾਂਦੇ ਹਨ। ਕੋਈ ਸਰਹੱਦ, ਦਰਿਆ, ਸਰਕਾਰ ਜਾਂ ਨੇਮ ਉਨ੍ਹਾਂ ਨੂੰ ਰੋਕ ਨਹੀਂ ਪਾਉਂਦੇ।

ਇਸ ਕਹਾਣੀ ਦੀ ਇਕ ਖੂਬੀ ਇਹ ਵੀ ਹੈ ਕਿ ਇਹ ਕਹਾਣੀ ਪਿਛੱਲ ਝਾਤ ਦੀ ਵਿਧੀ ਰਾਹੀਂ ਅੱਗੇ ਵੱਧਦੀ, ਸੰਤੋਂ ਅਤੇ ਰੋਸ਼ਨ ਰਾਹੀਂ ਕਹਾਣੀ ਪਿੱਛਲਝਾਤ ਦੀ ਵਿਧੀ ਨਾਲ ਰੂਪਮਾਨ ਕੀਤੀ ਗਈ ਹੈ ਜਿਸ ਕਾਰਨ ਇਸ ਵਿਚਲੇ ਵੇਰਵੇ ਹੋਰ ਰੋਚਕ ਹੋ ਨਿਬੜੇ ਹਨ। ਕਹਾਣੀ ਦੀ ਭਾਸ਼ਾ ਬੜੀ ਸਰਲ, ਸਾਦੀ ਹੈ ਜੋ ਕਹਾਣੀ ਨੂੰ ਯਥਾਰਥ ਦੇ ਨੇੜ੍ਹੇ ਲੈ ਜਾਂਦੀ ਹੈ।

ਅਖੀਰ ਤੇ ਇਹ ਕਹਿਣਾ ਠੀਕ ਜਾਪਦਾ ਹੈ ਕਿ ਸਲੀਮ ਖਾਨ ਗਿੱਮੀ ਬੜੇ ਸੋਹਣੇ ਢੰਗ ਨਾਲ, ਇਸ ਪ੍ਰਤੀਕਾਤਮਕ ਕਹਾਣੀ ਵਿੱਚ ਆਪਣੇ ਡੂੰਘੇ ਵਿਚਾਰਾਂ ਨੂੰ ਪੇਸ਼ ਕਰਨ ਵਿਚ ਸਫਲ ਹੋਇਆ ਹੈ। ਹੱਥਲੀ ਕਹਾਣੀ ਦੇ ਦੋਵੇਂ ਪਾਤਰ ਮੰਗਲ ਤੇ ਬੁੱਧ, ਹਿੰਦੋਸਤਾਨ-ਪਾਕਿਸਤਾਨ ਦਾ ਪ੍ਰਤੀਕ ਜਾਪਦੇ ਹਨ। ਕਹਾਣੀਕਾਰ ਇਸ ਕਹਾਣੀ ਰਾਹੀਂ ਇਹ ਵਿਚਾਰ

ਪੇਸ਼ ਕਰਨ ਦਾ ਜਤਨ ਕਰਦਾ ਹੈ ਕਿ ਜੇ ਦੋਹਾਂ ਦੇਸ਼ਾਂ ਦਾ ਭਾਈਚਾਰਾ, ਆਵਾਮ ਦਾ ਪਿਆਰ, ਖਾਣਾ-ਪੀਣ ਤੇ ਪਹਿਨਾਵੇ ਦੀ ਸਾਂਝ ਹੈ ਤਾਂ ਫੇਰ ਦੂਰੀਆਂ ਕਿਉਂ ? ਅਸਲ ਵਿਚ ਤਾ ਇਹ ਭੁਗੋਲਿਕ ਵੰਡੀਆਂ ਸਿਰਫ ਸਰਕਾਰਾਂ ਦੀਆ ਹੀ ਪਾਈਆਂ ਹੋਈਆ ਹਨ। ਜਿਥੋਂ ਤਕ ਆਮ ਜਨਤਾ ਦਾ ਸੁਆਲ ਹੈ, ਉਹ ਆਪਣੀ ਸਾਂਝ ਪੁਗਾਉਣ ਲਈ ਵੀਜ਼ੇ ਤਾਂ ਕੀ ਆਪਣੀ ਜਾਣ ਦੀ ਵੀ ਪ੍ਰਵਾਹ ਨਹੀਂ ਕਰਦੀ। ਦੋਹਾਂ ਭਰਾਵਾਂ ਨੂੰ ਮਿੱਤਰਾਂ ਵਾਂਗ ਪੇਸ਼ ਕਰਨ ਦਾ ਉਦੇਸ਼ ਵੀ ਸ਼ਾਇਦ ਇਹੀ ਹੈ ਕਿ ਕਹਾਣੀਕਾਰ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਮਿੱਤਰਾਂ ਵਾਂਗ ਉਸਰਦਿਆਂ ਦੇਖਣਾ ਚਾਹੁੰਦਾ ਹੈ ਕਿਉਂਕਿ ਭਰਾਵਾਂ ਵਿੱਚ ਸ਼ਰੀਕਾ ਹੋ ਸਕਦਾ ਹੈ ਪਰ ਦੋਸਤਾਂ ਵਿਚ ਨਹੀਂ। ਭਰਾਵਾਂ ਨੇ ਜ਼ਮੀਨ-ਜਾਇਦਾਦ ਵੰਡਣੀ ਹੁੰਦੀ ਹੈ, ਸੋ ਲੜਾਈ ਵੀ ਸੁਭਾਵਕ ਹੈ ਪਰ ਦੋਸਤੀ-ਯਾਰੀ ਵਿੱਚ ਅਜਿਹੀ ਵੰਡ ਨਹੀਂ ਹੁੰਦੀ। ਇਸ ਲਈ ਉਨ੍ਹਾਂ ਵਿੱਚ ਨਿਭ ਜਾਂਦੀ ਹੈ। ਇਸੇ ਲਈ ਮੰਗਲ-ਬੁੱਧ ਭਰਾ ਬਣ ਕੇ ਤਾਂ ਲੜਦੇ ਨੇ ਪਰ ਦੋਸਤ ਬਣ ਕੇ ਇਕ ਦੂਜੇ ਦੀ ਮੰਨਦੇ ਹਨ, ਪਿਆਰ ਵੀ ਵਧਾਉਂਦੇ ਹਨ। ਇਹ ਹੀ ਇਸ ਕਹਾਣੀ ਦਾ ਸੰਦੇਸ਼ ਵੀ ਹੈ ਕਿ ਭਾਵੇਂ ਸਾਡੇ ਦੋਹਾਂ ਦੇਸ਼ਾਂ ਵਿੱਚ ਵੰਡੀਆਂ ਪੈ ਗਈਆਂ ਹਨ, ਅਸੀਂ ਭਰਾ ਬਣ ਕੇ ਨਾ ਸਹੀ ਪਰ ਚੰਗੇ ਦੋਸਤ ਬਣ ਕੇ ਤਾਂ ਆਪਣੇ-ਆਪਣੇ ਦੇਸ਼ਾਂ ਵਿੱਚ ਰਹਿ ਹੀ ਸਕਦੇ ਹਾਂ। ਇਕ ਦੂਜੇ ਦੇ ਦੁੱਖ-ਸੁੱਖ ਦੇ ਭਾਈਵਾਲ ਤਾਂ ਬਣਿਆ ਹੀ ਜਾ ਸਕਦਾ ਹੈ ਅਤੇ ਇਕ ਦੂਜੇ ਨਾਲ ਪਿਆਰ ਦੀ ਸਾਂਝ ਤਾਂ ਪਾਈ ਜਾ ਸਕਦੀ ਹੈ। ਕਿਉਂਕਿ ਪਿਆਰ ਵਿੱਚ ਕਬਜ਼ੇ ਤੇ ਆਰਥਕ ਪਹਿਲੂਆਂ ਦੀ ਕੋਈ ਥਾਂ ਨਹੀਂ ਹੁੰਦੀ। ਮੈਂ ਅਤੇ ਮੇਰੇ ਦੀ ਥਾਂ ਤੇ ਤੂੰ, ਤੇ ਤੇਰਾ ਹੋ ਜਾਂਦਾ ਹੈ। ਫੇਰ ਦਿਲਾਂ ਦੇ ਰਿਸ਼ਤਿਆਂ ਵਿਚ ਪਿਆਰ ਹੀ ਪਿਆਰ ਭਰ ਜਾਂਦਾ ਹੈ, ਦਿਲਾਂ 'ਚੋਂ ਨਫਰਤ ਮੁਕ ਜਾਂਦੀ ਹੈ। ਪ੍ਰਸਿੱਧ ਸਾਹਿਤਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਵੀ ਪਿਆਰ ਨੂੰ ਪਰਿਭਾਸ਼ਤ ਕਰਦਿਆਂ ਆਖਦਾ ਹੈ ਕਿ "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ" ਅਤੇ ਜਦੋਂ ਇਹ ਬਾਤ ਸਮਝ ਆ ਜਾਵੇ ਤਾਂ ਫੇਰ "ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭੁ ਪਾਇਓ" ਵਾਲੀ ਅਵਸਥਾ ਆ ਜਾਂਦੀ ਹੈ। ਸਭ ਪਰਾਏ ਵੀ ਆਪਣੇ ਲੱਗਣ ਲਗ ਪੈਂਦੇ ਹਨ। ਦੇਸ਼ਾਂ ਦੀਆਂ ਸਰਹੱਦਾਂ ਵੀ ਮੁੱਕ ਜਾਂਦੀਆਂ ਹਨ, ਦੁਸ਼ਮਣ ਵੀ ਮਿੱਤਰ ਬਣ ਜਾਂਦੇ ਹਨੇ ਅਤੇ ਏਕ ਨੇ ਕਹੀ ਦੂਸਰੇ ਨੇ ਮਾਨੀ ਵਾਲੀ ਅਵਸਥਾ ਆ ਜਾਂਦੀ ਹੈ।

ਅਸਲ ਵਿਚ ਜਿਸ ਵਿਸਵੀਕਰਨ ਦੀ ਗੱਲ ਅੱਜ ਪੂਰੇ ਵਿਸ਼ਵ ਵਿੱਚ ਹੋ ਰਹੀ ਹੈ, ਸਹੀ ਅਰਥਾਂ ਵਿੱਚ ਵਿਸ਼ਵੀਕਰਨ ਤਾਂ ਪਿਆਰ ਅਤੇ ਸਾਂਝ ਦਾ ਰਾਹ ਹੀ ਹੈ। ਜਿਥੇ ਵਿਸ਼ਵ ਚੋਂ ਸਰਹੱਦਾਂ ਮੁੱਕ ਜਾਣ, ਦੁਨੀਆਂ ਮਿਤੱਰ ਤੇ ਦੋਸਤਾਂ ਵਾਂਗ ਰਹਿਣਾ ਸ਼ੁਰੂ ਕਰ ਦੇਵੇ। ਇਹ ਸੰਦੇਸ਼ ਹੀ ਕਹਾਣੀਕਾਰ ਆਪਣੀ ਇਸ ਕਹਾਣੀ ਰਾਹੀਂ ਦਿੰਦਾ ਹੋਇਆ ਜਾਪਦਾ ਹੈ।

——————

**ਹਵਾਲੇ**


1. ਜਿੰਦਰ (ਸੰਪਾ.), ਸੁਖਪਾਲ ਸਿੰਘ ਹੁੰਦਲ (ਅਨੁ.), ਸਲੀਮ ਖਾਨ ਗਿੱਮੀ ਦੀਆਂ ਚੋਣਵੀਆਂ ਕਹਾਣੀਆਂ (ਲਹਿੰਦੇ ਪੰਜਾਬ ਦੀਆਂ ਕਹਾਣੀਆਂ), ਸੰਗਮ ਪਬਲਿਕੇਸ਼ਨਜ਼, ਪਟਿਆਲਾ, 2020, ਪੰਨਾ- 22

2. ਉਹੀ, ਪੰਨਾ- 13

3. ਉਹੀ, ਪੰਨਾ- 20

4. ਉਹੀ, ਪੰਨਾ- 21

5. ਉਹੀ, ਪੰਨਾ- 27

6. ਜਿੰਦਰ (ਸੰਪਾ.), ਸੁਖਪਾਲ ਸਿੰਘ ਹੁੰਦਲ (ਅਨੁ.), ਸਲੀਮ ਖਾਨ ਗਿੱਮੀ ਦੀਆਂ ਚੋਣਵੀਆਂ ਕਹਾਣੀਆਂ (ਲਹਿੰਦੇ ਪੰਜਾਬ ਦੀਆਂ ਕਹਾਣੀਆਂ), ਸੰਗਮ ਪਬਲਿਕੇਸ਼ਨਜ਼, ਪਟਿਆਲਾ, 2020, ਪੰਨਾ- 65.

7. ਉਹੀ, ਪੰਨਾ-66

8. ਉਹੀ, ਪੰਨਾ- 67

9. ਉਹੀ, ਪੰਨਾ- 69

10. ਉਹੀ, ਪੰਨਾ- 70



ਡਾ. ਤਰਨਜੀਤ ਕੌਰ
ਅਸੋਸੀਏਟ ਪ੍ਰੋਫੈਸਰ
ਪੰਜਾਬੀ ਵਿਭਾਗ
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ
ਦਿੱਲੀ ਯੂਨੀਵਰਸਿਟੀ
(ਮੋ.) 8700416670

## ਸਮਾਜਕ ਯਥਾਰਥਵਾਦ ਨੂੰ ਉਲੀਕਦੀ ਕਹਾਣੀ : ਪਾਣੀ ਦੇ ਪਹਾੜ

ਡਾ. ਤਰਨਜੀਤ ਕੌਰ

ਪਾਕਿਸਤਾਨੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਸਲੀਮ ਖਾਨ ਗਿੱਮੀ ਇਕ ਜਾਣਿਆ-ਪਛਾਣਿਆ ਨਾਂ ਹੈ। ਆਪ ਦਾ ਜਨਮ 29 ਜੂਨ 1932 ਨੂੰ ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਵਿਚ ਹੋਇਆ। ਆਪ ਨੇ ਕਹਾਣੀ, ਨਾਵਲ, ਸਫਰਨਾਮਾ ਅਤੇ ਬਾਲ ਸਾਹਿਤ ਉਪਰ ਰਚਨਾ ਕਰਕੇ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਲੋਹਾ ਮਨਵਾਇਆ। ਗਿੱਮੀ ਦੀਆਂ ਪੰਜਾਬੀ ਕਹਾਣੀਆਂ ਕਈ ਅਦਬੀ ਰਸਾਲਿਆਂ ਵਿਚ ਛਪਦੀਆਂ ਰਹੀਆਂ। ਪਾਕਿਸਤਾਨੀ ਸਮਾਜ ਦੇ ਯਥਾਰਥਕ ਜੀਵਨ ਦੀ ਝਲਕ ਨੂੰ ਆਪ ਨੇ ਆਪਣੀ ਕਲਮ ਰਾਹੀਂ ਕਲਾਤਮਕ ਰੂਪਾਂਤਰਨ ਦਿੱਤਾ। ਕਹਾਣੀ ਲਿਖਣ ਬਾਰੇ ਆਪ ਦੇ ਵਿਚਾਰ ਹਨ ਕਿ:-

"ਮੈਂ ਏਸ ਪਾਸੋਂ ਇਸ ਕਰਕੇ ਤਵੱਜੋ ਦਿੱਤੀ ਕਿ ਕਹਾਣੀ ਵਿਚ ਕਿਰਦਾਰਾਂ ਰਾਹੀਂ ਲੋਕਾਈ ਦੇ ਜ਼ਿਹਨੀ, ਜਜ਼ਬਾਤੀ ਅਤੇ ਮੁਆਰਸ਼ਕੀ ਹਾਲਾਤ ਸਾਹਮਣੇ ਲਿਆਂਦੇ ਜਾ ਸਕਦੇ ਨੇ।"

ਆਪ ਦੀ ਕਹਾਣੀ 'ਪਾਣੀ ਦੇ ਪਹਾੜ' ਵੀ ਸਮਾਜਕ ਜੀਵਨ ਦੀ ਤਸਵੀਰ ਉਲੀਕਦੀ ਇਕ ਅਜਿਹੀ ਹੀ ਕਹਾਣੀ ਹੈ ਜਿਸ ਵਿਚ ਆਪ ਨੇ ਸਮਾਜ ਦੇ ਵੱਖ ਵੱਖ ਵਰਗਾਂ ਦੇ ਜੀਵਨ, ਵਿਹਾਰ ਅਤੇ ਵਿਚਾਰਾਂ ਨੂੰ ਸ਼ਾਬਦਿਕ ਰੂਪ ਦਿੱਤਾ ਹੈ। ਇਹ ਕਹਾਣੀ ਸਮਾਜਕ ਯਥਾਰਥ ਨੂੰ ਉਲੀਕਦੀ ਸਮਾਜ ਦੇ ਵਿਭਿੰਨ ਵਰਗਾਂ ਦੇ ਯਥਾਰਥ ਨੂੰ ਪੇਸ਼ ਕਰ ਜਾਂਦੀ ਹੈ। "ਅਸਲ ਵਿਚ ਯਥਾਰਥਵਾਦ ਕਲਾ ਅਤੇ ਸਾਹਿਤ ਦੇ ਸੰਦਰਭ ਵਿਚ ਦਿਖਦੇ ਸੱਚ ਦੇ ਨਾਲ ਇਸਦੀ ਕੁੱਖ ਵਿਚਲੇ ਲੁਕਵੇਂ ਤੱਤਾਂ ਦੇ ਸਾਰ-ਤੱਤ ਨੂੰ ਉਭਾਰਨ, ਗ੍ਰਹਿਣ ਕਰਨ, ਪ੍ਰਸਤੁਤ ਕਰਨ ਅਤੇ ਇਹਨਾਂ ਦੇ ਪਿੱਛੇ ਕੰਮ ਕਰ ਰਹੇ ਬਾਹਰਮੁਖੀ ਨਿਯਮਾਂ ਨੂੰ ਉਜਾਗਰ ਕਰਨ ਵਿਚ ਰੁਚਿਤ ਹੁੰਦਾ ਹੈ।" ਇਸ ਦ੍ਰਿਸ਼ਟੀ ਤੋਂ ਸਮਾਜਕ ਯਥਾਰਥ ਦਾ ਪੱਲਾ ਫੜ੍ਹੀ ਇਹ ਕਹਾਣੀ ਸਮਾਜ ਦੇ ਵਿਭਿੰਨ ਵਰਗਾਂ ਦੀ ਵਿਹਾਰ ਨੂੰ ਪੇਸ਼ ਕਰਦੀ ਸਮਕਾਲੀ ਸਮਾਜਕ ਤਸਵੀਰ ਉਲੀਕਦੀ ਦਿਖਾਈ ਦਿੰਦੀ ਹੈ।

ਇਸ ਕਹਾਣੀ ਦੇ ਪਿਛੋਕੜ ਵਿਚੋਂ ਪਾਕਿਸਤਾਨ ਦੀ ਸਮਾਜਕ ਪਰਿਸਥਿਤੀਆਂ ਨੂੰ ਵੇਖਿਆ ਜਾ ਸਕਦਾ ਹੈ। ਜਿਸ ਦੇ ਅੰਤਰਗਤ ਪਾਕਿਸਤਾਨ ਦੇ ਹੋਂਦ ਵਿਚ ਆਉਣ ਦੀ ਘਟਨਾ ਕਾਰਜਸ਼ੀਲ ਹੈ। ਪਾਕਿਸਤਾਨ ਬਣਨ ਦੀ ਘਟਨਾ ਨੇ ਇਥੋਂ ਦੀ ਸਮਾਜਕ, ਆਰਥਕ, ਧਾਰਮਕ ਅਤੇ ਸਭਿਆਚਾਰਕ ਸਥਿਤੀ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਦੇਸ਼ ਵੰਡ ਦੇ ਵੇਲੇ ਹੋਈ ਲੁੱਟਮਾਰ ਅਤੇ ਇਨਸਾਨੀਅਤ ਦੇ ਘਾਣ ਨੇ ਸਮਾਜਕ ਸਥਿਤੀ ਨੂੰ ਝੰਜੋੜ ਕੇ ਰਖ ਦਿੱਤਾ। ਫਿਰਕੂ ਫਸਾਦਾਂ ਦੇ ਕਾਰਨ ਲੋਕਾਂ ਦਾ ਸਦਾਚਾਰਕ ਪਤਨ ਹੋਇਆ ਅਤੇ ਸਾਂਝੀਵਾਲਤਾ ਨੂੰ ਧੱਕਾ ਲਗਿਆ। ਇਸ ਵੇਲੇ ਹੋਈ ਲੁੱਟਮਾਰ ਦੇ ਕਾਰਨ ਭਿੱਖਿਆ ਮੰਗਣ ਦੀ ਪ੍ਰਵਿਰਤੀ, ਵੇਸਵਾਪੁਣਾ ਅਤੇ ਫੋਕੇ ਵਹਿਮ-ਭਰਮਾਂ ਵਿਚ ਵੀ ਵਾਧਾ ਹੋ ਗਿਆ। ਕਈ ਪਾਕਿਸਤਾਨੀ ਪੰਜਾਬੀ ਸਾਹਿਤਕਾਰਾਂ ਨੇ ਅਜਿਹੀਆਂ ਸਮਾਜਕ ਸਮੱਸਿਆਵਾਂ ਨੂੰ ਆਪਣੀ ਕਲਮ ਰਾਹੀਂ ਪੇਸ਼ ਕੀਤਾ। ਸਲੀਮ ਖਾਨ ਗਿੱਮੀ ਦੀ ਕਹਾਣੀ 'ਪਾਣੀ ਦੇ ਪਹਾੜ' ਵੀ ਸਮਾਜ ਦੇ ਅਜਿਹੇ ਯਥਾਰਥ ਦੀ ਪੇਸ਼ਕਾਰੀ ਨਾਲ ਸੰਬੰਧਤ ਕਹਾਣੀ ਹੈ।



ਦੇਸ਼ ਵੰਡ ਤੋਂ ਬਾਅਦ ਆਰਥਕ ਅਤੇ ਸਮਾਜਕ ਪੱਖੋਂ ਵੀ ਪਾਕਿਸਤਾਨ ਦੇ ਹਾਲਾਤ ਕੋਈ ਬਹੁਤੇ ਆਸਵੰਦ ਨਹੀਂ ਸਨ। ਇਸ ਕਰਕੇ ਜਿਥੇ ਇਕ ਪਾਸੇ ਗ਼ਰੀਬੀ, ਬੇਵਸਾਹੀ ਦੇ ਵਾਤਾਵਰਨ ਨੇ ਇਥੋਂ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਉਥੇ ਅੰਧ-ਵਿਸ਼ਵਾਸਾਂ ਅਤੇ ਕੱਟੜਪੰਥੀ ਰਹੁ-ਰੀਤਾਂ ਦੇ ਸ਼ਿੰਕਜੇ ਤੋਂ ਵੀ ਇਥੋਂ ਦੀ ਲੋਕਾਈ ਬਚ ਨਾ ਸਕੀ। ਹਾਲਾਂਕਿ ਪਾਕਿਸਤਾਨ ਦੇ ਕਹਾਣੀਕਾਰਾਂ ਨੇ ਬਹੁਤਾ ਕਰਕੇ ਆਪਣੇ ਦੇਸ਼ ਦੀਆਂ ਧਾਰਮਕ-ਰਹੁਰੀਤਾਂ ਅਤੇ ਧਾਰਮਕ ਵਿਸ਼ਵਾਸਾਂ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਨਹੀਂ ਕੀਤਾ। ਕੁਝ ਗਿਣਤੀ ਮਿਣਤੀ ਦੇ ਲੇਖਕਾਂ ਨੇ ਹੀ ਧਰਮ ਦੇ ਵਿਸ਼ੇ ਉਪਰ ਆਪਣੀ ਕਲਮ ਅਜ਼ਮਾਈ ਹੈ। ਪਰੰਤੂ ਇਨ੍ਹਾਂ ਵਿਚੋਂ ਸਲੀਮ ਖਾਨ ਗਿੱਮੀ ਖਾਸ ਤੌਰ 'ਤੇ ਅਜਿਹਾ ਨਾਮ ਹੈ ਜਿਸ ਨੇ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਪੇਸ਼ ਕਰਨ ਦੇ ਨਾਲ ਨਾਲ ਧਰਮ ਦੇ ਵਿਚ ਆ ਰਹੇ ਵਹਿਮ-ਭਰਮ ਨੂੰ ਵੀ ਆਪਣੀ ਕਲਮ ਰਾਹੀਂ ਬਿਆਨ ਕੀਤਾ। ਗਿੱਮੀ ਦੀ ਕਹਾਣੀ 'ਪਾਣੀ ਦੇ ਪਹਾੜ' ਧਰਮ ਦੀ ਆੜ ਵਿਚ ਸਿੱਧੇ ਸਾਦੇ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਧਰਮ ਦੇ ਠੇਕੇਦਾਰਾਂ ਦੀ ਸੱਚਾਈ ਨੂੰ ਨੰਗਿਆਂ ਕਰਦੀ ਹੈ।

ਹੱਥਲੀ ਕਹਾਣੀ ਵਿਚ ਕਹਾਣੀਕਾਰ ਨੇ ਖਾਸ ਤੌਰ 'ਤੇ ਧਰਮ ਦੇ ਨਾਂ 'ਤੇ ਭੋਲੀ ਭਾਲੀ ਜਨਤਾ ਨੂੰ ਮੂਰਖ ਬਣਾ ਰਹੇ ਪੀਰ ਸ਼ਾਹ ਵਰਗੇ ਪਾਖੰਡੀਆਂ ਦਾ ਪਾਜ਼ ਉਘਾੜਨ ਦਾ ਯਤਨ ਕੀਤਾ ਹੈ। ਇਹ ਕਹਾਣੀ ਪਾਖੰਡੀ ਸਾਧੂਆਂ ਦੇ ਚਿਹਰਿਆਂ 'ਤੇ ਚੜ੍ਹੇ ਸ਼ਰਾਫਤ ਦੇ ਨਕਾਬ ਨੂੰ ਉਤਾਰ ਕੇ ਰਖ ਦਿੰਦੀ ਹੈ। ਇਨ੍ਹਾਂ ਦੁਆਰਾ ਲਗਾਏ ਗਏ ਮੇਲੇ ਅਸਲ ਵਿਚ ਜਨਤਾ ਨੂੰ ਲੁੱਟਣ ਦਾ ਸਾਧਨ ਹੁੰਦੇ ਸਨ। ਇਹ ਪੀਰ ਜਨਤਾ ਨੂੰ ਲੁੱਟ ਕੇ ਆਪਣੇ ਘਰ ਭਰਦੇ ਅਤੇ ਇਹ ਪੈਸਾ ਆਪਣੀਆਂ ਅਯਾਸ਼ੀਆਂ ਵਿਚ ਉਡਾਉਂਦੇ ਰਹਿੰਦੇ:-

"ਪੀਰ ਜੀ ਹਰ ਸਾਲ ਆਪਣੇ ਮਰੀਜ਼ਾਂ ਦੇ ਘਰੀਂ ਜਾਂਦੇ ਸਨ। ਨਿਆਜ਼ਾ ਵਸੂਲ ਕਰਦੇ ਤੇ ਤਾਵੀਜ਼ ਧਾਗੇ ਦਿੰਦੇ ਸਨ। ਨਜ਼ਰ ਨਿਆਜ਼ਾਂ ਦੇ ਛੇ ਸੱਤ ਹਜ਼ਾਰ ਰੁਪਏ ਕਾਬੂ ਕਰਨ ਦੇ ਬਾਅਦ ਉਹ ਆਪਣੇ ਗਰਾਂ ਆਉਂਦੇ ਸਨ ਤੇ ਮੇਲਾ ਲਵਾਉਂਦੇ ਸਨ। ਜਿਹਦੇ ਵਿਚ ਕੰਜਰੀਆਂ, ਨਾਚੇ, ਭੰਡ ਭਗਤੀਏ ਤੇ ਰਾਸਧਾਰੀਏ ਆਪਣੇ ਫਨ ਦਾ ਮੁਜ਼ਾਹਰਾਂ ਕਰਕੇ ਲੋਕਾਂ ਦੇਖੀਸੇ ਖਾਲੀ ਕਰਦੇ ਸਨ। ਮੇਲੇ ਉਤੇ ਫਸਾਦ ਵੀ ਹੁੰਦਾ ਸੀ ਤੇ ਚੋਰੀ ਚਕਾਰੀ ਵੀ ਤੇ ਅਗਵਾ ਦੀਆਂ ਵਾਰਦਾਤਾਂ ਜਿੰਨੀਆਂ ਹੁੰਦੀਆਂ ਸਨ, ਮੇਲੇ ਤੇ ਪੀਰ ਦੀ ਓਨੀ ਹੀ ਮਸ਼ਹੂਰੀ ਹੁੰਦੀ ਸੀ।"

ਪੀਰਾਂ ਫਕੀਰਾਂ ਵੱਲੋਂ ਪਿੰਡੇ ਦੇ ਭੋਲੇ ਭਾਲੇ ਲੋਕਾਂ ਨੂੰ ਆਪਣੇ ਮਗਰ ਲਾਉਣ ਲਈ ਗ਼ੈਬੀ ਸ਼ਕਤੀ ਅਤੇ ਆਪਣੀਆਂ ਕਰਾਮਾਤਾਂ ਦੇ ਦਾਅਵੇ ਕੀਤੇ ਜਾਂਦੇ ਹਨ। ਪਰੰਤੂ ਜਦੋਂ ਅਸਲੀਅਤ ਦਾ ਸਾਹਮਣਾ ਹੁੰਦਾ ਹੈ ਤਾਂ ਇਹ ਪੀਰ ਫਕੀਰ ਕੁਝ ਨਹੀਂ ਕਰ ਪਾਉਂਦੇ। ਉਦਾਹਰਨ ਲਈ ਕਹਾਣੀ ਵਿਚਲਾ ਪੀਰ ਆਪਣੇ ਚੇਲਿਆਂ ਨੂੰ ਦਸਦਾ ਹੈ ਕਿ ਉਹ ਹੜ੍ਹ ਨੂੰ ਫੂਕ ਮਾਰ ਕੇ ਰੋਕ ਸਕਦਾ ਹੈ ਪਰੰਤੂ ਜਦੋਂ ਉਸ ਦੇ ਚੇਲੇ ਉਸ ਨੂੰ ਹੜ੍ਹ ਰੋਕਣ ਲਈ ਕਹਿੰਦੇ ਹਨ ਤਾਂ ਝੂਠਾ ਦਿਖਾਵਾ ਕਰਦਾ ਆਖਦਾ ਹੈ ਕਿ ਅਜੇ ਅਲ੍ਹਾਂ ਦਾ ਹੁਕਮ ਨਹੀਂ ਹੋਇਆ। ਹੜ੍ਹ ਰੋਕਣ ਦਾ ਦਾਅਵਾ ਕਰਨ ਵਾਲਾ ਇਹ ਪੀਰ ਅਖੀਰ ਵਿਚ ਆਪ ਹੀ ਹੜ੍ਹ ਵਿਚ ਰੁੜ੍ਹ ਜਾਂਦਾ ਹੈ।

ਸਲੀਮ ਖਾਨ ਗਿੱਮੀ ਨੇ ਇਸ ਕਹਾਣੀ ਵਿਚ ਪੀਰ ਦੇ ਵਿਵਹਾਰ ਨੂੰ ਬਾਖੂਬੀ

ਚਿਤਰਿਆ ਹੈ। ਇਹ ਪੀਰ ਨਮਾਜ਼ ਅਤੇ ਰੋਜ਼ਿਆਂ ਨੂੰ ਨਹੀਂ ਮੰਨਦੇ ਸਗੋਂ ਅੱਯਾਸ਼ੀਆਂ ਅਤੇ ਲੁੱਟ ਖਸੁੱਟ ਵਿਚ ਜ਼ਿੰਦਗੀ ਜੀਉਂਦੇ ਹਨ। ਇਨ੍ਹਾਂ ਨੇ ਤਾਲੀਮ ਹਾਸਲ ਹੀ ਨਹੀਂ ਕੀਤੀ ਹੁੰਦੀ ਅਤੇ ਇਕ ਦੋ ਜਿਹੜੀਆਂ ਗੱਲਾਂ ਤੋਂ ਜਾਣੂ ਹੁੰਦੇ ਹਨ ਉਨ੍ਹਾਂ ਨੂੰ ਹੀ ਆਧਾਰ ਬਣਾ ਕੇ ਭੋਲੇ ਭਾਲੇ ਲੋਕਾਂ ਨੂੰ ਮੂਰਖ ਬਣਾਉਂਦੇ ਰਹਿੰਦੇ ਹਨ:-

"ਸ਼ਾਹ ਜੀ ਨਮਾਜ਼, ਰੋਜ਼ਾ, ਹੱਜ ਜ਼ਕਾਤ ਦੇ ਕਾਇਲ ਨਹੀਂ ਸਨ। ਉਹ ਕਹਿੰਦੇ ਸਨ, ਸ਼ਰੀਅਤ ਤੋਂ ਉੱਚੇ ਨੇ। ਉਹ ਤਰੀਕਤ ਤੇ ਮਾਰਫਤ ਉਤੇ ਚਲਦੇ ਨੇ। ਅਸਲ ਗੱਲ ਇਹ ਸੀ ਪਈ ਸ਼ਾਹ ਜੀ ਨੂੰ ਨਾ ਸ਼ਰੀਅਤ ਦਾ ਪਤਾ ਸੀ, ਨਾ ਤਰੀਕਤ ਦਾ ਤੇ ਨਾ ਈਂ ਮਾਰਫਤ ਦਾ। ਤਾਲੀਮੀ ਇਤਬਾਰ ਨਾਲ ਉਹ ਦੂਜੀ ਜਮਾਤ ਪਾਸ ਸਨ।"

ਕਹਾਣੀਕਾਰ ਦਸਦਾ ਹੈ ਕਿ ਇਹ ਪੀਰ ਕਿਸੇ ਦੀ ਨੱਸੀ ਜਨਾਨੀ ਨੂੰ ਵਾਪਸ ਬੁਲਾਉਣ ਲਈ ਉਸ ਨੂੰ ਤਾਵੀਜ਼ ਦਿਆ ਕਰਦੇ ਹਨ। ਪਰ ਕਮਾਲ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਦੇ ਤਾਵੀਜ਼ਾਂ ਨਾਲ ਕਦੇ ਕਿਸੇ ਦੀ ਨੱਸੀ ਹੋਈ ਜਨਾਨੀ ਨਹੀ ਸੀ ਮੁੜਦੀ। ਪਰੰਤੂ ਫਿਰ ਵੀ ਇਹ ਧੋਖੇਬਾਜ਼ ਲੋਕਾਂ ਨੂੰ ਮੂਰਖ ਬਣਾਉਣ ਵਿਚ ਕਾਮਯਾਬ ਰਹਿੰਦੇ ਹਨ। ਇਹ ਪੀਰ ਆਪਣੇ ਅੱਠ - ਦੱਸ ਚੇਲੇ-ਚਪਾਟਿਆਂ ਨੂੰ ਨਾਲ ਨਾਲ ਲਈ ਫਿਰਦੇ ਅਤੇ ਜਿਥੇ ਕਿਤੇ ਕੋਈ ਇਨ੍ਹਾਂ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕਰਦਾ, ਇਹ ਚੇਲੇ ਝਟ ਇਨ੍ਹਾਂ ਦੇ ਨਾਲ ਹੋ ਕੇ ਉਸ ਦੇ ਖਿਲਾਫ ਖੜ੍ਹੇ ਹੋ ਜਾਂਦੇ। ਉਦਾਹਰਣ ਲਈ ਜਦੋਂ ਮੱਲਾਹ ਸੱਪ ਨੂੰ ਮਾਰ ਦਿੰਦਾ ਹੈ ਅਤੇ ਪੀਰ ਉਸ ਨੂੰ ਕਹਿੰਦਾ ਹੈ ਕਿ ਇਹ ਸੱਪ ਜ਼ਹਿਰੀਲਾ ਸੀ ਤਾਂ ਇਸ ਦੇ ਜਵਾਬ ਵਿਚ ਮੱਲਾਹ ਉਸ ਨੂੰ ਦਸਦਾ ਹੈ ਕਿ ਇਹ ਸੱਪ ਜ਼ਹਿਰੀਲਾ ਨਹੀਂ ਸੀ ਮਿੱਠਾ ਸੱਪ ਸੀ ਜੋ ਵੈਸੇ ਤਾਂ ਕਿਸੇ ਨੂੰ ਡੰਗਦਾ ਨਹੀਂ ਅਤੇ ਜੇ ਡੰਗ ਵੀ ਲਵੇ ਤਾਂ ਇਸ ਦੇ ਡੰਗਣ ਦਾ ਕੋਈ ਅਸਰ ਨਹੀਂ ਹੁੰਦਾ। ਮੱਲਾਹ ਦੇ ਉਲਟ ਜਵਾਬ ਦੇਣ 'ਤੇ ਪੀਰ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਮੱਲਾਹ ਨੇ ਉਸ ਦੀ ਬੇਇਜ਼ਤੀ ਕੀਤੀ ਹੈ। ਆਪਣੇ ਪੀਰ ਨੂੰ ਨਾਰਾਜ਼ ਦੇਖ ਕੇ ਉਸ ਦੇ ਮੁਰੀਦ ਗੱਲ ਸੰਭਾਲ ਲੈਂਦੇ ਹਨ:-

"ਪੀਰ ਜੀ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਪਈ ਮਲਾਹ ਨੇ ਇਹ ਕਹਿ ਕੇ ਉਹਦੀ ਬੇਇਜ਼ਤੀ ਕੀਤੀ ਏ ਪਈ ਸੱਪ ਜ਼ਹਿਰੀ ਨਹੀਂ ਸੀ। ਮਾੜਚੂ ਜਿਹਾ ਮੁਰੀਦ ਬੋਲਿਆ, "ਇਸ ਮਲਾਹ ਨੂੰ ਕੀ ਪਤਾ ਜ਼ਹਿਰੀ ਸੱਪ ਕੀ ਹੁੰਦਾ ਏ ?"

ਇਸ ਪ੍ਰਕਾਰ ਇਹ ਚੇਲੇ ਚਪਾਟੇ ਆਪਣੇ ਪੀਰ ਦੀ ਹਰ ਠੀਕ-ਗਲਤ ਗੱਲ ਦਾ ਪੱਖ ਪੂਰਦੇ ਦਿਖਾਈ ਦਿੰਦੇ ਹਨ ਅਤੇ ਜੇਕਰ ਮੌਕਾ ਮਿਲੇ ਤਾਂ ਵਿਰੋਧ ਕਰਨ ਵਾਲਿਆਂ ਉਪਰ ਹਮਲਾ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਦਾਹਰਨ ਦੇ ਤੌਰ 'ਤੇ ਬੀਰਾ ਕੰਜਰੀ ਵੱਲੋਂ ਪੀਰ ਦਾ ਅਪਮਾਨ ਕਰਨ 'ਤੇ ਇਹ ਮੁਰੀਦ ਉਸ ਨੂੰ ਮਾਰਣ ਲਈ ਦੌੜਦੇ ਹਨ ਅਤੇ ਰੁਕਨਦੀਨ ਤੇ ਕੁਦਰਤ ਅੱਲਾ ਵਿਚ ਪੈ ਗਏ ਝਗੜਾ ਸੁਲਝਾਉਂਦੇ ਹਨ। ਪੀਰ ਬੀਰਾ ਕੰਜਰੀ ਨੂੰ ਨਾਪਾਕ ਔਰਤ ਕਹਿ ਕੇ ਸੰਬੋਧਿਤ ਕਰਦਾ ਹੈ ਅਤੇ ਬੀਰਾ ਕੰਜਰੀ ਉਸ ਨੂੰ ਝੂਠਾ ਅਤੇ ਉਸ ਦੀਆਂ ਗੱਲਾਂ ਨੂੰ ਬਕਵਾਸ ਦਸਦੀ ਹੈ:-

"ਕੰਜਰੀ ਗੁੱਸੇ ਵਿਚ ਆ ਗਈ, ਔਖੀ ਹੋ ਕੇ ਬੋਲੀ: ਝੂਠਿਆ ਪੀਰਾ, ਮੂੰਹ ਸੰਭਾਲ ਕੇ ਗੱਲ ਕਰ, ਤੇਰੇ ਵਰਗੇ ਪਾਕਿ ਸਾਫ ਮੇਰੇ ਪਿੱਛੇ ਪਿੱਛੇ ਫਿਰਦੇ ਨੇ।"

ਇਹੋ ਜਿਹੇ ਪੀਰਾਂ ਦੀ ਅਸਲੀਅਤ- ਮੁਖ ਹੋਰ ਮਨ ਹੋਰ ਨੂੰ ਵੀ ਕਹਾਣੀਕਾਰ ਨੇ



ਬਾਖੂਬੀ ਕਲਾਤਮਕ ਰੂਪਾਂਤਰਨ ਦਿੱਤਾ ਹੈ। ਸਾਰਾ ਸਮਾਂ ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਤੁਰਨ ਵਾਲਾ ਪੀਰ, ਜਦੋਂ ਮਰਨ ਵੇਲਾ ਨਜ਼ਦੀਕ ਆਇਆ ਦੇਖਦਾ ਹੈ ਤਾਂ ਆਪਣੇ ਚੇਲਿਆਂ ਨੂੰ ਛੱਡ ਆਪ ਮੱਲਾਹ ਨੂੰ ਪੈਸੇ ਦੇ ਕੇ ਝੱਟ ਬੇੜੀ ਵਿਚ ਬੈਠ ਜਾਂਦਾ ਹੈ ਅਤੇ ਆਪਣੇ ਚੇਲਿਆਂ ਦੀ ਪਰਵਾਹ ਨਹੀਂ ਕਰਦਾ। ਇਸੇ ਪ੍ਰਕਾਰ, ਬੀਰਾ ਕੰਜਰੀ ਵਰਗੀਆਂ ਔਰਤਾਂ ਤੋਂ ਦੂਰ ਰਹਿਣ ਦੀ ਸਿੱਖਿਆ ਦੇਣ ਵਾਲਾ ਪੀਰ ਅਖੀਰ ਵਿਚ ਉਸ ਨੂੰ ਜੱਫੀ ਪਾ ਕੇ ਪਿਆ ਹੁੰਦਾ ਹੈ:-

"ਦੂਜੇ ਦਿਨ ਸਵੇਰੇ ਦਰਿਆ ਦੇ ਲਾਗੇ ਸ਼ਾਗੇ ਦੇ ਪਿੰਡਾਂ ਵਿਚ ਇਹ ਖਬਰ ਪਹੁੰਚੀ ਪਈ ਰਾਤ ਨਾਲੇ ਵਿਚ ਇਕ ਬੇੜੀ ਮੂਧੀ ਹੋਈ ਏ। ਬਾਕੀ ਸਾਰੇ ਬੱਚ ਗਏ ਨੇ ਪਰ ਨਰਵਾਲ ਦਾ ਪੀਰ, ਸਿਆਲਕੋਟ ਦੀ ਕੰਜਰੀ ਤੇ ਰਹਿਮਤਪੁਰ ਦਾ ਚੌਧਰੀ ਡੁੱਬ ਕੇ ਮਰ ਗਏ ਨੇ। ਚੌਧਰੀ ਦੀ ਲਾਸ਼ ਲਾਪਤਾ ਏ ਪਰ ਪੀਰ ਤੇ ਕੰਜਰੀ ਦੀਆਂ ਲਾਸ਼ਾਂ ਮਿਲ ਗਈਆਂ ਨੇ। ਉਹਨਾਂ ਦੀਆਂ ਲਾਸ਼ਾਂ ਕਮਾਦ ਵਿਚ ਲੁਕੀਆਂ ਹੋਈਆਂ ਸਨ ਤੇ ਦੋਹਾਂ ਨੇ ਜੱਫੀ ਪਾਈ ਹੋਈ ਸੀ।"

ਇਹ ਕਹਾਣੀ ਲੋਕਾਂ ਦੇ ਅੰਨੇ ਧਾਰਮਕ ਵਿਸ਼ਵਾਸ ਨੂੰ ਭੰਡਣ ਦੇ ਨਾਲ ਨਾਲ ਸਮਾਜ ਵਿਚ ਫੈਲੇ ਹੋਏ ਅਮੀਰ ਗ਼ਰੀਬ, ਉੱਚੇ ਨੀਵੇਂ ਵਰਗ ਦੀ ਅਸਲੀਅਤ ਨੂੰ ਵੀ ਬਿਆਨ ਕਰਦੀ ਹੈ। ਆਰਥਕ ਕਾਣੀ ਵੰਡ ਦੇ ਕਾਰਨ ਜਿਥੇ ਇਕ ਪਾਸੇ ਅਮੀਰ ਹੋਰ ਅਮੀਰ ਹੋਈ ਜਾਂਦਾ ਹੈ, ਉਥੇ ਗ਼ਰੀਬ ਹੋਰ ਗ਼ਰੀਬ ਹੋ ਜਾਂਦਾ ਹੈ। ਇਨ੍ਹਾਂ ਅਮੀਰ ਚੌਧਰੀਆਂ ਦਾ ਵਿਹਾਰ ਵੀ ਆਪਣੇ ਕਾਮਿਆਂ, ਗਰੀਬ ਨੀਵੇਂ ਕਿਸਾਨਾਂ ਜਾਂ ਮਜ਼ਦੂਰਾਂ ਨਾਲ ਕੋਈ ਬਹੁਤ ਚੰਗਾ ਨਹੀਂ ਹੁੰਦਾ। ਹੱਥਲੀ ਕਹਾਣੀ ਸਮਾਜ ਦੇ ਅਮੀਰ ਵਰਗ ਅਤੇ ਗ਼ਰੀਬ ਵਰਗ ਦੇ ਜੀਵਨ ਦੀ ਝਲਕ ਰਾਹੀਂ ਚੌਧਰੀਆਂ ਦੇ ਗ਼ਰੀਬਾਂ ਪ੍ਰਤਿ ਵਿਹਾਰ ਨੂੰ ਵੀ ਉਜਾਗਰ ਕਰਦੀ ਹੈ। ਚੌਧਰੀ ਕੁਦਰਤ ਅੱਲਾ ਸਮਾਜ ਦੇ ਜਾਗੀਰਦਾਰੀ ਵਰਗ ਦੀ ਪ੍ਰਤਿਨਿਧਤਾ ਕਰਦਾ ਹੈ ਅਤੇ ਰੁਕਨਦੀਨ ਗ਼ਰੀਬ ਕਿਸਾਨ ਅਤੇ ਕਾਮੇ ਦੀ। ਚੌਧਰੀਆਂ ਵੱਲੋਂ ਗ਼ਰੀਬ ਕਾਮੇ ਨਾਲ ਚੰਗਾ ਸਲੂਕ ਨਹੀਂ ਕੀਤਾ ਜਾਂਦਾ। ਇਨ੍ਹਾਂ ਦਾ ਫਰਜ਼ ਆਪਣੇ ਮਾਲਕ ਦੀ ਸੇਵਾ ਕਰਨਾ ਹੁੰਦਾ ਹੈ। ਇਥੋਂ ਤੱਕ ਕਿ ਚੌਧਰੀ ਦੀਆਂ ਜੁੱਤੀਆਂ ਵੀ ਰੁਕਨਦੀਨ ਆਪਣੇ ਹੱਥਾਂ ਵਿਚ ਚੁੱਕੀ ਫਿਰਦਾ ਹੈ ਅਤੇ ਫਿਰ ਵੀ ਮਾਲਕਾਂ ਵੱਲੋਂ ਉਨ੍ਹਾਂ ਦੀ ਕੋਈ ਕਦਰ ਵੀ ਨਹੀਂ ਹੁੰਦੀ। ਇਸੇ ਕਰਕੇ ਅਣਜਾਣੇ ਹੀ ਚੌਧਰੀ ਵੱਲੋਂ 'ਭਰਾਵਾ' ਕਿਹਾ ਜਾਣਾ ਰੁਕਨਦੀਨ ਨੂੰ ਪ੍ਰਸੰਨਤਾ ਨਾਲ ਭਰ ਦਿੰਦਾ ਹੈ:-

"ਰੁਕਨਦੀਨ ਨੇ ਚੌਧਰੀ ਦੇ ਮੂੰਹੋਂ ਪਹਿਲੀ ਵਾਰੀ ਭਰਾ ਦਾ ਲਫਜ਼ ਸੁਣਿਆ, ਉਹਦੇ ਸੀਨੇ ਠੰਡ ਪੈ ਗਈ।"

ਜਾਗੀਰਦਾਰੀ ਨਿਜ਼ਾਮ ਦੀਆਂ ਕਦਰਾਂ - ਕੀਮਤਾਂ ਬਿਆਨਦਿਆਂ ਕਹਾਣੀਕਾਰ ਉਨ੍ਹਾਂ ਦੇ ਸਵਾਰਥੀ ਵਿਹਾਰ ਨੂੰ ਵੀ ਉਜਾਗਰ ਕਰ ਜਾਂਦਾ ਹੈ। ਤੂਫਾਨ ਤੋਂ ਬੱਚਣ ਲਈ ਚੌਧਰੀ ਮੱਲਾਹ ਨੂੰ ਸਿਰਫ ਆਪਣੇ ਲਈ ਸੌ ਰੁਪਈਏ ਦਿੰਦਾ ਹੈ। ਉਸ ਦੀ ਖਿਦਮਤ ਕਰਨ ਵਾਲੇ ਰੁਕਨਦੀਨ ਨੂੰ, ਉਸ ਵੇਲੇ ਚੌਧਰੀ ਭੁੱਲ ਜਾਂਦਾ ਹੈ। ਇਥੋਂ ਤੱਕ ਕਿ ਜਦੋਂ ਰੁਕਨਦੀਨ ਆਪਣੇ ਆਪ ਨੂੰ ਬਚਾਉਣ ਲਈ ਵੀ ਚੌਧਰੀ ਅੱਗੇ ਤਰਲੇ ਪਾਉਂਦਾ ਹੈ ਤਾਂ ਉਹ ਕੁਝ ਹੋਰ ਹੀ ਗੱਲਾਂ ਕਰਕੇ ਆਪਣਾ ਪੱਲਾ ਛੁਡਾਉਣ ਦੀ ਕੋਸ਼ਸ਼ ਕਰਦਾ ਹੈ। ਉਦਾਹਰਨ ਲਈ ਜਦੋਂ

ਰੁਕਨਦੀਨ ਕਹਿੰਦਾ ਹੈ ਕਿ ਉਸ ਨੂੰ ਬੇੜੀ ਵਿਚ ਬਿਠਾ ਲਿਆ ਜਾਏ ਤਾਂ ਜਵਾਬ ਵਿਚ ਚੌਧਰੀ ਆਖਦਾ ਹੈ ਕਿ ਉਹ ਤਾਂ ਆਪੇ ਤਰ ਕੇ ਪਾਰ ਲੰਘ ਜਾਵੇਗਾ। ਪਰੰਤੂ ਜਦੋਂ ਰੁਕਨਦੀਨ ਇਹ ਸ਼ੱਕ ਜ਼ਾਹਿਰ ਕਰਦਾ ਹੈ ਕਿ ਜੇਕਰ ਉਹ ਤਰਦਿਆਂ ਡੁੱਬ ਕੇ ਮਰ ਗਿਆ ਤਾਂ ਕੀ ਹੋਵੇਗਾ ? ਤਾਂ ਇਸ ਦੇ ਜਵਾਬ ਵਿਚ ਚੌਧਰੀ ਪੂਰੇ ਸਵਾਰਥੀ ਲਹਿਜ਼ੇ ਵਿਚ ਆਖਦਾ ਹੈ ਕਿ:-

"ਮੈਂ ਤੇਰੀ ਘਰ ਵਾਲੀ ਤੇ ਨਿਆਣਿਆਂ ਨੂੰ ਭੁੱਖਿਆਂ ਨਹੀਂ ਮਰਨ ਦਿੰਦਾ। ਬਹੁਤ ਜ਼ਮੀਨ ਏ ਮੇਰੀ।"

ਇੰਨੀ ਜ਼ਮੀਨ ਹੋਣ ਦੇ ਬਾਵਜੂਦ ਵੀ ਉਹ ਸੌ ਰੁਪਈਏ ਰੁਕਨਦੀਨ ਲਈ ਨਹੀਂ ਦੇ ਸਕਦਾ ਪਰ ਉਸ ਦੇ ਮਰਨ ਤੋਂ ਬਾਅਦ ਉਸ ਦੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਉਠਾਉਣ ਦੀ ਗੱਲ ਕਰਦਾ ਹੈ। ਅਸਲ ਵਿਚ ਜਾਗੀਰਦਾਰੀ ਪ੍ਰਬੰਧ ਵਿਚ ਇਹ ਗ਼ਰੀਬ ਦੋਹਰੀ ਮਾਰ ਦਾ ਸ਼ਿਕਾਰ ਹੁੰਦੇ ਹਨ। ਇਕ ਪਾਸੇ ਤਾਂ ਮਾਲਕ ਇਨ੍ਹਾਂ ਦਾ ਸ਼ੋਸ਼ਣ ਕਰਦੇ ਹਨ ਦੂਜੇ ਪਾਸੇ ਮਾਲਕ ਵਰਗ ਇਨ੍ਹਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਉਪਰ ਵੀ ਗੰਦੀ ਨਿਗਾਹ ਰਖਦੇ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਚੌਧਰੀ ਰੁਕਨਦੀਨ ਨੂੰ ਬਚਾਉਣ ਲਈ ਸੌ ਰੁਪਏ ਤੱਕ ਦੇਣ ਲਈ ਤਿਆਰ ਨਹੀਂ ਪਰ ਉਸ ਦੀ ਪਤਨੀ ਦੀ ਜ਼ਿੰਮੇਵਾਰੀ ਸੰਭਾਲਣ ਦਾ ਦਾਅਵਾ ਕਰਦਾ ਹੈ।

ਸਲੀਮ ਖਾਨ ਗਿੱਮੀ ਇਕ ਅਜਿਹਾ ਕਹਾਣੀਕਾਰ ਹੈ ਜੋ ਆਪਣੀਆਂ ਕਹਾਣੀਆਂ ਰਾਹੀਂ ਸਮਾਜ ਦੇ ਅਸਲ ਯਥਾਰਥ ਨੂੰ ਉਲੀਕਦਾ ਹੈ ਅਤੇ "ਜਦੋਂ ਕੋਈ ਕਹਾਣੀ ਆਪਣੇ ਅਸਲ ਮਾਹੌਲ ਵਿਚ ਉਲੀਕੀ ਜਾਂਦੀ ਹੈ ਤਾਂ ਇਸ ਦਾ ਸੁਭਾ ਹੋਰ ਹੋ ਜਾਂਦਾ ਹੈ।" ਸਮਾਜ ਵਿਚਲੀ ਆਰਥਕ ਕਾਣੀ ਵੰਡ ਦੇ ਕਾਰਨ ਸਮਾਜ ਦੇ ਗ਼ਰੀਬ ਗੁਰਬਿਆਂ, ਔਰਤਾਂ ਅਤੇ ਦਲਿਤਾਂ ਦੀ ਜ਼ਿੰਦਗੀ ਬਹੁਤ ਮੁਸ਼ਕਲ ਬਣ ਜਾਂਦੀ ਹੈ। ਜਾਗੀਰਦਾਰੀ ਨਿਜ਼ਾਮ ਵਿਚ ਔਰਤ ਦੀ ਸਥਿਤੀ ਬਹੁਤ ਨਿਮਾਣੀ ਹੈ। ਵੇਸਵਾਵਾਂ ਅਤੇ ਕੰਜਰੀਆਂ ਬਾਰੇ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵੱਲੋਂ ਕਈ ਕਹਾਣੀਆਂ ਵੀ ਲਿਖੀਆਂ ਗਈਆਂ। ਹੱਥਲੀ ਕਹਾਣੀ ਵਿਚ ਪੇਸ਼ ਬੀਰਾ ਕੰਜਰੀ ਦਾ ਵਤੀਰਾ ਅਤੇ ਹਾਵ ਭਾਵ ਉਸ ਦੇ ਸਮਾਜ ਵਿਚ ਹੰਢਾਏ ਅਨੁਭਵਾਂ ਨੂੰ ਵੀ ਬਿਆਨ ਕਰਦੇ ਹਨ। ਬੀਰਾ ਕੰਜਰੀ ਸਮਾਜ ਦੇ ਇਕ ਅਜਿਹੇ ਵਰਗ ਨਾਲ ਸੰਬੰਧਤ ਹੈ ਜਿਸ ਨੂੰ ਸਭਿਅ ਸਮਾਜ ਵਿਚ ਭੈੜੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਕੰਜਰੀ ਅਤੇ ਉਸ ਦਾ ਸਾਥੀ ਸਾਰੰਗੀ ਨਿਵਾਜ਼ ਉਸਤਾਦ ਦੀ ਕਮਾਈ ਦਾ ਜ਼ਰੀਆ, ਵਿਆਹਾਂ-ਸ਼ਾਦੀਆਂ 'ਤੇ ਜਾ ਕੇ ਨੱਚਣਾ ਅਤੇ ਲੋਕਾਂ ਦਾ ਦਿਲ ਲੁਭਾਉਣਾ ਹੈ। ਅਜਿਹਾ ਕਰਦਿਆਂ ਬੀਰਾ ਕੰਜਰੀ ਅਮੀਰਾਂ ਕੋਲੋਂ ਖੂਬ ਪੈਸੇ ਵੀ ਵਸੂਲ ਕਰਦੀ। ਉਸਤਾਦ ਅਤੇ ਬੀਰਾ ਕੰਜਰੀ ਦੇ ਵਾਰਤਾਲਾਪ ਅਤੇ ਉਨ੍ਹਾਂ ਦਾ ਵਤੀਰਾ ਇਨ੍ਹਾਂ ਦੇ ਪੈਸੇ ਦੀ ਭੁੱਖ ਅਤੇ ਇਹੋ ਜਿਹੇ ਬੇਸ਼ਰਮ ਜੀਵਨ ਦੀ ਤਸਵੀਰ ਉਲੀਕ ਕੇ ਰਖ ਦਿੰਦੇ ਹਨ:-

"ਤੂੰ ਵੀ ਤਾਂ ਲੱਖਾਂ ਵਿਚੋਂ ਇਕ ਹੈ ਬੀਬੀ, ਮੈਂ ਵੇਖਦਾ ਸਾਂ, ਜਦ ਤੂੰ ਪਹੁੰਚੇ ਉਤਾਂਹ ਕਰਕੇ ਨੱਚਦੀ ਸੈਂ, ਮੁੰਡੇ ਦਾ ਪਿਉ ਲਿਫ ਲਿਫ ਕੇ ਤੈਨੂੰ ਵੇਖਦਾ ਸੀ।"

ਤੇ ਮੁੱਛਾਂ ਵੀ ਮਰੋੜਦਾ ਸੀ, ਉਸਤਾਦ। ਬੀਬੀ ਅੱਖੀਆਂ ਨਚਾ ਕੇ ਬੋਲੀ ਤੇ ਉਸਤਾਦ ਹੱਸ ਪਿਆ। ਤੂੰ ਆਪ ਸਿਆਣੀ ਏਂ।



ਇਹੋ ਜਿਹਿਆਂ ਬੰਦਿਆਂ ਨੂੰ ਮੁੱਛਣਾ ਬੜਾ ਸੌਖਾ ਹੁੰਦਾ ਏ। ਬੱਸ ਅੱਖ ਦੇ ਇਸ਼ਾਰੇ ਤੇ ਜਾ ਦਿੰਦੇ ਨੇ।

ਤੇ ਨੋਟ ਵੀ। ਉਸਤਾਦ ਨੇ ਲੁੱਕਮਾ ਦਿੱਤਾ।"

ਇਸ ਕੰਜਰੀ ਨੂੰ ਆਪਣੇ ਰੂਪ - ਰੰਗ ਉਪਰ ਬਹੁਤ ਮਾਣ ਹੈ। ਪਰੰਤੂ ਉਸ ਦਾ ਇਹ ਮਾਣ ਕਹਾਣੀ ਦੇ ਅਖੀਰ ਵਿਚ ਢਹਿ-ਢੇਰੀ ਹੋ ਜਾਂਦਾ ਹੈ ਜਦੋਂ ਉਸ ਨੂੰ ਇਹ ਜਾਪਦਾ ਹੈ ਕਿ ਇਹ ਰੂਪ - ਰੰਗ ਤੂਫਾਨ ਤੋਂ ਉਸ ਦੀ ਰੱਖਿਆ ਨਹੀਂ ਕਰ ਸਕਦਾ। ਉਸ ਦੇ ਰੂਪ - ਰੰਗ ਦਾ ਕੁਦਰਤ ਦੇ ਕਹਿਰ ਉਪਰ ਕੋਈ ਅਸਰ ਨਹੀਂ ਹੋਣਾ:-

"ਬੀਰਾਂ ਨੂੰ ਵਿਚੋਂ ਲੱਗੀ ਹੋਈ ਸੀ, ਉਹ ਹਰਨੀ ਸੀ ਜਿਹੜੀ ਦੋ ਪਾਣੀਆਂ ਦੀ ਕੈਦ ਵਿਚ ਫੱਸ ਗਈ ਸੀ। ਉਹ ਸੁਬਹਾਨ-ਅੱਲਾ ਕਹਿਣ ਵਾਲੀਆਂ ਅੱਖਾਂ ਤੇ ਕੁਰਬਾਨ ਜਾਵਾਂ, ਬੋਲਣ ਵਾਲੇ ਹੋਠਾਂ ਤੋਂ ਦੂਰ ਪਾਣੀ ਦੇ ਪਹਾੜਾਂ ਵਿਚ ਜਾ ਡਿੱਗੀ ਸੀ। ਉਹ ਸਮਝ ਰਹੀ ਸੀ ਉਹਦਾ ਬਚਣਾ ਮੁਹਾਲ ਏ। ਕਠੋਰ ਦਿਲ ਹੜ੍ਹ ਉਹਦੀ ਸੁੰਦਰਤਾ ਦਾ ਜਾਣੂ ਨਹੀਂ। ਉਸ ਕਠੋਰ ਦਿਲ ਲਈ ਉਹਦੇ ਨਖਰੇ ਫਜ਼ੂਲ ਨੇ।"

ਹੱਥਲੀ ਕਹਾਣੀ ਵਿਚ ਮੱਲਾਹ ਇਕ ਸੰਤੁਲਿਤ ਪਾਤਰ ਦੇ ਰੂਪ ਵਿਚ ਪੇਸ਼ ਹੋਇਆ ਹੈ। ਉਹ ਗ਼ਲਤ ਨੂੰ ਗ਼ਲਤ ਅਤੇ ਸਹੀ ਨੂੰ ਸਹੀ ਕਹਿਣ ਦੀ ਹਿੰਮਤ ਰਖਦਾ ਹੈ। ਭਾਵੇਂ ਉਹ ਬੀਰਾ ਕੰਜਰੀ ਨੂੰ ਪਸੰਦ ਨਹੀਂ ਕਰਦਾ ਅਤੇ ਉਸ ਨੂੰ ਜਾਪਦਾ ਹੈ ਕਿ ਉਹ ਹਰਾਮ ਦੀ ਕਮਾਈ 'ਤੇ ਪਲਦੀ ਹੈ ਪਰੰਤੂ ਕਹਾਣੀ ਦੇ ਅਖੀਰ ਵਿਚ ਪੀਰ ਦੇ ਮਨਾ ਕਰਨ ਦੇ ਬਾਵਜੂਦ ਵੀ ਉਹ ਬੀਰਾ ਕੰਜਰੀ ਨੂੰ ਬੇੜੀ ਵਿਚ ਬਿਠਾਉਣ ਤੋਂ ਨਾਂਹ ਨਹੀਂ ਕਰਦਾ। ਸਗੋਂ ਕਹਿੰਦਾ ਹੈ ਕਿ:-

"ਪਾਕ ਨਾਪਾਕ ਦਾ ਫੈਸਲਾ ਅੱਲਾ ਦੇ ਹੱਥ ਏ ਸ਼ਾਹ ਜੀ।"

ਕਿਸੇ ਵੀ ਕਹਾਣੀ ਦਾ ਜਨਮ ਲੇਖਕ ਦੇ ਆਪਣੇ ਜੀਵਨ ਅਨੁਭਵਾਂ ਅਤੇ ਜੀਵਨ ਦੇ ਹੰਢਾਏ ਸੱਚ ਵਿਚੋਂ ਹੁੰਦਾ ਹੈ। ਲੇਖਕ ਦਾ ਬਚਪਨ ਅਕਸਰ ਉਸਦੀਆਂ ਕਹਾਣੀਆਂ ਵਿਚ ਉਜਾਗਰ ਹੁੰਦਾ ਹੈ। ਇਸ ਕਹਾਣੀ ਵਿਚਲੇ ਪਾਤਰ ਪੀਰ ਸ਼ਾਹ ਅਤੇ ਬੀਰਾ ਕੰਜਰੀ ਅਸਲ ਵਿਚ ਉਸਦੇ ਪਿੰਡ ਦੇ ਜੀਵਨ ਵਿਚੋਂ ਲਏ ਗਏ ਪਾਤਰ ਹਨ। ਆਪਣੇ ਇਕ ਇੰਟਰਵਿਉ ਦੌਰਾਨ ਸਲੀਮ ਖਾਨ ਗਿੱਮੀ ਇਨ੍ਹਾਂ ਬਾਰੇ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ:-

"ਪਿੰਡ ਵਿਚ ਗ਼ਰੀਬੀ ਦੇ ਹਾਲਾਤ ਸਨ। ਲੋਕ ਆਪੋ ਵਿਚ ਮੁਫਤ ਵਿਚ ਝਗੜਾ ਕਰਦੇ ਸਨ। ਪੀਰਾਂ ਫਕੀਰਾਂ ਨੂੰ ਬੜਾ ਮੰਨਦੇ ਸਨ। ਪੀਰ ਚਿਰਾਗ਼ ਸ਼ਾਹ ਦੇ ਪੈਰਾਂ ਤੇ ਮੱਥਾਂ ਰਖਦੇ ਸਨ। ਉਹ ਜੋ ਮੰਗਦਾ ਸੀ ਉਹਨੂੰ ਦੇਂਦੇ ਸਨ। ਸਾਲ ਬਾਅਦ ਉਹਦਾ (ਜੀਉਂਦੇ ਦਾ ਹੀ) ਮੇਲਾ ਕਰਵਾਉਂਦੇ ਸਨ। ਓਥੇ ਕਵਾਲੀਆਂ ਹੁੰਦੀਆਂ ਤੇ ਕੰਜਰੀਆਂ ਕੇ ਨੱਚਦੀਆਂ ਗਾਉਂਦੀਆਂ ਸਨ। ਅੰਮ੍ਰਿਤਸਰ ਤੇ ਜਲੰਧਰ ਦੇ ਕੱਵਾਲ ਆਉਂਦੇ ਸਨ ਤੇ ਲੋਕਾਂ ਨੂੰ ਲੁੱਟ ਲੈ ਜਾਂਦੇ ਸਨ। ਪਠਾਨਕੋਟ ਦੀ ਮਸ਼ਹੂਰ ਕੰਜਰੀ 'ਬਿਜਲੀ' ਆਉਂਦੀ ਹੁੰਦੀ ਸੀ ਤੇ ਹਨੇਰੀਆਂ ਪਾਉਂਦੀ ਸੀ।"

ਕਹਾਣੀ ਦਾ ਸਿਰਲੇਖ 'ਪਾਣੀ ਦੇ ਪਹਾੜ' ਪ੍ਰਤੀਕਾਤਮਕ ਹੈ। ਗ਼ੌਰ ਨਾਲ ਦੇਖਿਆ ਜਾਏ ਤਾਂ ਇਸ ਕਹਾਣੀ ਵਿਚ ਦੋ ਧਿਰਾਂ ਦਿਖਾਈ ਦਿੰਦੀਆਂ ਹਨ ਇਕ ਪਾਸੇ ਪੀਰ ਅਤੇ

ਚੌਧਰੀ ਵਰਗ ਨਾਲ ਸੰਬੰਧਤ ਸ਼ੋਸ਼ਕ ਵਰਗ ਅਤੇ ਅਮੀਰ ਵਰਗ ਹੈ ਅਤੇ ਦੂਜੇ ਪਾਸੇ ਮਲਾਹ, ਰੁਕਨਦੀਨ, ਪੀਰ ਦੇ ਚੇਲੇ ਅਤੇ ਪੇਂਡੂ ਮੁੰਡਾ, ਗਰੀਬ ਅਤੇ ਸ਼ੋਸ਼ਿਤ ਵਰਗ ਨਾਲ ਸੰਬੰਧ ਰਖਦੇ ਹਨ। ਕਹਾਣੀ ਦੇ ਵਿਚ ਪੇਸ਼ ਨਾਲਾ ਸਮਾਜ ਦੇ ਨੀਵੇਂ ਤਬਕੇ ਦੇ ਲੋਕਾਂ ਨਾਲ ਜੁੜਿਆ ਹੈ ਅਤੇ ਦਰਿਆ ਉਚੇ ਵਰਗ ਨਾਲ ਸੰਬੰਧਤ ਹੈ। ਦਰਿਆ ਵਿਚ ਪਾਣੀ ਦਾ ਉਛਾਲ ਅਮੀਰਾਂ ਦੀ ਤਾਕਤ ਵੱਧਣ ਦਾ ਸੰਦੇਸ਼ ਦਿੰਦਾ ਹੈ ਪਰੰਤੂ ਕਹਾਣੀਕਾਰ ਦੱਸਣਾ ਚਾਹੁੰਦਾ ਹੈ ਕਿ ਇਕ ਦਿਨ ਸਾਮਰਾਜਵਾਦ ਦਾ ਜੁਗ ਜ਼ਰੂਰ ਆਏਗਾ ਜਦੋਂ ਦਰਿਆ ਅਤੇ ਨਾਲਾ ਇਕੋਮਿਕ ਹੋ ਜਾਣਗੇ। ਕਹਾਣੀ ਦੇ ਅੰਤ ਵਿਚ ਵੀ ਨਾਲੇ ਅਤੇ ਦਰਿਆ ਦਾ ਪਾਣੀ ਇਕਮਿਕ ਹੋ ਜਾਂਦਾ ਹੈ:-

"ਜਿਥੇ ਮੁਸਾਫਿਰ ਖਲੋਤੇ ਸਨ। ਦੋ ਮਿੰਟਾਂ ਵਿਚ ਉਥੇ ਵੀ ਹੜ੍ਹ ਦਾ ਪਾਣੀ ਚੜ੍ਹ ਆਇਆ । ਨਾਲੇ ਵਿਚ ਪਾਣੀ ਬਹੁਤ ਤੇਜ਼ ਸੀ ਤੇ ਉਚੀਆਂ ਉਚੀਆਂ ਘੁੰਮਣ ਘੇਰੀਆਂ ਪੈ ਰਹੀਆਂ ਸਨ।"

ਅਸਲ ਵਿਚ ਨਾਲੇ ਵਿਚ ਇਨ੍ਹਾਂ ਘੁੰਮਣਘੇਰੀਆਂ ਦਾ ਪੈਣਾ, ਸਾਮਰਾਜਵਾਦ ਦੇ ਆਉਣ ਦਾ ਇਸ਼ਾਰਾ ਹੈ। ਕਹਾਣੀਕਾਰ ਅਨੁਸਾਰ ਜਦੋਂ ਸ਼ੋਸ਼ਿਤ ਵਰਗ ਆਪਣੇ ਹੱਕਾਂ ਲਈ ਸੁਚੇਤ ਹੋ ਜਾਏਗਾ ਤਾਂ ਉਸ ਵੇਲੇ ਸ਼ੋਸ਼ਕ ਵਰਗ ਅਜਿਹੀਆਂ ਘੁੰਮਣਘੇਰੀਆਂ ਵਿਚ ਗੁਆਚ ਕੇ ਆਪਣੀ ਹੋਂਦ ਗਵਾ ਲਏਗਾ। ਮਲਾਹ ਵੱਲੋਂ ਅਮੀਰ ਅਤੇ ਸ਼ੋਸ਼ਕ ਵਰਗ ਕੋਲੋਂ ਮੂੰਹ ਮੰਗੇ ਪੈਸੇ ਲੈਣਾ ਅਤੇ ਪੀਰ ਦੇ ਚੇਲਿਆਂ ਦਾ ਪੀਰ ਦੇ ਬੋਝੇ ਵਿਚੋਂ ਪੈਸੇ ਹੱਥਿਆ ਲੈਣਾ ਅਸਲ ਵਿਚ ਸ਼ੋਸ਼ਿਤ ਵਰਗ ਦੇ ਆਪਣੇ ਹੱਕਾਂ ਪ੍ਰਤਿ ਸੁਚੇਤ ਹੋਣ ਵੱਲ ਸੰਕੇਤ ਕਰਦਾ ਹੈ। ਇਸ ਕਹਾਣੀ ਰਾਹੀਂ ਕਹਾਣੀਕਾਰ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਜਦੋਂ ਸ਼ੋਸ਼ਤਿ ਅਤੇ ਗ਼ਰੀਬ ਵਰਗ ਜਾਗਰੁਕ ਹੋ ਜਾਏਗਾ, ਉਸ ਵੇਲੇ ਅਮੀਰ ਅਤੇ ਸ਼ੋਸ਼ਕ ਵਰਗ ਦੀ ਹੋਂਦ ਹੀ ਖਤਮ ਹੋ ਜਾਏਗੀ ਅਤੇ ਸਾਰੇ ਸਮਾਜ ਦੇ ਲੋਕੀ ਇਕ ਬਰਾਬਰ ਹੋਣਗੇ। ਸ਼ਾਇਦ ਇਹੀ ਵਜ੍ਹਾ ਹੈ ਕਿ ਕਹਾਣੀ ਦੇ ਅਖੀਰ ਵਿਚ ਪੀਰ, ਚੌਧਰੀ ਅਤੇ ਬੀਰਾ ਕੰਜਰੀ ਨਾਲੇ ਦੇ ਪਾਣੀ ਵਿਚ ਰੁੜ੍ਹ ਜਾਂਦੇ ਹਨ ਅਤੇ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਬੀਰਾ ਕੰਜਰੀ ਵੀ ਕਿਉਂਕਿ ਅਜਿਹੀ ਧਿਰ ਨਾਲ ਸੰਬੰਧਤ ਹੈ ਜੋ ਲੋਕਾਂ ਨੂੰ ਲੁੱਟਣਾ ਆਪਣਾ ਹੁਨਰ ਮੰਨਦੀ ਹੈ ਇਸੇ ਕਰਕੇ ਉਸਦਾ ਅੰਤ ਵੀ ਮੌਤ ਹੀ ਹੁੰਦਾ ਹੈ।

ਇਥੇ ਇਕ ਗੱਲ ਹੋਰ ਧਿਆਨਦੇਣ ਯੋਗ ਹੈ ਕਿ ਇਸ ਸ਼ੋਸ਼ਕ ਵਰਗ ਨੂੰ ਆਪਣੀ ਤਾਕਤ ਉਪਰ ਬਹੁਤ ਅਹੰਕਾਰ ਹੈ ਪਰੰਤੂ ਜਦੋਂ ਲੋੜ ਪੈਂਦੀ ਹੈ ਤਾਂ ਉਨ੍ਹਾਂ ਦੀ ਕਿਸੇ ਕਿਸਮ ਦੀ ਤਾਕਤ ਉਨ੍ਹਾਂ ਨੂੰ ਬਚਾ ਨਹੀਂ ਪਾਉਂਦੀ। ਨਾ ਤਾਂ ਪੀਰ ਦੀ ਕਰਾਮਾਤ ਉਸ ਨੂੰ ਡੁੱਬਣ ਤੋਂ ਬਚਾਉਂਦੀ ਹੈ ਨਾ ਚੌਧਰੀ ਦਾ ਪੈਸਾ ਜਿਸ ਉਪਰ ਉਸ ਨੂੰ ਹੰਕਾਰ ਸੀ ਅਤੇ ਨਾ ਹੀ ਬੀਰਾ ਕੰਜਰੀ ਦਾ ਰੂਪ-ਰੰਗ ਉਸ ਨੂੰ ਬਚਾ ਪਾਉਂਦਾ ਹੈ। ਬੇੜੀ ਵਿਚ ਪਾਣੀ ਦਾ ਉਛਾਲ ਆਉਣ 'ਤੇ ਬੀਰਾ ਦੇ ਕਪੜਿਆਂ ਦਾ ਉਸ ਦੇ ਜਿਸਮ ਨਾਲ ਚਿਪਕ ਜਾਣਾ ਅਤੇ ਚੌਧਰੀ ਦਾ ਉਸ ਦੇ ਦੁਆਲੇ ਆਪਣੀ ਸ਼ਾਲ ਵਲ੍ਹੇਟਣਾ, ਇਸ ਗੱਲ ਦਾ ਪ੍ਰਤੀਕ ਹੈ ਕਿ ਚੌਧਰੀ ਵਰਗੇ ਵੀ ਅਖੀਰ ਵਿਚ ਇਸ ਸਾਮਰਾਜਵਾਦ ਦੀ ਤਾਕਤ ਨੂੰ ਸਵੀਕਾਰ ਕਰ ਲੈਣਗੇ।

ਇਸ ਪ੍ਰਕਾਰ ਕਹਾਣੀਕਾਰ ਨੇ ਦਰਿਆ ਪਾਰ ਕਰਨ ਦੀ ਸਮੱਸਿਆ ਨੂੰ ਉਸਾਰਦੇ ਹੋਏ, ਕਹਾਣੀ ਦੇ ਵਿਭਿੰਨ ਪਾਤਰਾਂ ਦੇ ਵਿਹਾਰ ਅਤੇ ਚਰਿੱਤਰ ਨੂੰ ਇਸ ਸਮੱਸਿਆ ਦੇ



ਦੁਆਲੇ ਉਲੀਕਦਿਆਂ, ਕਹਾਣੀ ਦੇ ਬਿਰਤਾਂਤ ਦੀ ਉਸਾਰੀ ਕੀਤੀ ਹੈ। ਇਸ ਵਿਚ ਪੇਸ਼ ਵਾਰਤਾਲਾਪ ਵੀ ਪਾਤਰਾਂ ਦੇ ਵਿਹਾਰ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਬਾਖੂਬੀ ਚਿਤਰਦੇ ਹਨ। ਕਹਾਣੀ ਦੀ ਭਾਸ਼ਾ ਸਰਲ ਅਤੇ ਪਾਤਰਾਂ ਦੇ ਅਨੁਕੂਲ ਹੈ।

ਹੱਥਲੀ ਕਹਾਣੀ ਦਾ ਹਰ ਇਕ ਪਾਤਰ ਸਿਰਫ ਆਪਣੇ ਵਰਗ ਦੀ ਪ੍ਰਤਿਨਿਧਤਾ ਹੀ ਨਹੀਂ ਕਰਦਾ ਸਗੋਂ ਕਹਾਣੀਕਾਰ ਇਨ੍ਹਾਂ ਦੇ ਨਿੱਜੀ ਵਿਅਕਤੀਤਵ ਦੀ ਵੀ ਝਾਤ ਪੁਆਉਂਦਾ ਹੈ। ਪੀਰ ਇਕ ਧੋਖੇਬਾਜ਼ ਅਤੇ ਜ਼ਲੀਲ ਸ਼ਖਸੀਅਤ ਦਾ ਮਾਲਕ ਹੈ ਜੋ ਅੱਲਾ ਦੇ ਨਾਮ 'ਤੇ ਆਮ ਜਨਤਾ ਨੂੰ ਲੁੱਟਦਾ ਫਿਰਦਾ ਹੈ। ਚੌਧਰੀ ਦੀ ਸ਼ਖਸੀਅਤ ਲਾਲਚੀ ਅਤੇ ਮਤਲਬਪ੍ਰਸਤ ਇਨਸਾਨ ਦੇ ਤੌਰ 'ਤੇ ਉਭਰਦੀ ਹੈ ਜੋ ਆਪਣੇ ਕਾਮਿਆਂ ਤੋਂ ਸੇਵਾ ਕਰਵਾਉਂਦਾ ਹੈ ਪਰੰਤੂ ਜਦੋਂ ਉਨ੍ਹਾਂ ਨੂੰ ਚੌਧਰੀ ਦੀ ਲੋੜ ਹੁੰਦੀ ਹੈ ਤਾਂ ਉਹ ਆਪਣਾ ਪੱਲਾ ਛੁਡਾ ਲੈਂਦਾ ਹੈ। ਬੀਰਾ ਕੰਜਰੀ ਇਕ ਅਜਿਹੀ ਔਰਤ ਦੇ ਰੂਪ ਵਿਚ ਉਭਰਦੀ ਹੈ ਜਿਸ ਨੂੰ ਆਪਣੇ ਰੂਪ ਰੰਗ 'ਤੇ ਬਹੁਤ ਮਾਣ ਹੈ ਅਤੇ ਉਹ ਇਸੇ ਦੀ ਕਮਾਈ ਖਾ ਰਹੀ ਹੈ। ਮੱਲਾਹ ਇਕ ਅਜਿਹੇ ਪਾਤਰ ਦੇ ਤੌਰ ਜੋ ਇਨ੍ਹਾਂ ਸਭ ਨੂੰ ਆਪਣੀ ਬੇੜੀ ਰਾਹੀਂ ਤੁਫਾਨ 'ਚੋਂ ਪਾਰ ਲੰਘਾਉਣ ਦਾ ਜਤਨ ਕਰਦਾ ਹੈ। ਭਾਵੇਂ ਉਹ ਦੂਜਿਆਂ ਨੂੰ ਲੁੱਟਣ ਵਾਲੇ ਪੀਰ, ਬੀਰਾ ਕੰਜਰੀ ਅਤੇ ਚੌਧਰੀ ਕੋਲੋਂ ਸੌ ਰੁਪਈਏ ਫੀਸ ਲੈਂਦਾ ਹੈ ਪਰੰਤੂ ਗਰੀਬ ਪੇਂਡੂ ਮੁੰਡੇ ਅਤੇ ਰੁਕਨਦੀਨ ਨੂੰ ਬਿਨਾਂ ਪੈਸੇ ਲਿਆ ਹੀ ਬੇੜੀ ਉਤੇ ਬਿਠਾਉਂਦਾ ਹੈ। ਕਹਾਣੀ ਦੇ ਅੰਤ ਵਿਚ ਲੋਕਾਂ ਨੂੰ ਲੁੱਟਣ ਵਾਲੇ ਅਤੇ ਦੂਜਿਆਂ ਦਾ ਸ਼ੋਸ਼ਣ ਕਰਨ ਵਾਲੇ ਇਹ ਤਿੰਨੇ ਪਾਤਰ ਹੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਬਾਕੀ ਸਾਰੇ ਪਾਤਰ ਬਚ ਜਾਂਦੇ ਹਨ। ਇਸ ਪ੍ਰਕਾਰ ਇਹ ਕਹਾਣੀ ਸਮਾਜਕ ਯਥਾਰਥ ਦੀ ਤਸਵੀਰ ਉਲੀਕਦਿਆਂ, 'ਜੋ ਬੀਜੋਗੇ ਉਹੀ ਵੱਢੋਗੇ' ਦਾ ਸੰਦੇਸ਼ ਦਿੰਦੀ ਜਾਪਦੀ ਹੈ।

---------

**ਹਵਾਲੇ**


1. ਜਿੰਦਰ (ਸੰਪਾ.), ਸੁਖਪਾਲ ਸਿੰਘ ਹੁੰਦਲ (ਅਨੁ.), ਸਲੀਮ ਖਾਨ ਗਿੱਮੀ ਦੀਆਂ ਚੋਣਵੀਆਂ ਕਹਾਣੀਆਂ (ਲਹਿੰਦੇ ਪੰਜਾਬ ਦੀਆਂ ਕਹਾਣੀਆਂ), ਸੰਗਮ ਪਬਲਿਕੇਸ਼ਨਜ਼, ਪਟਿਆਲਾ, 2020, ਪੰਨਾ- 22
2. https://shodhganga.inflibnet.ac.in/bitstream/10603/103775/8/08_chapter%205.pdf
3. ਜਿੰਦਰ (ਸੰਪਾ.), ਉਹੀ, ਪੰਨਾ- 46.
4. ਜਿੰਦਰ, ਉਹੀ, ਪੰਨਾ- 46.
5. ਜਿੰਦਰ, ਪੰਨਾ- 45
6. ਜਿੰਦਰ, ਉਹੀ, ਪੰਨਾ- 46
7. ਉਹੀ, ਪੰਨਾ- 48
8. ਜਿੰਦਰ, ਉਹੀ, ਪੰਨਾ- 44.
9. ਜਿੰਦਰ, ਉਹੀ, ਪੰਨਾ- 47

10. ਗੁਰਚਰਨ ਸਿੰਘ ਮਹਿਤਾ, ਪਾਕਿਸਤਾਨੀ ਪੰਜਾਬੀ ਸਾਹਿਤ (ਇਕ ਪਰਿਚਯ: ਇਕ ਜਾਇਜ਼ਾ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1996 ਪੰਨਾ - 127
11. ਜਿੰਦਰ (ਸੰਪਾ.), ਉਹੀ, ਪੰਨਾ- 42
12. ਜਿੰਦਰ (ਸੰਪਾ.), ਉਹੀ, ਪੰਨਾ- 45.
13. ਜਿੰਦਰ, ਉਹੀ, ਪੰਨਾ - 48.
14. ਉਹੀ, ਪੰਨਾ- 27
15. ਪੰਨਾ- 10
16. ਜਿੰਦਰ, ਉਹੀ, ਪੰਨਾ - 48.

ਡਾ. ਤਰਨਜੀਤ ਕੌਰ
ਅਸੋਸੀਏਟ ਪ੍ਰਫੈਸਰ
ਪੰਜਾਬੀ ਵਿਭਾਗ
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ
ਦਿੱਲੀ ਯੂਨੀਵਰਸਿਟੀ
(ਮੋ) 8700416670



## ਸਲੀਮ ਖ਼ਾਨ ਗਿੱਮੀ
## ਦੀਆਂ ਚੋਣਵੀਆਂ ਕਹਾਣੀਆਂ

**ਸੰਪਾਦਕ - ਜਿੰਦਰ**

**ਲਿੱਪੀਅੰਤਰ : ਸੁਖਪਾਲ ਹੁੰਦਲ**

**ਸੰਗਮ ਪ੍ਰਕਾਸ਼ਨ, ਸਮਾਣਾ**

---

## ਸਾਂਝ

**ਸਲੀਮ ਖ਼ਾਨ ਗਿੱਮੀ**

**ਲਿੱਪੀਅੰਤਰ : ਖ਼ਾਲਿਦ ਫ਼ਰਹਾਦ ਧਾਰੀਵਾਲ**

---


ਪੰਜਾਬ ਦਾ ਬਹੁਤਾ ਇਤਿਹਾਸ ਖ਼ੂਨ-ਖਰਾਬੇ, ਲੜਾਈ-ਝਗੜਿਆਂ, ਕਤਲੋਗਾਰਤ ਨਾਲ ਸੰਬੰਧਤ ਰਿਹਾ ਹੈ। ਗਿੱਮੀ ਨੇ ਗੁਰਦਾਸਪੁਰ ਜ਼ਿਲ੍ਹੇ 'ਚ ਇਕ ਪਿੰਡ ਫ਼ਰੀਦਪੁਰ ਉਸਾਰਿਆ ਹੈ ਜਿਥੇ ਹਰਨਾਮ ਸਿੰਘ ਤੇ ਮੁਰੀਦ ਖ਼ਾਨ ਰਹਿੰਦੇ ਹਨ। ਉਨ੍ਹਾਂ 'ਚ ਦੋਸਤੀ ਦੇ ਨਾਲ-ਨਾਲ ਭਾਈਚਾਰਕ ਸਾਂਝ ਵੀ ਹੈ। ਉਹ ਅਣਖ ਦੀ ਖ਼ਾਤਿਰ ਆਪਣੇ ਨੇੜਲਿਆਂ ਨਾਲ ਵੀ ਲਿਹਾਜ ਨਹੀਂ ਕਰਦੇ। ਜਦੋਂ ਹਰਨਾਮ ਸਿੰਘ ਦਾ ਹੋਣ ਵਾਲਾ ਜੁਆਈ ਕਿਰਪਾ ਸਿੰਘ ਸ਼ਾਹ ਸਿਕੰਦਰ ਦੀ ਮਜ਼ਾਰ 'ਤੇ ਹੋਏ ਸਾਲਾਨਾ ਮੇਲੇ 'ਤੇ ਕੰਜਰੀ ਬਿਜਲੀ ਨੂੰ ਚੁੱਕ ਕੇ ਲੈ ਜਾਂਦਾ ਹੈ ਤਾਂ ਉਹ ਕਾਦੂ ਨੂੰ ਕਿਰਪਾ ਸਿੰਘ ਕੋਲੋਂ ਬਿਜਲੀ ਨੂੰ ਛੁਡਾਉਣ ਲਈ ਭੇਜਦਾ ਹੈ। ਕਾਦੂ ਕਿਰਪਾ ਸਿੰਘ ਨੂੰ ਜ਼ਖ਼ਮੀ ਕਰ ਦਿੰਦਾ ਹੈ। ਇਥੋਂ ਹੀ ਵੈਰ ਸ਼ੁਰੂ ਹੁੰਦਾ ਹੈ। ਫੇਰ ਕਿਰਪਾ ਸਿੰਘ ਧੋਖੇ ਨਾਲ ਕਾਦੂ ਨੂੰ ਸੱਟਾਂ ਮਾਰਦਾ ਹੈ ਤੇ ਮਰਿਆ ਜਾਣ ਕੇ ਜਾਪਾਨੀਆਂ ਦੀ ਫ਼ੌਜ 'ਚ ਭਰਤੀ ਹੋ ਜਾਂਦਾ ਹੈ। ਕਾਦੂ ਅੰਗਰੇਜ਼ਾਂ ਵੱਲੋਂ ਲੜਦਾ ਹੋਇਆ ਕਿਰਪਾ ਸਿੰਘ ਨੂੰ ਮਾਰ ਮੁਕਾਉਂਦਾ ਹੈ। ਦੂਜੇ ਵਿਸ਼ਵ ਯੁੱਧ ਤੋਂ ਮਗਰੋਂ ਕਾਦੂ ਪਿੰਡ ਵਾਪਸ ਆ ਜਾਂਦਾ ਹੈ। 1947 ਦੀ ਵੰਡ ਵੇਲੇ ਕਾਦੂ, ਆਪਣੇ ਤਾਏ ਮੁਰੀਦ ਖ਼ਾਨ ਨਾਲ ਕੀਤੇ ਵਾਇਦੇ ਅਨੁਸਾਰ ਹਰਨਾਮ ਸਿੰਘ ਤੇ ਹੋਰ ਸਿੱਖਾਂ ਨੂੰ ਰਾਵੀ ਪਾਰ ਕਰਵਾਉਂਦਾ ਹੈ। ਪ੍ਰੀਤੋ ਨੂੰ ਬਚਾਉਂਦਾ ਹੋਇਆ ਜ਼ਖ਼ਮੀ ਹੋ ਕੇ ਮਰ ਜਾਂਦਾ ਹੈ। ਕਾਦੂ ਦੇ ਮਰਨ 'ਤੇ ਹਰਨਾਮ ਸਿੰਘ ਕਹਿੰਦਾ ਹੈ, "ਧੀਏ ! ਉਹੀ ਕੌਮ ਹਮੇਸ਼ਾ ਜੀਉਂਦੀ ਰਹਿੰਦੀ ਏ, ਜਿਸ ਕੌਮ ਦੇ ਲੋਕ ਨੇਕੀ ਵਾਸਤੇ ਮਰਨਾ ਜਾਣਦੇ ਨੇ।" ਹਰਨਾਮ ਸਿੰਘ ਦੇ ਇਹੀ ਸ਼ਬਦ ਕਾਦੂ ਨੂੰ ਨਾਵਲ ਦਾ ਨਾਇਕ ਬਣਾਉਂਦੇ ਹਨ। ਗਿੱਮੀ ਦੀ ਭਾਸ਼ਾ 'ਚ ਕਮਾਲ ਦੀ ਰਵਾਨਗੀ ਹੈ।

**-ਜਿੰਦਰ**

**ਸੰਗਮ ਪ੍ਰਕਾਸ਼ਨ, ਸਮਾਣਾ**

# ਪੰਜਾਬੀ ਜ਼ੁਬਾਨ ਦਾ ਵਿਕਾਸ

## ਸਲੀਮ ਖ਼ਾਨ ਗਿੱਮੀ





ਸੁਲੇਖ
سُلیکھ
Sulaikh
bookmakers
printing. publishing. editing
67 2nd Floor Madina Tower 224 Feroze pur Road, Lahore.
+ 92 300 44 30 626 sulaikh@gmail.com
# + 92 42 354 72 909



ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ : ਨਵੰਬਰ 1, 2020